PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

12th - 19th February 2026 • Issue No. 3117

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IAB

FOR FREE INITIAL ADVICE

ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!




Immigration Advice Bureau

Tel: 020 8571 6680

www.iabl.co.uk

# ਕੀ ਰਾਜਪਾਲ ਦੀ ਯਾਤਰਾ ਅਕਾਲੀ-ਭਾਜਪਾ ਆਗੂਆਂ 'ਚ ਨੇੜਤਾ ਲਿਆਏਗੀ ?



ਰਾਜਪਾਲ ਕਟਾਰੀਆ ਨੇ ਬੀਤੇ ਸੋਮਵਾਰ ਨੂੰ ਤਰਨ ਤਾਰਨ ਤੋਂ ਯਾਤਰਾ ਸ਼ੁਰੂ ਕੀਤੀ ਸੀ, ਜਿਸ ਦਾ ਮਕਸਦ ਪਾਕਿਸਤਾਨ ਨਾਲ ਲੱਗਦੇ ਸਰਹੱਦੀ ਜ਼ਿਲ੍ਹਿਆਂ ਤਰਨ ਤਾਰਨ, ਫ਼ਿਰੋਜ਼ਪੁਰ, ਫ਼ਾਜ਼ਿਲਕਾ ਅਤੇ ਅਬੋਹਰ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਉਣਾ। ਰਾਜ ਭਵਨ ਨੇ ਇਸ ਨੂੰ ਗੈਰ-ਰਾਜਨੀਤਿਕ ਅਤੇ ਸਮਾਜਿਕ ਮੁਹਿੰਮ ਦੱਸਿਆ ਹੈ, ਜਿਸ ਵਿੱਚ ਸਾਰੀਆਂ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਪਾਰਟੀਆਂ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ ਸੀ।

## ਕੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਸਮਝੌਤਾ ਹੋ ਗਿਆ ?

ਇਸ ਘਟਨਾ ਨੇ ਸਮਝੌਤੇ ਦੀਆਂ ਅਫਵਾਹਾਂ ਨੂੰ ਹਵਾ ਦਿੱਤੀ ਹੈ, ਪਰ ਅਜੇ ਤੱਕ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋਈ। ਕੁਝ ਸਮਾਂ ਪਹਿਲਾਂ ਭਾਜਪਾ ਨੇਤਾ ਨਾਇਬ ਸਿੰਘ ਸੈਣੀ ਅਤੇ ਤਰਨ ਚੁੱਘ ਵਰਗੇ ਆਗੂਆਂ ਨੇ ਕਿਹਾ ਸੀ ਕਿ ਭਾਜਪਾ 2027 ਵਿੱਚ ਸਾਰੀਆਂ 117 ਸੀਟਾਂ 'ਤੇ ਇਕੱਲੇ ਲੜੇਗੀ । ਪਰ ਇਸ ਯਾਤਰਾ ਵਿੱਚ ਆਗੂਆਂ ਦੀ ਨੇੜਤਾ ਅਤੇ ਬੰਦ ਕਮਰੇ ਵਿੱਚ ਹੋਈ ਮੀਟਿੰਗ ਨੇ ਸਿਆਸੀ ਤਾਪਮਾਨ ਵਧਾ ਦਿੱਤਾ ਹੈ। -ਪੂਰੀ ਖ਼ਬਰ ਅੰਦਰ

# ਸ਼ੋਸ਼ਲ ਮੀਡੀਆ ਜਾਂ ਆਨ ਲਾਈਨ ਟਿਕਟਾਂ ਖ਼ਰੀਦਣ ਮੌਕੇ ਯਾਤਰੀ ਸਾਵਧਾਨ ਰਹਿਣ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬ ਜਾਂ ਦੁਨੀਆ ਦੇ ਕਿਸੇ ਵੀ ਦੇਸ਼ ਛੁੱਟੀਆਂ ਕੱਟਣ ਜਾਣ ਮੌਕੇ ਅਕਸਰ ਹੀ ਸਸਤੀਆਂ ਹਵਾਈ ਟਿਕਟਾਂ ਖ਼ਰੀਦਣ ਲਈ ਹਰ ਕੋਈ ਹੱਥ ਪੈਰ ਮਾਰਦਾ ਹੈ। ਪਰ ਇਸ ਧੰਦੇ ਨੂੰ ਕੋਈ ਲੋਕਾਂ ਨੇ ਲੁੱਟ ਦਾ ਸਾਧਨ ਵੀ ਬਣਾਇਆ ਹੈ। ਬੀਤੇ ਦਿਨਾਂ ਦੇ ਕੁੱਝ ਅਜੇਹੇ ਹੀ ਮਾਮਲੇ ਸਾਹ-ਮਣੇ ਆਏ ਹਨ।

ਇੰਗਲੈਂਡ ਦੇ ਰਹਿਣ ਵਾਲੇ ਦੋ ਪੰਜਾਬੀ ਪ੍ਰੀਵਾਰਾਂ ਨੇ ਪੰਜਾਬ ਜਾਣ ਲਈ ਟਿਕਟਾਂ ਖਰੀਦੀਆਂ, ਉਹਨਾਂ ਦੇ ਅਕਾਊਂਟ ਵਿੱਚੋਂ ਪੈਸੇ ਵੀ ਲੈ ਲਏ ਗਏ। ਪਰ ਟਿਕਟ ਹੀ ਨਹੀਂ ਮਿਲੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਦੱਸਿਆ ਕਿ ਇਹ ਵਰਤਾਰਾ ਕਈ ਲੋਕਾਂ ਨਾਲ ਵਾਪਰਿਆ ਹੈ। ਧੋਖਾਧੜੀ ਦੇ ਸ਼ਿਕਾਰ ਸੰਤੋਖ ਸਿੰਘ ਪੁਰੇਵਾਲ ਅਤੇ ਅਮਰੀਕ ਸਿੰਘ ਪੁਰੇਵਾਲ ਨੇ ਦੱਸਿਆ ਕਿ ਆਨਲਾਈਨ ਸਸਤੀਆਂ ਟਿਕਟਾਂ ਵੇਖ ਕੇ ਉਹਨਾਂ ਨੇ ਆਪਣੇ ਪ੍ਰੀਵਾਰ ਦੀਆਂ ਟਿਕਟਾਂ ਖਰੀਦੀਆਂ ਸਨ ਪਰ ਉਹਨਾਂ ਨੂੰ ਸਬੰਧਤ ਕੰਪਨੀ ਨੇ ਟਿਕਟਾਂ ਹੀ ਨਹੀਂ ਦਿੱਤੀਆਂ। ਸ. ਪੁਰੇਵਾਲ ਨੇ ਲੋਕਾਂ ਨੂੰ ਖ਼ਬਰਦਾਰ ਕੀਤਾ ਕਿ ਭਰੋਸੇਮੰਦ ਅਤੇ ਤਸੱਲੀ ਕਰਨ ਤੋਂ ਬਾਅਦ ਹੀ ਟਿਕਟਾਂ ਖ਼ਰੀਦਣ ਕਿਉਂਕਿ ਕਈ ਵਾਰ ਸਸਤੀਆਂ ਟਿਕਟਾਂ ਦੇ ਚੱਕਰ ਵਿੱਚ ਸਾਡੇ ਲੋਕ ਧੋਖਾਧੜੀ ਦਾ ਸ਼ਿਕਾਰ ਹੋ ਜਾਂਦੇ ਹਨ।

# ਸਜ਼ਾ ਸਮੀਖਿਆ ਬੋਰਡ ਨੇ ਪ੍ਰੋ• ਭੁੱਲਰ ਦੀ ਰਿਹਾਈ ਅਰਜ਼ੀ ਫਿਰ ਰੱਦ ਕੀਤੀ

## ਸਿੱਖ ਆਗੂਆਂ ਵਲੋਂ ਮੋਦੀ ਸਰਕਾਰ ਦੀ ਤਿੱਖੀ ਨਿੰਦਾ - ਅਨਿਆਂ ਅਤੇ ਡਬਲ ਸਟੈਂਡਰਡ ਦਸਿਆ ਰੱਦ ਕਰਨ ਦੇ ਮੁੱਖ ਕਾਰਨ - ਅਪਰਾਧ ਦੀ ਗੰਭੀਰਤਾ ਦਸਿਆ



ਦਿੱਲੀ ਸਰਕਾਰ ਦੇ ਸਜ਼ਾ ਸਮੀਖਿਆ ਬੋਰਡ (ਐੱਸ·ਆਰ·ਬੀ·) ਨੇ ਪ੍ਰੋ· ਦਵਿੰ-ਦਰਪਾਲ ਸਿੰਘ ਭੁੱਲਰ ਦੀ ਰਿਹਾਈ ਪਟੀਸ਼ਨ ਨੂੰ ਇੱਕ ਵਾਰ ਫਿਰ ਰੱਦ ਕਰ ਦਿੱਤਾ ਹੈ। ਇਹ ਫੈਸਲਾ 23 ਦਸੰਬਰ 2025 ਨੂੰ ਬੋਰਡ ਦੀ ਮੀਟਿੰਗ ਵਿੱਚ ਲਿਆ ਗਿਆ ਸੀ ਅਤੇ 5 ਫਰਵਰੀ 2026 ਨੂੰ ਸਰਕੂਲਰ ਜਾਰੀ ਕਰਕੇ ਜੇਲ੍ਹ ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ। ਬੋਰਡ ਨੇ 51 ਉਮਰ ਕੈਦ ਦੇ ਮਾਮਲਿਆਂ ਦੀ ਸਮੀਖਿਆ ਕੀਤੀ, ਜਿਨ੍ਹਾਂ ਵਿੱਚੋਂ 25 ਕੈਦੀਆਂ (ਪ੍ਰੋ· ਭੁੱਲਰ ਸਮੇਤ) ਦੀ ਰਿਹਾਈ ਰੱਦ ਕਰ ਦਿੱਤੀ ਗਈ। -ਪੂਰੀ ਖ਼ਬਰ ਅੰਦਰ

# ਗੁਰਦੁਆਰੇ ਬਾਹਰ ਗੋਲੀਆਂ ਦੀ ਬੌਛਾਰ, ਆਪ ਲੀਡਰ ਲੱਕੀ ਓਬਰਾਏ ਮਾਰਿਆ ਗਿਆ

## ਵਿਦੇਸ਼ੀ ਗੈਂਗਸਟਰ ਜੋਗਾ ਫੋਲੜੀਵਾਲ ਨੇ ਲਈ ਜ਼ਿੰਮੇਵਾਰੀ ਨਜ਼ਦੀਕੀ ਡਰਾਈਵਰ ਸ਼ਮਿੰਦਰ ਸਿੰਘ ਮੁੱਠਭੇੜ ਵਿੱਚ ਗ੍ਰਿਫ਼ਤਾਰ



ਆਪ ਦੇ ਸਥਾਨਕ ਆਗੂ ਸਤਵਿੰਦਰਪਾਲ ਸਿੰਘ ਲੱਕੀ ਓਬਰਾਏ ਦੇ ਦਿਨ-ਦਿਹਾੜੇ ਹੋਏ  ਕਤਲ ਨੇ ਪੰਜਾਬ ਦੀ ਕਾਨੂੰਨ-ਵਿਵਸਥਾ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। 6 ਫਰਵਰੀ 2026 ਨੂੰ ਜਲੰਧਰ ਦੇ ਮਾਡਲ ਟਾਊਨ ਇਲਾਕੇ ਵਿਚ ਗੁਰਦੁਆਰਾ ਸਿੰਘ ਸਭਾ ਦੇ ਬਾਹਰ ਲੱਕੀ ਓਬਰਾਏ ਨੂੰ ਅਣਪਛਾਤੇ ਹਮਲਾਵਰਾਂ ਨੇ ਗੋਲੀਆਂ ਮਾਰ ਦਿੱਤੀਆਂ ਸਨ।


# ਗੁਰਦੁਆਰਾ ਅੰਬ ਸਾਹਿਬ ਦੀ ਕਰੋੜਾਂ ਮੁੱਲ ਦੀ ਜ਼ਮੀਨ ਧੋਖੇ ਨਾਲ ਵੇਚਣ ਦਾ ਮਾਮਲਾ

## - ਫ਼ਰਜ਼ੀ ਅਥਾਰਟੀ ਲੈਟਰ ਰਾਹੀਂ ਰਜਿਸਟਰੀ, ਮੈਨੇਜਰ ਸਮੇਤ 7 'ਤੇ ਐਫ ਆਈ ਆਰ ਦਰਜ਼ -ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਵੱਲੋਂ ਮੈਨੇਜਰ ਮੁਅੱਤਲ, ਜਾਂਚ ਕਮੇਟੀ ਗਠਿਤ



ਇਤਿਹਾਸਕ ਗੁਰਦੁਆਰਾ ਸ੍ਰੀ ਅੰਬ ਸਾਹਿਬ (ਫੇਜ਼-8) ਨਾਲ ਜੁੜੀ ਇੱਕ ਵੱਡੀ ਜ਼ਮੀਨ ਵੇਚਣ ਦੀ ਧੋਖਾਧੜੀ ਦਾ ਮਾਮਲਾ ਤੇਜ਼ੀ ਨਾਲ ਉਭਰਿਆ ਹੈ, ਜਿਸ ਨੇ ਸਿੱਖ ਸੰਗਤ ਵਿੱਚ ਗਹਿਰਾ ਰੋਸ ਪੈਦਾ ਕੀਤਾ ਹੈ। ਇਹ ਜ਼ਮੀਨ ਪਿੰਡ ਸੈਣੀਮਾਜਰਾ (ਪ੍ਰੇਮਗੜ੍ਹ) ਵਿਖੇ ਸਥਿਤ ਹੈ ਅਤੇ ਗੁਰਦੁਆਰਾ ਅੰਬ ਸਾਹਿਬ ਦੀ ਮਲਕੀਅਤ ਹੈ। ਇਸ ਵਿੱਚ ਕਰੀਬ 44 ਮਰਲੇ ਜ਼ਮੀਨ ਸ਼ਾਮਲ ਹੈ, ਜਿਸ ਨੂੰ ਫ਼ਰਜ਼ੀ ਦਸਤਾਵੇਜ਼ਾਂ ਰਾਹੀਂ ਬਹੁਤ ਘੱਟ ਕੀਮਤ 'ਤੇ ਵੇਚ ਦਿੱਤਾ ਗਿਆ। ਇਹ ਮਾਮਲਾ ਫਰਵਰੀ 2026 ਵਿੱਚ ਸਾਹਮਣੇ ਆਇਆ ਸੀ ਅਤੇ ਪੁਲਿਸ ਨੇ ਕਾਰਵਾਈ ਕਰਦਿਆਂ ਐਫ ਆਈ ਆਰ ਦਰਜ ਕਰ ਲਈ ਹੈ। -ਪੂਰੀ ਖ਼ਬਰ ਅੰਦਰ ਦੇਖੋ:

## ਸਿਹਤ ਤੇ ਸੁੰਦਰਤਾ



# ਘਰ ਦਾ ਖਾਣਾ ਖਾ ਕੇ ਵੀ ਵਜ਼ਨ ਵਧ ਰਿਹਾ ਹੈ ? ਇਹ 5 ਆਦਤਾਂ ਬਦਲੋ ਤੇ ਛੇਤੀ ਘਟਾਓ ਵਜ਼ਨ !

ਅੱਜਕੱਲ੍ਹ ਲੋਕ ਫਿਟ ਰਹਿਣ ਲਈ ਬਹੁਤ ਜਾਗਰੂਕ ਹੋ ਗਏ ਹਨ। ਬਾਹਰ ਦਾ ਜੰਕ ਫੂਡ ਛੱਡ ਕੇ ਘਰ ਵਿੱਚ ਬਣਿਆ ਸਾਫ਼-ਸੁਥਰਾ ਅਤੇ ਹੈਲਦੀ ਖਾਣਾ ਖਾਣਾ ਸ਼ੁਰੂ ਕਰ ਦਿੱਤਾ ਹੈ। ਪਰ ਫਿਰ ਵੀ ਬਹੁਤ ਸਾਰੇ ਲੋਕਾਂ ਦੀ ਸ਼ਿਕਾਇਤ ਰਹਿੰਦੀ ਹੈ ਕਿ ਉਨ੍ਹਾਂ ਦਾ ਵਜ਼ਨ ਘਟਣ ਦੀ ਬਜਾਏ ਵੱਧਦਾ ਜਾ ਰਿਹਾ ਹੈ। ਇਹ ਸਥਿਤੀ ਬਹੁਤ ਪਰੇਸ਼ਾਨ ਕਰਨ ਵਾਲੀ ਹੁੰਦੀ ਹੈ। ਪਰ ਸਵਾਲ ਇਹ ਹੈ ਕਿ ਘਰ ਦਾ ਹੈਲਦੀ ਖਾਣਾ ਖਾਣ ਦੇ ਬਾਵਜੂਦ ਵਜ਼ਨ ਕਿਉਂ ਵਧ ਰਿਹਾ ਹੈ ? ਆਓ ਜਾਣੀਏ ਇਸ ਦੇ ਮੁੱਖ ਕਾਰਨ ਅਤੇ ਉਨ੍ਹਾਂ ਨੂੰ ਕਿਵੇਂ ਠੀਕ ਕਰੀਏ।



### ਕੈਲੋਰੀ ਦੀ ਗਿਣਤੀ ਨਾ ਕਰਨਾ

ਸਭ ਤੋਂ ਵੱਡੀ ਗਲਤਫਹਿਮੀ ਇਹ ਹੈ ਕਿ ਹੈਲਦੀ ਖਾਣਾ ਮਤਲਬ ਘੱਟ ਕੈਲੋਰੀ ਵਾਲਾ ਖਾਣਾ। ਪਰ ਅਜਿਹਾ ਨਹੀਂ ਹੁੰਦਾ। ਡਰਾਈ ਫਰੂਟਸ (ਬਦਾਮ, ਅਖਰੋਟ), ਐਵੋਕਾਡੋ, ਜੈਤੂਨ ਦਾ ਤੇਲ ਅਤੇ ਡਾਰਕ ਚਾਕਲੇਟ ਵਰਗੀਆਂ ਚੀਜ਼ਾਂ ਬਹੁਤ ਸਿਹਤਮੰਦ ਹਨ, ਪਰ ਇਨ੍ਹਾਂ ਵਿੱਚ ਕੈਲੋਰੀ ਬਹੁਤ ਜ਼ਿਆਦਾ ਹੁੰਦੀ ਹੈ। ਜੇ ਤੁਸੀਂ ਵਜ਼ਨ ਘਟਾਉਣਾ ਚਾਹੁੰਦੇ ਹੋ ਤਾਂ ਜਿੰਨੀ ਕੈਲੋਰੀ ਤੁਸੀਂ ਬਰਨ ਕਰਦੇ ਹੋ, ਉਸ ਤੋਂ ਘੱਟ ਖਾਓ। ਭਾਵੇਂ ਖਾਣਾ ਹੈਲਦੀ ਹੋਵੇ, ਜੇ ਮਾਤਰਾ ਵੱਧ ਹੋਵੇ ਤਾਂ ਵਜ਼ਨ ਵਧੇਗਾ ਹੀ।

### ਹੈਲਦੀ ਨਾਂ ਦੇ ਬਹਾਨੇ ਲੁਕੀ ਖੰਡ

ਬਾਜ਼ਾਰ ਵਿੱਚ ਬਹੁਤ ਸਾਰੇ ਪ੍ਰੋਡਕਟ ਜਿਵੇਂ ਲੋਅ-ਫੈਟ ਯੋਗਰਟ, ਮਲਟੀਗ੍ਰੇਨ ਬਿਸਕੁਟ ਜਾਂ ਪ੍ਰੋਟੀਨ ਬਾਰ ਆਪਣੇ ਆਪ ਨੂੰ ਹੈਲਦੀ ਦੱਸਦੇ ਹਨ। ਪਰ ਇਨ੍ਹਾਂ ਵਿੱਚ ਸਵਾਦ ਵਧਾਉਣ ਲਈ ਖੰਡ ਅਤੇ ਪ੍ਰਿਜ਼ਰਵੇਟਿਵਸ ਭਰਪੂਰ ਮਾਤਰਾ ਵਿੱਚ ਪਾਏ ਜਾਂਦੇ ਹਨ। ਇਹ ਖੰਡ ਸਰੀਰ ਵਿੱਚ ਇੰਸੁਲਿਨ ਵਧਾਉਂਦੀ ਹੈ ਅਤੇ ਫੈਟ ਨੂੰ ਸਟੋਰ ਕਰਨ ਵਿੱਚ ਮਦਦ ਕਰਦੀ ਹੈ।

### ਹਾਰਮੋਨਲ ਅਸੰਤੁਲਨ

ਕਈ ਵਾਰ ਸਮੱਸਿਆ ਤੁਹਾਡੀ ਥਾਲੀ ਵਿੱਚ ਨਹੀਂ, ਸਗੋਂ ਸਰੀਰ ਅੰਦਰ ਹੁੰਦੀ ਹੈ। ਥਾਇਰਾਇਡ, ਜਾਂ ਕੋਰਟੀਸੋਲ (ਤਣਾਅ ਵਾਲਾ ਹਾਰਮੋਨ) ਵਧਣ ਨਾਲ ਮੈਟਾਬੋਲਿਜ਼ਮ ਸੁਸਤ ਹੋ ਜਾਂਦਾ ਹੈ। ਅਜਿਹੇ ਵਿੱਚ ਘੱਟ ਖਾਣ ਨਾਲ ਵੀ ਵਜ਼ਨ ਵਧ ਸਕਦਾ ਹੈ। ਇਸ ਲਈ ਡਾਕਟਰ ਨਾਲ ਜਾਂਚ ਕਰਵਾਓ।

### ਘੱਟ ਨੀਂਦ ਅਤੇ ਜ਼ਿਆਦਾ ਤਣਾਅ

ਘੱਟ ਨੀਂਦ ਭੁੱਖ ਨੂੰ ਕੰਟਰੋਲ ਕਰਨ ਵਾਲੇ ਹਾਰਮੋਨਾਂ ਨੂੰ ਗੜਬੜ ਕਰ ਦਿੰਦੀ ਹੈ। ਨਤੀਜਾ ? ਮਿੱਠੇ ਅਤੇ ਹਾਈ-ਕਾਰਬ ਖਾਣੇ ਦੀ ਤੀਬਰ ਇੱਛਾ ਹੁੰਦੀ ਹੈ। ਤਣਾਅ ਨਾਲ ਕੋਰਟੀਸੋਲ ਵਧਦਾ ਹੈ, ਜੋ ਖਾਸ ਕਰਕੇ ਪੇਟ ਆਲੇ-ਦੁਆਲੇ ਚਰਬੀ ਜਮ੍ਹਾਂ ਕਰਦਾ ਹੈ। ਰੋਜ਼ਾਨਾ 7-8 ਘੰਟੇ ਨੀਂਦ ਲਓ ਅਤੇ ਤਣਾਅ ਘਟਾਉਣ ਵਾਲੇ ਕੰਮ ਕਰੋ।

### ਲਿਕਵਿਡ ਕੈਲੋਰੀ ਨੂੰ ਨਜ਼ਰਅੰਦਾਜ਼ ਕਰਨਾ

ਲੋਕ ਠੋਸ ਖਾਣੇ ਦੀ ਕੈਲੋਰੀ ਤਾਂ ਗਿਣਦੇ ਹਨ, ਪਰ ਪੀਣ ਵਾਲੀਆਂ ਚੀਜ਼ਾਂ ਨੂੰ ਭੁੱਲ ਜਾਂਦੇ ਹਨ। ਘਰ ਵਿੱਚ ਬਣੇ ਫਲਾਂ ਦੇ ਜੂਸ, ਸਮੂਦੀ ਜਾਂ ਨਾਰੀਅਲ ਪਾਣੀ ਵਿੱਚ ਵੀ ਬਹੁਤ ਕੈਲੋਰੀ ਹੁੰਦੀ ਹੈ। ਜੂਸ ਵਿੱਚ ਫਾਈਬਰ ਖਤਮ ਹੋ ਜਾਂਦਾ ਹੈ ਅਤੇ ਸਿਰਫ਼ ਫਰੂਟ ਸ਼ੂਗਰ ਰਹਿ ਜਾਂਦੀ ਹੈ, ਜੋ ਵਜ਼ਨ ਵਧਾਉਂਦੀ ਹੈ। ਪਾਣੀ ਜ਼ਿਆਦਾ ਪੀਓ ਅਤੇ ਜੂਸ ਨੂੰ ਘੱਟ ਕਰੋ।

ਇਸ ਤੋਂ ਇਲਾਵਾ, ਉਮਰ ਵਧਣ ਨਾਲ ਜਾਂ ਮਾਸਪੇਸ਼ੀਆਂ ਘੱਟ ਹੋਣ ਨਾਲ ਮੈਟਾਬੋਲਿਜ਼ਮ ਸੁਸਤ ਹੋ ਜਾਂਦਾ ਹੈ। ਜੇ ਸਿਰਫ਼ ਡਾਈਟ ਤੇ ਧਿਆਨ ਦੇ ਰਹੇ ਹੋ ਅਤੇ ਕਸਰਤ ਨਹੀਂ ਕਰ ਰਹੇ ਤਾਂ ਸਰੀਰ ਕੈਲੋਰੀ ਬਰਨ ਨਹੀਂ ਕਰ ਪਾਉਂਦਾ।

ਇਹ 5 ਆਦਤਾਂ ਬਦਲ ਕੇ ਤੁਸੀਂ ਛੇਤੀ ਹੀ ਵਜ਼ਨ ਕੰਟਰੋਲ ਕਰ ਸਕਦੇ ਹੋ। ਯਾਦ ਰੱਖੋ - ਹੈਲਦੀ ਖਾਣਾ ਚੰਗਾ ਹੈ, ਪਰ ਸਹੀ ਮਾਤਰਾ ਅਤੇ ਸੰਤੁਲਨ ਵੀ ਜ਼ਰੂਰੀ ਹੈ !

* * * * * * * *

## * ਹੁੱਝਾਂ–ਪੌਂਚੇ *


ਲੇਖਕ - ਨਿਰਮਲ ਸਿੰਘ ਕੰਧਾਲਵੀ





***ਸਰਕਾਰੀ ਸਕੂਲਾਂ ‘ਚ ਭਰੋਸਾ ਕਾਇਮ ਕਰਨਾ ਸਮੇਂ ਦੀ ਮੁੱਖ ਲੋੜ- ਰਾਜਿੰਦਰ ਗੁਪਤਾ**

-ਅਧਿਆਪਕ, ਸਿਆਸਤਦਾਨ ਅਤੇ ਵੱਡੇ ਅਫ਼ਸਰ ਆਪਣੇ ਬੱਚੇ ਉੱਥੇ ਦਾਖ਼ਲ ਕਰਵਾਉਣ, ਭਰੋਸਾ ਤਾਂ ਸਕੂਲਾਂ ਵਲ ਭੱਜਿਆ ਆਏਗਾ।




***ਜਿਨ੍ਹਾਂ ਨੂੰ ਬੱਲਾ ਫੜਨਾ ਨਹੀਂ ਆਉਂਦਾ, ਉਹ ਕ੍ਰਿਕਟ ਐਸੋਸੀਏਸ਼ਨਾਂ ਵਿਚ- ਸੁਪਰੀਮ ਕੋਰਟ**

-ਸੁਪਰੀਮ ਕੋਰਟ ਜੀ ਕਿੱਥੇ ਛਿੱਕਾ ਮਾਰ ਦਿਤਾ, ਹੁਣ ਬਚ ਕੇ ਰਹਿਓ।



***ਕੁਰਬਾਨੀਆਂ ਦੇਣ ‘ਚ ਪੰਜਾਬ ਹਮੇਸ਼ਾ ਮੋਹਰੀ ਰਿਹਾ- ਭਗਵੰਤ ਮਾਨ**

-ਖਾਣ ਪੀਣ ਨੂੰ ਬਾਂਦਰੀ ਤੇ ਧੌਣ ਭੰਨਾਉਣ ਨੂੰ ਜੁੰਮਾ।



***‘ਆਪ’ ਅਤੇ ਕਾਂਗਰਸ ਦੋਵੇਂ ਕੇਂਦਰ ਦੇ ਬਜਟ ਦੀ ਮੂਲ ਭਾਵਨਾ ਨੂੰ ਸਮਝਣ ਦੇ ਅਸਮਰੱਥ- ਜਾਖੜ**

-ਇਸ ਬਜਟ ਦੀ ਮੂਲ ਭਾਵਨਾ ਦੀ ਸਮਝ ਭਾਜਪਾ ‘ਚ ਜਾਣ ਨਾਲ ਹੀ ਆਉਂਦੀ ਹੈ।




***ਰਾਹੁਲ ਗਾਂਧੀ ਦੇ ਬਿਆਨ ਉੱਤੇ ਲੋਕ ਸਭਾ ‘ਚ ਹੰਗਾਮਾ- ਇਕ ਖ਼ਬਰ**

-ਹੰਗਾਮਾ ਹੈ ਕਿਉਂ ਬਰਪਾ, ਕੁਛ ਗ਼ਲਤ ਨਹੀਂ ਬੋਲਾ ਹੈ।

***ਸ੍ਰੀ ਦਰਬਾਰ ਸਾਹਿਬ ਦੇ ਮੁਲਾਜ਼ਮਾਂ ਦੀ ਵਰਦੀ ਬਦਲੀ- ਇਕ ਖ਼ਬਰ**

-ਇਕੱਲੀ ਵਰਦੀ ਨਹੀਂ, ਇਨ੍ਹਾਂ ਦੀ ਬੋਲ-ਬਾਣੀ ਸੁਧਾਰਨ ਲਈ ਸਿਖਲਾਈ ਵੀ ਦੇਵੋ।



***ਪੰਜਾਬ ਕਾਂਗਰਸ ਸਪਸ਼ਟ ਕਰੇ ਕਿ ਉਹ ਨਸ਼ਾ ਵਿਰੋਧੀ ਮੁਹਿੰਮ ਦੇ ਹੱਕ ਵਿਚ ਹੈ ਜਾਂ ਵਿਰੁੱਧ- ਬਲਤੇਜ ਪੰਨੂੰ**

-ਦਿਨੇ ਹੱਕ ਵਿਚ ਅਤੇ ਰਾਤ ਨੂੰ ਵਿਰੁੱਧ।



***ਕਾਂਗਰਸ ਨੇ ਡਾ. ਨਵਜੋਤ ਕੌਰ ਸਿੱਧੂ ਨੂੰ ਪਾਰਟੀ ‘ਚੋਂ ਬਾਹਰ ਦਾ ਰਸਤਾ ਵਿਖਾਇਆ- ਇਕ ਖ਼ਬਰ**

-ਨਿੰਮ ਦਾ ਤੂੰ ਮਾਣ ਨਾ ਕਰੀਂ, ਸਾਨੂੰ ਤੋਤਿਆਂ ਨੂੰ ਬਾਗ਼ ਬਥੇਰੇ।



***ਹੁਣ ਸੁਖਜਿੰਦਰ ਸਿੰਘ ਰੰਧਾਵਾ ਨੇ ਦਸਿਆ ਜਾਖੜ ਨੂੰ ਗ਼ਦਾਰ ਤੇ ਮੌਕਾਪ੍ਰਸਤ- ਇਕ ਖ਼ਬਰ**

-ਗੱਲ ਕੰਮ ਦੀ ਨਾ ਕਰਦੇ ਕੋਈ, ਰੰਨਾਂ ਵਾਂਗ ਮਿਹਣੇ ਮਾਰਦੇ।

***ਭਾਰਤ ਦੇ ਸੰਸਦ ਮੈਂਬਰਾਂ ਦੀ ਜਾਇਦਾਦ ਵਿਚ ਛੜੱਪੇਮਾਰ 110 ਫ਼ੀਸਦੀ ਦਾ ਵਾਧਾ- ਇਕ ਖ਼ਬਰ**

-ਤੇਲੀ ਕਰੀਏ ਤੇ ਰੁੱਖਾ ਖਾਈਏ, ਇਹ ਨਹੀਂ ਪੁੱਗਦਾ ਸਾਨੂੰ।




***ਵਿਰੋਧੀ ਧਿਰ ਦੇ ਹੰਗਾਮੇ ਕਾਰਨ ਪ੍ਰਧਾਨ ਮੰਤਰੀ ਮੋਦੀ ਦਾ ਭਾਸ਼ਨ ਮੁਲਤਵੀ- ਇਕ ਖ਼ਬਰ**

-ਭਲਾ ਹੋਇਆ ਮੇਰਾ ਚਰਖ਼ਾ ਟੁੱਟਾ, ਜਿੰਦ ਅਜਾਬੋਂ ਛੁੱਟੀ।

***ਖਿਲਰੀ ਸਿੱਖ ਲੀਡਰਸ਼ਿੱਪ ਕਾਰਨ ਪੰਥ ਵਿਰੋਧੀ ਪੰਜਾਬ ‘ਤੇ ਰੱਖ ਰਹੇ ਹਨ ਮੈਲ਼ੀ ਅੱਖ- ਇਕ ਖ਼ਬਰ**

-ਛੜੇ ਜੇਠ ਦੀ ਮੈਂ ਅੱਖ ਵਿਚ ਰੜਕਾਂ, ਕੰਧ ਉੱਤੋਂ ਰਹੇ ਝਾਕਦਾ।



***ਭਾਜਪਾ ਯੂਰੀਆ ਥੈਲਿਆਂ ਦਾ ਭਾਰ ਘਟਾ ਕੇ ਕਿਸਾਨਾਂ ਨੂੰ ਲੁੱਟ ਰਹੀ ਹੈ- ਭੂਪਿੰਦਰ ਸਿੰਘ ਹੁੱਡਾ**

-ਬਾਣੀਆਂ ਨੇ ਅੱਤ ਚੁੱਕ ਲਈ, ਸਾਰੇ ਜੱਟ ਕਰਜ਼ਾਈ ਕੀਤੇ।



***ਸੀਚੇਵਾਲ ਵਲੋਂ ‘ਚੋਣ ਮੈਨੀਫੈਸਟੋ’ ਨੂੰ ਕਾਨੂੰਨੀ ਮਾਨਤਾ ਦੇਣ ਲਈ ਸੋਧ ਬਿੱਲ ਰਾਜ ਸਭਾ ‘ਚ ਪੇਸ਼- ਇਕ ਖ਼ਬਰ**

-ਸੀਚੇਵਾਲ ਜੀ ਅੱਖੀਂ ਦੇਖ ਕੇ ਮੱਖੀ ਕਿਸੇ ਨੇ ਨਹੀਂ ਨਿਗ਼ਲਣੀ।



***ਸੁਖਬੀਰ ਬਾਦਲ ਦੇ ਪ੍ਰਧਾਨ ਰਹਿੰਦਿਆਂ ਅਕਾਲੀ ਦਲ ਨਾਲ ਕੋਈ ਸਮਝੌਤਾ ਨਹੀਂ ਹੋਵੇਗਾ- ਗਿਆਨੀ ਹਰਪ੍ਰੀਤ ਸਿੰਘ**

-ਕਾਲ਼ੇ ਕੋਲ਼ ਮੰਜਾ ਨਹੀਂ ਡਾਹੁਣਾ, ਲਿਸ਼ਕੇ ਤਾਂ ਪੈ ਜੂ ਬਿਜਲੀ।

* * * * * * *

# ਰਾਜਪਾਲ ਦੀ ਯਾਤਰਾ ਵਿਚ ਅਕਾਲੀ-ਭਾਜਪਾ ਆਗੂਆਂ ਦੀ ਨੇੜਤਾ: 2027 ਲਈ ਗਠਜੋੜ ਦੀ ਝਲਕ ?

## ✪ ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੀ ਵਿਚੋਲੇ ਦੀ ਭੂਮਿਕਾ
## ✪ ਕਾਂਗਰਸ ਅਤੇ ਆਪ ਦਾ ਤਿੱਖਾ ਹਮਲਾ: 'ਸਮਝੌਤਾ ਐਕਸਪ੍ਰੈੱਸ' ਜਾਂ ਨਸ਼ਾ ਵਿਰੋਧੀ ਮੁਹਿੰਮ ?





ਫ਼ਿਰੋਜ਼ਪੁਰ - ਪੰਜਾਬ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਨੂੰ ਲੈ ਕੇ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਸ਼ੁਰੂ ਕੀਤੀ ਚਾਰ ਦਿਨਾਂ ਦੀ ਪੈਦਲ ਯਾਤਰਾ ਨੇ ਰਾਜਨੀਤਿਕ ਹਲਕਿਆਂ ਵਿੱਚ ਤੇਜ਼ ਚਰਚਾ ਛੇੜ ਦਿੱਤੀ ਹੈ। ਫ਼ਿਰੋਜ਼ਪੁਰ ਵਿੱਚ ਯਾਤਰਾ ਦੇ ਦੂਜੇ ਦਿਨ ਡੇਰਾ ਰਾਧਾ ਸਵਾਮੀ ਸਤਸੰਗ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਇਕੱਠੀ ਹਾਜ਼ਰੀ ਨੇ ਸਿਆਸੀ ਵਿਸ਼ਲੇਸ਼ਕਾਂ ਅਤੇ ਵਿਰੋਧੀ ਪਾਰਟੀਆਂ ਵਿੱਚ ਇਹ ਸਵਾਲ ਖੜ੍ਹੇ ਕਰ ਦਿੱਤੇ ਹਨ ਕਿ ਕੀ ਇਹ ਸਿਰਫ਼ ਨਸ਼ਾ ਮੁਕਤ ਪੰਜਾਬ ਦੀ ਮੁਹਿੰਮ ਹੈ ਜਾਂ 2027 ਦੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਸਮਝੌਤੇ ਦੀ ਕੋਈ ਤਿਆਰੀ ?

ਰਾਜਪਾਲ ਕਟਾਰੀਆ ਨੇ ਬੀਤੇ ਸੋਮਵਾਰ ਨੂੰ ਤਰਨ ਤਾਰਨ ਤੋਂ ਯਾਤਰਾ ਸ਼ੁਰੂ ਕੀਤੀ ਸੀ, ਜਿਸ ਦਾ ਮਕਸਦ ਪਾਕਿਸਤਾਨ ਨਾਲ ਲੱਗਦੇ ਸਰਹੱਦੀ ਜ਼ਿਲ੍ਹਿਆਂ ਤਰਨ ਤਾਰਨ, ਫ਼ਿਰੋਜ਼ਪੁਰ, ਫ਼ਾਜ਼ਿਲਕਾ ਅਤੇ ਅਬੋਹਰ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਉਣਾ। ਰਾਜ ਭਵਨ ਨੇ ਇਸ ਨੂੰ ਗੈਰ - ਰਾਜਨੀਤਿਕ ਅਤੇ ਸਮਾਜਿਕ ਮੁਹਿੰਮ ਦੱਸਿਆ ਹੈ, ਜਿਸ ਵਿੱਚ ਸਾਰੀਆਂ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਪਾਰਟੀਆਂ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ ਸੀ। ਪਰ ਫ਼ਿਰੋਜ਼ਪੁਰ ਵਿੱਚ ਸਰਾਗੜ੍ਹੀ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋਈ ਯਾਤਰਾ ਵਿੱਚ ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਅਤੇ ਅਸ਼ਵਨੀ ਸ਼ਰਮਾ ਨੇ ਪੂਰੇ ਸਮੇਂ ਰਾਜਪਾਲ ਦੇ ਨਾਲ ਕਦਮ ਮਿਲਾਏ, ਜਦਕਿ ਸੁਖਬੀਰ ਬਾਦਲ ਨੇ ਯਾਤਰਾ ਦੇ ਅੰਤ ਵਿੱਚ ਸ਼ਾਮਲ ਹੋ ਕੇ ਇਸ ਨੂੰ ਹੋਰ ਮਹੱਤਵਪੂਰਨ ਬਣਾ ਦਿੱਤਾ।

ਇਹ ਪਹਿਲੀ ਵਾਰ ਹੈ ਜਦੋਂ 2020 ਵਿੱਚ ਕਿਸਾਨ ਅੰਦੋਲਨ ਕਾਰਨ ਟੁੱਟੇ ਅਕਾਲੀ-ਭਾਜਪਾ ਗਠਜੋੜ ਦੇ ਆਗੂ ਇੱਕ ਪਲੇਟਫਾਰਮ 'ਤੇ ਪਹਿਲੀ ਵਾਰ ਇੰਨੇ ਨੇੜੇ ਨਜ਼ਰ ਆਏ ਹਨ। ਸਿਆਸੀ ਹਲਕਿਆਂ ਵਿੱਚ ਇਸ ਨੂੰ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਸਮਝੌਤੇ ਦੀ ਸੰਭਾਵਨਾ ਵਜੋਂ ਵੇਖਿਆ ਜਾ ਰਿਹਾ ਹੈ। ਵਿਸ਼ਲੇਸ਼ਕਾਂ ਅਨੁਸਾਰ, ਡੇਰਾ ਬਿਆਸ ਦੀ ਮੌਜੂਦਗੀ ਇਸ ਵਿੱਚ ਇੱਕ ਮਹੱਤਵਪੂਰਨ ਕੜੀ ਹੈ। ਰਾਧਾ ਸਵਾਮੀ ਸਤਸੰਗ ਬਿਆਸ ਦਾ ਪੰਜਾਬ ਵਿੱਚ, ਖਾਸ ਕਰ ਮਾਲਵੇ ਅਤੇ ਸਰਹੱਦੀ ਖੇਤਰਾਂ ਵਿੱਚ ਵੱਡਾ ਪ੍ਰਭਾਵ ਹੈ ਅਤੇ ਇਸ ਦੇ ਅਨੁਯਾਈਆਂ ਵਿੱਚ ਨਸ਼ਿਆਂ ਤੋਂ ਦੂਰ ਰਹਿਣ ਦੀ ਸਿੱਖਿਆ ਹੈ। ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਹਾਲ ਹੀ ਵਿੱਚ ਅਕਾਲੀ ਮਹਾਂਰਥੀ ਨੇਤਾ ਬਿਕਰਮ ਮਜੀਠੀਆ ਨੂੰ ਜੇਲ੍ਹ ਵਿੱਚ ਮਿਲ ਕੇ ਉਨ੍ਹਾਂ ਨੂੰ ਨਿਰਦੋਸ਼ ਦੱਸਿਆ ਸੀ ਅਤੇ ਵੱਖ-ਵੱਖ ਰਾਜਨੀਤਿਕ ਨੇਤਾਵਾਂ ਨਾਲ ਮੁਲਾਕਾਤਾਂ ਕੀਤੀਆਂ ਸਨ। ਇਸ ਨੂੰ ਅਕਾਲੀ ਅਤੇ ਭਾਜਪਾ ਵਿਚਕਾਰ ਪੁਲ ਦੇ ਰੂਪ ਵਿੱਚ ਵੇਖਿਆ ਜਾ ਰਿਹਾ ਹੈ।

### ਕੀ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਸਮਝੌਤਾ ਹੋ ਗਿਆ ?

ਇਸ ਘਟਨਾ ਨੇ ਸਮਝੌਤੇ ਦੀਆਂ ਅਫਵਾਹਾਂ ਨੂੰ ਹਵਾ ਦਿੱਤੀ ਹੈ, ਪਰ ਅਜੇ ਤੱਕ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋਈ। ਕੁਝ ਸਮਾਂ ਪਹਿਲਾਂ ਭਾਜਪਾ ਨੇਤਾ ਨਾਇਬ ਸਿੰਘ ਸੈਣੀ ਅਤੇ ਤਰਨ ਚੁੱਘ ਵਰਗੇ ਆਗੂਆਂ ਨੇ ਕਿਹਾ ਸੀ ਕਿ ਭਾਜਪਾ 2027 ਵਿੱਚ ਸਾਰੀਆਂ 117 ਸੀਟਾਂ 'ਤੇ ਇਕੱਲੇ ਲੜੇਗੀ । ਪਰ ਇਸ ਯਾਤਰਾ ਵਿੱਚ ਆਗੂਆਂ ਦੀ ਨੇੜਤਾ ਅਤੇ ਬੰਦ ਕਮਰੇ ਵਿੱਚ ਹੋਈ ਮੀਟਿੰਗ ਨੇ ਸਿਆਸੀ ਤਾਪਮਾਨ ਵਧਾ ਦਿੱਤਾ ਹੈ। ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਇਸ ਨੂੰ 'ਸਮਝੌਤਾ ਐਕਸਪ੍ਰੈੱਸ' ਦੱਸ ਕੇ ਰਾਜਪਾਲ 'ਤੇ ਸਵਾਲ ਉਠਾਏ ਅਤੇ ਪੁੱਛਿਆ ਕਿ ਕੀ ਇਹ ਨਸ਼ਾ ਵਿਰੋਧੀ ਮੁਹਿੰਮ ਹੈ ਜਾਂ ਅਕਾਲੀ-ਭਾਜਪਾ ਗਠਜੋੜ ਲਈ ਜ਼ਮੀਨ ਤਿਆਰ ਕਰਨ ਦੀ ਕੋਸ਼ਿਸ਼।

### ਮਜੀਠੀਆ ਅਤੇ ਰਾਧਾ ਸਵਾਮੀ ਬਾਬੇ ਦਾ ਰੋਲ

ਬਿਕਰਮ ਸਿੰਘ ਮਜੀਠੀਆ, ਜੋ ਬਾਦਲ ਦਲ ਵਿੱਚ ਮਹੱਤਵਪੂਰਨ ਹਨ ਅਤੇ ਹਾਲ ਹੀ ਵਿੱਚ ਜੇਲ੍ਹ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ ਕਾਰਣ ਰਹੇ ਸਨ, ਨੂੰ ਬਾਬਾ ਗੁਰਿੰਦਰ ਸਿੰਘ ਨੇ ਨਿਰਦੋਸ਼ ਦੱਸ ਕੇ ਸਮਰਥਨ ਦਿੱਤਾ ਸੀ। ਇਹ ਡੇਰੇ ਦੇ ਪ੍ਰਭਾਵ ਨੂੰ ਵਧਾਉਂਦਾ ਹੈ ਅਤੇ ਬਾਦਲ ਦਲ ਲਈ ਫਾਇਦੇਮੰਦ ਹੈ। ਬਾਬਾ ਗੁਰਿੰਦਰ ਸਿੰਘ ਦਾ ਰੋਲ ਇੱਕ ਵਿਚੋਲੇ ਜਾਂ ਬ੍ਰਿਜ ਵਰਗਾ ਲੱਗ ਰਿਹਾ ਹੈ, ਜੋ ਮਿਸ਼ਨਾਂ ਹਾਈਕਮਾਂਡ ਨਾਲ ਸੰਪਰਕ ਰੱਖਦੇ ਹਨ। ਉਨ੍ਹਾਂ ਦੀ ਹਾਜ਼ਰੀ ਨੇ ਯਾਤਰਾ ਨੂੰ ਧਾਰਮਿਕ ਅਤੇ ਸਮਾਜਿਕ ਰੰਗ ਦਿੱਤਾ ਪਰ ਇਸ ਨੂੰ ਰਾਜਨੀਤਿਕ ਵੀ ਬਣਾ ਦਿੱਤਾ।

### ਕੀ ਭਾਜਪਾ ਪੰਜਾਬ ਦੀ ਵਾਗਡੋਰ ਸੰਭਾਲੇਗੀ ?

ਭਾਜਪਾ ਨੇ ਪੰਜਾਬ ਵਿੱਚ ਆਪਣੀ ਜੜ੍ਹਾਂ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਤੇਜ਼ ਕੀਤੀਆਂ ਹਨ ਅਤੇ 2027 ਵਿੱਚ ਇਕੱਲੇ ਲੜਨ ਦਾ ਐਲਾਨ ਕੀਤਾ ਹੈ। ਪਰ ਅਕਾਲੀ ਦਲ ਨਾਲ ਗਠਜੋੜ ਨਾਲ ਉਨ੍ਹਾਂ ਨੂੰ ਸਿੱਖ ਵੋਟਾਂ ਅਤੇ ਦਿਹਾਤੀ ਖੇਤਰਾਂ ਵਿੱਚ ਫਾਇਦਾ ਹੋ ਸਕਦਾ ਹੈ। ਫਿਲਹਾਲ ਭਾਜਪਾ ਦਾ ਫੋਕਸ ਆਪਣੇ ਸੰਗਠਨ ਨੂੰ ਮਜ਼ਬੂਤ ਕਰਨਾ ਹੈ ਅਤੇ ਉਹ ਪੂਰੀਆਂ ਸੀਟਾਂ 'ਤੇ ਲੜਨਾ ਚਾਹੁੰਦੀ ਹੈ। ਪਰ ਇਸ ਤਰ੍ਹਾਂ ਦੀਆਂ ਘਟਨਾਵਾਂ ਨਾਲ ਗਠਜੋੜ ਦੀ ਸੰਭਾਵਨਾ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ।


### ਆਪ ਕਿਉਂ ਰੈਲੀ ਤੋਂ ਦੂਰ ਰਹੀ ?

ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਅਤੇ ਕਾਂਗਰਸ ਨੇ ਇਸ ਯਾਤਰਾ ਤੋਂ ਦੂਰੀ ਬਣਾਈ ਰੱਖੀ। ਆਪ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਪ੍ਰੈੱਸ ਕਾਨਫਰੰਸ ਕਰਕੇ ਰਾਜਪਾਲ 'ਤੇ ਤਿੱਖਾ ਹਮਲਾ ਬੋਲਿਆ ਅਤੇ ਕਿਹਾ ਕਿ ਯਾਤਰਾ ਸਮਾਨਾਂਤਰ ਚੱਲ ਰਹੀ ਹੈ ਅਤੇ ਇਸ ਵਿੱਚ ਅਕਾਲੀ-ਭਾਜਪਾ ਆਗੂਆਂ ਦੀ ਹਾਜ਼ਰੀ ਨਸ਼ਾ ਫੈਲਾਉਣ ਵਾਲਿਆਂ ਨਾਲ ਚੱਲਣ ਵਰਗੀ ਹੈ। ਉਨ੍ਹਾਂ ਨੇ ਯਾਦ ਕਰਵਾਇਆ ਕਿ 2007-2017 ਦੌਰਾਨ ਅਕਾਲੀ-ਭਾਜਪਾ ਸਰਕਾਰ ਵਿੱਚ ਨਸ਼ਾ ਵਧਿਆ ਸੀ। ਆਪ ਨੇ ਆਪਣੀ ਵੱਖਰੀ ਨਸ਼ਾ ਵਿਰੋਧੀ ਮੁਹਿੰਮ ਚਲਾਈ ਹੋਈ ਹੈ ਅਤੇ ਇਸ ਨੂੰ ਰਾਜਪਾਲ ਵੱਲੋਂ ਰਾਜਨੀਤਿਕ ਰੰਗ ਦੇਣ ਦਾ ਦੋਸ਼ ਲਾਇਆ ਹੈ। ਇਸ ਕਾਰਨ ਆਪ ਨੇ ਇਸ ਵਿੱਚ ਸ਼ਾਮਲ ਨਾ ਹੋ ਕੇ ਆਪਣੀ ਵੱਖਰੀ ਪਛਾਣ ਬਣਾਈ ਰੱਖੀ।

ਇਹ ਯਾਤਰਾ ਹੁਣ ਸਮਾਜਿਕ ਤੋਂ ਵੱਧ ਰਾਜਨੀਤਿਕ ਚਰਚਾ ਦਾ ਕੇਂਦਰ ਬਣ ਗਈ ਹੈ। ਰਾਜਪਾਲ ਨੇ ਨਸ਼ਿਆਂ ਨੂੰ ਸਰਹੱਦ ਪਾਰ ਤੋਂ ਡਰੋਨਾਂ ਰਾਹੀਂ ਭੇਜੇ ਜਾਣ ਅਤੇ ਇਸ ਨਾਲ ਨਜਿੱਠਣ ਲਈ ਸਖ਼ਤ ਕਦਮ ਚੁੱਕਣ ਦੀ ਗੱਲ ਕਹੀ ਹੈ। ਪਰ ਇਸ ਦੇ ਨਾਲ ਹੀ ਪੰਜਾਬ ਦੀ ਸਿਆਸਤ ਵਿੱਚ ਨਵੇਂ ਸਮੀਕਰਨਾਂ ਦੀ ਸੰਭਾਵਨਾ ਨੇ ਸਾਰਿਆਂ ਦਾ ਧਿਆਨ ਖਿੱਚ ਲਿਆ ਹੈ। 2027 ਦੀਆਂ ਚੋਣਾਂ ਤੋਂ ਪਹਿਲਾਂ ਇਹ ਘਟਨਾ ਇੱਕ ਅਹਿਮ ਮੋੜ ਸਾਬਤ ਹੋ ਸਕਦੀ ਹੈ। ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਇਸ ਸਾਰੀ ਚਰਚਾ ਵਿੱਚ ਅਸਲ ਮਸਲਾ-ਨਸ਼ਿਆਂ ਦੀ ਸਮੱਸਿਆ-ਪਿੱਛੇ ਰਹਿ ਨਹੀਂ ਜਾਵੇਗਾ ? ਪੰਜਾਬ ਵਿੱਚ ਨਸ਼ਾ ਇੱਕ ਹਕੀਕਤ ਹੈ, ਜਿਸਦਾ ਹੱਲ ਸਿਰਫ਼ ਯਾਤਰਾਵਾਂ ਨਾਲ ਨਹੀਂ, ਸਗੋਂ ਲੰਬੀ ਨੀਤੀ, ਯੋਜਨਾ, ਰੋਜ਼ਗਾਰ ਅਤੇ ਕਾਨੂੰਨੀ ਸਖ਼ਤੀ ਨਾਲ ਹੀ ਸੰਭਵ ਹੈ।

ਜੇ ਇਹ ਯਾਤਰਾ ਸਿਰਫ਼ ਸਿਆਸੀ ਸੰਕੇਤ ਬਣ ਕੇ ਰਹਿ ਜਾਂਦੀ ਹੈ, ਤਾਂ ਸਮਾਜਕ ਲਾਭ ਘੱਟ ਹੋਵੇਗਾ। ਪਰ ਜੇ ਇਹ ਸਾਰੀਆਂ ਪਾਰਟੀਆਂ ਨੂੰ ਇੱਕ ਸਾਂਝੀ ਨੀਤੀ 'ਤੇ ਲਿਆਉਂਦੀ ਹੈ, ਤਾਂ ਇਹ ਮੋੜ ਸਾਬਤ ਹੋ ਸਕਦੀ ਹੈ।

# ਕਮਲ ਭਾਬੀ ਹਤਿਆ ਕੇਸ ਵਿਚ ਅੰਮ੍ਰਿਤਪਾਲ ਸਿੰਘ ਮਹਿਰੋਂ ਭਗੌੜਾ ਕਰਾਰ



ਬਠਿੰਡਾ-ਬਠਿੰਡਾ ਦੀ ਸਥਾਨਕ ਅਦਾਲਤ ਨੇ ਸੋਸ਼ਲ ਮੀਡੀਆ 'ਤੇ ਮਕਬੂਲ ਹੋਈ ਕੰਚਨ ਕੁਮਾਰੀ ਉਰਫ ਕਮਲ ਭਾਬੀ ਕਤਲ ਮਾਮਲੇ ਵਿੱਚ ਮੁੱਖ ਦੋਸ਼ੀ ਅੰਮ੍ਰਿਤਪਾਲ ਸਿੰਘ ਮਹਿਰੋਂ ਨੂੰ ਭਗੌੜਾ ਕਰਾਰ ਦਿੱਤਾ ਹੈ। ਅਦਾਲਤ ਨੇ ਮਹਿਰੋਂ ਨੂੰ ਵਾਰ-ਵਾਰ ਸੰਮਨ ਭੇਜੇ ਸਨ, ਇਸ ਦੇ ਬਾਵਜੂਦ ਉਹ ਪੇਸ਼ ਨਾ ਹੋਇਆ ਜਿਸ ਤੋਂ ਬਾਅਦ ਉਸ ਨੂੰ ਭਗੌੜਾ ਕਰਾਰ ਦਿੱਤਾ ਗਿਆ ਹੈ। ਚੇਤੇ ਰਹੇ ਕਿ ਪੁਲੀਸ ਅਨੁਸਾਰ, ਅੰਮ੍ਰਿਤਪਾਲ ਸਿੰਘ ਮਹਿਰੋਂ ਕਤਲ ਦੀ ਘਟਨਾ ਤੋਂ ਬਾਅਦ ਦੇਸ਼ ਤੋਂ ਫਰਾਰ ਹੋ ਗਿਆ ਸੀ ਅਤੇ ਮੰਨਿਆ ਜਾ ਰਿਹਾ ਹੈ ਕਿ ਉਹ ਇਸ ਸਮੇਂ ਸੰਯੁਕਤ ਅਰਬ ਅਮੀਰਾਤ (ਯੂਏਈ) ਵਿੱਚ ਲੁਕਿਆ ਹੋਇਆ ਹੈ। ਅਦਾਲਤੀ ਰਿਕਾਰਡ ਮੁਤਾਬਕ, ਇਸ ਮਾਮਲੇ ਵਿੱਚ ਮਹਿਰੋਂ ਦੇ ਤਿੰਨ ਸਾਥੀ-ਜਸਪ੍ਰੀਤ ਸਿੰਘ, ਨਿਮਰਜੀਤ ਸਿੰਘ ਅਤੇ ਰਣਜੀਤ ਸਿੰਘ ਮੁਲਜ਼ਮ ਹਨ। ਜਸਪ੍ਰੀਤ ਸਿੰਘ ਅਤੇ ਨਿਮਰਜੀਤ ਸਿੰਘ ਪਹਿਲਾਂ ਹੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ, ਜਦਕਿ ਰਣਜੀਤ ਸਿੰਘ ਨੂੰ 6 ਫਰਵਰੀ ਨੂੰ ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ। ਪੁਲੀਸ ਮੁਤਾਬਕ, 9 ਅਤੇ 10 ਜੂਨ ਦੀ ਦਰਮਿਆਨੀ ਰਾਤ ਨੂੰ ਇਨ੍ਹਾਂ ਵੱਲੋਂ ਕੰਚਨ ਕੁਮਾਰੀ ਦੀ ਗਲਾ ਘੁੱਟ ਕੇ ਹੱਤਿਆ ਕੀਤੀ ਗਈ ਸੀ।

# ਸਜ਼ਾ ਸਮੀਖਿਆ ਬੋਰਡ ਨੇ ਪ੍ਰੋ. ਭੁੱਲਰ ਦੀ ਰਿਹਾਈ ਅਰਜ਼ੀ ਫਿਰ ਰੱਦ ਕੀਤੀ

## ✪ ਸਿੱਖ ਆਗੂਆਂ ਵਲੋਂ ਮੋਦੀ ਸਰਕਾਰ ਦੀ ਤਿੱਖੀ ਨਿੰਦਾ - ਅਨਿਆਂ ਅਤੇ ਡਬਲ ਸਟੈਂਡਰਡ ਦਸਿਆ ✪ ਰੱਦ ਕਰਨ ਦੇ ਮੁੱਖ ਕਾਰਨ - ਅਪਰਾਧ ਦੀ ਗੰਭੀਰਤਾ ਦਸਿਆ

ਨਵੀਂ ਦਿੱਲੀ - ਦਿੱਲੀ ਸਰਕਾਰ ਦੇ ਸਜ਼ਾ ਸਮੀਖਿਆ ਬੋਰਡ (ਐੱਸ.ਆਰ.ਬੀ.) ਨੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਪਟੀਸ਼ਨ ਨੂੰ ਇੱਕ ਵਾਰ ਫਿਰ ਰੱਦ ਕਰ ਦਿੱਤਾ ਹੈ। ਇਹ ਫੈਸਲਾ 23 ਦਸੰਬਰ 2025 ਨੂੰ ਬੋਰਡ ਦੀ ਮੀਟਿੰਗ ਵਿੱਚ ਲਿਆ ਗਿਆ ਸੀ ਅਤੇ 5 ਫਰਵਰੀ 2026 ਨੂੰ ਸਰਕੂਲਰ ਜਾਰੀ ਕਰਕੇ ਜੇਲ੍ਹ ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ। ਬੋਰਡ ਨੇ 51 ਉਮਰ ਕੈਦ ਦੇ ਮਾਮਲਿਆਂ ਦੀ ਸਮੀਖਿਆ ਕੀਤੀ, ਜਿਨ੍ਹਾਂ ਵਿੱਚੋਂ 25 ਕੈਦੀਆਂ (ਪ੍ਰੋ. ਭੁੱਲਰ ਸਮੇਤ) ਦੀ ਰਿਹਾਈ ਰੱਦ ਕਰ ਦਿੱਤੀ ਗਈ। ਪ੍ਰੋ. ਭੁੱਲਰ 1993 ਦੇ ਦਿੱਲੀ ਬੰਬ ਧਮਾਕੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਹਨ, ਜਿਸ ਵਿੱਚ 9 ਲੋਕ ਮਾਰੇ ਗਏ ਸਨ।

ਸੁਪਰੀਮ ਕੋਰਟ ਨੇ 2014 ਵਿੱਚ ਉਨ੍ਹਾਂ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲ ਦਿੱਤਾ ਸੀ, ਮਾਨਸਿਕ ਸਿਹਤ ਅਤੇ ਮਰਹੂਮ ਅਰਜ਼ੀ ਵਿੱਚ ਦੇਰੀ ਨੂੰ ਧਿਆਨ ਵਿੱਚ ਰੱਖਦੇ ਹੋਏ। ਉਹ ਪਿਛਲੇ 30 ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ ਵਿੱਚ ਹਨ ਅਤੇ ਹੁਣ ਅੰਮ੍ਰਿਤਸਰ ਦੇ ਗੁਰੂ ਨਾਨਕ ਹਸਪਤਾਲ ਵਿੱਚ ਇਲਾਜ ਅਧੀਨ ਹਨ। ਇਹ ਪਟੀਸ਼ਨ ਪਹਿਲਾਂ ਵੀ ਕਈ ਵਾਰ ਰੱਦ ਹੋ ਚੁੱਕੀ ਹੈ।

### ਸਜ਼ਾ ਸਮੀਖਿਆ ਬੋਰਡ ਵੱਲੋਂ ਪ੍ਰੋ. ਭੁੱਲਰ ਦੀ ਰਿਹਾਈ ਪਟੀਸ਼ਨ ਰੱਦ ਕਰਨ ਦੇ ਕਾਰਨ

ਸਜ਼ਾ ਸਮੀਖਿਆ ਬੋਰਡ ਨੇ ਪ੍ਰੀਮੈਚਿਊਰ ਰਿਹਾਈ (ਰਿਮਿਸ਼ਨ) ਨੂੰ ਰੱਦ ਕਰਨ ਲਈ ਅਧਿਕਾਰਤ ਤੌਰ 'ਤੇ ਕੋਈ ਵਿਸਥਾਰ ਵਾਲਾ ਕਾਰਨ ਨਹੀਂ ਦੱਸਿਆ, ਪਰ ਇਹ ਫੈਸਲਾ ਬੋਰਡ ਦੇ ਮਾਪਦੰਡਾਂ ਅਨੁਸਾਰ ਲਿਆ ਗਿਆ ਜਿਸ ਵਿੱਚ ਅਪਰਾਧ ਦੀ ਗੰਭੀਰਤਾ, ਸਮਾਜਿਕ ਅਸਰ ਅਤੇ ਹੋਰ ਕੈਦੀਆਂ ਨਾਲ ਤੁਲਨਾ ਸ਼ਾਮਲ ਹੈ। ਕੁਝ ਰਿਪੋਰਟਾਂ ਅਨੁਸਾਰ, ਬੋਰਡ ਨੇ 26 ਕੈਦੀਆਂ ਨੂੰ ਰਿਹਾਈ ਦਿੱਤੀ ਜਿਨ੍ਹਾਂ ਨੇ ਘੱਟ ਸਮਾਂ ਕੱਟਿਆ ਸੀ, ਪਰ ਭੁੱਲਰ ਵਰਗੇ ਗੰਭੀਰ ਖਾੜਕੂ ਮਾਮਲਿਆਂ ਵਿੱਚ ਸਖ਼ਤੀ ਵਰਤੀ ਗਈ। ਇਹ ਫੈਸਲਾ ਦਿੱਲੀ ਦੀ ਭਾਜਪਾ ਸਰਕਾਰ ਅਧੀਨ ਆਇਆ ਹੈ ਅਤੇ ਪਿਛਲੇ ਆਪ ਸਰਕਾਰ ਵੇਲੇ ਵੀ ਇਸ ਤਰ੍ਹਾਂ ਦੀਆਂ ਰੱਦੀਆਂ ਹੋਈਆਂ ਹਨ।

### ਭਾਜਪਾ ਸਰਕਾਰ ਰਿਹਾਈ ਕਿਉਂ ਨਹੀਂ ਕਰਨਾ ਚਾਹੁੰਦੀ



ਭਾਜਪਾ ਸਰਕਾਰ ਰਿਹਾਈ ਨੂੰ ਰੱਦ ਕਰਨ ਵਿੱਚ ਅਪਰਾਧ ਦੀ ਗੰਭੀਰਤਾ ਅਤੇ ਰਾਜਨੀਤਿਕ-ਸਮਾਜਿਕ ਅਸਰ ਨੂੰ ਮੁੱਖ ਕਾਰਨ ਮੰਨਦੀ ਹੈ। 1993 ਦਾ ਧਮਾਕਾ ਇੱਕ ਵੱਡਾ ਖਾੜਕੂ ਹਮਲਾ ਸੀ ਅਤੇ ਇਸ ਨੂੰ ਰਾਸ਼ਟਰ ਵਿਰੋਧੀ ਗਤੀਵਿਧੀ ਮੰਨਿਆ ਜਾਂਦਾ ਹੈ। ਸਰਕਾਰ ਦਾ ਮੰਨਣਾ ਹੈ ਕਿ ਅਜਿਹੇ ਮਾਮਲਿਆਂ ਵਿੱਚ ਸਖ਼ਤੀ ਜ਼ਰੂਰੀ ਹੈ ਤਾਂ ਜੋ ਖਾੜਕੂਵਾਦ ਨੂੰ ਹੌਂਸਲਾ ਨਾ ਮਿਲੇ। ਕੁਝ ਵਿਚਾਰਾਂ ਅਨੁਸਾਰ ਇਹ ਫੈਸਲਾ ਰਾਜਨੀਤਿਕ ਵੀ ਹੈ ਕਿਉਂਕਿ ਭੁੱਲਰ ਨੂੰ ਰਿਹਾਅ ਕਰਨ ਨਾਲ ਪੰਜਾਬ ਵਿੱਚ ਵਿਵਾਦ ਪੈਦਾ ਹੋ ਸਕਦਾ ਹੈ ਅਤੇ ਵਿਰੋਧੀ ਪਾਰਟੀਆਂ ਇਸ ਨੂੰ ਲੈ ਕੇ ਹਮਲਾ ਕਰ ਸਕਦੀਆਂ ਹਨ। ਪਰ ਅਧਿਕਾਰਤ ਤੌਰ 'ਤੇ ਇਹ ਬੋਰਡ ਦੇ ਨਿਯਮਾਂ ਅਨੁਸਾਰ ਹੈ।

### ਪੰਥਕ ਆਗੂਆਂ ਦੀ ਰਾਏ ਅਤੇ ਇਤਰਾਜ਼

ਸਿੱਖ ਜਥੇਬੰਦੀਆਂ ਨੇ ਇਸ ਫੈਸਲੇ ਦੀ ਸਖ਼ਤ ਨਿੰਦਾ ਕੀਤੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਸਿੱਖ ਕੌਮ ਨਾਲ ਅਨਿਆਂ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੱਸਿਆ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਸਿੱਖਾਂ ਪ੍ਰਤੀ ਸਹਾਨੁਭੂਤੀ ਦਾ ਦਾਅਵਾ ਕਰਦੀ ਹੈ ਪਰ ਫੈਸਲੇ ਵਿੱਚ ਡਬਲ ਸਟੈਂਡਰਡ ਵਰਤ ਰਹੀ ਹੈ। ਪਹਿਲਾਂ ਆਪ ਸਰਕਾਰ ਵੇਲੇ ਵੀ ਰੱਦ ਹੋਇਆ ਸੀ ਅਤੇ ਹੁਣ ਭਾਜਪਾ ਵੀ ਉਹੀ ਰਾਹ ਅਪਣਾ ਰਹੀ ਹੈ। ਉਨ੍ਹਾਂ ਤੁਰੰਤ ਰਿਹਾਈ ਦੀ ਮੰਗ ਕੀਤੀ। ਦਲ ਖਾਲਸਾ ਅਤੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਵੀ ਇਤਰਾਜ਼ ਜਤਾਇਆ ਅਤੇ ਇਸ ਨੂੰ ਅਨਿਆਂ ਵਜੋਂ ਦੇਖਿਆ। ਪੰਥਕ ਆਗੂ ਭੁੱਲਰ ਨੂੰ ਬੰਦੀ ਸਿੰਘ ਮੰਨਦੇ ਹਨ ਅਤੇ ਉਨ੍ਹਾਂ ਦੀ ਮਾਨਸਿਕ ਸਿਹਤ ਅਤੇ ਲੰਮੇ ਸਮੇਂ ਦੀ ਕੈਦ ਨੂੰ ਰਿਹਾਈ ਲਈ ਮੁੱਖ ਕਾਰਨ ਮੰਨਦੇ ਹਨ। ਇਹ ਮਾਮਲਾ ਸਿੱਖ ਭਾਈਚਾਰੇ ਵਿੱਚ ਗਹਿਰਾ ਰੋਸ ਪੈਦਾ ਕਰ ਰਿਹਾ ਹੈ।

# ਕੈਨੇਡਾ ਚ ਗੋਲਾਬਾਰੀ ਦੀ ਘਟਨਾ ਚ ਹਮਲਾਵਰ ਸਮੇਤ 10 ਮੌਤਾਂ : 25 ਜਖਮੀ, ਪੂਰੇ ਕੈਨੇਡਾ ਚ ਸੋਗ ਦੀ ਲਹਿਰ

## ਬੀਸੀ ਦੇ ਪ੍ਰੀਮੀਅਰ ਡੇਵਿਡ ਏਬੀ ਸਮੇਤ ਵੱਖ ਵੱਖ ਆਗੂਆਂ ਵੱਲੋਂ ਹਮਲੇ ਦੀ ਨਿੰਦਾ

ਵੈਨਕੂਵਰ-(ਮਲਕੀਤ ਸਿੰਘ) – ਕਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਪਹਾੜੀ ਖੇਤਰ ਚ ਸਥਿਤ ਟੰਬਲਰ ਰਿਜ਼ ਸ਼ਹਿਰ ਦੇ ਇੱਕ ਸੈਕੰਡਰੀ ਸਕੂਲ ਦੀ ਇਮਾਰਤ ਵਿੱਚ ਅੱਜ ਬਾਅਦ ਦੁਪਹਿਰ ਵਾਪਰੀ ਭਿਆਨਕ ਗੋਲਾਬਾਰੀ ਦੀ ਹੌਲਨਾਕ ਘਟਨਾ ਵਿੱਚ ਹਮਲਾਵਰ ਸਮੇਤ ਕੁੱਲ 10 ਲੋਕਾਂ ਦੀ ਮੌਤ ਹੋਣ ਅਤੇ 25 ਹੋਰ ਵਿਅਕਤੀਆਂ ਦੇ ਗੰਭੀਰ ਰੂਪ ਵਿੱਚ ਜ਼ਖਮੀ ਹੋਣ ਦੀ ਸੂਚਨਾ ਹੈ

ਪੁਲਿਸ ਮੁਤਾਬਕ ਮਰਨ ਵਾਲਿਆਂ ਵਿੱਚੋਂ 6 ਵਿਅਕਤੀਆਂ ਦੀਆਂ ਲਾਸ਼ਾਂ ਸਕੂਲ ਦੀ ਇਮਾਰਤ ਦੇ ਅੰਦਰੋਂ ਬਰਾਮਦ ਕੀਤੀਆਂ ਗਈਆਂ ਹਨ। ਇਸ ਘਟਨਾ ਨੇ ਪੂਰੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਹੈ ਉੱਥੇ ਮੌਤ ਦੇ ਇਸ ਭਿਆਨਕ ਤਾਂਡਵ ਨੇ ਸਾਰੇ ਕਨੇਡੀਅਨਾਂ ਨੂੰ ਬੁਰੀ ਤਰ੍ਹਾਂ ਝੰਜੋੜ ਕੇ ਰੱਖ ਦਿੱਤਾ ਹੈ ਇਸ ਸਬੰਧੀ ਪ੍ਰਾਪਤ ਹੋਰਨਾਂ ਵੇਰਵਿਆਂ ਮੁਤਾਬਕ ਅੱਜ ਬਾਅਦ ਦੁਪਹਿਰ



ਲਗਭਗ 1:20 ਵਜੇ ਪੁਲਿਸ ਨੂੰ ਮਿਲੀ ਇੱਕ ਸੂਚਨਾ ਮਗਰੋਂ ਪੁਲਿਸ ਅਧਿਕਾਰੀਆਂ ਵੱਲੋਂ ਬੜੀ ਮੁਸਤੈਦੀ ਵਰਤਦਿਆਂ ਸਭ ਤੋਂ ਪਹਿਲਾਂ ਉਕਤ ਸਕੂਲ ਚ ਮੌਜੂਦ ਵਿਦਿਆਰਥੀਆਂ ਨੂੰ ਸੁਰੱਖਿਤ ਬਾਹਰ ਕੱਢਿਆ ਗਿਆ ਅਤੇ ਆਸ ਪਾਸ ਦੇ ਲੋਕਾਂ ਨੂੰ ਆਪਦੇ ਘਰਾਂ ਦੇ ਦਰਵਾਜੇ ਅੰਦਰੋਂ ਬੰਦ ਕਰ ਲੈਣ ਦੀ ਹਦਾਇਤ ਕੀਤੀ ਗਈ ਸੀ ਉਪਰੰਤ ਰਾਇਲ ਕਨੇਡੀਅਨ ਮਾਊਂਟਡ ਪੁਲਿਸ ਨੇ ਦੱਸਿਆ ਕਿ ਮੌਕੇ 'ਤੇ ਤੁਰੰਤ ਕਾਰਵਾਈ ਕਰਦਿਆਂ ਹਾਲਾਤਾਂ 'ਤੇ ਕਾਬੂ ਪਾ ਲਿਆ ਗਿਆ।

ਘਟਨਾ ਵਿੱਚ ਜਖ਼ਮੀ ਹੋਏ ਲੋਕਾਂ ਨੂੰ ਹਸਪਤਾਲ ਵਿੱਚ ਇਲਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ।ਪੁਲਿਸ ਵੱਲੋਂ ਮਾਮਲੇ ਦੀ ਗਹਿਰਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਹਮਲਾਵਰ ਦੀ ਪਿਛੋਕੜ ਅਤੇ ਹਮਲੇ ਦੇ ਕਾਰਨਾਂ ਬਾਰੇ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ। ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਏਬੀ ਸਮੇਤ ਹੋਰਨਾਂ ਵੱਖ ਵੱਖ ਸਿਆਸੀ ਆਗੂਆਂ ਵੱਲੋਂ ਇਸ ਦੁਖਦਾਈ ਘਟਨਾ ਦੀ ਕਰੜੀ ਨਿੰਦਾ ਕਰਦਿਆਂ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ ਖਬਰ ਲਿਖੇ ਜਾਣ ਤੱਕ ਪੁਲਿਸ ਵੱਲੋਂ ਘਟਨਾ ਵਾਲੀ ਥਾਂ ਨੂੰ ਜਾਂਦੇ ਸਾਰੇ ਰਸਤਿਆਂ ਨੂੰ ਅਣਮਿੱਥੇ ਸਮੇਂ ਲਈ ਸੀਲ ਕਰਕੇ ਬਰੀਕੀ ਨਾਲ ਛਾਣਬੀਣ ਕੀਤੀ ਜਾ ਰਹੀ ਹੈ।

# ਕੈਨੇਡੀਅਨ ਮਾਈਨਿੰਗ ਕੰਪਨੀ ਦੇ ਅਗਵਾ ਕੀਤੇ ਕਰਮਚਾਰੀਆਂ ਦੀਆਂ ਲਾਸ਼ਾਂ ਦੀ ਪਛਾਣ ਨਾਲ ਸੋਗ ਦੀ ਲਹਿਰ

ਵੈਨਕੂਵਰ–(ਮਲਕੀਤ ਸਿੰਘ) – ਪਿਛਲੇ ਦਿਨੀ ਮੈਕਸੀਕੋ ਵਿੱਚ ਅਗਵਾ ਕੀਤੇ ਗਏ ਕੈਨੇਡਾ ਦੀ ਇਕ ਮਾਈਨਿੰਗ ਕੰਪਨੀ ਨਾਲ ਜੁੜੇ ਤਿੰਨ ਕਰਮਚਾਰੀਆਂ ਦੀਆਂ ਲਾਸ਼ਾਂ ਦੀ ਪਛਾਣ ਹੋਣ ਤੋਂ ਬਾਅਦ ਪਰਿਵਾਰਾਂ ਅਤੇ ਕਨੇਡਾ ਵਿੱਚ ਡੂੰਘਾ ਸੋਗ ਛਾ ਗਿਆ ਹੈ। ਇਹ ਤਿੰਨੇ ਕਰਮਚਾਰੀ ਵੈਨਕੂਵਰ ਦੀ ਕੰਪਨੀ ਨਾਲ ਕੰਮ ਕਰ ਰਹੇ ਸਨ।ਅਧਿਕਾਰੀਆਂ ਮੁਤਾਬਕ, ਮਰਨ ਵਾਲਿਆਂ ਵਿੱਚ ਇਕ 43 ਸਾਲਾ ਭੂਗਰਭ ਵਿਗਿਆਨੀ ਵੀ ਸ਼ਾਮਲ ਹੈ। ਉਸ ਦੇ ਭਰਾ ਜਾਇਮੇ ਕਾਸਤਾਨੇਦਾ ਨੇ ਦੱਸਿਆ ਕਿ ਐਤਵਾਰ ਨੂੰ ਉਸ ਨੇ ਸਰਕਾਰੀ ਅਧਿਕਾਰੀਆਂ ਵੱਲੋਂ ਦਿਖਾਈਆਂ ਗਈਆਂ ਤਸਵੀਰਾਂ ਦੇ ਆਧਾਰ 'ਤੇ ਆਪਣੇ ਭਰਾ ਦੀ ਲਾਸ਼ ਦੀ ਪਛਾਣ ਕੀਤੀ। ਮੈਕਸੀਕੋ ਦੇ ਤਟਵਰਤੀ ਸ਼ਹਿਰ ਵਿੱਚ ਸਥਿਤ ਸੰਘੀ ਅਟਾਰਨੀ ਜਨਰਲ ਦੇ ਦਫ਼ਤਰ ਵਿੱਚ ਇਹ ਕਾਰਵਾਈ ਕੀਤੀ ਗਈ। ਇਸ ਦੁਖਦਾਈ ਘਟਨਾ ਤੋਂ ਬਾਅਦ ਪਰਿਵਾਰਕ ਮੈਂਬਰਾਂ ਵਿੱਚ ਗਹਿਰਾ ਸਦਮਾ ਪਾਇਆ ਜਾ ਰਿਹਾ ਹੈ।ਕੈਨੇਡਾ ਅਤੇ ਮੈਕਸੀਕੋ ਦੀਆਂ ਅਥਾਰਟੀਆਂ ਵੱਲੋਂ ਮਾਮਲੇ ਦੀ ਜਾਂਚ ਜਾਰੀ ਹੈ। ਕੰਪਨੀ ਦੇ ਪ੍ਰਬੰਧਕਾਂ ਵੱਲੋਂ ਵੀ ਦੁੱਖ ਪ੍ਰਗਟ ਕਰਦਿਆਂ ਮਰਨ ਵਾਲਿਆਂ ਦੇ ਪਰਿਵਾਰਾਂ ਨਾਲ ਹਮਦਰਦੀ ਜਤਾਈ ਹੈ ਅਤੇ ਹਰ ਸੰਭਵ ਸਹਾਇਤਾ ਦੇਣ ਦਾ ਭਰੋਸਾ ਦਿੱਤਾ ਹੈ।ਇਸ ਘਟਨਾ ਨੇ ਵਿਦੇਸ਼ਾਂ ਵਿੱਚ ਕੰਮ ਕਰ ਰਹੇ ਕੈਨੇਡੀਅਨ ਕਰਮਚਾਰੀਆਂ ਦੀ ਸੁਰੱਖਿਆ 'ਤੇ ਵੀ ਸਵਾਲ ਖੜ੍ਹੇ ਕਰ ਦਿੱਤੇ ਹਨ। ਲੋਕਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਸਰਕਾਰ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਕੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰੇ।

# ਗੁਰਦੁਆਰਾ ਅੰਬ ਸਾਹਿਬ ਦੀ ਕਰੋੜਾਂ ਮੁੱਲ ਦੀ ਜ਼ਮੀਨ ਧੋਖੇ ਨਾਲ ਵੇਚੀ

**✪ ਫ਼ਰਜ਼ੀ ਅਥਾਰਟੀ ਲੈਟਰ ਰਾਹੀਂ ਰਜਿਸਟਰੀ, ਮੈਨੇਜਰ ਸਮੇਤ 7 'ਤੇ ਐਫਆਈਆਰ ਦਰਜ ✪ ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਵੱਲੋਂ ਮੈਨੇਜਰ ਮੁਅੱਤਲ, ਜਾਂਚ ਕਮੇਟੀ ਗਠਿਤ ✪ ਸੰਗਤ ਵਿੱਚ ਰੋਸ, ਭਾਈ ਰਣਜੀਤ ਸਿੰਘ ਨੇ ਜੜ੍ਹ ਤੱਕ ਜਾਂਚ ਦੀ ਕੀਤੀ ਮੰਗ**

ਮੋਹਾਲੀ - ਇਤਿਹਾਸਕ ਗੁਰਦੁਆਰਾ ਸ੍ਰੀ ਅੰਬ ਸਾਹਿਬ (ਫੇਜ਼-8) ਨਾਲ ਜੁੜੀ ਇੱਕ ਵੱਡੀ ਜ਼ਮੀਨ ਵੇਚਣ ਦੀ ਧੋਖਾਧੜੀ ਦਾ ਮਾਮਲਾ ਤੇਜ਼ੀ ਨਾਲ ਉਭਰਿਆ ਹੈ, ਜਿਸ ਨੇ ਸਿੱਖ ਸੰਗਤ ਵਿੱਚ ਗਹਿਰਾ ਰੋਸ ਪੈਦਾ ਕੀਤਾ ਹੈ। ਇਹ ਜ਼ਮੀਨ ਪਿੰਡ ਸੈਣੀਮਾਜਰਾ (ਪ੍ਰੇਮਗੜ੍ਹ) ਵਿਖੇ ਸਥਿਤ ਹੈ ਅਤੇ ਗੁਰਦੁਆਰਾ ਅੰਬ ਸਾਹਿਬ ਦੀ ਮਲਕੀਅਤ ਹੈ। ਇਸ ਵਿੱਚ ਕਰੀਬ 44 ਮਰਲੇ ਜ਼ਮੀਨ ਸ਼ਾਮਲ ਹੈ, ਜਿਸ ਨੂੰ ਫ਼ਰਜ਼ੀ ਦਸਤਾਵੇਜ਼ਾਂ ਰਾਹੀਂ ਬਹੁਤ ਘੱਟ ਕੀਮਤ 'ਤੇ ਵੇਚ ਦਿੱਤਾ ਗਿਆ। ਇਹ ਮਾਮਲਾ ਫਰਵਰੀ 2026 ਵਿੱਚ ਸਾਹਮਣੇ ਆਇਆ ਸੀ ਅਤੇ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਐਫਆਈਆਰ ਦਰਜ ਕਰ ਲਈ ਹੈ।



ਮਾਮਲੇ ਦੀ ਸ਼ੁਰੂਆਤ ਤੋਂ ਪਤਾ ਲੱਗਦਾ ਹੈ ਕਿ ਗੁਰਦੁਆਰਾ ਅੰਬ ਸਾਹਿਬ ਦੇ ਤਤਕਾਲੀ ਮੈਨੇਜਰ ਰਜਿੰਦਰ ਸਿੰਘ ਟੌਹੜਾ ਨੇ ਹੋਰ ਵਿਅਕਤੀਆਂ ਨਾਲ ਮਿਲ ਕੇ ਧੋਖਾਧੜੀ ਕੀਤੀ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਦੇ ਨਕਲੀ ਦਸਤਖਤਾਂ ਵਾਲਾ ਅਥਾਰਟੀ ਲੈਟਰ ਤਿਆਰ ਕੀਤਾ ਸੀ ਅਤੇ ਇਸ ਨੂੰ ਵਰਤ ਕੇ 2 ਦਸੰਬਰ 2025 ਨੂੰ ਸੈਕਟਰ-76 ਮੋਹਾਲੀ ਦੇ ਸਬ-ਰਜਿਸਟਰਾਰ ਦਫ਼ਤਰ ਵਿੱਚ ਰਜਿਸਟਰੀ ਕਰਵਾ ਲਈ ਸੀ। ਇਸ ਜ਼ਮੀਨ ਨੂੰ ਚਾਰ ਖਰੀਦਦਾਰਾਂ ਨੂੰ ਵੇਚਿਆ ਗਿਆ ਅਤੇ ਕੁੱਲ 1 ਕਰੋੜ 32 ਲੱਖ ਰੁਪਏ ਦੇ ਚਾਰ ਚੈੱਕ ਲਏ ਗਏ ਸਨ, ਜਿਨ੍ਹਾਂ ਨੂੰ ਮੈਨੇਜਰ ਨੇ ਆਪਣੇ ਨਿੱਜੀ ਖਾਤੇ ਵਿੱਚ ਜਮ੍ਹਾ ਕਰਵਾ ਲਿਆ। ਮਾਰਕੀਟ ਵਿੱਚ ਇਸ ਜ਼ਮੀਨ ਦੀ ਅਸਲ ਕੀਮਤ 15 ਤੋਂ 20 ਕਰੋੜ ਰੁਪਏ ਤੱਕ ਅੰਦਾਜ਼ੀ ਲਾਈ ਜਾਂਦੀ ਹੈ। ਰਜਿਸਟਰੀ ਵਿੱਚ ਇਹ ਵੀ ਝੂਠ ਬੋਲਿਆ ਗਿਆ ਕਿ ਜ਼ਮੀਨ ਕਿਸੇ ਧਾਰਮਿਕ ਸੰਸਥਾ ਨਾਲ ਸਬੰਧਤ ਨਹੀਂ ਹੈ।

ਸ਼੍ਰੋਮਣੀ ਕਮੇਟੀ ਨੂੰ ਜਦੋਂ ਇਸ ਧੋਖਾਧੜੀ ਦੀ ਭੇਤ ਖੁੱਲ੍ਹਿਆ ਤਾਂ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੈਨੇਜਰ ਰਜਿੰਦਰ ਸਿੰਘ ਟੌਹੜਾ ਨੂੰ 4 ਫਰਵਰੀ 2026 ਨੂੰ ਮੁਅੱਤਲ ਕਰ ਦਿੱਤਾ ਅਤੇ ਇੱਕ ਪੰਜ ਮੈਂਬਰੀ ਜਾਂਚ ਕਮੇਟੀ ਗਠਿਤ ਕੀਤੀ। ਇਸ ਕਮੇਟੀ ਵਿੱਚ ਐਗਜ਼ੀਕਿਊਟਿਵ ਮੈਂਬਰ ਹਰਜਿੰਦਰ ਕੌਰ, ਚੀਫ਼ ਸਕੱਤਰ ਕੁਲਵੰਤ ਸਿੰਘ ਮੰਨਣ ਅਤੇ ਹੋਰ ਮੈਂਬਰ ਸ਼ਾਮਲ ਹਨ। ਧਾਮੀ ਨੇ ਸਪੱਸ਼ਟ ਕਿਹਾ ਕਿ ਗੁਰਦੁਆਰਾ ਜਾਂ ਸ਼੍ਰੋਮਣੀ ਕਮੇਟੀ ਦੀ ਕੋਈ ਵੀ ਜਾਇਦਾਦ ਵੇਚਣ ਲਈ ਸ਼੍ਰੋਮਣੀ ਕਮੇਟੀ ਦੀ ਐਗਜ਼ੀਕਿਊਟਿਵ ਕਮੇਟੀ ਦੀ ਮਨਜ਼ੂਰੀ ਅਤੇ ਮਤਾ ਪਾਸ ਕਰਨਾ ਲਾਜ਼ਮੀ ਹੈ, ਪਰ ਇਸ ਮਾਮਲੇ ਵਿੱਚ ਅਜਿਹਾ ਕੁਝ ਵੀ ਨਹੀਂ ਹੋਇਆ। ਉਨ੍ਹਾਂ ਨੇ ਕਿਹਾ ਕਿ ਗੁਰੂ ਘਰ ਦੀਆਂ ਅਮਾਨਤਾਂ ਵਿੱਚ ਖਿਆਨਤ ਕਰਨ ਵਾਲੇ ਕਿਸੇ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਰਜਿਸਟਰੀ ਰੱਦ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ।

ਸ਼੍ਰੋਮਣੀ ਕਮੇਟੀ ਸਕੱਤਰ ਪ੍ਰਤਾਪ ਸਿੰਘ ਨੇ ਐਸਐਸਪੀ ਮੋਹਾਲੀ ਨੂੰ ਲਿਖਤੀ ਸ਼ਿਕਾਇਤ ਦੇ ਕੇ ਮਾਮਲੇ ਦੀ ਜਾਂਚ ਦੀ ਮੰਗ ਕੀਤੀ ਸੀ। ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਮੋਹਾਲੀ ਨੂੰ ਵੀ ਮਿਲ ਕੇ ਇੰਤਕਾਲ ਰੱਦ ਕਰਨ ਅਤੇ ਵਧੇਰੇ ਵਿਕਰੀ ਰੋਕਣ ਦੀ ਮੰਗ ਕੀਤੀ ਗਈ ਹੈ। ਇਸ ਸ਼ਿਕਾਇਤ 'ਤੇ ਸੋਹਾਣਾ ਪੁਲਿਸ ਸਟੇਸ਼ਨ ਵਿੱਚ 7 ਫਰਵਰੀ 2026 ਨੂੰ ਐਫਆਈਆਰ ਦਰਜ ਕੀਤੀ ਗਈ। ਮੁਲਜ਼ਮਾਂ ਵਿੱਚ ਰਜਿੰਦਰ ਸਿੰਘ ਟੌਹੜਾ (ਮੈਨੇਜਰ), ਗੁਰਿੰਦਰ ਸਿੰਘ, ਤਲਵਿੰਦਰ ਸਿੰਘ, ਸਤਵੀਰ ਸਿੰਘ, ਬਲਜਿੰਦਰ ਸਿੰਘ, ਜਸਵੰਤ ਸਿੰਘ ਅਤੇ ਜਗਤਾਰ ਸਿੰਘ ਸ਼ਾਮਲ ਹਨ। ਡੀਐਸਪੀ (ਸਿਟੀ-2) ਹਰਸਿਮਰਨ ਸਿੰਘ ਬੱਲ ਨੇ ਪੁਸ਼ਟੀ ਕੀਤੀ ਹੈ ਕਿ ਸਾਰੇ ਮੁਲਜ਼ਮ ਫਰਾਰ ਹਨ ਅਤੇ ਜਲਦ ਗ੍ਰਿਫ਼ਤਾਰ ਕੀਤੇ ਜਾਣਗੇ। ਜਾਂਚ ਜਾਰੀ ਹੈ।

ਇਸ ਮਾਮਲੇ ਨੇ ਸ਼੍ਰੋਮਣੀ ਕਮੇਟੀ 'ਤੇ ਵੀ ਸਵਾਲ ਉਠਾਏ ਹਨ। ਪਿੰਡ ਵਾਸੀਆਂ ਅਤੇ ਸੰਗਤ ਵਿੱਚ ਚਰਚਾ ਹੈ ਕਿ ਇੰਨੀ ਵੱਡੀ ਧੋਖਾਧੜੀ ਬਿਨਾਂ ਕਿਸੇ ਅੰਦਰੂਨੀ ਮਿਲੀ-ਭੁਗਤ ਤੋਂ ਸੰਭਵ ਨਹੀਂ ਸੀ। ਐਸਜੀਪੀਸੀ ਮੈਂਬਰ ਪਰਮਜੀਤ ਕੌਰ ਲਾਂਡਰਾਂ ਨੇ ਕਿਹਾ ਕਿ ਜੇ ਖੁੱਲ੍ਹੀ ਨਿਲਾਮੀ ਹੁੰਦੀ ਤਾਂ ਜ਼ਮੀਨ 15-20 ਕਰੋੜ ਵਿੱਚ ਵਿਕਦੀ। ਉਨ੍ਹਾਂ ਨੇ ਉੱਚ ਪੱਧਰੀ ਜਾਂਚ ਅਤੇ ਰਜਿਸਟਰੀ ਰੱਦ ਕਰਨ ਦੀ ਮੰਗ ਕੀਤੀ। ਕੁਝ ਸੂਤਰਾਂ ਅਨੁਸਾਰ ਜਾਂਚ ਕਮੇਟੀ ਦੇ ਇੱਕ ਮੈਂਬਰ 'ਤੇ ਵੀ ਸ਼ੱਕ ਜਤਾਇਆ ਜਾ ਰਿਹਾ ਹੈ, ਜਿਸ ਨਾਲ ਸੰਗਤ ਵਿੱਚ ਨਾਰਾਜ਼ਗੀ ਵਧ ਗਈ ਹੈ। ਇੱਕ ਪੱਖ ਤੋਂ ਇਹ ਵੀ ਕਿਹਾ ਜਾ ਰਿਹਾ ਹੈ ਕਿ ਸਕੱਤਰ ਪ੍ਰਤਾਪ ਸਿੰਘ ਨੇ ਖੁਦ ਸ਼ਿਕਾਇਤ ਕਰਕੇ ਕੇਸ ਦਰਜ ਕਰਵਾਇਆ, ਜਿਸ ਨੂੰ ਕੁਝ ਲੋਕ "ਦੁੱਧ ਦੀ ਰਾਖੀ ਬਿੱਲੇ ਨੂੰ ਬਿਠਾਉਣ" ਵਰਗਾ ਦੱਸ ਰਹੇ ਹਨ।

ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਭਾਈ ਰਣਜੀਤ ਸਿੰਘ ਨੇ ਇਸ ਮਾਮਲੇ 'ਤੇ ਗੰਭੀਰ ਚਿੰਤਾ ਜ਼ਾਹਰ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਗੁਰੂ ਘਰ ਦੀ ਜਾਇਦਾਦ ਅਤੇ ਗੋਲਕ ਦੀ ਰਾਖੀ ਸੰਗਤ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਨੇ ਪੁਲਿਸ ਨੂੰ ਵੀ ਅਪੀਲ ਕੀਤੀ ਕਿ ਜੜ੍ਹ ਤੱਕ ਜਾਂਚ ਕਰੋ ਅਤੇ ਸੱਚ ਸਾਹਮਣੇ ਲਿਆਓ। ਇਹ ਮਾਮਲਾ ਹੁਣ ਵੀ ਗਰਮਾ ਰਿਹਾ ਹੈ ਅਤੇ ਸੰਗਤ ਵਿੱਚ ਚਰਚਾ ਹੈ ਕਿ ਇਸ ਵਿੱਚ ਵੱਡੇ ਅਧਿਕਾਰੀਆਂ ਦੀ ਵੀ ਸ਼ਮੂਲੀਅਤ ਹੋ ਸਕਦੀ ਹੈ। ਐਸਜੀਪੀਸੀ ਨੇ ਵਾਅਦਾ ਕੀਤਾ ਹੈ ਕਿ ਜਾਂਚ ਪੂਰੀ ਹੋਣ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਜ਼ਮੀਨ ਵਾਪਸ ਲਈ ਜਾਵੇਗੀ।

## ਗੁਰਦੁਆਰੇ ਬਾਹਰ ਗੋਲੀਆਂ ਦੀ ਬੌਛਾਰ, ਆਪ ਲੀਡਰ ਲੱਕੀ ਓਬਰਾਏ ਮਾਰਿਆ ਗਿਆ

**✪ ਵਿਦੇਸ਼ੀ ਗੈਂਗਸਟਰ ਜੋਗਾ ਫੋਲੜੀਵਾਲ ਨੇ ਲਈ ਜ਼ਿੰਮੇਵਾਰੀ ✪ ਨਜ਼ਦੀਕੀ ਡਰਾਈਵਰ ਸ਼ਮਿੰਦਰ ਸਿੰਘ ਐਨਕਾਊਂਟਰ ਵਿੱਚ ਗ੍ਰਿਫ਼ਤਾਰ ✪ ਪੰਜਾਬ ਵਿੱਚ ਵਧ ਰਹੀ ਅਰਾਜਕਤਾ: ਲੋਕਾਂ ਵਿੱਚ ਵਧ ਰਿਹਾ ਡਰ**

ਜਲੰਧਰ- ਆਪ ਦੇ ਸਥਾਨਕ ਆਗੂ ਸਤਵਿੰਦਰਪਾਲ ਸਿੰਘ ਲੱਕੀ ਓਬਰਾਏ ਦੇ ਦਿਨ-ਦਿਹਾੜੇ ਹੋਏ ਕਤਲ ਨੇ ਪੰਜਾਬ ਦੀ ਕਾਨੂੰਨ-ਵਿਵਸਥਾ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। 6 ਫਰਵਰੀ 2026 ਨੂੰ ਜਲੰਧਰ ਦੇ ਮਾਡਲ ਟਾਊਨ ਇਲਾਕੇ ਵਿਚ ਗੁਰਦੁਆਰਾ ਸਿੰਘ ਸਭਾ ਦੇ ਬਾਹਰ ਲੱਕੀ ਓਬਰਾਏ ਨੂੰ ਅਣਪਛਾਤੇ ਹਮਲਾਵਰਾਂ ਨੇ ਗੋਲੀਆਂ ਮਾਰ ਦਿੱਤੀਆਂ ਸਨ। ਹਮਲਾਵਰ ਸਕੂਟਰ ਉਪਰ ਫਰਾਰ ਹੋ ਗਏ। ਪੋਸਟਮਾਰਟਮ ਰਿਪੋਰਟ ਮੁਤਾਬਕ ਲੱਕੀ ਓਬਰਾਏ ਨੂੰ ਕੁੱਲ 5 ਗੋਲੀਆਂ ਲੱਗੀਆਂ, ਜਿਨ੍ਹਾਂ ਵਿਚੋਂ ਜ਼ਿਆਦਾਤਰ ਛਾਤੀ ਅਤੇ ਸਿਰ ਵਿਚ ਲੱਗੀਆਂ। ਹਸਪਤਾਲ ਪਹੁੰਚਾਏ ਜਾਣ 'ਤੇ ਉਨ੍ਹਾਂ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ ਗਿਆ। ਇਸ ਵਾਰਦਾਤ ਨੇ ਪੂਰੇ ਸ਼ਹਿਰ ਵਿਚ ਦਹਿਸ਼ਤ ਫੈਲਾ ਦਿੱਤੀ।




ਪੁਲਸ ਸੂਤਰਾਂ ਅਨੁਸਾਰ ਸੋਸ਼ਲ ਮੀਡੀਆ ਉਪਰ 'ਜੋਗਾ ਫੋਲੜੀਵਾਲ' ਤੋਂ ਇਸ ਕਤਲ ਦੀ ਜ਼ਿੰਮੇਵਾਰੀ ਲੈਂਦੇ ਹੋਏ ਪੋਸਟ ਕੀਤੀ ਗਈ ਸੀ, ਜਿਸ ਵਿਚ ਪੁਰਾਣੇ ਵਿਵਾਦ ਅਤੇ ਨਿੱਜੀ ਦੁਸ਼ਮਣੀ ਨੂੰ ਕਾਰਨ ਦੱਸਿਆ ਗਿਆ। ਪੁਲਸ ਨੇ ਜੋਗਾ ਫੋਲੜੀਵਾਲ ਅਤੇ ਉਸ ਦੇ ਸਾਥੀ ਦਲਬੀਰਾ ਖਿਲਾਫ਼ ਕੇਸ ਦਰਜ ਕੀਤਾ ਹੈ, ਪਰ ਮੁੱਖ ਸ਼ੂਟਰ ਅਜੇ ਵੀ ਫਰਾਰ ਹੈ। ਪੁਲਸ ਅਧਿਕਾਰੀਆਂ ਨੇ ਦਾਅਵਾ ਕੀਤਾ ਹੈ ਕਿ ਸ਼ੂਟਰ ਦੀ ਪਛਾਣ ਹੋ ਚੁੱਕੀ ਹੈ ਅਤੇ ਉਸ ਨੂੰ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ, ਪਰ ਹੁਣ ਤੱਕ ਕੋਈ ਵੱਡੀ ਸਫਲਤਾ ਨਹੀਂ ਮਿਲੀ।

ਜਾਂਚ ਵਿਚ ਵੱਡਾ ਖੁਲਾਸਾ ਇਹ ਹੋਇਆ ਕਿ ਲੱਕੀ ਓਬਰਾਏ ਦਾ ਨਜ਼ਦੀਕੀ ਵਿਅਕਤੀ ਵੀ ਸਾਜ਼ਿਸ਼ ਵਿਚ ਸ਼ਾਮਲ ਸੀ। ਅੰਮ੍ਰਿਤਸਰ ਦਿਹਾਤੀ ਪੁਲਸ ਨੇ ਮੁਕਾਬਲੇ ਤੋਂ ਬਾਅਦ ਸ਼ਮਿੰਦਰ ਸਿੰਘ ਉਰਫ਼ ਸ਼ਿੰਗਰੀ ਨੂੰ ਗ੍ਰਿਫ਼ਤਾਰ ਕੀਤਾ। ਸ਼ਿੰਗਰੀ ਲੱਕੀ ਓਬਰਾਏ ਦੀ ਕੰਪਨੀ ਵਿਚ ਡਰਾਈਵਰ ਸੀ ਅਤੇ ਉਸ ਨੇ ਸ਼ੂਟਰ ਨੂੰ ਭੱਜਣ ਵਿਚ ਮਦਦ ਕੀਤੀ। ਉਸ ਕੋਲੋਂ .30 ਬੋਰ ਦੀ ਬਰੇਟਾ ਪਿਸਤੌਲ ਬਰਾਮਦ ਹੋਈ। ਪੁਲਸ ਦਾ ਕਹਿਣਾ ਹੈ ਕਿ ਸ਼ਿੰਗਰੀ ਨੇ ਲੱਕੀ ਦੀਆਂ ਮੂਵਮੈਂਟਸ ਦੀ ਜਾਣਕਾਰੀ ਮੁਲਜ਼ਮਾਂ ਤੱਕ ਪਹੁੰਚਾਈ।

ਇਸ ਘਟਨਾ ਨੇ ਸੂਬੇ ਵਿਚ ਗੈਂਗਸਟਰਾਂ ਦੀ ਵਧਦੀ ਤਾਕਤ ਅਤੇ ਪੁਲਸ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਵਿਰੋਧੀ ਧਿਰਾਂ ਨੇ ਸਰਕਾਰ 'ਤੇ ਕਾਨੂੰਨ-ਵਿਵਸਥਾ ਖਰਾਬ ਹੋਣ ਦਾ ਦੋਸ਼ ਲਾਇਆ ਹੈ। ਡੀਜੀਪੀ ਗੌਰਵ ਯਾਦਵ ਨੇ ਵਾਰਦਾਤ ਵਾਲੀ ਥਾਂ ਦਾ ਜਾਇਜ਼ਾ ਲਿਆ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿਵਾਉਣ ਦਾ ਭਰੋਸਾ ਦਿੱਤਾ। ਪਰ ਜਦੋਂ ਕਾਤਲ ਦੀ ਪਛਾਣ ਹੋਣ ਦੇ ਬਾਵਜੂਦ ਉਸ ਨੂੰ ਫੜਨ ਵਿਚ ਦੇਰੀ ਹੋ ਰਹੀ ਹੈ ਤਾਂ ਆਮ ਲੋਕਾਂ ਵਿਚ ਡਰ ਅਤੇ ਅਸੰਤੁਸ਼ਟੀ ਵਧ ਰਹੀ ਹੈ। ਇਹ ਕੇਸ ਪੰਜਾਬ ਵਿਚ ਵਧਦੇ ਗੈਂਗ ਵਾਰ ਅਤੇ ਨਸ਼ੇ ਨਾਲ ਜੁੜੇ ਅਪਰਾਧਾਂ ਦੀ ਇੱਕ ਹੋਰ ਮਿਸਾਲ ਬਣ ਗਿਆ ਹੈ। ਪੁਲਸ ਨੂੰ ਜਲਦੀ ਤੋਂ ਜਲਦੀ ਬਾਕੀ ਮੁਲਜ਼ਮਾਂ ਨੂੰ ਕਾਬੂ ਕਰਕੇ ਲੋਕਾਂ ਦਾ ਭਰੋਸਾ ਜਤਾਉਣਾ ਪਵੇਗਾ, ਨਹੀਂ ਤਾਂ ਕਾਨੂੰਨ-ਵਿਵਸਥਾ 'ਤੇ ਵੱਡੇ ਸਵਾਲ ਖੜ੍ਹੇ ਹੁੰਦੇ ਰਹਿਣਗੇ।

# ਪ੍ਰਿੰਸ ਐਂਡਰਿਊ ਦੇ ਐਪਸਟਾਈਨ ਨਾਲ ਸਬੰਧਾਂ ਦੀ ਲੰਡਨ ਪੁਲਿਸ ਦੀ ਜਾਂਚ ਵਿੱਚ ਸਹਿਯੋਗ ਕਰਨਗੇ ਮਹਾਰਾਜਾ ਚਾਰਲਸ ਬਕਿੰਘਮ ਪੈਲੇਸ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੇ ਮਹਾਰਾਜਾ ਚਾਰਲਸ ਤੀਜੇ ਸ਼ਾਹੀ ਪਰਿਵਾਰ ਦੇ ਸਾਬਕਾ ਮੈਂਬਰ ਐਂਡਰਿਊ ਮਾਊਂਟਬੈਟਨ-ਵਿੰਡਸਰ ਦੁਆਰਾ ਦੋਸ਼ੀ ਠਹਿਰਾਏ ਗਏ ਜਿਣਸੀ ਅਪਰਾਧੀ ਜੈਫਰੀ ਐਪਸਟਾਈਨ ਨਾਲ ਸੰਵੇਦਨਸ਼ੀਲ ਰਿਪੋਰਟਾਂ ਦੀ ਕਥਿਤ ਜਾਣਕਾਰੀ ਸਾਂਝੀ ਕਰਨ ਦੀ ਬਰਤਾਨਵੀ ਪੁਲਿਸ ਜਾਂਚ ਵਿੱਚ ਸਹਿਯੋਗ ਕਰਨਗੇ। ਇਹ ਜਾਣਕਾਰੀ ਬੀਤੇ ਕੱਲ ਸੋਮਵਾਰ ਨੂੰ ਮਹਾਰਾਜਾ ਦੇ ਸਰਕਾਰੀ ਨਿਵਾਸ ਅਤੇ ਦਫਤਰ, ਬਕਿੰਘਮ ਪੈਲੇਸ ਦੁਆਰਾ ਜਾਰੀ ਇੱਕ ਬਿਆਨ ਵਿੱਚ ਦਿੱਤੀ ਗਈ।

ਲੰਡਨ ਮੈਟਰੋਪੁਲੀਟਨ ਪੁਲਿਸ ਨੇ ਵੀ ਕਿਹਾ ਹੈ ਕਿ ਉਹ ਉਨ੍ਹਾਂ ਰਿਪੋਰਟਾਂ ਦੀ ਜਾਂਚ ਕਰ ਰਹੇ ਹਨ ਕਿ ਸਾਬਕਾ ਰਾਜਕੁਮਾਰ ਨੇ 2010 ਵਿੱਚ ਐਪਸਟਾਈਨ ਨਾਲ ਸੰਵੇਦਨਸ਼ੀਲ ਵਪਾਰਕ ਜਾਣਕਾਰੀ ਸਾਂਝੀ ਕੀਤੀ ਸੀ। ਪੁਲਿਸ ਦੇ ਉਕਤ ਬਿਆਨ ਤੋਂ ਬਾਅਦ ਹੀ ਮਹਾਰਾਜਾ ਨੇ ਸਹਿਯੋਗ ਲਈ ਸਹਿਮਤੀ ਪ੍ਰਗਟਾਈ ਹੈ।

ਥੇਮਸ ਵੈਲੀ ਪੁਲਿਸ ਜੋ ਲੰਡਨ ਦੇ ਪੱਛਮ ਵਾਲੇ ਖੇਤਰਾਂ ਵਿੱਚ ਸੇਵਾ ਕਰਦੀ ਹੈ, ਜਿਸ ਵਿੱਚ ਵਿੰਡਸਰ ਵਿੱਚ ਐਂਡਰਿਊ ਦਾ ਸਾਬਕਾ ਨਿਵਾਸ ਵੀ ਸ਼ਾਮਲ ਹੈ ਨੇ ਰਿਪੋਰਟਾਂ ਦੇ ਆਧਾਰ 'ਤੇ ਜਾਂਚ ਸ਼ੁਰੂ ਕੀਤੀ ਹੈ ਕਿ


ਮਹਾਰਾਜਾ ਚਾਰਲਸ

ਐਂਡਰਿਊ ਨੇ 2010 ਵਿੱਚ ਦੱਖਣ-ਪੂਰਬੀ ਏਸ਼ੀਆ ਦੀ ਯਾਤਰਾ ਨਾਲ ਸਬੰਧਤ ਰਿਪੋਰਟਾਂ ਭੇਜੀਆਂ ਸਨ, ਜਿਸ ਤੱਕ ਉਸਦੀ ਪਹੁੰਚ ਬਰਤਾਨੀਆ ਦੇ ਅੰਤਰਰਾਸ਼ਟਰੀ ਵਪਾਰ ਦੂਤ ਵਜੋਂ ਸੀ।

ਅਮਰੀਕਾ ਵਿੱਚ ਜਾਰੀ ਕੀਤੀਆਂ ਗਈਆਂ ਈਮੇਲਾਂ ਤੋਂ ਪਤਾ ਲੱਗਦਾ ਹੈ ਕਿ ਐਂਡਰਿਊ ਨੇ ਐਪਸਟਾਈਨ ਨੂੰ ਰਿਪੋਰਟਾਂ ਭੇਜੀਆਂ ਸਨ, ਜਿਸ ਵਿੱਚ ਨਵੰਬਰ 2010 ਵਿੱਚ ਉਸਦੇ ਉਸ ਸਮੇਂ ਦੇ ਭਾਰਤੀ ਮੂਲ ਦੇ ਵਿਸ਼ੇਸ਼ ਸਹਾਇਕ, ਅਮਿਤ ਪਟੇਲ ਵੱਲੋਂ ਅਧਿਕਾਰਤ ਕਾਰੋਬਾਰੀ ਯਾਤਰਾਵਾਂ ਸੰਬੰਧੀ ਰਿਪੋਰਟਾਂ ਵੀ ਸ਼ਾਮਲ ਸਨ।

## ਬਰਤਾਨੀਆਂ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਜੈਫਰੀ ਐਪਸਟਾਈਨ ਪੀੜਤਾਂ ਤੋਂ ਮੰਗੀ ਮੁਆਫੀ-ਕਸੂਤੇ ਫਸਦੇ ਜਾ ਰਹੇ ਹਨ ਕੀਰ ਸਟਾਰਮਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਜੈਫਰੀ ਐਪਸਟਾਈਨ ਦੇ ਪੀੜਤਾਂ ਤੋਂ ਮੁਆਫੀ ਮੰਗੀ ਹੈ ਅਤੇ ਉਹਨਾਂ ਕਿਹਾ ਕਿ ਉਹ "ਮੈਂਡੇਲਸਨ ਦੇ ਝੂਠਾਂ 'ਤੇ ਵਿਸ਼ਵਾਸ ਕਰਨ ਲਈ ਮਾਫ਼ੀ ਚਾਹੁੰਦੇ ਹਨ। ਉਹਨਾਂ ਕਿਹਾ ਕਿ 2024 ਵਿੱਚ ਪੀਟਰ ਮੈਂਡੇਲਸਨ ਨੂੰ ਅਮਰੀਕੀ ਰਾਜਦੂਤ ਨਿਯੁਕਤ ਕਰਨ ਦੇ ਫੈਸਲੇ 'ਤੇ ਲੇਬਰ ਸੰਸਦ ਮੈਂਬਰਾਂ ਦੇ "ਗੁੱਸੇ ਅਤੇ ਨਿਰਾਸ਼ਾ" ਨੂੰ ਸਮਝਦੇ ਹਨ। ਪ੍ਰਧਾਨ ਮੰਤਰੀ ਨੇ ਮੈਂਡੇਲਸਨ 'ਤੇ ਜਾਂਚ ਪ੍ਰਕਿਰਿਆ ਦੌਰਾਨ ਝੂਠ ਬੋਲਣ ਦਾ ਦੋਸ਼ ਲਗਾਇਆ, ਉਹਨਾਂ ਕਿਹਾ ਕਿ ਉਸਨੇ ਸਿਰਫ ਇਹ ਪ੍ਰਭਾਵ ਦਿੱਤਾ ਸੀ ਕਿ ਉਹ ਬਦਨਾਮ ਐਪਸਟਾਈਨ ਨੂੰ "ਬੱਸ ਜਾਣਦੇ" ਸਨ।

ਦੂਜੇ ਪਾਸੇ ਵਿਰੋਧੀ ਧਿਰ ਨੇ ਇਸ ਮੁੱਦੇ ਨੂੰ ਲੈ ਕੇ ਪ੍ਰਧਾਨ ਮੰਤਰੀ ਨੂੰ ਘੇਰ ਰਹੇ ਹਨ। ਕੰਜ਼ਰਵੇਟਿਵ ਦੀ ਨੇਤਾ ਕੇਮੀ ਬੈਡੇਨੋਚ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੇ ਸਟਾਫ ਦੇ ਚੀਫ ਮੋਰਗਨ ਮੈਕਸਵੀਨੀ ਵੀ ਨਾਲ ਸਨ, ਜੋ ਪੀਟਰ ਮੈਂਡੇਲਸਨ ਦੀ ਨਿਯੁਕਤੀ ਦੇ ਸਬੰਧ ਵਿੱਚ ਬਹੁਤ ਕੁਝ ਦੱਸ ਸਕਦੇ ਹਨ। ਉਹ ਬਹੁਤ ਕੁਝ ਛੁਪਾ ਰਹੇ ਹਨ। ਖ਼ਬਰਾਂ ਮੁਤਾਬਿਕ ਪ੍ਰਧਾਨ ਮੰਤਰੀ ਕੀਰ



ਸਟਾਰਮਰ ਇਸ ਮੁੱਦੇ ਤੇ ਫਸਦੇ ਨਜ਼ਰ ਆ ਰਹੇ ਹਨ। ਕੁਝ ਸਿਆਸੀ ਮਾਹਿਰਾਂ ਦਾ ਅਨੁਮਾਨ ਹੈ ਕਿ ਸਟਾਰਮਰ ਦੀ ਕੁਰਸੀ ਹੁਣ ਖ਼ਤਰੇ ਵਿੱਚ ਹੈ। ਲੇਬਰ ਨੈਟਵਰਕ ਨੇ ਕਿਹਾ ਹੈ ਕਿ ਪੀਟਰ ਮੈਂਡੇਲਸਨ ਦੀ ਨਿਯੁਕਤੀ ਕਰਨ ਵਾਲੀ ਖ਼ਰਾਬ ਰਾਜਨੀਤਕ ਸੱਭਿਆਚਾਰ ਨੂੰ ਜੜ੍ਹੋਂ ਪੁੱਟ ਦੇਣਾ ਚਾਹੀਦਾ ਹੈ, ਇਹ ਨਿਯੁਕਤੀ ਕੋਈ ਹਾਦਸਾ ਨਹੀਂ ਸੀ।

ਲੇਬਰ ਪਾਰਟੀ ਦੇ ਸੰਸਦ ਮੈਂਬਰ ਇਆਨ ਬਾਇਰਨ ਨੇ ਕਿਹਾ ਕਿ ਮੁਆਫੀ ਮੰਗਣੀ ਚੰਗੀ ਗੱਲ ਹੈ, ਪਰ ਜਨਤਕ ਵਿਸ਼ਵਾਸ਼ ਬਣਾਉਣ ਲਈ ਪ੍ਰਧਾਨ ਮੰਤਰੀ ਨੂੰ ਬਹੁਤ ਕੰਮ ਕਰਨਾ ਪਵੇਗਾ। ਉਹਨਾਂ ਵੀ ਇਸ ਨਿਯੁਕਤੀ ਨੂੰ ਗਲਤ ਕਿਹਾ ਹੈ।

## ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਕੁਰਸੀ ਖੁੱਸਣ ਦਾ ਖਤਰਾ ਟਲਿਆ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪ੍ਰਧਾਨ ਮੰਤਰੀ ਕੀਰ ਸਟਾਰਮਰ ਤੋਂ ਅਸਤੀਫੇ ਦੀ ਮੰਗ ਤੋਂ ਬਾਅਦ ਬਰਤਾਨਵੀ ਰਾਜਨੀਤੀ ਵਿੱਚ ਬੀਤੇ ਕੱਲ ਸਾਰਾ ਦਿਨ ਸਿਆਸੀ ਭੁਚਾਲ ਆਇਆ ਰਿਹਾ। ਸਟਾਰਮਰ ਦੇ ਕੈਬਨਿਟ ਮੰਤਰੀਆਂ ਵੱਲੋਂ ਮਿਲੇ ਸਮਰਥਨ ਤੋਂ ਬਾਅਦ ਕੱਲ ਸ਼ਾਮੀਂ ਲੇਬਰ ਪਾਰਟੀ ਨੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਵਿੱਚ ਆਪਣਾ ਭਰੋਸਾ ਪ੍ਰਗਟ ਕੀਤਾ ਅਤੇ ਉਹਨਾਂ ਦੇ ਪ੍ਰਧਾਨ ਮੰਤਰੀ ਬਣੇ ਰਹਿਣ ਲਈ ਹਰੀ ਝੰਡੀ ਮਿਲ ਗਈ। ਸਰ ਕੀਰ ਸਟਾਰਮਰ ਨੇ ਅੱਜ ਸਵੇਰੇ ਆਪਣੀ ਹਫਤਾਵਾਰੀ ਕੈਬਨਿਟ ਮੀਟਿੰਗ ਦੀ ਪ੍ਰਧਾਨਗੀ ਕੀਤੀ। ਪ੍ਰਧਾਨ ਮੰਤਰੀ ਨੇ ਆਪਣੇ ਮੰਤਰੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ "ਮਜ਼ਬੂਤ ਅਤੇ ਇੱਕਜੁੱਟ" ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਪੂਰੀ ਲੇਬਰ ਪਾਰਟੀ ਚਾਹੁੰਦੀ ਹੈ ਕਿ ਅਨਸ ਸਰਵਰ ਸਕਾਟਲੈਂਡ ਵਿੱਚ ਲੇਬਰ ਸਰਕਾਰ ਲਈ ਲੜਨ ਅਤੇ ਫ਼ਸਟ ਮਨਿਸਟਰ ਬਣਨ। ਪ੍ਰਧਾਨ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮੰਤਰੀ ਦੇਸ਼ ਨੂੰ ਬਦਲਣ ਲਈ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਜੁਲਾਈ 2024 ਵਿੱਚ ਲੇਬਰ ਪਾਰਟੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਵਿਆਜ ਦਰਾਂ ਵਿੱਚ ਕਟੌਤੀਆਂ ਦਾ ਖਾਸ ਜ਼ਿਕਰ ਕੀਤਾ। ਸਟਾਰਮਰ ਨੇ ਇਹ ਵੀ ਵਾਅਦਾ ਕੀਤਾ ਕਿ ਸਰਕਾਰ ਬ੍ਰਿਟਿਸ਼ ਲੋਕਾਂ ਦੀਆਂ ਤਰਜੀਹਾਂ 'ਤੇ ਆਪਣਾ ਨਿਰੰਤਰ ਧਿਆਨ ਜਾਰੀ ਰੱਖੇਗੀ, ਜਿਸ ਵਿੱਚ ਰਹਿਣ-ਸਹਿਣ ਦੀ ਲਾਗਤ ਨਾਲ ਨਜਿੱਠਣਾ ਵੀ ਸ਼ਾਮਲ ਹੈ। ਬੀਤੇ ਕੱਲ ਡਿਪਟੀ ਪ੍ਰਧਾਨ ਮੰਤਰੀ ਡੇਵਿਡ ਲੈਮੀ ਦੀ ਅਗਵਾਈ ਵਿੱਚ ਕੈਬਨਿਟ ਮੰਤਰੀਆਂ ਨੇ ਪ੍ਰਧਾਨ ਮੰਤਰੀ ਦੇ ਹੱਕ ਵਿੱਚ ਜਨਤਕ ਤੌਰ 'ਤੇ ਸਮਰਥਨ ਦੇ ਕੇ ਉਹਨਾਂ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਨੂੰ ਹਾਲ ਦੀ ਘੜੀ ਅਸਫਲ ਕਰ ਦਿੱਤਾ।

## ਅਦਾਲਤ ਵੱਲੋਂ ਨਕਲੀ 'ਨਰਸ' ਨੂੰ 18 ਮਹੀਨੇ ਕੈਦ ਦੀ ਸਜ਼ਾ

**ਵੈਨਕੂਵਰ-(ਮਲਕੀਤ ਸਿੰਘ) - ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਵੈਨਕੂਵਰ ਆਈਲੈਂਡ ਵਿੱਚ ਨਕਲੀ ਨਰਸ ਬਣ ਕੇ ਕੰਮ ਕਰਨ ਵਾਲੀ ਇੱਕ ਔਰਤ ਨੂੰ ਮਾਨਯੋਗ ਅਦਾਲਤ ਵੱਲੋਂ ਧੋਖਾਧੜੀ ਅਤੇ ਝੂਠੀ ਸ਼ਨਾਖਤ ਦੇ ਦੋਸ਼ਾਂ ਹੇਠ 18 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਸਥਾਨਕ ਮੀਡੀਆ ਰਿਪੋਰਟਾਂ ਮੁਤਾਬਕ ਦੋਸ਼ੀ ਔਰਤ ਨੇ ਆਪਣੇ ਆਪ ਨੂੰ ਰਜਿਸਟਰਡ ਨਰਸ ਦੱਸ ਕੇ ਕਈ ਸਿਹਤ ਸੰਸਥਾਵਾਂ ਵਿੱਚ ਨੌਕਰੀ ਕੀਤੀ ਅਤੇ ਮਰੀਜ਼ਾਂ ਨਾਲ ਸਿੱਧਾ ਸੰਪਰਕ ਬਣਾਇਆ। ਜਾਂਚ ਦੌਰਾਨ ਸਾਹਮਣੇ ਆਇਆ ਕਿ ਉਹ ਕਦੇ ਵੀ ਬ੍ਰਿਟਿਸ਼ ਕੋਲੰਬੀਆ ਵਿੱਚ ਕਾਨੂੰਨੀ ਤੌਰ 'ਤੇ ਨਰਸ ਵਜੋਂ ਰਜਿਸਟਰਡ ਹੋਈ ਹੀ ਨਹੀਂ ਸੀ। ਅਦਾਲਤ ਵਿੱਚ ਸੁਣਵਾਈ ਦੌਰਾਨ ਉਸਨੇ ਆਪਣੇ ਅਪਰਾਧ ਕਬੂਲ ਕਰ ਲਏ, ਜਿਸ ਤੋਂ ਬਾਅਦ ਜੱਜ ਵੱਲੋਂ ਉਸ ਨੂੰ ਸਜ਼ਾ ਦੇ ਤੌਰ 'ਤੇ 18 ਮਹੀਨੇ ਦੀ ਕੈਦ ਸੁਣਾਈ ਗਈ। ਅਦਾਲਤ ਨੇ ਕਿਹਾ ਕਿ ਇਸ ਤਰ੍ਹਾਂ ਦੀ ਧੋਖਾਧੜੀ ਨਾਲ ਲੋਕਾਂ ਦੀ ਜ਼ਿੰਦਗੀ ਨੂੰ ਗੰਭੀਰ ਖ਼ਤਰਾ ਪੈਦਾ ਹੋ ਸਕਦਾ ਹੈ ਅਤੇ ਇਹ ਸਿਹਤ ਪ੍ਰਣਾਲੀ 'ਤੇ ਲੋਕਾਂ ਦੇ ਭਰੋਸੇ ਨੂੰ ਨੁਕਸਾਨ ਪਹੁੰਚਾਉਂਦੀ। ਸਿਹਤ ਅਧਿਕਾਰੀਆਂ ਨੇ ਇਸ ਮਾਮਲੇ ਤੋਂ ਬਾਅਦ ਨਿਯੁਕਤੀਆਂ ਅਤੇ ਦਸਤਾਵੇਜ਼ਾਂ ਦੀ ਜਾਂਚ ਪ੍ਰਕਿਰਿਆ ਨੂੰ ਹੋਰ ਮਜ਼ਬੂਤ ਬਣਾਉਣ ਦੀ ਗੱਲ ਕਹੀ ਹੈ, ਤਾਂ ਜੋ ਭਵਿੱਖ ਵਿੱਚ ਇਸ ਤਰ੍ਹਾਂ ਦੀ ਘਟਨਾ ਨਾ ਵਾਪਰ ਸਕੇ**

## ਲੰਡਨ ਦਾ ਹੀਥਰੋ ਹਵਾਈ ਅੱਡੇ ਤੋਂ ਖੁੱਸ ਸਕਦਾ ਯੂਰਪ ਦੇ ਸਭ ਤੋਂ ਰੁਝੇ ਹੋਏ ਹਵਾਈ ਅੱਡੇ ਦਾ ਖਿਤਾਬ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦਾ ਹੀਥਰੋ ਹਵਾਈ ਅੱਡਾ ਯੂਰਪ ਦਾ ਸਭ ਤੋਂ ਰੁਝਿਆ ਹੋਇਆ ਹਵਾਈ ਅੱਡਾ ਹੈ। ਇਸ ਦੇ ਚਾਰੇ ਟਰਮੀਨਲਾਂ ਤੇ ਪਿਛਲੇ ਸਾਲ 8 ਕਰੋੜ 45 ਲੱਖ ਯਾਤਰੀ ਆਏ ਜੋ ਕਿ 2024 ਦੇ 8 ਕਰੋੜ 39 ਲੱਖ ਯਾਤਰੀਆਂ ਦੇ ਅੰਕੜੇ ਤੋਂ 0.7 ਫੀਸਦੀ ਵੱਧ ਹੈ। ਜਦ ਕਿ ਦੂਜੇ ਸਥਾਨ ਤੇ ਰਹੇ ਇਸਤਾਂਬੁਲ ਹਵਾਈ ਅੱਡੇ ਤੇ ਆਏ ਯਾਤਰੀਆਂ ਦੀ ਗਿਣਤੀ 8 ਕਰੋੜ 44 ਲੱਖ ਅਤੇ ਤੀਜੇ ਸਥਾਨ ਤੇ ਆਏ ਪੈਰਿਸ ਚਾਰਲਸ ਡੀ ਗੌਲ 7 ਕਰੋੜ 20 ਲੱਖ ਰਹੀ। ਜਨਵਰੀ 2026 ਵਿੱਚ ਹੀਥਰੋ ਨੇ 65 ਲੱਖ ਯਾਤਰੀ ਦਰਜ ਕੀਤੇ, ਜੋ ਕਿ 2025 ਦੇ ਇਸੇ ਮਹੀਨੇ ਨਾਲੋਂ 2 ਫੀਸਦੀ ਵੱਧ ਹੈ।ਲੇਕਿਨ ਇਸ ਦੇ ਨਾਲ ਹੀ ਸਮੱਸਿਆ ਇਹ ਹੈ ਕਿ ਹੀਥਰੋ ਹਵਾਈ ਅੱਡੇ ਕੋਲ ਸਿਰਫ ਦੋ ਹੀ ਰਨਵੇ ਹਨ, ਜੋ ਹਰ ਸਮੇਂ ਭਰੇ ਰਹਿੰਦੇ ਹਨ। ਜਿਸ ਕਰਕੇ ਹੀਥਰੋ ਦੇ ਮੁੱਖ ਕਾਰਜਕਾਰੀ ਥਾਮਸ ਵੋਲਡਬਾਇ ਨੇ ਚੇਤਾਵਨੀ ਦਿੱਤੀ ਕੇ ਅਗਲੇ ਸਾਲਾਂ ਵਿੱਚ ਜੇ ਹਵਾਈ ਅੱਡੇ ਵਿੱਚ ਵਾਧੇ ਦੀ ਮੰਗ ਨੂੰ ਨਾ ਮੰਨਿਆ ਗਿਆ ਤਾਂ, ਹੀਥਰੋ ਦੀ ਸਰਦਾਰੀ ਖੁੱਸ ਸਕਦੀ ਹੈ। ਆ ਰਹੀਆਂ ਗਰਮੀਆਂ ਵਿੱਚ, ਆਵਾਜਾਈ ਵਿਭਾਗ ਵੱਲੋਂ ਏਅਰਪੋਰਟਸ ਨੈਸ਼ਨਲ ਪਾਲਿਸੀ ਸਟੇਟਮੈਂਟ ਦਾ ਖਰੜਾ ਪ੍ਰਕਾਸ਼ਿਤ ਕਰਨ ਦੀ ਉਮੀਦ ਹੈ, ਜੋ ਹਵਾਈ ਅੱਡੇ ਦੇ ਵਾਧੇ 'ਤੇ ਫੈਸਲੇ ਲੈਣ ਲਈ ਢਾਂਚਾ ਪ੍ਰਦਾਨ ਕਰੇਗਾ। ਹੀਥਰੋ ਦੇ ਤੀਜੇ ਰਨਵੇ ਬਾਰੇ ਸੰਸਦ ਦੇ ਪਤਝੜ ਸ਼ੈਸ਼ਨ ਵਿੱਚ ਅੰਤਿਮ ਫੈਸਲਾ ਲਿਆ ਜਾ ਸਕਦਾ ਹੈ।



# ਕੀ ਭਾਜਪਾ ਵਲੋਂ ਗੰਦੀ ਸਿਆਸਤ ਵਿੱਚ ਸਿੱਖ ਧਰਮ ਤੇ ਸਿੱਖ ਮਸਲਿਆਂ ਨੂੰ ਘਸੀਟਣਾ ਠੀਕ ਹੈ ?

## ✪ ਸੰਸਦ ਵਿੱਚ ਰਾਹੁਲ ਗਾਂਧੀ ਤੇ ਰਵਨੀਤ ਸਿੰਘ ਬਿੱਟੂ ਵਿਚਕਾਰ ਤਿੱਖੀ ਤਕਰਾਰ ਨੇ ਛੇੜਿਆ ਵਿਵਾਦ

ਖਾਸ ਖਬਰ

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵਿਚਕਾਰ 4 ਫਰਵਰੀ ਨੂੰ ਸੰਸਦ ਭਵਨ ਦੇ ਬਾਹਰ ਹੋਈ ਤਿੱਖੀ ਜ਼ਬਾਨੀ ਜੰਗ ਨੇ ਪੂਰੇ ਦੇਸ਼ ਵਿੱਚ ਸਿਆਸੀ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ। ਇਸ ਘਟਨਾ ਨੇ ਨਾ ਸਿਰਫ਼ ਕਾਂਗਰਸ ਅਤੇ ਭਾਜਪਾ ਵਿਚਕਾਰ ਸ਼ਬਦੀ ਜੰਗ ਨੂੰ ਤੇਜ਼ ਕਰ ਦਿੱਤਾ ਹੈ, ਸਗੋਂ ਸਿੱਖ ਭਾਈਚਾਰੇ ਨੂੰ ਵੀ ਵਿਵਾਦ ਵਿੱਚ ਘਸੀਟ ਲਿਆ ਹੈ। ਰਾਹੁਲ ਗਾਂਧੀ ਵੱਲੋਂ ਬਿੱਟੂ ਨੂੰ 'ਗੱਦਾਰ ਦੋਸਤ' ਕਹਿਣ ਅਤੇ ਬਿੱਟੂ ਵੱਲੋਂ ਰਾਹੁਲ ਨੂੰ 'ਦੇਸ਼ ਦਾ ਦੁਸ਼ਮਣ' ਕਹਿਣ ਨੇ ਪੰਜਾਬੀ ਸਿਆਸਤ ਨੂੰ ਗਰਮਾ ਦਿੱਤਾ ਹੈ।



ਇਹ ਸਭ ਉਸ ਵੇਲੇ ਸ਼ੁਰੂ ਹੋਇਆ ਜਦੋਂ ਕਾਂਗਰਸ ਦੇ ਕਈ ਸੰਸਦ ਮੈਂਬਰਾਂ (ਜਿਨ੍ਹਾਂ ਵਿੱਚ ਜ਼ਿਆਦਾਤਰ ਪੰਜਾਬੀ ਸਨ) ਨੂੰ ਮੁਅੱਤਲ ਕਰਨ ਤੋਂ ਬਾਅਦ ਸੰਸਦ ਦੇ ਬਾਹਰ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ। ਇਹ ਪ੍ਰਦਰਸ਼ਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਅਮਰੀਕਾ 'ਤੇ 'ਸਮਝੌਤਾ' ਕਰਨ ਦੇ ਦੋਸ਼ਾਂ ਨੂੰ ਲੈ ਕੇ ਕੀਤਾ ਜਾ ਰਿਹਾ ਸੀ ਕਿ ਮੋਦੀ ਨੇ ਅਮਰੀਕਾ ਅਗੇ ਦੇਸ਼ ਝੁਕਾਅ ਦਿਤਾ।ਰਾਹੁਲ ਗਾਂਧੀ ਨੇ ਦੋਸ਼ ਲਾਇਆ ਸੀ ਕਿ ਇਸ ਸਮਝੌਤੇ ਵਿੱਚ ਭਾਰਤੀ ਕਿਸਾਨਾਂ ਦੀ ਮਿਹਨਤ, ਲਹੂ ਅਤੇ ਪਸੀਨੇ ਨੂੰ ਵੇਚ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਉਤਪਾਦਾਂ ਨੂੰ ਘੱਟ ਟੈਰਿਫ 'ਤੇ ਭਾਰਤ ਵਿੱਚ ਆਉਣ ਦੀ ਇਜਾਜ਼ਤ ਮਿਲਣ ਨਾਲ ਭਾਰਤੀ ਕਿਸਾਨਾਂ ਨੂੰ ਨੁਕਸਾਨ ਹੋਵੇਗਾ। ਰਾਹੁਲ ਨੇ ਜੈਫਰੀ ਐਪਸਟੀਨ ਫਾਈਲਾਂ ਅਤੇ ਅਦਾਨੀ ਗਰੁੱਪ 'ਤੇ ਅਮਰੀਕਾ ਵਿੱਚ ਚੱਲ ਰਹੇ ਕੇਸ ਨੂੰ ਵੀ ਜੋੜਿਆ, ਕਹਿ ਕੇ ਕਿ ਇਹ ਦੋਵੇਂ ਮੁੱਦੇ ਪ੍ਰਧਾਨ ਮੰਤਰੀ 'ਤੇ ਦਬਾਅ ਪਾ ਰਹੇ ਹਨ ਅਤੇ ਇਸ ਕਰਕੇ ਉਹ ਅਮਰੀਕਾ ਅੱਗੇ ਝੁਕ ਗਏ। ਇਥੇ ਰਾਹੁਲ ਗਾਂਧੀ ਅਤੇ ਰਵਨੀਤ ਬਿੱਟੂ ਵਿਚਕਾਰ ਵੀ ਤਕਰਾਰ ਹੋਈ।

ਇਸ ਦੌਰਾਨ ਰਵਨੀਤ ਸਿੰਘ ਬਿੱਟੂ (ਜੋ ਕੇਂਦਰੀ ਰੇਲ ਰਾਜ ਮੰਤਰੀ ਅਤੇ ਭਾਜਪਾ ਸੰਸਦ ਮੈਂਬਰ ਹਨ) ਪ੍ਰਦਰਸ਼ਨ ਕਰ ਰਹੇ ਕਾਂਗਰਸੀਆਂ ਦੇ ਨੇੜੇ ਲੰਘੇ। ਰਾਹੁਲ ਗਾਂਧੀ ਨੇ ਉਨ੍ਹਾਂ ਵੱਲ ਇਸ਼ਾਰਾ ਕਰਕੇ ਕਿਹਾ, "ਇੱਥੇ ਇੱਕ ਗੱਦਾਰ ਜਾ ਰਿਹਾ ਹੈ, ਇਸ ਦਾ ਚਿਹਰਾ ਵੇਖੋ..."। ਫਿਰ ਉਨ੍ਹਾਂ ਨੇ ਵਿਅੰਗ ਨਾਲ ਹੱਥ ਵਧਾਇਆ ਅਤੇ ਕਿਹਾ, "ਨਮਸਤੇ ਦੋਸਤ, ਮੇਰੇ ਗੱਦਾਰ ਦੋਸਤ... ਚਿੰਤਾ ਨਾ ਕਰੋ, ਤੁਸੀਂ ਵਾਪਸ ਆ ਜਾਓਗੇ ਕਾਂਗਰਸ ਵਿੱਚ।"

ਬਿੱਟੂ ਨੇ ਹੱਥ ਮਿਲਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਗੁੱਸੇ ਵਿੱਚ ਜਵਾਬ ਦਿੱਤਾ ਕਿ ਉਹ ਕਦੇ ਵੀ ਦੇਸ਼ ਵਿਰੋਧੀ ਨਾਲ ਹੱਥ ਨਹੀਂ ਮਿਲਾਉਣਗੇ। ਬਾਅਦ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਿੱਟੂ ਨੇ ਰਾਹੁਲ ਨੂੰ 'ਦੇਸ਼ ਦਾ ਦੁਸ਼ਮਣ' ਕਿਹਾ ਅਤੇ ਕਿਹਾ ਕਿ ਗਾਂਧੀ ਪਰਿਵਾਰ ਨੇ ਪੰਜਾਬ ਨੂੰ ਅਸ਼ਾਂਤ ਕੀਤਾ ਹੈ। ਉਨ੍ਹਾਂ ਨੇ ਆਪਣੇ ਦਾਦਾ ਬੇਅੰਤ ਸਿੰਘ (ਸਾਬਕਾ ਪੰਜਾਬ ਮੁੱਖ ਮੰਤਰੀ, ਜਿਨ੍ਹਾਂ ਦੀ 1995 ਵਿੱਚ ਹੱਤਿਆ ਹੋਈ ਸੀ) ਦੀ ਕੁਰਬਾਨੀ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਜਦੋਂ ਉਹ ਕਾਂਗਰਸ ਵਿੱਚ ਸਨ ਤਾਂ 'ਸ਼ਹੀਦ ਦਾ ਪੋਤਾ' ਸਨ, ਪਰ ਹੁਣ ਭਾਜਪਾ ਵਿੱਚ ਆਉਣ ਤੋਂ ਬਾਅਦ 'ਗੱਦਾਰ' ਹੋ ਗਏ।

ਯਾਦ ਰਹੇ ਕਿ ਰਵਨੀਤ ਬਿੱਟੂ 2024 ਲੋਕ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। ਉਹ ਤਿੰਨ ਵਾਰ ਕਾਂਗਰਸ ਤੋਂ ਸੰਸਦ ਮੈਂਬਰ ਰਹੇ ਅਤੇ ਰਾਹੁਲ ਗਾਂਧੀ ਦੇ ਨੇੜਲੇ ਮੰਨੇ ਜਾਂਦੇ ਸਨ। ਰਾਹੁਲ ਦਾ 'ਗੱਦਾਰ ਦੋਸਤ' ਵਾਲਾ ਤਨਜ਼ ਪਾਰਟੀ ਬਦਲਣ ਨੂੰ ਲੈ ਕੇ ਸੀ। ਪਰ ਭਾਜਪਾ ਨੇ ਇਸ ਨੂੰ ਸਿੱਖ ਭਾਈਚਾਰੇ ਵਿਰੁੱਧ ਅਪਮਾਨ ਵਜੋਂ ਪੇਸ਼ ਕੀਤਾ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਜ ਸਭਾ ਵਿੱਚ ਬੋਲਦਿਆਂ ਕਿਹਾ ਸੀ ਕਿ ਰਾਹੁਲ ਨੇ ਬਿੱਟੂ ਨੂੰ ਗੱਦਾਰ ਕਿਹਾ, ਕਿਉਂਕਿ ਉਹ ਸਿੱਖ ਹਨ, ਜੋ ਕਾਂਗਰਸ ਦੀ ਸਿੱਖ ਵਿਰੋਧੀ ਮਾਨਸਿਕਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਨੇ ਸਿੱਖ ਘਲੂਘਾਰਾ ਜੂਨ1984 ਦੇ ਸਿੱਖ ਕਤਲੇਆਮ ਦਾ ਜ਼ਿਕਰ ਕਰਕੇ ਕਾਂਗਰਸ 'ਤੇ ਹਮਲਾ ਬੋਲਿਆ ਸੀ।

ਭਾਜਪਾ ਦੇ ਸਿੱਖ ਆਗੂਆਂ ਨੇ ਵੀ ਇਸ ਨੂੰ ਸਿੱਖ ਅਪਮਾਨ ਕਿਹਾ। ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਮਨਜਿੰਦਰ ਸਿੰਘ ਸਿਰਸਾ ਅਤੇ ਆਰ.ਪੀ. ਸਿੰਘ ਨੇ ਪ੍ਰੈੱਸ ਕਾਨਫਰੰਸ ਕਰਕੇ ਕਿਹਾ ਕਿ ਬਿੱਟੂ ਇੱਕ ਸਿੱਖ ਪਰਿਵਾਰ ਤੋਂ ਹਨ ਜਿਸ ਨੇ ਦੇਸ਼ ਲਈ ਕੁਰਬਾਨੀਆਂ ਦਿੱਤੀਆਂ ਹਨ। ਉਨ੍ਹਾਂ ਨੇ ਰਾਹੁਲ ਤੋਂ ਮਾਫੀ ਮੰਗਣ ਦੀ ਮੰਗ ਕੀਤੀ। ਭਾਜਪਾ ਵਰਕਰਾਂ ਨੇ ਰਾਹੁਲ ਵਿਰੁੱਧ ਰੋਸ ਮੁਜ਼ਾਹਰੇ ਕੀਤੇ ਅਤੇ ਪੁੱਤਲੇ ਸਾੜੇ।

### ਸਿੱਖ ਬੁੱਧੀਜੀਵੀਆਂ ਅਤੇ ਪੰਥਕ ਜਥੇਬੰਦੀਆਂ ਦੀ ਰਾਏ

ਕੁਝ ਸਿੱਖ ਬੁੱਧੀਜੀਵੀ ਅਤੇ ਪੰਥਕ ਸੰਗਠਨ ਇਸ ਵਿਵਾਦ ਨੂੰ ਗੰਦੀ ਸਿਆਸੀ ਖੇਡ ਮੰਨ ਰਹੇ ਹਨ। ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਰਾਹੁਲ ਗਾਂਧੀ ਤੇ ਬਿਟੂ ਦਾ ਆਪਸੀ ਸਿਆਸੀ ਵਿਵਾਦ ਨਿੱਜੀ ਸੀ, ਪਰ ਭਾਜਪਾ ਨੇ ਇਸ ਨੂੰ ਧਾਰਮਿਕ ਰੰਗ ਦੇ ਕੇ ਸਿੱਖ ਮਸਲਿਆਂ ਤੇ ਧਰਮ ਨੂੰ ਘਸੀਟਿਆ ਹੈ ਜੋ ਕਿ ਨਿੰਦਾਯੋਗ ਕਾਰਵਾਈ ਹੈ। ਗੰਦੀ ਸਿਆਸਤ ਵਿੱਚ ਸਿੱਖ ਧਰਮ ਤੇ ਸਿੱਖ ਮਸਲਿਆਂ ਨੂੰ ਘਸੀਟਣਾ ਠੀਕ ਨਹੀਂ, ਕਿਉਂਕਿ ਇਹ ਪੁਰਾਣੇ ਜਖਮਾਂ ਨੂੰ ਤਾਜ਼ਾ ਕਰਦਾ ਹੈ। ਉਹਨਾਂ ਕਿਹਾ ਕਿ ਨਾ ਸਿੱਖਾਂ ਨੂੰ ਕਾਂਗਰਸ ਰਾਜ ਸਮੇਂ ਇਨਸਾਫ਼ ਮਿਲਿਆ, ਨਾ ਭਾਜਪਾ ਦੇ ਰਾਜ ਸਮੇਂ।

ਕੈਨੇਡਾ ਤੋ ਸਿੱਖ ਚਿੰਤਕ ਅਮਰੀਕ ਸਿੰਘ ਮੁਕਤਸਰ ਨੇ ਰਵਨੀਤ ਸਿੰਘ ਬਿੱਟੂ ਨੂੰ ਲੈ ਕੇ ਇੱਕ ਤਿੱਖਾ ਬਿਆਨ ਦਿੱਤਾ ਹੈ, ਜਿਸ ਵਿੱਚ ਉਨ੍ਹਾਂ ਕਿਹਾ ਕਿ ਬਿੱਟੂ ਕਿਵੇਂ ਸਿੱਖ ਹੈ ਜਦੋਂ ਉਹ ਬੇਅੰਤ ਸਿੰਘ ਦਾ ਪੋਤਰਾ ਹੈ, ਜਿਸ ਨੇ ਪੰਜਾਬ ਵਿੱਚ ਸਿੱਖਾਂ ਦੀ ਨਸਲਕੁਸ਼ੀ ਕਰਵਾਈ ਸੀ। ਅਮਰੀਕ ਸਿੰਘ ਮੁਕਤਸਰ ਨੇ ਕਿਹਾ ਕਿ ਬਿੱਟੂ ਨੇ ਸਿੱਖ ਮਸਲਿਆਂ ਨੂੰ ਚੁਣੌਤੀ ਦਿੱਤੀ ਹੈ ਤੇ ਹਮੇਸ਼ਾ ਪੰਥ ਵਿਰੁਧ ਭੁਗਤਿਆ ਹੈ।

ਪੰਜਾਬ ਕਾਂਗਰਸ ਆਗੂ ਚਰਨਜੀਤ ਸਿੰਘ ਚੰਨੀ ਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਰਾਹੁਲ ਨੇ ਬਿੱਟੂ ਨੂੰ ਰਾਜਨੀਤੀ ਵਿੱਚ ਲਿਆਂਦਾ ਸੀ ਅਤੇ ਹੁਣ ਉਹ ਭਾਜਪਾ ਨਾਲ ਬੈਠੇ ਹਨ ਜਿਨ੍ਹਾਂ ਨੂੰ ਪਹਿਲਾਂ ਗਾਲ੍ਹਾਂ ਕੱਢਦੇ ਸਨ। ਭਾਜਪਾ ਨੇ ਗਾਂਧੀ ਪਰਿਵਾਰ 'ਤੇ ਪੰਜਾਬ ਨੂੰ ਦਰਦ ਦੇਣ ਦਾ ਦੋਸ਼ ਲਾਇਆ।

ਇਹ ਵਿਵਾਦ 2027 ਪੰਜਾਬ ਵਿਧਾਨ ਸਭਾ ਚੋਣਾਂ ਨੂੰ ਵੇਖਦੇ ਹੋਏ ਵੱਡਾ ਮੁੱਦਾ ਬਣ ਸਕਦਾ ਹੈ। ਦੋਵੇਂ ਪਾਰਟੀਆਂ ਇਸ ਨੂੰ ਆਪਣੇ ਹੱਕ ਵਿੱਚ ਵਰਤ ਰਹੀਆਂ ਹਨ, ਪਰ ਇਸ ਨਾਲ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਣ ਦਾ ਖਤਰਾ ਵਧ ਗਿਆ ਹੈ।

# ਸਿੱਖ ਫਾਰ ਜਸਟਿਸ ਵੱਲੋਂ ਟਰੰਪ ਨੂੰ 1 ਅਰਬ ਡਾਲਰ ਦੀ ਪੇਸ਼ਕਸ਼

## ✪ ਬੋਰਡ ਆਫ਼ ਪੀਸ ਵਿੱਚ ਸ਼ਾਮਲ ਹੋਣ ਲਈ ਵੱਡਾ ਦਾਅ

ਨਿਊਯਾਰਕ-ਸਿੱਖਸ ਫਾਰ ਜਸਟਿਸ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਉਸ ਦੇ ਪ੍ਰਸਤਾਵਿਤ "ਬੋਰਡ ਆਫ਼ ਪੀਸ" ਵਿੱਚ ਸ਼ਾਮਲ ਹੋਣ ਲਈ 1 ਬਿਲੀਅਨ ਡਾਲਰ (ਲਗਭਗ 1 ਅਰਬ ਰੁਪਏ) ਦੀ ਪੇਸ਼ਕਸ਼ ਕੀਤੀ ਹੈ। ਇਹ ਐਲਾਨ ਸਿੱਖਸ ਫਾਰ ਜਸਟਿਸ ਦੇ ਜਨਰਲ ਕੌਂਸਲ ਗੁਰਪਤਵੰਤ ਸਿੰਘ ਪੰਨੂੰ ਨੇ ਕਰਾਚੀ ਪ੍ਰੈੱਸ ਕਲੱਬ ਵਿੱਚ ਪ੍ਰੈੱਸ ਕਾਨਫਰੰਸ ਦੌਰਾਨ ਵੀਡੀਓ ਲਿੰਕ ਰਾਹੀਂ ਕੀਤਾ।

ਜਥੇਬੰਦੀ ਨੇ ਕਿਹਾ ਕਿ ਇਹ ਪੈਸਾ ਖ਼ਾਲਿਸਤਾਨ ਰੈਫਰੈਂਡਮ ਨੂੰ ਅੱਗੇ ਵਧਾਉਣ ਅਤੇ ਪੰਜਾਬ ਵਿੱਚ ਤਣਾਅ ਘਟਾਉਣ ਲਈ ਸ਼ਾਂਤੀ ਵਾਲੀ ਗੱਲਬਾਤ ਨੂੰ ਸਮਰਥਨ ਦੇਣ ਲਈ ਵਰਤਿਆ ਜਾਵੇਗਾ। ਸਿੱਖਸ ਫਾਰ ਜਸਟਿਸ ਨੇ ਟਰੰਪ ਨੂੰ ਅਪੀਲ ਕੀਤੀ ਹੈ ਕਿ ਉਹ ਭਾਰਤ ਸਰਕਾਰ ਨੂੰ ਪੰਜਾਬ ਵਿੱਚ ਲੋਕਮਤ ਸੰਗ੍ਰਹਿ ਕਰਵਾਉਣ ਲਈ ਦਬਾਅ ਬਣਾਏ ਤਾਂ ਜੋ ਖ਼ਾਲਿਸਤਾਨ ਦਾ ਮਸਲਾ ਸ਼ਾਂਤੀ ਨਾਲ ਹੱਲ ਹੋ ਸਕੇ।



ਪੰਨੂੰ ਨੇ ਦਾਅਵਾ ਕੀਤਾ ਕਿ ਪੰਜਾਬ ਵਿੱਚ ਹਾਲਾਤ ਬਹੁਤ ਤਣਾਅਪੂਰਨ ਹਨ ਅਤੇ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ ਵਧ ਰਹੀਆਂ ਹਨ। ਉਨ੍ਹਾਂ ਕਿਹਾ ਕਿ ਰੈਫਰੈਂਡਮ ਹੀ ਤਣਾਅ ਘਟਾਉਣ ਦਾ ਇੱਕੋ-ਇੱਕ ਰਾਹ ਹੈ ਅਤੇ ਸਿੱਖਸ ਫਾਰ ਜਸਟਿਸ ਦੀ ਮੁਹਿੰਮ ਪੂਰੀ ਤਰ੍ਹਾਂ ਅਹਿੰਸਕ ਤੇ ਲੋਕਤੰਤਰਕ ਹੈ। ਦੁਨੀਆ ਭਰ ਵਿੱਚ 20 ਲੱਖ ਤੋਂ ਵੱਧ ਸਿੱਖ ਰੈਫਰੈਂਡਮ ਵਿੱਚ ਹਿੱਸਾ ਲੈ ਚੁੱਕੇ ਹਨ।

11 ਫਰਵਰੀ ਨੂੰ ਸਿੱਖਸ ਫਾਰ ਜਸਟਿਸ ਵੱਲੋਂ "ਖ਼ਾਲਿਸਤਾਨ ਪੀਸ ਮਾਰਚ" ਵੀ ਯੋਜਿਤ ਹੈ ਅਤੇ ਇਸ ਦਿਨ ਟਰੰਪ ਪ੍ਰਸ਼ਾਸਨ ਨੂੰ 1 ਬਿਲੀਅਨ ਡਾਲਰ ਵਾਲਾ ਦਸਤਾਵੇਜ਼ ਵਾਈਟ ਹਾਊਸ ਵਿੱਚ ਜਮ੍ਹਾਂ ਕਰਵਾਇਆ ਜਾਵੇਗਾ। ਭਾਰਤ ਸਰਕਾਰ ਸਿੱਖਸ ਫਾਰ ਜਸਟਿਸ ਨੂੰ ਪਹਿਲਾਂ ਹੀ ਅੱਤਵਾਦੀ ਸੰਗਠਨ ਘੋਸ਼ਿਤ ਕਰ ਚੁੱਕੀ ਹੈ ਅਤੇ ਖ਼ਾਲਿਸਤਾਨ ਦੀ ਮੰਗ ਨੂੰ ਰੱਦ ਕਰਦੀ ਰਹੀ ਹੈ।

ਵਿਸ਼ਲੇਸ਼ਕਾਂ ਮੁਤਾਬਕ ਇਹ ਕਦਮ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਲਈ ਕੂਟਨੀਤਿਕ ਚੁਣੌਤੀਆਂ ਪੈਦਾ ਕਰ ਸਕਦੇ ਹਨ ਅਤੇ ਖ਼ਾਲਿਸਤਾਨ ਮੁਹਿੰਮ ਨੂੰ ਹੋਰ ਬਲ ਮਿਲ ਸਕਦਾ ਹੈ।



ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :–** ਚੰਗੀਆਂ ਪੁਸਤਕਾਂ ਕੋਲ ਰਹਿਣ ਨਾਲ ਸਾਨੂੰ ਆਪਣੇ ਮਿੱਤਰਾਂ ਦੀ ਘਾਟ ਕਦੇ ਵੀ ਮਹਿਸੂਸ ਨਹੀਂ ਹੁੰਦੀ ।

# ਪੁਲਿਸ ਵੱਲੋਂ ਜਨਰਲ ਨਰਵਾਣੇ ਦੀ ਅਪ੍ਰਕਾਸ਼ਿਤ ਕਿਤਾਬ ਦੇ ਲੀਕ 'ਤੇ ਐੱਫਆਈਆਰ ਕਿਉਂ ?

ਨਵੀਂ ਦਿੱਲੀ ਵਿੱਚ ਇੱਕ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ ਜੋ ਰਾਜਨੀਤੀ, ਰਾਸ਼ਟਰੀ ਸੁਰੱਖਿਆ ਅਤੇ ਪ੍ਰਕਾਸ਼ਨ ਦੇ ਨਿਯਮਾਂ ਨੂੰ ਛੂਹ ਰਿਹਾ ਹੈ। ਸਾਬਕਾ ਭਾਰਤੀ ਥਲ ਸੈਨਾ ਮੁਖੀ ਜਨਰਲ ਮਨੋਜ ਮੁਕੁੰਦ ਨਰਵਾਣੇ ਦੀ ਅਜੇ ਅਪ੍ਰਕਾਸ਼ਿਤ ਆਤਮਕਥਾ 'ਫੋਰ ਸਟਾਰਸ ਆਫ ਡੈਸਟਿਨੀ' ਨੂੰ ਲੈ ਕੇ ਦਿੱਲੀ ਪੁਲਿਸ ਨੇ ਐੱਫਆਈਆਰ ਦਰਜ ਕਰ ਲਈ ਹੈ। ਇਹ ਕਿਤਾਬ ਅਜੇ ਰੱਖਿਆ ਮੰਤਰਾਲੇ ਤੋਂ ਲਾਜ਼ਮੀ ਕਲੀਅਰੈਂਸ ਨਹੀਂ ਲੈ ਸਕੀ ਹੈ ਅਤੇ ਇਸ ਵਿੱਚ 2020 ਦੇ ਗਲਵਾਨ ਘਾਟੀ ਸੰਘਰਸ਼ ਅਤੇ ਅਗਨੀਪਥ ਸਕੀਮ ਵਰਗੇ ਸੰਵੇਦਨਸ਼ੀਲ ਵਿਸ਼ਿਆਂ 'ਤੇ ਚਰਚਾ ਹੈ। ਪੁਲਿਸ ਨੇ ਇਸ ਨੂੰ ਗੈਰ-ਕਾਨੂੰਨੀ ਪ੍ਰਸਾਰਣ ਅਤੇ ਸੰਭਾਵਿਤ ਲੀਕ ਮੰਨ ਕੇ ਸਪੈਸ਼ਲ ਸੈੱਲ ਨੂੰ ਜਾਂਚ ਸੌਂਪ ਦਿੱਤੀ ਹੈ।

ਇਹ ਵਿਵਾਦ ਤਾਂ ਤੇਜ਼ ਹੋਇਆ ਜਦੋਂ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਲੋਕ ਸਭਾ ਵਿੱਚ 2 ਫਰਵਰੀ ਨੂੰ ਕਿਤਾਬ ਦੇ ਕੁਝ ਅੰਸ਼ਾਂ ਨੂੰ ਪੜ੍ਹਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦਾ ਦਾਅਵਾ ਸੀ ਕਿ ਕਿਤਾਬ ਵਿੱਚ ਜਨਰਲ ਨਰਵਾਣੇ ਨੇ ਲਿਖਿਆ ਹੈ ਕਿ ਗਲਵਾਨ ਵਿੱਚ ਚੀਨੀ ਟੈਂਕਾਂ ਦੀ ਜਾਣਕਾਰੀ ਦੇਣ 'ਤੇ ਉੱਚ ਅਧਿਕਾਰੀਆਂ ਤੋਂ ਲੰਬੇ ਸਮੇਂ ਤੱਕ ਕੋਈ ਸਪੱਸ਼ਟ ਜਵਾਬ ਨਹੀਂ ਮਿਲਿਆ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ "ਜੋ ਉਚਿਤ ਸਮਝੋ, ਕਰੋ" ਵਰਗਾ ਸੰਦੇਸ਼ ਆਇਆ ਸੀ। ਇਸ ਨੂੰ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਵੱਲੋਂ ਜ਼ਿੰਮੇਵਾਰੀ ਤੋਂ ਭੱਜਣ ਵਜੋਂ ਪੇਸ਼ ਕੀਤਾ। ਪਰ ਸਪੀਕਰ ਨੇ ਇਸ ਨੂੰ ਰੋਕ ਦਿੱਤਾ, ਕਿਉਂਕਿ ਕਿਤਾਬ ਅਧਿਕਾਰਕ ਤੌਰ 'ਤੇ ਪ੍ਰਕਾਸ਼ਿਤ ਨਹੀਂ ਹੋਈ ਸੀ ਅਤੇ ਇਸ ਨਾਲ ਸੰਸਦ ਵਿੱਚ ਹੰਗਾਮਾ ਹੋ ਗਿਆ, ਜਿਸ ਕਾਰਨ ਕਈ ਸੰਸਦ ਮੈਂਬਰਾਂ ਨੂੰ ਮੁਅੱਤਲ ਵੀ ਕੀਤਾ ਗਿਆ।

ਰਾਹੁਲ ਗਾਂਧੀ ਨੇ ਇਸ ਨੂੰ ਹੋਰ ਤੇਜ਼ ਕਰਦਿਆਂ 4 ਫਰਵਰੀ ਨੂੰ ਸੰਸਦ ਕੰਪਲੈਕਸ ਵਿੱਚ ਕਿਤਾਬ ਦੀ ਪ੍ਰਿੰਟ ਕਾਪੀ ਦਿਖਾਈ ਅਤੇ ਕਿਹਾ ਕਿ ਸਰਕਾਰ ਕਹਿ ਰਹੀ ਹੈ ਕਿਤਾਬ ਨਹੀਂ ਹੈ ਪਰ ਇਹ ਹੈ। ਉਨ੍ਹਾਂ ਨੇ ਇਸ ਨੂੰ ਸੋਸ਼ਲ ਮੀਡੀਆ 'ਤੇ ਵੀ ਸਾਂਝਾ ਕੀਤਾ ਅਤੇ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਇਸ ਕਰਕੇ ਸਦਨ ਵਿੱਚ ਨਹੀਂ ਆਏ। ਇਸ ਨਾਲ ਵਿਵਾਦ ਰਾਜਨੀਤਕ ਰੰਗ ਲੈ ਲਿਆ ਅਤੇ ਵਿਰੋਧੀ ਧਿਰ ਨੇ ਇਸ ਨੂੰ ਸਰਕਾਰ 'ਤੇ ਦਬਾਅ ਬਣਾਉਣ ਦਾ ਹਥਿਆਰ ਬਣਾ ਲਿਆ।

ਪ੍ਰਕਾਸ਼ਕ ਪੈਂਗੁਇਨ ਰੈਂਡਮ ਹਾਊਸ ਇੰਡੀਆ ਨੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਕੋਲ ਕਿਤਾਬ ਦੇ ਇਕਲੌਤੇ ਪ੍ਰਕਾਸ਼ਨ ਅਧਿਕਾਰ ਹਨ ਅਤੇ ਇਹ ਅਜੇ ਪ੍ਰਕਾਸ਼ਿਤ ਨਹੀਂ ਹੋਈ। ਉਨ੍ਹਾਂ ਨੇ ਕਿਹਾ ਕਿ ਕੋਈ ਵੀ ਪ੍ਰਿੰਟ ਜਾਂ ਡਿਜੀਟਲ ਕਾਪੀ ਜਨਤਾ ਲਈ ਜਾਰੀ ਨਹੀਂ ਕੀਤੀ ਗਈ ਅਤੇ ਅਜਿਹੀਆਂ ਅਣਅਧਿਕਾਰਤ ਕਾਪੀਆਂ ਦਾ ਪ੍ਰਸਾਰਣ ਕਾਪੀਰਾਈਟ ਉਲੰਘਣਾ ਹੈ। ਉਹ ਕਾਨੂੰਨੀ ਕਾਰਵਾਈ ਕਰਨਗੇ। ਇਹ ਬਿਆਨ ਦਿੱਲੀ ਪੁਲਿਸ ਦੀ ਐੱਫਆਈਆਰ ਤੋਂ ਬਾਅਦ ਆਇਆ ਜਿਸ ਵਿੱਚ ਪ੍ਰੀ-ਪ੍ਰਿੰਟ ਪੀਡੀਐਫ ਅਤੇ ਆਨਲਾਈਨ ਪਲੇਟਫਾਰਮਾਂ 'ਤੇ ਕਥਿਤ ਸਰਕੁਲੇਸ਼ਨ ਦੀ ਜਾਂਚ ਹੈ।

ਪੁਲਿਸ ਦਾ ਕਹਿਣਾ ਹੈ ਕਿ ਸੋਸ਼ਲ ਮੀਡੀਆ, ਵਟਸਐਪ ਅਤੇ ਵੈੱਬਸਾਈਟਾਂ 'ਤੇ ਟਾਈਪਸੈੱਟ ਵਰਜ਼ਨ ਮਿਲ ਰਿਹਾ ਹੈ ਜੋ ਪੈਂਗੁਇਨ ਵੱਲੋਂ ਤਿਆਰ ਲੱਗਦਾ ਹੈ ਪਰ ਅਜੇ ਮਨਜ਼ੂਰ ਨਹੀਂ। ਇਹ ਲੀਕ ਰਾਸ਼ਟਰੀ ਸੁਰੱਖਿਆ ਨੂੰ ਖਤਰਾ ਪਹੁੰਚਾ ਸਕਦਾ ਹੈ ,ਕਿਉਂਕਿ ਸਾਬਕਾ ਫੌਜ ਅਧਿਕਾਰੀਆਂ ਦੀਆਂ ਕਿਤਾਬਾਂ ਲਈ ਰੱਖਿਆ ਮੰਤਰਾਲੇ ਦੀ ਮਨਜ਼ੂਰੀ ਜ਼ਰੂਰੀ ਹੈ। ਜਨਰਲ ਨਰਵਾਣੇ ਨੇ ਅਕਤੂਬਰ 2025 ਵਿੱਚ ਕਸੌਲੀ ਲਿਟਰੇਚਰ ਫੈਸਟੀਵਲ ਵਿੱਚ ਕਿਹਾ ਸੀ ਕਿ ਕਿਤਾਬ ਲਿਖ ਕੇ ਪ੍ਰਕਾਸ਼ਕ ਨੂੰ ਦਿੱਤੀ ਗਈ ਪਰ ਮਨਜ਼ੂਰੀ ਇੱਕ ਸਾਲ ਤੋਂ ਵੱਧ ਸਮੇਂ ਤੋਂ ਪੈਂਡਿੰਗ ਹੈ।

ਇਹ ਮਾਮਲਾ ਸਿਰਫ਼ ਇੱਕ ਕਿਤਾਬ ਦੇ ਲੀਕ ਤੱਕ ਸੀਮਤ ਨਹੀਂ ਰਿਹਾ। ਇਹ ਰਾਜਨੀਤਿਕ ਤੌਰ 'ਤੇ ਭਾਰਤੀ ਰਾਜਨੀਤੀ ਵਿੱਚ ਵੱਡੀ ਬਹਿਸ ਛੇੜ ਰਿਹਾ ਹੈ ਕਿ ਕੀ ਸਰਕਾਰ ਸੱਚਾਈ ਤੋਂ ਡਰ ਰਹੀ ਹੈ ? ਰਾਹੁਲ ਗਾਂਧੀ ਅਤੇ ਵਿਰੋਧੀ ਧਿਰ ਦਾ ਦਾਅਵਾ ਹੈ ਕਿ ਗਲਵਾਨ ਵਿੱਚ ਪ੍ਰਧਾਨ ਮੰਤਰੀ ਦੀ ਭੂਮਿਕਾ 'ਤੇ ਸਵਾਲ ਉੱਠਾਉਣ ਵਾਲੇ ਅੰਸ਼ ਕਾਰਨ ਹੀ ਕਿਤਾਬ ਨੂੰ ਰੋਕਿਆ ਜਾ ਰਿਹਾ ਹੈ ਅਤੇ ਲੀਕ 'ਤੇ ਐੱਫਆਈਆਰ ਦਰਜ ਕਰਕੇ ਚੁੱਪ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹ ਪੁੱਛ ਰਹੇ ਹਨ ਕਿ ਜੇ ਕਿਤਾਬ ਨਹੀਂ ਪ੍ਰਕਾਸ਼ਿਤ ਹੋਈ ਤਾਂ ਰਾਹੁਲ ਗਾਂਧੀ ਕੋਲ ਕਾਪੀ ਕਿਵੇਂ ਪਹੁੰਚੀ ਅਤੇ ਪ੍ਰਕਾਸ਼ਕ ਅਤੇ ਜਨਰਲ ਨਰਵਾਣੇ ਦੇ ਪੁਰਾਣੇ ਬਿਆਨਾਂ ਵਿੱਚ ਵਿਰੋਧ ਕਿਉਂ ਹੈ ?

ਦੂਜੇ ਪਾਸੇ ਸਰਕਾਰ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਅਜਿਹੀ ਕਿਤਾਬ ਹੀ ਨਹੀਂ ਪ੍ਰਕਾਸ਼ਿਤ ਹੋਈ ਅਤੇ ਅਪ੍ਰਕਾਸ਼ਿਤ ਸਮੱਗਰੀ ਨੂੰ ਸੰਸਦ ਵਿੱਚ ਪੇਸ਼ ਕਰਨਾ ਨਿਯਮਾਂ ਵਿਰੁੱਧ ਹੈ। ਉਹ ਚੁਣੌਤੀ ਦਿੰਦੇ ਹਨ ਕਿ ਜੇ ਕਿਤਾਬ ਹੈ ਤਾਂ ਪੇਸ਼ ਕਰੋ। ਪਰ ਐੱਫਆਈਆਰ ਨੇ ਇਸ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ।

ਇਹ ਵਿਵਾਦ ਸਾਨੂੰ ਯਾਦ ਕਰਵਾਉਂਦਾ ਹੈ ਕਿ ਲੋਕਤੰਤਰ ਵਿੱਚ ਜਾਣਕਾਰੀ ਦੀ ਆਜ਼ਾਦੀ ਅਤੇ ਰਾਸ਼ਟਰੀ ਸੁਰੱਖਿਆ ਵਿਚਕਾਰ ਸੰਤੁਲਨ ਕਿੰਨਾ ਨਾਜ਼ੁਕ ਹੁੰਦਾ ਹੈ। ਜੇ ਕਿਤਾਬ ਵਿੱਚ ਸੱਚਾਈ ਹੈ ਤਾਂ ਇਸ ਨੂੰ ਰੋਕਣ ਨਾਲ ਸਰਕਾਰ 'ਤੇ ਸਵਾਲ ਉੱਠਦੇ ਹਨ।

ਜਾਂਚ ਚੱਲ ਰਹੀ ਹੈ ਅਤੇ ਜਨਰਲ ਨਰਵਾਣੇ ਨੇ ਅਜੇ ਟਿੱਪਣੀ ਨਹੀਂ ਕੀਤੀ। ਇਹ ਮਾਮਲਾ ਨਾ ਸਿਰਫ਼ ਇੱਕ ਕਿਤਾਬ ਦਾ ਹੈ ਬਲਕਿ ਭਾਰਤੀ ਰਾਜਨੀਤੀ ਵਿੱਚ ਵਿਸ਼ਵਾਸ ਅਤੇ ਪਾਰਦਰਸ਼ਤਾ ਦਾ ਵੀ ਹੈ। ਜੇ ਜਾਂਚ ਨਿਰਪੱਖ ਹੋਈ ਅਤੇ ਕਿਤਾਬ ਨੂੰ ਮਨਜ਼ੂਰੀ ਮਿਲੀ ਤਾਂ ਸੱਚ ਸਾਹਮਣੇ ਆ ਸਕਦਾ ਹੈ। ਨਹੀਂ ਤਾਂ ਇਹ ਵਿਵਾਦ ਲੰਮੇ ਸਮੇਂ ਤੱਕ ਚੱਲੇਗਾ ਅਤੇ ਲੋਕਾਂ ਵਿੱਚ ਸਰਕਾਰ ਪ੍ਰਤੀ ਸ਼ੱਕ ਵਧਾਏਗਾ।

**ਰਜਿੰਦਰ ਸਿੰਘ ਪੁਰੇਵਾਲ**

**NEWS & VIEWS**

# SIKH DIASPORA RENAISSANCE: RELIGIOUS CULTURAL AND POLITICAL REVIVAL



Gurmukh Singh OBE

Renaissance refers to cultural, political and scientific revival in 14 to 16 centuries Europe. Generally, it refers to any such revival over a period of time. In case of the global Sikhs today it means the re-discovery of true Sikhi following the politicisation and weakening of central Sikh institutions in Panjab.

To digress slightly: In was towards the end of 20th century that late Bhai Rama Singh Ji of Akhand Kirtani Jatha, UK, predicted that one day Sikhs from abroad will preach true Sikhi in Panjab! His autobiography was published in Panjabi by the Panjab Times UK as Roop Gobind ka, Raj Khalsay Ka, Sikka Sonay Ka, through the efforts of a Gursikh couple, Bhai Sukhdev Singh and Bibi Amarjit Kaur of Southall. Later, Bhai Sahib and some Gursikhs led by late S. Kesar Singh Mand, persuaded me to translate the 400 pages volume to English. I completed this sewa towards end 2000 with the new title, In Search of The True Guru (*see link to the e-book). Indeed, Bhai Rama Singh did search for The True Guru and found Him. Just as we are searching for true sovereign Miri-Piri Sikhi of the Guru today!

To quote a source: The future of Sikh central institutions in India, primarily the Shiromani Gurdwara Parbandhak Committee (SGPC) and the Akal Takht, is currently at a critical juncture, facing challenges related to political autonomy, internal cohesion, and the need to adapt to modern, globalized challenges. While these institutions remain central to Sikh religious life, their long-term viability is tied to their ability to adapt to changing socio-political dynamics, including a rise in independent, local-Sangat-driven, and, in some perspectives, diaspora-influenced leadership.

This is also the time when next generation young Sikhs in the diaspora are exploring true Sikhi roots in Gurbani, classical Sikh literature and music, and Guru Khalsa It-haas (history), art and Gurbani Shabad.

Young diaspora Sikhs are in the process of reclaiming their true ideology, institutions and identity. This process of re-discovery is gaining momentum rapidly through global social media. As one example, there are discourses by those like Dr Jvala Singh of California. He also net-works closely with UK-based organizations like the United Kingdom Punjabi Heritage Association (UKPHA).

He interprets literature associated with Guru Gobind Singh Ji, in a most constructive and non-controversial way from a Sikhi viewpoint. The Sikhi dimension is introduced so that Khalsa socio-political objectives are set at a much higher level than those of the heroes of the Vedas or Katebas. The fresh Sikhi paradigm thus introduced, eliminates controversy.

We are reminded that on December 21, 1704, during the crossing of the flooded Sirsa River, despite earlier promises, there was a treacherous surprise attack by the combined Mughal and Pahari Rajas. Immense losses included the vast library of literature at Anandpur collated over many years.

There is also revival of keen interest in Sikh classical music and art. Historical Sikh artefacts are collected and exhibited. Major international institutions are increasingly hosting Sikh-focused galleries. Notable examples include the Kapany Collection at the Montreal Museum of Fine Arts and exhibitions at the Asian Art Museum in San Francisco. Sikh Museum Initiative in UK uses 3D modelling and augmented reality to digitally preserve Sikh artifacts and weaponry for the global audiences.

Art images of Sikh historical struggles for survival revive global interest in Sikhs as a distinct people. Naturally, that also stimulates Sikh political consciousness as a people, the global Sikh nation.

*https://www.sikhmissionarysociety.org/sms/smspublications/Autobiography-Bhai-Rama-Singh-Ji.pdf

**Gurmukh Singh OBE**, Ret'd Principal Civil Servant (UK) sewauk2005@yahoo.co.uk

# ਅਮਰੀਕਾ ਅਤੇ ਸਾਬਕਾ ਅਧਿਕਾਰੀਆਂ ਵੱਲੋਂ ਭਾਰਤ ਨੂੰ ਚੀਨ ਤੋਂ ਸਾਵਧਾਨੀ ਦੀ ਚੇਤਾਵਨੀ

ਵਿਸ਼ੇਸ਼ ਰਿਪੋਰਟ

## ✪ ਅਮਰੀਕਾ ਵੱਲੋਂ ਚੀਨ 'ਤੇ 2020 ਵਿੱਚ ਗੁਪਤ ਪਰਮਾਣੂ ਟੈਸਟ ਦਾ ਇਲਜ਼ਾਮ, ਗਲਵਾਨ ਤੋਂ ਬਾਅਦ ਹੀ ਕੀਤਾ ਗਿਆ ✪ ਐਲਏਸੀ 'ਤੇ ਵਰਤਮਾਨ ਸਥਿਤੀ ਤਣਾਅ ਵਲ ਅਤੇ ਇਨਫਰਾਸਟ੍ਰਕਚਰ ਦੌੜ ਜਾਰੀ

ਅਮਰੀਕਾ ਨੇ ਭਾਰਤ ਨੂੰ ਚੀਨ ਤੋਂ ਸਾਵਧਾਨ ਰਹਿਣ ਦੀ ਚੇਤਾਵਨੀ ਦਿੱਤੀ ਹੈ, ਕਿਉਂਕਿ ਵਿਸ਼ਵ ਦੀਆਂ ਨਜ਼ਰਾਂ ਤਾਇਵਾਨ 'ਤੇ ਟਿਕੀਆਂ ਹੋਈਆਂ ਹਨ ਅਤੇ ਚੀਨ ਕਿਸੇ ਹੋਰ ਮੋਰਚੇ 'ਤੇ ਹਮਲਾ ਕਰ ਸਕਦਾ ਹੈ। ਇਹ ਚੇਤਾਵਨੀ ਸਾਬਕਾ ਅਮਰੀਕੀ ਮਰੀਨ ਇੰਟੈਲੀਜੈਂਸ ਅਧਿਕਾਰੀ ਗ੍ਰਾਂਟ ਨਿਊਸ਼ਮ ਨੇ ਦਿੱਤੀ ਹੈ। ਨਿਊਸ਼ਮ ਨੇ ਕਿਹਾ ਕਿ ਚੀਨ ਦੀ ਪੂਰੀ ਰਣਨੀਤੀ ਧੋਖੇ 'ਤੇ ਆਧਾਰਿਤ ਹੈ ਅਤੇ ਤਾਇਵਾਨ ਨੂੰ ਬਹਾਨਾ ਬਣਾ ਕੇ ਭਾਰਤ ਵਰਗੇ ਦੇਸ਼ਾਂ 'ਤੇ ਅਚਾਨਕ ਕਾਰਵਾਈ ਕਰ ਸਕਦਾ ਹੈ। ਉਨ੍ਹਾਂ ਨੇ ਪੈਂਟਾਗਨ ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਚੀਨ 2049 ਤੱਕ ਆਪਣੇ ਆਪ ਨੂੰ ਵਿਸ਼ਵ ਮਹਾਸ਼ਕਤੀ ਬਣਾਉਣ ਲਈ ਪੀਐੱਲਏ (ਪੀਪਲਜ਼ ਲਿਬਰੇਸ਼ਨ ਆਰਮੀ) ਨੂੰ ਤਿਆਰ ਕਰ ਰਿਹਾ ਹੈ ਅਤੇ ਸ਼ੀ ਜਿਨਪਿੰਗ ਕਿਸੇ ਮੋਰਚੇ 'ਤੇ ਫੌਜੀ ਤਾਕਤ ਦੀ ਪਰਖ ਕਰ ਸਕਦੇ ਹਨ। ਭਾਰਤ ਇਸ ਸੂਚੀ ਵਿੱਚ ਸਿਖਰ 'ਤੇ ਹੈ ਕਿਉਂਕਿ ਲੱਦਾਖ ਵਿੱਚ ਗਲਵਾਨ ਵਰਗੀਆਂ ਝੜਪਾਂ ਤੋਂ ਪਤਾ ਲੱਗਦਾ ਹੈ ਕਿ ਚੀਨੀ ਫੌਜ ਹਿੰਸਕ ਕਾਰਵਾਈਆਂ ਲਈ ਤਿਆਰ ਹੈ।

ਅੰਤਰਰਾਸ਼ਟਰੀ ਅਖ਼ਬਾਰਾਂ ਅਤੇ ਰਿਪੋਰਟਾਂ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਚੀਨੀ ਫੌਜ ਅਤੇ ਟੈਂਕ ਭਾਰਤ ਵੱਲ ਵਧ ਰਹੇ ਹਨ ਜਾਂ ਨਹੀਂ। ਹਾਲੀਆ ਰਿਪੋਰਟਾਂ ਅਨੁਸਾਰ, ਲੱਦਾਖ ਵਿੱਚ ਐਲਏਸੀ 'ਤੇ ਤਣਾਅ ਘੱਟ ਰਿਹਾ ਹੈ ਅਤੇ ਭਾਰਤ-ਚੀਨ ਵਿਚਾਲੇ ਕਈ ਸਮਝੌਤੇ ਹੋਏ ਹਨ। ਪਰ ਕਾਮਯਾਬ ਨਹੀਂ ਹੋਏ। ਚੀਨ ਨੇ ਬਾਰਡਰ 'ਤੇ ਬੁਨਿਆਦੀ ਢਾਂਚੇ (ਰੋਡਜ਼, ਬ੍ਰਿਜ, ਵਿਲੇਜ ਅਤੇ ਮਿਲਟਰੀ ਫੈਸਿਲਿਟੀਜ਼) ਨੂੰ ਤੇਜ਼ੀ ਨਾਲ ਵਧਾਇਆ ਹੈ - ਭਾਰਤ ਨਾਲੋਂ ਚਾਰ ਗੁਣਾ ਜ਼ਿਆਦਾ ਤੇਜ਼ੀ ਨਾਲ। ਸੈਟੇਲਾਈਟ ਇਮੇਜਰੀ ਵਿੱਚ 2020 ਤੋਂ ਚੀਨੀ ਸਥਾਈ ਬਣਤਰਾਂ ਵਿੱਚ ਦਸ ਗੁਣਾ ਵਾਧਾ ਦਿਖਾਇਆ ਗਿਆ ਹੈ। ਚੀਨ ਨੇ ਫੋਰਵਰਡ ਪੋਜ਼ੀਸ਼ਨਾਂ ਤੋਂ ਫੌਜ ਘਟਾਈ ਹੈ ਪਰ ਇਨਫਰਾਸਟ੍ਰਕਚਰ ਨਾਲ ਉਹ ਜਲਦੀ ਫੌਜ ਭੇਜ ਸਕਦਾ ਹੈ। ਹਾਲਾਂਕਿ ਕੋਈ ਵੱਡੀ ਟੈਂਕ ਮੂਵਮੈਂਟ ਜਾਂ ਹਮਲੇ ਦੀ ਤਾਜ਼ਾ ਰਿਪੋਰਟ ਨਹੀਂ ਹੈ, ਪਰ ਚੀਨ ਦੇ ਟਾਈਪ 15 ਲਾਈਟ ਟੈਂਕ ਅਤੇ ਟਾਈਪ 99ਬੀ ਵਰਗੇ ਨਵੇਂ ਟੈਂਕ ਹਾਈ-ਐਲਟੀਚਿਊਡ ਲਈ ਤਿਆਰ ਕੀਤੇ ਜਾ ਰਹੇ ਹਨ ਜੋ ਭਾਰਤੀ ਸਰਹੱਦ ਲਈ ਖਤਰਨਾਕ ਹੋ ਸਕਦੇ ਹਨ।



ਅਮਰੀਕਾ ਨੇ ਚੀਨ 'ਤੇ 2020 ਵਿੱਚ ਗੁਪਤ ਪਰਮਾਣੂ ਟੈਸਟ ਦਾ ਇਲਜ਼ਾਮ ਲਾਇਆ ਹੈ। ਅਮਰੀਕੀ ਅੰਡਰ ਸੈਕਰਟਰੀ ਥਾਮਸ ਡਿਨਾਨੋ ਨੇ ਜਿਨੇਵਾ ਵਿੱਚ ਡਿਸਆਰਮਾਮੈਂਟ ਕਾਨਫਰੰਸ ਵਿੱਚ ਕਿਹਾ ਕਿ ਚੀਨ ਨੇ 22 ਜੂਨ 2020 ਨੂੰ ਯੀਲਡ ਪ੍ਰੋਡਿਊਸਿੰਗ ਨਿਊਕਲੀਅਰ ਟੈਸਟ ਕੀਤਾ, ਜੋ ਗਲਵਾਨ ਝੜਪ (15 ਜੂਨ 2020) ਤੋਂ ਬਾਅਦ ਹੀ ਹੋਇਆ। ਅਮਰੀਕਾ ਦਾ ਅਨੁਮਾਨ ਹੈ ਕਿ 2030 ਤੱਕ ਚੀਨ ਕੋਲ 1000 ਤੋਂ ਵੱਧ ਨਿਊਕਲੀਅਰ ਵਾਰਹੈੱਡ ਹੋਣਗੇ। ਪਰ ਚੀਨ ਨੇ ਇਸ ਤੋਂ ਇਨਕਾਰ ਕੀਤਾ ਹੈ। ਅੰਤਰਰਾਸ਼ਟਰੀ ਮਾਨੀਟਰ ਨੇ ਕਿਹਾ ਕਿ ਇਸ ਇਲਜ਼ਾਮ ਲਈ ਕੋਈ ਸਬੂਤ ਨਹੀਂ ਮਿਲੇ।

ਯਾਦ ਰਹੇ ਕਿ ਭਾਰਤ ਕੋਲ ਲਗਭਗ 170 ਨਿਊਕਲੀਅਰ ਹਥਿਆਰ ਹਨ ਜਦਕਿ ਚੀਨ ਦੀ ਤਾਕਤ ਤੇਜ਼ੀ ਨਾਲ ਵਧ ਰਹੀ ਹੈ। ਸਾਬਕਾ ਆਰਮੀ ਚੀਫ ਜਨਰਲ ਐੱਮ.ਐੱਮ. ਨਰਵਾਣੇ ਦੀ ਅਣਪਬਲਿਸ਼ਡ ਕਿਤਾਬ "ਫੋਰ ਸਟਾਰਜ਼ ਆਫ ਡੈਸਟਿਨੀ" ਵਿੱਚ 31 ਅਗਸਤ 2020 ਦੌਰਾਨ ਚੀਨੀ ਟੈਂਕਾਂ ਦੇ ਅੱਗੇ ਵਧਣ ਦਾ ਜ਼ਿਕਰ ਹੈ। ਉਨ੍ਹਾਂ ਨੇ ਉੱਪਰੋਂ ਆਦੇਸ਼ ਮੰਗੇ ਪਰ ਦੋ ਘੰਟੇ ਬਾਅਦ ਰੱਖਿਆ ਮੰਤਰੀ ਨੇ ਕਿਹਾ "ਜੋ ਉਚਿਤ ਸਮਝੋ ਉਹ ਕਰੋ"। ਭਾਰਤੀ ਫੌਜ ਨੇ ਬਰਫ਼ ਨਾਲ ਢੱਕੇ ਇਲਾਕੇ ਵਿੱਚ ਨੀਤੀ ਨਾਲ ਚੀਨ ਦੇ ਟੈਂਕ ਰੋਕ ਲਏ, ਪਰ ਇਹ ਘਟਨਾ ਇਹ ਵੀ ਉਜਾਗਰ ਕਰਦੀ ਹੈ ਕਿ ਰਾਜਨੀਤਿਕ ਪੱਧਰ 'ਤੇ ਫੈਸਲੇ ਦੀ ਕਮੀ ਅਤੇ ਅਨਿਸ਼ਚਿਤਤਾ ਸੀ। ਇਹ ਕਿਤਾਬ ਅਜੇ ਕਲੀਅਰੈਂਸ ਲਈ ਪੈਂਡਿੰਗ ਹੈ,ਇਸ ਉਪਰ ਪਾਬੰਦੀ ਹੈ ਅਤੇ ਭਾਰਤੀ ਪਾਰਲੀਮੈਂਟ ਵਿੱਚ ਇਸ ਬਾਰੇ ਵਿਵਾਦ ਵੀ ਹੋਇਆ ਸੀ। ਸਾਬਕਾ ਫ਼ੌਜ ਮੁਖੀ ਐਮ.ਐਮ. ਨਰਵਾਣੇ ਦੀ ਕਿਤਾਬ ਨੂੰ ਸੰਸਦ 'ਚ ਮਕਰ ਦਵਾਰ ਦੇ ਬਾਹਰ ਉਨ੍ਹਾਂ ਸੰਬੰਧਿਤ ਕਿਤਾਬ ਪੱਤਰਕਾਰਾਂ ਨੂੰ ਵਿਖਾਉਂਦਿਆਂ ਕਿਹਾ ਸੀ ਕਿ ਜੇਕਰ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਏ ਤਾਂ ਉਹ ਉਨ੍ਹਾਂ ਨੂੰ ਇਹ ਕਿਤਾਬ ਦੇਣਗੇ। ਰਾਹੁਲ ਗਾਂਧੀ ਨੇ ਕਿਤਾਬ ਦਾ ਉਹ ਸਫ਼ਾ ਵੀ ਖੋਲ੍ਹ ਕੇ ਵਿਖਾਇਆ, ਜਿਸ 'ਚ ਲਿਖਿਆ ਸੀ ਕਿ ਪ੍ਰਧਾਨ ਮੰਤਰੀ ਨੇ ਫ਼ੌਜ ਮੁਖੀ ਨੂੰ ਕਿਹਾ ਸੀ ਕਿ ਜੋ ਉੱਚਿਤ ਲੱਗੇ ਉਹ ਕਰੋ। ਰਾਹੁਲ ਨੇ ਕਿਹਾ ਕਿ ਜੇਕਰ ਪ੍ਰਧਾਨ ਮੰਤਰੀ ਆਉਂਦੇ ਹਨ ਤਾਂ ਉਹ ਖੁਦ ਜਾ ਕੇ ਇਹ ਕਿਤਾਬ ਸੌਂਪਣਗੇ, ਤਾਂ ਜੋ ਉਹ ਇਹ ਕਿਤਾਬ ਪੜ੍ਹ ਸਕਣ ਅਤੇ ਦੇਸ਼ ਨੂੰ ਇਸ ਬਾਰੇ ਪਤਾ ਲੱਗ ਸਕੇ। ਰਾਹੁਲ ਗਾਂਧੀ ਨੇ ਦੋਸ਼ ਲਾਉਂਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਆਪਣੀ ਜ਼ਿੰਮੇਵਾਰੀ ਨਹੀਂ ਸਮਝੀ ਅਤੇ ਫ਼ੌਜ ਨੂੰ ਕਿਹਾ ਕਿ ਜੋ ਉੱਚਿਤ ਲੱਗੇ ਉਹ ਕਰੋ । ਉਨ੍ਹਾਂ ਅੱਗੇ ਕਿਹਾ ਕਿ ਨਰਵਾਣੇ ਨੇ ਆਪਣੀ ਕਿਤਾਬ 'ਚ ਲਿਖਿਆ ਹੈ ਕਿ ਉਹ (ਨਰਵਾਣੇ) ਉਸ ਵੇਲੇ ਖੁਦ ਨੂੰ ਬਿਲਕੁਲ ਇਕੱਲਾ ਮਹਿਸੂਸ ਕਰ ਰਹੇ ਸਨ।

ਅੰਤਰਰਾਸ਼ਟਰੀ ਮੀਡੀਆ ਵਿੱਚ ਇਹ ਰਿਪੋਰਟਾਂ ਹਨ ਕਿ ਚੀਨ ਦੀ ਫੌਜੀ ਤਾਕਤ ਵਧ ਰਹੀ ਹੈ ਪਰ ਵੱਡਾ ਹਮਲਾ ਅਸੰਭਵ ਲੱਗਦਾ ਹੈ ਕਿਉਂਕਿ ਦੋਵੇਂ ਦੇਸ਼ ਨੂੰ ਨੁਕਸਾਨ ਜ਼ਿਆਦਾ ਹੋਵੇਗਾ। ਅਮਰੀਕਾ ਭਾਰਤ ਨੂੰ ਚੇਤਾਵਨੀ ਦੇ ਰਿਹਾ ਹੈ ਤਾਂ ਜੋ ਭਾਰਤ ਅਮਰੀਕਾ ਨਾਲ ਨੇੜੇ ਆਵੇ ਅਤੇ ਚੀਨ ਵਿਰੋਧੀ ਗਠਜੋੜ ਮਜ਼ਬੂਤ ਕਰੇ। ਭਾਰਤ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ, ਫੌਜੀ ਤਿਆਰੀ ਵਧਾਉਣੀ ਚਾਹੀਦੀ ਹੈ ਅਤੇ ਡਿਪਲੋਮੈਸੀ ਨਾਲ ਵੀ ਤਣਾਅ ਘਟਾਉਣਾ ਚਾਹੀਦਾ ਹੈ।

# ਮਹਿਲਾ ਪੱਤਰਕਾਰ 'ਤੇ ਸਰਪੰਚ ਦਾ ਹਮਲਾ, ਘਰ ਵਿਚ ਵੜ ਕੇ ਕੀਤੀ ਬਦਸਲੂਕੀ ਅਤੇ ਕੁੱਟਮਾਰ

## ✪ ਪੁਲਿਸ ਵਲੋਂ ਸੰਜੇ ਤਿਵਾੜੀ, ਆਕਾਸ਼ ਅਤੇ 25 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

ਲੁਧਿਆਣਾ-ਇਥੇ ਇੱਕ ਨਿੱਜੀ ਚੈਨਲ ਦੀ ਮਹਿਲਾ ਪੱਤਰਕਾਰ 'ਤੇ ਸਰਪੰਚ ਵੱਲੋਂ ਜਾਨਲੇਵਾ ਹਮਲਾ ਕਰਨ ਅਤੇ ਅਸ਼ਲੀਲ ਹਰਕਤਾਂ ਕਰਨ ਦਾ ਗੰਭੀਰ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੇ ਇਸ ਸਬੰਧੀ ਮੁੱਖ ਮੁਲਜ਼ਮਾਂ ਸਮੇਤ ਕਈ ਹੋਰਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਮਹਿਲਾ ਪੱਤਰਕਾਰ ਨੇ ਸਰਪੰਚ ਸੰਜੇ ਤਿਵਾੜੀ ਵਿਰੁੱਧ ਤੱਥਾਂ ਦੇ ਆਧਾਰ 'ਤੇ ਖ਼ਬਰ ਪ੍ਰਕਾਸ਼ਿਤ ਕੀਤੀ ਸੀ, ਜਿਸ ਕਾਰਨ ਸਰਪੰਚ ਰੰਜਿਸ਼ ਰੱਖ ਰਿਹਾ ਸੀ। ਸਰਪੰਚ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਪਹਿਲਾਂ ਪੱਤਰਕਾਰ ਨੂੰ ਰਸਤੇ ਵਿੱਚ ਘੇਰਿਆ ਅਤੇ ਗਾਲੀ-ਗਲੋਚ ਕੀਤੀ। ਜਦੋਂ ਪੀੜਤਾ ਜਾਨ ਬਚਾਉਣ ਲਈ ਆਪਣੇ ਘਰ ਅੰਦਰ ਗਈ, ਤਾਂ ਮੁਲਜ਼ਮ ਪਿੱਛੇ ਹੀ ਘਰ ਅੰਦਰ ਦਾਖਲ ਹੋ ਗਏ। ਮੁਲਜ਼ਮਾਂ ਨੇ ਘਰ ਦੇ ਅੰਦਰ ਵੜ ਕੇ ਮਹਿਲਾ ਪੱਤਰਕਾਰ ਨਾਲ ਅਸ਼ਲੀਲ ਹਰਕਤਾਂ ਕੀਤੀਆਂ ਅਤੇ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਇੰਨਾ ਹੀ ਨਹੀਂ, ਬਾਹਰੋਂ ਘਰ 'ਤੇ ਪੱਥਰਬਾਜ਼ੀ ਵੀ ਕੀਤੀ ਗਈ। ਥਾਣਾ ਸਦਰ ਦੀ ਪੁਲਿਸ ਨੇ ਜਾਂਚ ਅਧਿਕਾਰੀ ਬਲਵਿੰਦਰ ਸਿੰਘ ਦੀ ਅਗਵਾਈ ਹੇਠ ਸੰਜੇ ਤਿਵਾੜੀ, ਆਕਾਸ਼ ਅਤੇ 25 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਹੋਟਲ ਵਿਚ ਚੱਲ ਰਿਹਾ ਸੀ ਗੰਦਾ ਧੰਦਾ, 7 ਕੁੜੀਆਂ ਨੂੰ ਬਚਾਇਆ

## ✪ ਜ਼ੀਰਕਪੁਰ ਪੁਲਸ ਨੇ ਮੈਨੇਜਰ ਗ੍ਰਿਫਤਾਰ ਕਰਕੇ ਇਮਾਰਤ ਸੀਲ ਕੀਤੀ

ਜ਼ੀਰਕਪੁਰ-ਜ਼ੀਰਕਪੁਰ-ਪੰਚਕੂਲਾ ਰੋਡ 'ਤੇ ਸਥਿਤ ਇੱਕ ਹੋਟਲ ਵਿੱਚ ਦੇਹ ਵਪਾਰ ਦਾ ਗੰਦਾ ਧੰਦਾ ਚੱਲ ਰਿਹਾ ਸੀ। ਪੁਲਸ ਨੂੰ ਭਰੋਸੇਯੋਗ ਸੂਚਨਾ ਮਿਲਣ 'ਤੇ ਯੋਜਨਾਬੱਧ ਛਾਪੇਮਾਰੀ ਕੀਤੀ ਗਈ, ਜਿਸ ਵਿੱਚ 7 ਕੁੜੀਆਂ ਨੂੰ ਸੁਰੱਖਿਅਤ ਬਚਾ ਲਿਆ ਗਿਆ। ਹੋਟਲ ਦੇ ਮੈਨੇਜਰ ਨੂੰ ਮੌਕੇ 'ਤੇ ਹੀ ਗ੍ਰਿਫਤਾਰ ਕਰ ਲਿਆ ਗਿਆ ਹੈ।

ਏ.ਐੱਸ.ਪੀ. ਜ਼ੀਰਕਪੁਰ ਗਜ਼ਲਪ੍ਰੀਤ ਕੌਰ ਨੇ ਦੱਸਿਆ ਕਿ ਹੋਟਲ ਮਾਲਕ ਦੀ ਭੂਮਿਕਾ ਦੀ ਵੀ ਜਾਂਚ ਜਾਰੀ ਹੈ ਅਤੇ ਜਲਦੀ ਹੀ ਉਸ ਖਿਲਾਫ਼ ਵੀ ਕਾਰਵਾਈ ਕੀਤੀ ਜਾਵੇਗੀ। ਇਸ ਇਮਾਰਤ ਨੂੰ ਸੀਲ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਪੁਲਸ ਨੇ ਸਪੱਸ਼ਟ ਕੀਤਾ ਕਿ ਜ਼ੀਰਕਪੁਰ ਵਿੱਚ ਹੁਣ ਤੱਕ ਕਰੀਬ 65 ਕੁੜੀਆਂ ਨੂੰ ਦੇਹ ਵਪਾਰ ਦੇ ਜਾਲ ਤੋਂ ਮੁਕਤ ਕਰਵਾਇਆ ਜਾ ਚੁੱਕਾ ਹੈ।

# ਸ਼੍ਰੋਮਣੀ ਕਮੇਟੀ ਨੇ ਸੰਗਤ ਵੱਲੋਂ ਰਖਵਾਏ ਅਖੰਡ ਪਾਠ ਦੀ ਭੇਟਾ 11 ਹਜ਼ਾਰ ਤੋਂ ਵਧਾ ਕੇ 13 ਹਜ਼ਾਰ ਰੁਪਏ ਕੀਤੀ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਅਧੀਨ ਇਤਿਹਾਸਕ ਗੁਰਦੁਆਰਾ ਸਾਹਿਬਾਨਾਂ 'ਤੇ ਸੰਗਤ ਵੱਲੋਂ ਰਖਵਾਏ ਸ੍ਰੀ ਅਖੰਡ ਪਾਠ ਸਾਹਿਬ ਦੀ ਭੇਟਾ 11 ਹਜ਼ਾਰ ਤੋਂ ਵਧਾ ਕੇ 13 ਹਜ਼ਾਰ ਰੁਪਏ ਕਰ ਦਿੱਤੀ ਹੈ। ਇਹ ਵਾਧਾ ਫਰਵਰੀ 2026 ਤੋਂ ਲਾਗੂ ਹੋ ਗਿਆ ਹੈ।

# ਇੰਗਲੈਂਡ ਵਿੱਚ ਬੇਘਰੇ ਸ਼ਰਨਾਰਥੀਆਂ ਦੀ ਗਿਣਤੀ ਵਿੱਚ ਭਾਰੀ ਵਾਧਾ, ਸਭ ਤੋਂ ਵੱਧ ਲੰਡਨ ਦੀਆਂ ਸੜਕਾਂ ਤੇ ਸੌਂਦੇ

# ਲੇਬਰ ਸਰਕਾਰ ਮੌਕੇ 60000 ਲੋਕਾਂ ਨੂੰ ਦੇਸ਼ 'ਚੋਂ ਕੱਢਿਆ – ਗ੍ਰਹਿ ਵਿਭਾਗ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਵਿੱਚ ਬੇਘਰੇ ਸ਼ਰਨਾਰਥੀਆਂ ਦੀ ਗਿਣਤੀ ਵਿੱਚ ਵੱਡਾ ਵਾਧਾ ਹੋਇਆ ਹੈ। ਨਵੇਂ ਅਧਿਕਾਰਤ ਅੰਕੜੇ ਦਰਸਾਉਂਦੇ ਹਨ ਕਿ ਪਿਛਲੇ ਚਾਰ ਸਾਲਾਂ ਵਿੱਚ ਇਹ ਵਾਧਾ ਪੰਜ ਗੁਣਾ ਹੋਇਆ ਹੈ ਜੋ ਲਗਭਗ 20,000 ਹੋ ਗਿਆ ਹੈ।**

ਇੰਗਲੈਂਡ ਦੇ ਸਰਕਾਰੀ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਇਹ ਗਿਣਤੀ 2021/22 ਵਿੱਚ 3,560 ਤੋਂ 2024/25 ਵਿੱਚ 15,000 ਤੋਂ ਵੱਧ ਵਧ ਕੇ 19,310 ਹੋ ਗਈ ਹੈ। ਰਿਪੋਰਟਾਂ ਅਨੁਸਾਰ, ਲੰਡਨ ਅਤੇ ਉੱਤਰ-ਪੱਛਮ, ਲਿਵਰਪੂਲ ਅਤੇ ਮਾਨਚੈਸਟਰ ਸਮੇਤ, ਬੇਘਰੇ ਸ਼ਰਨਾਰਥੀਆਂ ਸਭ ਤੋਂ ਵੱਧ ਹਨ। ਸਰਕਾਰ ਨੂੰ ਵਧਦੀ ਗਿਣਤੀ 'ਤੇ ਆਲੋਚਨਾ ਦਾ ਵੀ ਸਾਹਮਣਾ ਕਰਨਾ ਪਿਆ ਹੈ। ਇਸ ਵਾਧੇ ਦਾ ਕਾਰਨ ਸਰਕਾਰੀ ਨੀਤੀਆਂ ਕਿਹਾ ਜਾਂਦਾ ਹੈ।



ਲੰਡਨ ਦੀਆਂ ਸੜਕਾਂ ਤੇ ਲੱਗੇ ਤੰਬੂ ਜਿਹਨਾਂ ਵਿੱਚ ਬੇਘਰੇ ਲੋਕ ਰਹਿੰਦੇ ਹਨ

ਇੱਕ ਸਮਾਜ ਸੇਵੀ ਸੰਸਥਾ ਮੁਤਾਬਿਕ ਨਵੇਂ ਸ਼ਰਨਾਰਥੀਆਂ ਨੂੰ ਗ੍ਰਹਿ ਦਫ਼ਤਰ ਵੱਲੋਂ ਦਿੱਤੀ ਰਿਹਾਇਸ਼, ਜਿਵੇਂ ਕਿ ਹੋਟਲਾਂ ਆਦਿ ਚੋਂ ਬਾਹਰ ਜਾਣ ਲਈ 28 ਦਿਨਾਂ ਦੀ ਮਿਆਦ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਸ਼ਰਣ ਦਾਅਵਿਆਂ ਦੀ ਤੇਜ਼ ਪ੍ਰਕਿਰਿਆ ਨੂੰ ਵੀ ਇੱਕ ਕਾਰਨ ਵਜੋਂ ਦੇਖਿਆ ਗਿਆ ਹੈ।

ਘੱਟ ਉਮਰ ਦੀਆਂ ਬੇਘਰ ਸ਼ਰਨਾਰਥੀ ਮਹਿਲਾਵਾਂ ਵੀ ਮਦਦ ਮੰਗ ਰਹੀਆਂ ਹਨ, ਜੋ ਤੰਬੂਆਂ ਵਿੱਚ ਰਹਿੰਦੀਆਂ ਹਨ। ਯੂ ਕੇ ਦਾ ਸ਼ਰਨਾਰਥੀ ਢਾਂਚਾ ਅਰਜ਼ੀਆਂ ਅਤੇ ਅਪੀਲਾਂ ਨਾਲ ਨਜਿੱਠਣ ਲਈ ਸੰਘਰਸ਼ ਕਰ ਰਿਹਾ ਹੈ।

2025 ਵਿੱਚ ਕੁੱਲ 41,427 ਪ੍ਰਵਾਸੀ ਛੋਟੀਆਂ ਕਿਸ਼ਤੀਆਂ ਰਾਹੀਂ ਇੰਗਲਿਸ਼ ਚੈਨਲ ਪਾਰ ਕਰਕੇ ਯੂ ਕੇ ਪਹੁੰਚੇ, ਜੋ ਕਿ ਦੂਜਾ ਸਭ ਤੋਂ ਵੱਡਾ ਸਾਲਾਨਾ ਅੰਕੜਾ ਸੀ। ਜਿਸ ਕਰਕੇ ਸਰਕਾਰ ਨੂੰ ਆਲੋਚਨਾਵਾਂ ਦਾ ਸਾਹਮਣਾ ਕਰਨਾ ਪਿਆ ਹੈ। ਸ਼ਰਨਾਰਥੀ ਪ੍ਰਣਾਲੀ ਯੂ ਕੇ ਦੇ ਟੈਕਸਦਾਤਾਵਾਂ ਦਾ ਅਰਬਾਂ ਪੌਂਡ ਖਰਚ ਰਹੀ ਹੈ, ਗ੍ਰਹਿ ਦਫਤਰ ਨੇ 2024/25 ਵਿੱਚ ਸਿਰਫ਼ ਹੋਟਲਾਂ 'ਤੇ 2.1 ਅਰਬ ਪੌਂਡ ਖਰਚ ਕੀਤੇ, ਜਦ ਕਿ ਪਿਛਲੇ ਵਿੱਤੀ ਸਾਲ ਵਿੱਚ ਇਹ ਖ਼ਰਚਾ 3 ਤਰਬ ਪੌਂਡ ਦੇ ਕਰੀਬ ਸੀ।

ਦੂਜੇ ਪਾਸੇ ਗ੍ਰਹਿ ਵਿਭਾਗ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ 2024 ਵਿੱਚ ਲੇਬਰ ਸਰਕਾਰ ਬਣਨ ਤੋਂ ਬਾਅਦ ਹੁਣ ਤੱਕ 60,000 ਗੈਰਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ (ਡਿਪੋਰਟ) ਦਿੱਤਾ ਜਾ ਚੁੱਕਾ ਹੈ। ਵਿਭਾਗ ਮੁਤਾਬਿਕ 15000 ਲੋਕਾਂ ਨੂੰ 19 ਮਹੀਨਿਆਂ ਦੌਰਾਨ ਕੱਢਿਆ ਗਿਆ ਹੈ ਜਦ ਕਿ ਡਿਪੋਰਟ ਕੀਤੇ ਜਾਣ ਵਾਲੇ 43000 ਲੋਕਾਂ ਨੇ ਖੁਦ ਸਰਕਾਰ ਤੱਕ ਪਹੁੰਚ ਕਰਕੇ ਦੱਸਿਆ ਕਿ ਉਹ ਗੈਰਕਾਨੂੰਨੀ ਹਨ।

ਯੂ ਕੇ ਵਿੱਚ ਪ੍ਰਵਾਸ ਸਿਆਸੀ ਪਾਰਟੀਆਂ ਲਈ ਵੱਡਾ ਮੁੱਦਾ ਬਣਿਆ ਹੋਇਆ ਹੈ, ਲੋਕ ਯੂ ਕੇ ਦੀ ਆਰਥਿਕਤਾ ਤੇ ਇਸ ਨੂੰ ਭਾਰੀ ਬੋਝ ਮੰਨਦੇ ਹਨ। ਯੂ ਕੇ ਵਿੱਚ 200 ਹੋਟਲ ਸ਼ਰਨਾਰਥੀ ਲੋਕਾਂ ਲਈ ਵਰਤੇ ਜਾ ਰਹੇ ਹਨ ਜਦ ਕਿ ਪਹਿਲੀਆਂ ਸਰਕਾਰਾਂ ਮੌਕੇ ਇਹ ਗਿਣਤੀ 400 ਦੇ ਕਰੀਬ ਸੀ। ਗ੍ਰਹਿ ਵਿਭਾਗ ਵੱਲੋਂ ਕਾਨੂੰਨੀ ਵਿੱਚ ਵੀ ਸੋਧ ਕਰਨ ਦੀ ਯੋਜਨਾ ਹੈ ਤਾਂ ਕਿ ਯੂਰਪੀਅਨ ਮਨੁੱਖੀ ਅਧਿਕਾਰ ਹੱਕਾਂ ਵਾਲੇ ਕਾਨੂੰਨੀ ਦੀ ਵਰਤੋਂ ਦੇ ਪ੍ਰਭਾਵ ਨੂੰ ਘਟਾਇਆ ਜਾ ਸਕੇ। ਕਿਉਂਕਿ ਬਹੁਤ ਸਾਰੇ ਲੋਕ ਉਕਤ ਕਾਨੂੰਨ ਤਹਿਤ ਯੂ ਕੇ ਵਿੱਚ ਰਹਿਣ ਜਾਂ ਦੇਸ਼ ਨਿਕਾਲੇ ਵਿੱਚ ਦੇਰੀ ਕਰਨ ਲਈ ਵਰਤੋਂ ਕਰਦੇ ਹਨ।

## ਬ੍ਰਮਿੰਘਮ ਯੂਨੀਵਰਸਿਟੀ ਵਿੱਚ ਸਿੱਖ ਸੁਸਾਇਟੀ ਨੇ 2000 ਤੋਂ ਵੱਧ ਲੋਕਾਂ ਨੂੰ ਲੰਗਰ ਛਕਾਇਆ



ਬ੍ਰਮਿੰਘਮ ਯੂਨੀਵਰਟਸਿਟੀ ਵਿੱਚ ਸਿੱਖ ਸੁਸਾਇਟੀ ਦੇ ਸੇਵਾਦਾਰਾਂ ਨਾਲ ਐਮ ਪੀ ਪ੍ਰੀਤ ਕੌਰ ਗਿੱਲ, ਵਾਈਸ ਚਾਂਸਲਰ ਐਡਮ ਟਿੱਕਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੱਖ ਸੁਸਾਇਟੀ ਵੱਲੋਂ ਬ੍ਰਮਿੰਘਮ ਯੂਨੀਵਰਸਿਟੀ ਵਿਖੇ ਸਾਲਾਨਾ ਲੰਗਰਾਂ ਦੀ ਸੇਵਾ ਕੀਤੀ ਗਈ ਗਈ। ਜਿਸ ਦੌਰਾਨ 2,000 ਤੋਂ ਵੱਧ ਵਿਦਿਆਰਥੀਆਂ ਅਤੇ ਹੋਰਾਂ ਨੇ ਲੰਗਰ ਔਨ ਕੈਂਪਸ ਪ੍ਰੋਗਰਾਮ ਤਹਿਤ ਲੰਗਰ ਛਕਿਆ।

ਯੂਨੀਵਰਸਿਟੀ ਵਿੱਚ ਸਿੱਖ ਵਿਦਿਆਰਥੀਆਂ ਵੱਲੋਂ ਬੀਤੇ 22 ਸਾਲਾਂ ਤੋਂ ਇਹ ਪ੍ਰੰਪਰਾ ਚਲਾਈ ਜਾ ਰਹੀ ਹੈ। ਲੰਗਰ ਤੋਂ ਇਲਾਵਾ ਵਿਦਿਆਰਥੀਆਂ ਅਤੇ ਸਟਾਫ ਨੂੰ ਸਿੱਖ ਧਰਮ ਬਾਰੇ, ਸਿੱਖੀ ਕਦਰਾਂ ਕਮਿਤਾਂ, ਸਿੱਖਾਂ ਵਿੱਚ ਬਰਾਬਰਤਾ ਦਾ ਸੰਦੇਸ਼, ਸੇਵਾ ਅਤੇ ਏਕਤਾ ਆਦਿ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ ਜਾਂਦੀ ਹੈ।

ਬਰਮਿੰਘਮ ਯੂਨੀਵਰਸਿਟੀ ਸਿੱਖ ਸੁਸਾਇਟੀ ਦੀ ਪ੍ਰਧਾਨ ਨਵਜੀਤ ਕੌਰ ਨੇ ਕਿਹਾ ਕਿ ਇਸ ਸਮਾਗਮ ਦਾ ਉਦੇਸ਼ ਸਿੱਖੀ ਕਦਰਾਂ ਕੀਮਤਾਂ ਬਾਰੇ ਜਾਣਕਾਰੀ ਦੇਣਾ ਹੈ। ਕੈਂਪਸ ਵਿੱਚ ਲੰਗਰ ਸਿਰਫ ਸਿੱਖੀ ਪ੍ਰਚਾਰ ਦਾ ਇੱਕ ਤਰੀਕਾ ਹੈ, ਕਿ ਸਿੱਖੀ ਕੀ ਹੈ, ਇਸ ਦੇ ਮੂਲ ਅਧਾਰ ਕੀ ਹਨ। ਉਹਨਾਂ ਕਿਹਾ ਕਿ ਵਿਦਿਆਰਥੀ ਲੰਗਰ ਬਣਾਉਣ ਵਿੱਚ ਮਦਦ ਕਰਦੇ ਹਨ, ਸਵੇਰੇ 5 ਵਜੇ ਗੁਰਦੁਆਰਾ ਸਾਹਿਬ ਜਾ ਕੇ ਲੰਗਰ ਤਿਆਰ ਕੀਤਾ ਅਤੇ ਅਰਦਾਸ ਕੀਤੀ। ਇਸ ਪ੍ਰੋਗਰਾਮ ਨੂੰ ਬ੍ਰਿਟਿਸ਼ ਆਰਗੇਨਾਈਜ਼ੇਸ਼ਨ ਆਫ਼ ਸਿੱਖ ਸਟੂਡੈਂਟਸ ਦੁਆਰਾ ਸਹਿਯੋਗ ਦਿੱਤਾ ਗਿਆ ਸੀ। ਲੰਗਰ ਦੀ ਸੇਵਾ ਸੋਹੋ ਰੋਡ 'ਤੇ ਸਥਿਤ ਨਿਸ਼ਕਾਮ ਗੁਰਦੁਆਰਾ ਸਾਹਿਬ ਵੱਲੋਂ ਕੀਤੀ ਗਈ। ਸਿੱਖ ਸੁਸਾਇਟੀ ਦੇ ਜੋਧਵੀਰ ਸਿੰਘ ਨੇ ਕਿਹਾ ਕਿ ਲੰਗਰ ਦੀ ਪਰੰਪਰਾ ਗੁਰੂ ਨਾਨਕ ਦੇਵ ਜੀ ਦੁਆਰਾ ਸ਼ੁਰੂ ਕੀਤੀ ਗਈ ਸੀ, ਜੋ ਅੱਜ ਵੀ ਚੱਲ ਰਹੀ ਹੈ, ਇਹ ਸਭ ਤੋਂ ਉੱਤਮ ਸੇਵਾ ਹੈ।

ਇਸ ਮੌਕੇ ਪਹੁੰਚੀ ਐਮ ਪੀ ਪ੍ਰੀਤ ਕੌਰ ਗਿੱਲ ਨੇ ਨੌਜਵਾਨਾਂ ਵੱਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਸਿੱਖ ਸੁਸਾਇਟੀ ਦਾ ਧੰਨਵਾਦ ਕੀਤਾ। ਇਸ ਮੌਕੇ ਵਾਈਸ ਚਾਂਸਲਰ ਐਡਮ ਟਿੱਕਲ ਵੀ ਹਾਜ਼ਰ ਸਨ।

## ਕੀ ਬਰਤਾਨੀਆਂ ਨੂੰ ਸ਼ਬਾਨਾ ਮਹਿਮੂਦ ਦੇ ਰੂਪ ਵਿੱਚ ਮਿਲ ਸਕਦੀ ਹੈ ਪਾਕਿਸਤਾਨੀ ਮੂਲ ਦੀ ਪਹਿਲੀ ਮੁਸਲਿਮ ਮਹਿਲਾ ਪ੍ਰਧਾਨ ਮੰਤਰੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕੰਜ਼ਰਵੇਟਿਵ ਪਾਰਟੀ ਨੇ ਰਿਸ਼ੀ ਸੁਨਕ ਨੇ ਰੂਪ ਵਿੱਚ ਬਰਤਾਨੀਆਂ ਨੂੰ ਪਹਿਲਾ ਭਾਰਤੀ ਮੂਲ ਦਾ ਪ੍ਰਧਾਨ ਮੰਤਰੀ ਦੇ ਕੇ ਵਿਸ਼ਵ ਨੂੰ ਜਿੱਥੇ ਹੈਰਾਨ ਕੀਤਾ ਸੀ, ਉੱਥੇ ਹੀ ਪ੍ਰਵਾਸੀਆਂ ਨੂੰ ਅਤੇ ਖਾਸ ਤੌਰ ਤੇ ਭਾਰਤੀਆਂ ਨੂੰ ਆਪਣੇ ਪੱਖ ਵਿੱਚ ਕਰਨ ਦਾ ਅਹਿਮ ਮੌਕਾ ਹੀ ਪੈਦਾ ਨਹੀਂ ਕੀਤਾ, ਬਲਕਿ ਦੁਨੀਆਂ ਨੂੰ ਦੱਸਣ ਵਿੱਚ ਵੀ ਕਾਮਯਾਬ ਰਹੇ ਕਿ ਬਰਤਾਨੀਆਂ ਲੋਕਤੰਤਰ ਦੀ ਮਾਂ ਕਿਉਂ ਕਿਹਾ ਜਾਂਦਾ ਹੈ।

ਲੇਕਨ ਹੁਣ ਐਪਸਟਾਈਨ ਵਿਵਾਦ ਦੇ ਚੱਲਦਿਆਂ ਕੀ ਲੇਬਰ ਪਾਰਟੀ ਬਰਤਾਨੀਆਂ ਨੂੰ ਪਹਿਲੀ ਮੁਸਲਿਮ ਪ੍ਰਧਾਨ ਮੰਤਰੀ ਦੇ ਸਕਦੀ ਹੈ। ਕਿਉਂਕਿ ਮੌਜੂਦਾ ਪ੍ਰਧਾਨ ਮੰਤਰੀ ਕੀਰ ਸਟਾਰਮਰ ਤੇ ਵੱਧ ਰਹੇ ਦਬਾਅ ਤੋਂ ਬਾਅਦ ਮੌਜੂਦਾ ਗ੍ਰਹਿ ਮੰਤਰੀ ਕਸ਼ਮੀਰੀ ਮੂਲ ਦੀ ਸ਼ਬਾਨਾ ਮਹਿਮੂਦ ਦਾ ਨਾਮ ਚਰਚਾ ਵਿੱਚ ਹੈ। 45 ਸਾਲਾ ਵਕੀਲ-ਰਾਜਨੇਤਾ ਸ਼ਬਾਨਾ ਮਹਿਮੂਦ ਨੂੰ ਲੇਬਰ ਪਾਰਟੀ ਦੇ ਸੱਜੇ-ਪੱਖੀ ਪੱਖੀ ਵਿਚਾਰਧਾਰਕ ਵਜੋਂ ਜਾਣਿਆ ਜਾਂਦਾ ਹੈ। ਸੰਸਦੀ ਗਲਿਆਰਿਆਂ ਵਿੱਚ ਚੱਲ ਰਹੀਆਂ ਅਫਵਾਹਾਂ ਨੇ ਆਪਣਾ ਧਿਆਨ ਇੱਕ ਸੰਭਾਵੀ ਇਤਿਹਾਸ ਸਿਰਜਣ ਵਾਲੇ ਉੱਤਰਾਧਿਕਾਰੀ ਸ਼ਬਾਨਾ ਮਹਿਮੂਦ ਵੱਲ ਮੋੜ ਦਿੱਤਾ ਹੈ।

ਵਰਤਮਾਨ ਵਿੱਚ ਯੂ ਕੇ ਦੀ ਗ੍ਰਹਿ ਮੰਤਰੀ ਵਜੋਂ ਸੇਵਾਵਾਂ ਨਿਭਾ ਰਹੀ ਸ਼ਬਾਨਾ ਮਹਿਮੂਦ ਨੂੰ ਲੇਬਰ



ਸ਼ਬਾਨਾ ਮਹਿਮੂਦ

ਪਾਰਟੀ ਦੀ ਅਗਵਾਈ ਕਰਨ ਲਈ ਇੱਕ ਦਾਅਵੇਦਾਰ ਉਮੀਦਵਾਰ ਵਜੋਂ ਦੇਖਿਆ ਜਾ ਰਿਹਾ ਹੈ। ਭਾਵੇਂ ਕਿ ਚੋਣ ਪ੍ਰਕ੍ਰਿਆ ਕੋਈ ਸੁਖਾਲਾ ਰਾਹ ਨਹੀਂ ਹੁੰਦਾ। ਪਰ ਫਿਰ ਵੀ ਸ਼ਬਾਨਾ ਦਾ ਨਾਮ ਚਰਚਾ ਵਿੱਚ ਹੈ। ਉਸ ਦੀਆਂ ਸਖ਼ਤ ਪ੍ਰਵਾਸ ਨੀਤੀਆਂ ਕਾਰਨ ਵੀ ਸ਼ਬਾਨਾ ਦਾ ਨਾਮ ਵੱਧ ਚਰਚਾ ਵਿੱਚ ਹੈ। ਸ਼ਬਾਨਾ ਦਾ ਜਨਮ ਬਰਮਿੰਘਮ ਵਿੱਚ ਮਾਂ ਜ਼ੁਬੈਦਾ ਅਤੇ ਪਿਤਾ ਮਹਿਮੂਦ ਅਹਿਮਦ ਦੇ ਘਰ ਹੋਇਆ ਸੀ ਜੋ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਦੇ ਮੀਰਪੁਰ ਕਸਬੇ ਨਾਲ ਸਬੰਧ ਰੱਖਦੇ ਹਨ।

# ਭਾਰਤ-ਕੈਨੇਡਾ ਸੰਬੰਧਾਂ ਵਿੱਚ ਨਵਾਂ ਮੋੜ: ਅਜੀਤ ਡੋਵਾਲ ਦੀ ਓਟਾਵਾ ਮੁਲਾਕਾਤ

## ✪ ਕੀ ਕੈਨੇਡਾ ਸਰਕਾਰ ਨੇ ਸਿੱਖਾਂ ਨਾਲ ਵਾਅਦੇ ਤੋੜੇ ? ✪ ਭਾਈ ਨਿੱਝਰ ਮਾਮਲੇ ਵਿੱਚ ਚੁੱਪੀ ਦੇ ਪਿੱਛੇ ਕੀ ਕਾਰਨ ਹੈ ?

**ਖਾਸ ਖਬਰ** ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ (ਐਨਐਸਏ) ਅਜੀਤ ਡੋਵਾਲ ਨੇ 6-7 ਫਰਵਰੀ 2026 ਨੂੰ ਓਟਾਵਾ ਵਿੱਚ ਕੈਨੇਡਾ ਦੀ ਡਿਪਟੀ ਕਲਰਕ ਅਤੇ ਨੈਸ਼ਨਲ ਸਕਿਓਰਿਟੀ ਐਂਡ ਇੰਟੈਲੀਜੈਂਸ ਐਡਵਾਈਜ਼ਰ ਨਥਾਲੀ ਡਰੋਇਨ ਨਾਲ ਮਹੱਤਵਪੂਰਨ ਮੁਲਾਕਾਤ ਕੀਤੀ। ਇਹ ਮੁਲਾਕਾਤ ਬਾਈਲੈਟਰਲ ਸਕਿਓਰਿਟੀ ਡਾਇਲਾਗ ਦਾ ਹਿੱਸਾ ਸੀ ਅਤੇ ਦੋਵਾਂ ਨੇ ਨੈਸ਼ਨਲ ਸਕਿਓਰਿਟੀ ਤੇ ਲਾਅ ਐਨਫੋਰਸਮੈਂਟ 'ਤੇ "ਸ਼ੇਅਰਡ ਵਰਕ ਪਲਾਨ" 'ਤੇ ਸਹਿਮਤੀ ਜਤਾਈ। ਇਸ ਵਿੱਚ ਸੁਰੱਖਿਆ ਅਤੇ ਲਾਅ ਐਨਫੋਰਸਮੈਂਟ ਲਈ ਲਾਇਜ਼ਨ ਅਫਸਰਾਂ ਦੀ ਨਿਯੁਕਤੀ, ਰੀਅਲ-ਟਾਈਮ ਇੰਟੈਲੀਜੈਂਸ ਸਾਂਝਾ ਕਰਨਾ ਅਤੇ ਟ੍ਰਾਂਸਨੈਸ਼ਨਲ ਕ੍ਰਾਈਮ ਜਿਵੇਂ ਫੈਂਟਾਨਿਲ ਪ੍ਰੀਕਰਸਰਜ਼ ਵਰਗੀਆਂ ਡਰੱਗਸ, ਸਾਈਬਰ ਥਰੈਟਸ ਅਤੇ ਅੱਤਵਾਦ ਨੂੰ ਰੋਕਣਾ ਸ਼ਾਮਲ ਹੈ। ਡੋਵਾਲ ਨੇ ਕੈਨੇਡਾ ਦੇ ਪਬਲਿਕ ਸੇਫਟੀ ਮੰਤਰੀ ਗੈਰੀ ਅਨੰਦਸੰਗਰੀ ਨਾਲ ਵੀ ਗੱਲਬਾਤ ਕੀਤੀ ਸੀ।

ਭਾਰਤੀ ਵਿਦੇਸ਼ ਮੰਤਰਾਲੇ ਅਤੇ ਕੈਨੇਡੀਅਨ ਪ੍ਰਿਵੀ ਕੌਂਸਲ ਆਫਿਸ ਦੇ ਅਧਿਕਾਰਤ ਬਿਆਨਾਂ ਅਨੁਸਾਰ, ਇਹ ਮੁਲਾਕਾਤ ਦੋਵਾਂ ਦੇਸ਼ਾਂ ਵਿਚਕਾਰ ਸੁਰੱਖਿਆ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਮਹੱਤਵਪੂਰਨ ਕਦਮ ਹੈ। ਭਾਰਤ ਨੇ ਕੈਨੇਡਾ ਵਿੱਚ ਵਧ ਰਹੀਆਂ ਭਾਰਤ ਵਿਰੋਧੀ ਅਤੇ ਖਾਲਿਸਤਾਨੀ ਕੱਟੜਪੰਥੀ ਗਤੀਵਿਧੀਆਂ 'ਤੇ ਸਖ਼ਤ ਚਿੰਤਾ ਜਤਾਈ, ਜਦਕਿ ਕੈਨੇਡਾ ਨੇ ਵਾਇਲੈਂਟ ਐਕਸਟ੍ਰੀਮਿਜ਼ਮ ਅਤੇ ਆਰਗੇਨਾਈਜ਼ਡ ਕ੍ਰਾਈਮ ਵਿਰੁੱਧ ਕਾਰਵਾਈ ਦਾ ਵਾਅਦਾ ਕੀਤਾ ਹੈ। ਭਾਰਤੀ ਮੀਡੀਆ ਵਲੋਂ ਇਸ ਨੂੰ ਖਾਲਿਸਤਾਨੀ ਗਰੁੱਪਾਂ ਲਈ ਵੱਡਾ



ਝਟਕਾ ਦੱਸਿਆ ਜਾ ਰਿਹਾ ਹੈ, ਕਿਉਂਕਿ ਕੈਨੇਡਾ ਹੁਣ ਇਨ੍ਹਾਂ ਨੂੰ ਹਿੰਸਕ ਗਤੀਵਿਧੀਆਂ ਵਜੋਂ ਵੇਖ ਰਿਹਾ ਹੈ ਅਤੇ ਪਿਛਲੀਆਂ ਇੰਟੈਲੀਜੈਂਸ ਰਿਪੋਰਟਾਂ ਵਿੱਚ ਵੀ ਇਸ ਨੂੰ ਮੰਨਿਆ ਗਿਆ ਸੀ।

ਇਹ ਮੁਲਾਕਾਤ ਜਸਟਿਨ ਟਰੂਡੋ ਦੇ ਸਮੇਂ ਵਿੱਚ ਖਰਾਬ ਹੋਏ ਸੰਬੰਧਾਂ ਤੋਂ ਬਾਅਦ ਮਾਰਕ ਕਾਰਨੀ ਦੀ ਸਰਕਾਰ ਵੱਲੋਂ ਅਪਣਾਈ ਪ੍ਰੈਗਮੈਟਿਕ ਅਪ੍ਰੋਚ ਦਾ ਸਬੂਤ ਹੈ। ਕਾਰਨੀ ਨੇ ਸੁਰੱਖਿਆ ਸਹਿਯੋਗ ਨੂੰ ਤਰਜੀਹ ਦਿੱਤੀ ਹੈ ਅਤੇ ਇਹ ਮੁਲਾਕਾਤ ਮਾਰਚ 2026 ਵਿੱਚ ਉਸ ਦੇ ਭਾਰਤ ਦੌਰੇ ਤੋਂ ਪਹਿਲਾਂ ਹੋਈ। ਇਸ ਨਾਲ ਟ੍ਰੇਡ, ਟੈਕਨਾਲੋਜੀ, ਕਲੀਨ ਐਨਰਜੀ, ਕ੍ਰਿਟੀਕਲ ਮਿਨਰਲਜ਼ ਅਤੇ ਯੂਰੇਨੀਅਮ ਸਪਲਾਈ ਵਿੱਚ ਸਹਿਯੋਗ ਵਧਣ ਦੀ ਸੰਭਾਵਨਾ ਹੈ। ਅਮਰੀਕਾ ਵਿੱਚ ਟਰੰਪ ਦੀ ਵਾਪਸੀ ਅਤੇ ਵਿਸ਼ਵ ਸਿਆਸੀ ਬਦਲਾਅ ਨੇ ਵੀ ਕੈਨੇਡਾ ਨੂੰ ਭਾਰਤ ਨਾਲ ਮਿਲ ਕੇ ਕੰਮ ਕਰਨ ਲਈ ਪ੍ਰੇਰਿਤ ਕੀਤਾ ਹੈ।

**ਹਰਦੀਪ ਸਿੰਘ ਨਿੱਝਰ ਮਾਮਲੇ ਵਿੱਚ ਚੁੱਪੀ ਅਤੇ ਸਿੱਖ ਲੀਡਰਸ਼ਿਪ ਦੀ ਨਿਰਾਸ਼ਾ**

ਜੂਨ 2023 ਵਿੱਚ ਸਰੀ, ਬ੍ਰਿਟਿਸ਼ ਕੋਲੰਬੀਆ ਵਿੱਚ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਨੇ ਭਾਰਤ-ਕੈਨੇਡਾ ਸੰਬੰਧਾਂ ਨੂੰ ਭਾਰੀ ਝਟਕਾ ਦਿੱਤਾ ਸੀ। ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਤੰਬਰ 2023 ਵਿੱਚ ਭਾਰਤ ਸਰਕਾਰ 'ਤੇ ਦੋਸ਼ ਲਾਏ ਸਨ ਕਿ ਭਾਰਤੀ ਏਜੰਸੀਆਂ ਦਾ ਇਸ ਵਿੱਚ ਹੱਥ ਹੈ, ਜਿਸ ਨਾਲ ਡਿਪਲੋਮੈਟਾਂ ਦੀ ਵਾਪਸੀ ਅਤੇ ਵਪਾਰਕ ਗੱਲਬਾਤ ਰੁਕ ਗਈ ਸੀ।

2026 ਵਿੱਚ ਵੀ ਜਾਂਚ ਜਾਰੀ ਹੈ ਅਤੇ ਮੌਜੂਦਾ ਕਾਰਨੀ ਸਰਕਾਰ ਨੇ ਇਸ ਬਾਰੇ ਵੱਧ ਜਾਣਕਾਰੀ ਸਾਂਝੀ ਨਹੀਂ ਕੀਤੀ। ਅਧਿਕਾਰਤ ਬਿਆਨਾਂ ਵਿੱਚ ਕਿਹਾ ਜਾਂਦਾ ਹੈ ਕਿ ਮਾਮਲਾ ਅਦਾਲਤ ਵਿੱਚ ਹੈ ਅਤੇ ਜਾਂਚ ਨਿਰਪੱਖ ਚੱਲ ਰਹੀ ਹੈ, ਇਸ ਲਈ ਵੱਧ ਟਿੱਪਣੀ ਨਹੀਂ ਕੀਤੀ ਜਾ ਸਕਦੀ। ਇਹ ਚੁੱਪੀ ਸਿੱਖ ਭਾਈਚਾਰੇ ਅਤੇ ਖਾਲਿਸਤਾਨ ਸਮਰਥਕਾਂ ਵਿੱਚ ਨਿਰਾਸ਼ਾ ਪੈਦਾ ਕਰ ਰਹੀ ਹੈ। ਉਹ ਮੰਨਦੇ ਹਨ ਕਿ ਕੈਨੇਡਾ ਨੇ ਰਾਜਨੀਤਿਕ ਦਬਾਅ (ਖਾਸ ਕਰ ਸੁਰੱਖਿਆ ਅਤੇ ਅਰਥ ਵਿਵਸਥਾ ਦੇ ਮੁੱਦਿਆਂ 'ਤੇ) ਕਾਰਨ ਸਿੱਖ ਅਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੇ ਮੁੱਦੇ 'ਤੇ ਸਮਰਥਨ ਛੱਡ ਦਿੱਤਾ ਹੈ।

ਕੈਨੇਡੀਅਨ ਸਿੱਖ ਲੀਡਰਸ਼ਿਪ (ਜਿਵੇਂ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਅਤੇ ਹੋਰ ਗੁਰਦੁਆਰਾ ਕਮੇਟੀਆਂ) ਨੇ ਇਸ ਨੂੰ "ਵਾਅਦਾ ਤੋੜਨ" ਵਜੋਂ ਵੇਖਿਆ ਹੈ। ਉਨ੍ਹਾਂ ਅਨੁਸਾਰ, ਨਿੱਝਰ ਕਤਲ ਕਾਂਡ ਦੀ ਜਾਂਚ ਵਿੱਚ ਪਾਰਦਰਸ਼ਤਾ ਨਹੀਂ ਆਈ। ਹੁਣ ਨਵੀਂ ਸਰਕਾਰ ਨੇ ਭਾਰਤ ਨਾਲ ਸੁਰੱਖਿਆ ਸਹਿਯੋਗ ਨੂੰ ਅੱਗੇ ਵਧਾਇਆ ਹੈ, ਜਿਸ ਨੂੰ ਉਹ ਪੁਰਾਣੇ ਮਾਮਲੇ ਨਿੱਝਰ ਕਤਲ ਕਾਂਡ ਨੂੰ ਪਿੱਛੇ ਛੱਡਣ ਵਜੋਂ ਵੇਖ ਰਹੇ ਹਨ। ਕੁਝ ਰਿਪੋਰਟਾਂ ਵਿੱਚ ਸਿੱਖ ਆਗੂਆਂ ਨੇ ਕਿਹਾ ਹੈ ਕਿ ਸਿੱਖ ਭਾਈਚਾਰੇ ਨੂੰ ਸੁਰੱਖਿਆ ਦੀ ਲੋੜ ਹੈ, ਪਰ ਸਰਕਾਰ ਨੇ ਟ੍ਰਾਂਸਨੈਸ਼ਨਲ ਰਿਪ੍ਰੈਸ਼ਨ ਅਤੇ ਧਮਕੀਆਂ 'ਤੇ ਵੀ ਧਿਆਨ ਨਹੀਂ ਦਿੱਤਾ। ਇਸ ਕਾਰਣ ਸਿੱਖ ਭਾਈਚਾਰੇ ਵਿੱਚ ਡਰ ਅਤੇ ਨਿਰਾਸ਼ਾ ਵਧ ਰਹੀ ਹੈ।

ਡੋਵਾਲ ਦੀ ਮੁਲਾਕਾਤ ਨੇ ਭਾਰਤ-ਕੈਨੇਡਾ ਸੰਬੰਧਾਂ ਵਿੱਚ ਨਵਾਂ ਮੋੜ ਲਿਆਂਦਾ ਹੈ, ਜਿੱਥੇ ਸੁਰੱਖਿਆ ਅਤੇ ਅਰਥ ਵਿਵਸਥਾ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਪਰ ਨਿੱਝਰ ਮਾਮਲੇ ਵਿੱਚ ਚੱਲ ਰਹੀ ਜਾਂਚ ਅਤੇ ਚੁੱਪੀ ਨੇ ਸਿੱਖ ਲੀਡਰਸ਼ਿਪ ਵਿੱਚ ਡੂੰਘੀ ਨਿਰਾਸ਼ਾ ਪੈਦਾ ਕੀਤੀ ਹੈ।

# ਕੈਨੇਡਾ ਵਿਚ ਭਾਰਤੀ ਨੌਜਵਾਨ ਦੀ ਟਾਰਗੇਟ ਕਿਲਿੰਗ: ਟੋਰਾਂਟੋ ਵਿੱਚ ਤੀਜੀ ਹੱਤਿਆ



ਟੋਰਾਂਟੋ-ਕੈਨੇਡਾ ਦੇ ਟੋਰਾਂਟੋ ਸ਼ਹਿਰ ਦੇ ਈਟੋਬੀਕੋਕ ਇਲਾਕੇ ਵਿੱਚ ਵੁੱਡਬਾਈਨ ਸ਼ਾਪਿੰਗ ਸੈਂਟਰ ਦੇ ਪਾਰਕਿੰਗ ਲਾਟ ਵਿੱਚ 37 ਸਾਲਾ ਭਾਰਤੀ ਮੂਲ ਦੇ ਆਈਟੀ ਪ੍ਰੋਫੈਸ਼ਨਲ ਚੰਦਨ ਕੁਮਾਰ ਰਾਜਾ ਨੰਦਾਕੁਮਾਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਹ ਘਟਨਾ ਸ਼ਨੀਵਾਰ ਦੁਪਹਿਰ ਵਾਪਰੀ, ਜਿੱਥੇ ਹਮਲਾਵਰਾਂ ਨੇ ਉਸ ਨੂੰ ਨਿਸ਼ਾਨਾ ਬਣਾਇਆ ਅਤੇ ਫਰਾਰ ਹੋ ਗਏ। ਪੁਲਿਸ ਨੇ ਉਸ ਨੂੰ ਹਸਪਤਾਲ ਪਹੁੰਚਾਇਆ ਪਰ ਜ਼ਖ਼ਮਾਂ ਕਾਰਨ ਉਸ ਦੀ ਮੌਤ ਹੋ ਗਈ। ਟੋਰਾਂਟੋ ਪੁਲਿਸ ਨੇ ਇਸ ਨੂੰ ਟਾਰਗੇਟਿਡ ਹੱਤਿਆ ਦੱਸਿਆ ਹੈ ਅਤੇ ਇਹ 2026 ਵਿੱਚ ਸ਼ਹਿਰ ਦੀ ਤੀਜੀ ਹੱਤਿਆ ਹੈ। ਚੰਦਨ ਬ੍ਰੈਂਪਟਨ ਵਿੱਚ ਰਹਿੰਦਾ ਸੀ ਅਤੇ ਕਰਨਾਟਕ ਮੂਲ ਦਾ ਸੀ। ਪਰਿਵਾਰ ਨੇ ਸਰਕਾਰ ਤੋਂ ਲਾਸ਼ ਵਾਪਸ ਲਿਆਉਣ ਵਿੱਚ ਮਦਦ ਮੰਗੀ ਹੈ। ਜਾਂਚ ਜਾਰੀ ਹੈ, ਹਮਲਾਵਰਾਂ ਬਾਰੇ ਅਜੇ ਕੋਈ ਸੂਹ ਨਹੀਂ ਮਿਲੀ।

ਲਾਪਤਾ 328 ਪਾਵਨ ਸਰੂਪਾਂ ਮਾਮਲਾ

# ਸਾਬਕਾ ਅਕਾਊਂਟੈਂਟ ਕੋਹਲੀ ਜੇਲ੍ਹ ਵਿਚ ਜਾਂਚ ਜਾਰੀ

## ✪ ਅਕਾਲ ਤਖ਼ਤ ਦਾ ਸਖ਼ਤ ਹੁਕਮ, ਬੇਅਦਬੀ ਜਾਂਚ ਵਿਚ ਸਿਰਫ਼ ਅੰਮ੍ਰਿਤਧਾਰੀ ਸਿੱਖ ਅਧਿਕਾਰੀ ਹੋਣ

ਅੰਮ੍ਰਿਤਸਰ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਾਪਤਾ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਅਕਾਊਂਟੈਂਟ ਸਤਿੰਦਰ ਸਿੰਘ ਕੋਹਲੀ ਨੂੰ ਅਦਾਲਤ ਨੇ ਜੁਡੀਸ਼ੀਅਲ ਕਸਟਡੀ ਵਿੱਚ ਭੇਜ ਦਿੱਤਾ ਹੈ। ਦੋ ਦਿਨਾਂ ਪ੍ਰੋਡਕਸ਼ਨ ਵਾਰੰਟ ਤੋਂ ਬਾਅਦ ਪੁਲਿਸ ਹਿਰਾਸਤ ਵਿੱਚ ਰਹਿਣ ਤੋਂ ਬਾਅਦ ਉਸ ਨੂੰ ਜੇਲ੍ਹ ਭੇਜਿਆ ਗਿਆ। ਐੱਸਆਈਟੀ ਦੀ ਪੁੱਛਗਿੱਛ ਵਿੱਚ ਕਈ ਮਹੱਤਵਪੂਰਨ ਰਾਜ਼ ਸਾਹਮਣੇ ਆਏ ਹਨ। ਥਾਣਾ ਸੀ ਡਵੀਜ਼ਨ ਅੰਮ੍ਰਿਤਸਰ ਨੇ ਪਿਛਲੇ ਸਾਲ ਕੋਹਲੀ ਸਮੇਤ 16 ਵਿਅਕਤੀਆਂ ਖ਼ਿਲਾਫ਼ ਧੋਖਾਧੜੀ ਅਤੇ ਗੈਰ-ਕਾਨੂੰਨੀ ਵਰਤੋਂ ਦੇ ਦੋਸ਼ਾਂ ਹੇਠ ਕੇਸ ਦਰਜ ਕੀਤਾ ਸੀ।

ਪੁਲਿਸ ਨੇ ਵਾਅਦਾ ਕੀਤਾ ਹੈ ਕਿ ਜਲਦ ਹੋਰ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਕੇ ਲਾਪਤਾ ਸਰੂਪਾਂ ਦਾ ਪਤਾ ਲਗਾਇਆ ਜਾਵੇਗਾ। ਇਸੇ ਮਾਮਲੇ ਨਾਲ ਜੁੜੇ ਬੇਅਦਬੀ ਮਾਮਲਿਆਂ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਨਵੀਂ ਜਾਂਚ ਟੀਮ ਗਠਿਤ ਕੀਤੀ ਜਾਵੇ ਜਿਸ ਵਿੱਚ ਸਿਰਫ਼ ਅੰਮ੍ਰਿਤਧਾਰੀ ਸਿੱਖ ਅਧਿਕਾਰੀ ਸ਼ਾਮਲ ਹੋਣ, ਜਿਨ੍ਹਾਂ ਨੂੰ ਗੁਰੂ ਸਾਹਿਬ ਪ੍ਰਤੀ ਸਤਿਕਾਰ ਅਤੇ ਰਹਿਤ ਮਰਿਆਦਾ ਦਾ ਪੂਰਾ ਗਿਆਨ ਹੋਵੇ। ਜਥੇਦਾਰ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਸਿਵਲ ਕੱਪੜਿਆਂ ਵਿੱਚ ਪੁਲਿਸ ਦੇ ਦਾਖਲ ਹੋਣ ਦੀ ਸਖ਼ਤ ਨਿੰਦਾ ਕੀਤੀ ਅਤੇ ਐੱਸਜੀਪੀਸੀ ਤੋਂ ਵਿਸਥਾਰਤ ਰਿਪੋਰਟ ਮੰਗੀ ਹੈ।

# ਤਰਨਤਾਰਨ 'ਚ ਕਾਲਜ ਅੰਦਰ ਖੌਫਨਾਕ ਵਾਰਦਾਤ

## ✪ ਇਕਤਰਫ਼ਾ ਪਿਆਰ ਨੇ ਲਈ ਦੋ ਜਾਨਾਂ

ਤਰਨਤਾਰਨ-ਤਰਨਤਾਰਨ ਜ਼ਿਲ੍ਹੇ ਦੇ ਉਸਮਾ ਪਿੰਡ ਸਥਿਤ ਇੱਕ ਲਾਅ ਕਾਲਜ ਵਿੱਚ ਬੀਤੇ ਸੋਮਵਾਰ ਨੂੰ ਇੱਕ ਨੌਜਵਾਨ ਨੇ ਕਲਾਸਰੂਮ ਵਿੱਚ ਆਪਣੀ ਜਮਾਤੀ ਵਿਦਿਆਰਥਣ ਸੰਦੀਪ ਕੌਰ (20) 'ਤੇ ਗੋਲੀ ਚਲਾ ਕੇ ਮੌਤ ਦੇ ਘਾਟ ਉਤਾਰ ਦਿੱਤੀ ਅਤੇ ਫਿਰ ਖੁਦ ਨੂੰ ਗੋਲੀ ਮਾਰ ਲਈ। ਹਮਲਾਵਰ ਪ੍ਰਿੰਸਰਾਜ ਸਿੰਘ ਵੀ ਉਸੇ ਕਾਲਜ ਦਾ ਪਹਿਲੇ ਸਾਲ ਦਾ ਵਿਦਿਆਰਥੀ ਸੀ।

ਸ਼ੁਰੂਆਤੀ ਜਾਂਚ ਮੁਤਾਬਕ ਇਹ ਮਾਮਲਾ ਇਕਤਰਫ਼ਾ ਪਿਆਰ ਅਤੇ ਵੈਲਨਟਾਈਨ ਵੀਕ ਦੌਰਾਨ ਪ੍ਰਸਤਾਵ ਰੱਦ ਹੋਣ ਨਾਲ ਜੁੜਿਆ ਹੈ। ਘਟਨਾ ਸੀਸੀਟੀਵੀ ਵਿੱਚ ਕੈਦ ਹੋ ਗਈ। ਪੁਲਿਸ ਨੇ ਪਿਸਤੌਲ ਬਰਾਮਦ ਕੀਤਾ ਅਤੇ ਦੋਵਾਂ ਸਰੀਰ ਪੋਸਟਮਾਰਟਮ ਲਈ ਭੇਜੇ। ਕਾਲਜ ਸੀਲ ਹੈ। ਪ੍ਰਿੰਸਰਾਜ ਦੀ ਹਾਲਤ ਗੰਭੀਰ ਹੈ।

# ਐਡਵੋਕੇਟ ਧਾਮੀ ਦਾ ਸਖ਼ਤ ਰੁਖ : ਸੀਟੀਈਟੀ ਵਿਚ ਕੜੇ ਲੁਹਾਉਣਾ 'ਸਿੱਖ ਵਿਰੋਧੀ ਮਾਨਸਿਕਤਾ'

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੇਂਦਰੀ ਅਧਿਆਪਕ ਯੋਗਤਾ ਪ੍ਰੀਖਿਆ ਵਿੱਚ ਸਿੱਖ ਪ੍ਰੀਖਿਆਰਥੀਆਂ ਦੇ ਕੜੇ ਲੁਹਾਏ ਜਾਣ ਦੇ ਮਾਮਲੇ 'ਤੇ ਸਖ਼ਤ ਰੁਖ ਅਪਣਾਇਆ ਹੈ। ਉਨ੍ਹਾਂ ਇਸ ਨੂੰ 'ਸਿੱਖ ਵਿਰੋਧੀ ਮਾਨਸਿਕਤਾ' ਦਾ ਪ੍ਰਗਟਾਵਾ ਦੱਸਦਿਆਂ ਪੂਰੀ ਘਟਨਾ ਦੀ ਪੜਤਾਲ ਦੇ ਨਿਰਦੇਸ਼ ਦਿੱਤੇ ਹਨ।

ਬੀਤੇ ਦਿਨ ਬਠਿੰਡਾ ਦੇ ਪਿੰਡ ਭੋਖੜਾ ਵਿਖੇ ਦਿੱਲੀ ਪਬਲਿਕ ਸਕੂਲ ਵਿੱਚ ਬਣੇ

## ✪ ਸ਼੍ਰੋਮਣੀ ਕਮੇਟੀ ਨੇ ਜਾਂਚ ਦੇ ਦਿੱਤੇ ਨਿਰਦੇਸ਼



ਸੀਟੀਈਟੀ ਪ੍ਰੀਖਿਆ ਕੇਂਦਰ ਵਿਚ ਸਿੱਖ ਵਿਦਿਆਰਥੀਆਂ ਨੂੰ ਕੜੇ ਉਤਾਰਨ ਲਈ ਮਜਬੂਰ ਕੀਤਾ ਗਿਆ ਸੀ। ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਗੁਰੂਆਂ ਦੀ ਧਰਤੀ ਹੈ ਅਤੇ ਇੱਥੇ ਹਰੇਕ ਨੂੰ ਪਤਾ ਹੈ ਕਿ ਕੜਾ ਸਿੱਖਾਂ ਦਾ ਅਨਿੱਖੜਵਾਂ ਅੰਗ ਹੈ। ਇਸ ਦੇ ਬਾਵਜੂਦ ਅਜਿਹੀ ਹਰਕਤ ਮੰਦਭਾਗੀ ਅਤੇ ਅਸਹਿਣਯੋਗ ਹੈ।

ਉਨ੍ਹਾਂ ਸਵਾਲ ਉਠਾਇਆ ਕਿ ਇਹ ਹਰਕਤਾਂ ਕਿਸ ਦੇ ਇਸ਼ਾਰੇ 'ਤੇ ਹੋ ਰਹੀਆਂ ਹਨ ਅਤੇ ਕੀ ਪੰਜਾਬ ਸਰਕਾਰ ਇਸ ਨੂੰ ਮੌਕਾ ਦੇ ਰਹੀ ਹੈ? ਜੇ ਅਜਿਹਾ ਹੈ ਤਾਂ ਇਸ ਤੋਂ ਵੱਧ ਦੁਖਦਾਈ ਕੀ ਹੋ ਸਕਦਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਜਾਂਚ ਲਈ ਗੁਰਦੁਆਰਾ ਸ੍ਰੀ ਹਾਜੀਰਤਨ ਸਾਹਿਬ ਬਠਿੰਡਾ ਦੇ ਮੈਨੇਜਰ ਦਰਸ਼ਨ ਸਿੰਘ, ਤਲਵੰਡੀ ਸਾਬੋ ਦੇ ਇੰਚਾਰਜ ਭੋਲਾ ਸਿੰਘ ਅਤੇ ਪ੍ਰਚਾਰਕਾਂ ਦੀ ਟੀਮ ਬਣਾਈ ਹੈ। ਜਾਂਚ ਰਿਪੋਰਟ ਮਿਲਣ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਕਾਰਵਾਈ ਲਈ ਲਿਖਿਆ ਜਾਵੇਗਾ।

ਉਨ੍ਹਾਂ ਪੰਜਾਬ ਵਾਸੀਆਂ ਅਤੇ ਸਿੱਖਾਂ ਨੂੰ ਅਪੀਲ ਕੀਤੀ ਕਿ ਅਜਿਹੀਆਂ ਸਿੱਖ ਵਿਰੋਧੀ ਹਰਕਤਾਂ ਦਾ ਮੌਕੇ 'ਤੇ ਵਿਰੋਧ ਕਰਨਾ ਅਤੇ ਆਪਣੀ ਅਵਾਜ਼ ਬੁਲੰਦ ਕਰਨਾ ਹਰ ਸਿੱਖ ਦਾ ਫਰਜ਼ ਹੈ। ਜੇ ਮੂਕ ਪ੍ਰਵਾਨਗੀ ਮਿਲਦੀ ਰਹੀ ਤਾਂ ਅਜਿਹੇ ਅਨਸਰਾਂ ਦੇ ਹੌਸਲੇ ਵਧਣਗੇ।


## ਗਿਆਨੀ ਹਰਪ੍ਰੀਤ ਸਿੰਘ ਦਾ ਸਪੱਸ਼ਟ ਰੁਖ ਨਹੀਂ ਹੋਵੇਗਾ ਬਾਦਲ ਦਲ ਨਾਲ ਸਮਝੌਤਾ



ਅੰਮ੍ਰਿਤਸਰ-ਬਿਕਰਮ ਸਿੰਘ ਮਜੀਠੀਆ ਵੱਲੋਂ ਅਕਾਲੀ ਦਲ ਵਿੱਚ ਏਕਤਾ ਦੇ ਬਿਆਨ 'ਤੇ ਗਿਆਨੀ ਹਰਪ੍ਰੀਤ ਸਿੰਘ ਨੇ ਸਪੱਸ਼ਟ ਰੁਖ ਅਪਣਾਇਆ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਪ੍ਰਧਾਨ ਰਹਿੰਦੇ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਸੰਭਵ ਨਹੀਂ। ਸਮਝੌਤਾ ਸੱਤਾ ਲਈ ਨਹੀਂ, ਸਿਧਾਂਤਾਂ 'ਤੇ ਹੋਣਾ ਚਾਹੀਦਾ ਹੈ। ਜੇ ਸੁਖਬੀਰ ਪ੍ਰਧਾਨਗੀ ਛੱਡ ਦੇਣ ਤਾਂ ਵਾਪਸੀ ਸੰਭਵ ਹੈ। ਇਸ ਦੌਰਾਨ ਉਨ੍ਹਾਂ ਨੇ ਐਸਜੀਪੀਸੀ ਪ੍ਰਧਾਨ ਹਰਜਿੰਦਰ ਧਾਮੀ 'ਤੇ ਤਿੱਖਾ ਹਮਲਾ ਕਰਦਿਆਂ ਉਨ੍ਹਾਂ ਨੂੰ ਭਗੌੜੇ ਦਲ ਦਾ ਸਿਪਾਹੀ ਕਿਹਾ ਅਤੇ ਗੁਰਦੁਆਰਾ ਜ਼ਮੀਨ ਵੇਚਣ ਵਰਗੀਆਂ ਹਰਕਤਾਂ ਦੀ ਨਿੰਦਾ ਕੀਤੀ ਤੇ ਸਪੱਸ਼ਟ ਰੁਖ ਅਪਣਾਇਆ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਪ੍ਰਧਾਨ ਰਹਿੰਦੇ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਸੰਭਵ ਨਹੀਂ। ਸਮਝੌਤਾ ਸੱਤਾ ਲਈ ਨਹੀਂ, ਸਿਧਾਂਤਾਂ 'ਤੇ ਹੋਣਾ ਚਾਹੀਦਾ ਹੈ। ਜੇ ਸੁਖਬੀਰ ਪ੍ਰਧਾਨਗੀ ਛੱਡ ਦੇਣ ਤਾਂ ਵਾਪਸੀ ਸੰਭਵ ਹੈ। ਇਸ ਦੌਰਾਨ ਉਨ੍ਹਾਂ ਨੇ ਐਸਜੀਪੀਸੀ ਪ੍ਰਧਾਨ ਹਰਜਿੰਦਰ ਧਾਮੀ 'ਤੇ ਤਿੱਖਾ ਹਮਲਾ ਕਰਦਿਆਂ ਉਨ੍ਹਾਂ ਨੂੰ ਭਗੌੜੇ ਦਲ ਦਾ ਸਿਪਾਹੀ ਕਿਹਾ ਅਤੇ ਗੁਰਦੁਆਰਾ ਜ਼ਮੀਨ ਵੇਚਣ ਵਰਗੀਆਂ ਹਰਕਤਾਂ ਦੀ ਨਿੰਦਾ ਕੀਤੀ।

## 40 ਸਾਲ ਬਾਅਦ ਵੀ ਨਕੋਦਰ ਦੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਇਨਸਾਫ਼ ਨਹੀਂ ਮਿਲਿਆ

ਨਕੋਦਰ-ਨਕੋਦਰ ਬੇਅਦਬੀ ਕਾਂਡ ਨੂੰ 40 ਸਾਲ ਪੂਰੇ ਹੋ ਗਏ। 2 ਫਰਵਰੀ 1986 ਨੂੰ



ਗੁਰਦੁਆਰਾ ਗੁਰੂ ਅਰਜਨ ਦੇਵ ਜੀ, ਨਕੋਦਰ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜ ਸਰੂਪਾਂ ਨੂੰ ਅਗਨ ਭੇਟ ਕੀਤੇ ਜਾਣ 'ਤੇ ਰੋਸ ਪ੍ਰਗਟ ਕਰਨ ਵਾਲੀ ਸੰਗਤ 'ਤੇ ਪੁਲਿਸ ਨੇ ਗੋਲੀਆਂ ਚਲਾ ਦਿੱਤੀਆਂ। ਚਾਰ ਨੌਜਵਾਨ ਰਵਿੰਦਰ ਸਿੰਘ ਲਿੱਤਰਾਂ, ਹਰਮਿੰਦਰ ਸਿੰਘ ਰਾਏਪੁਰ ਚਾਲੂਪੁਰ, ਬਲਧੀਰ ਸਿੰਘ ਰਾਮਗੜ੍ਹ ਅਤੇ ਝਿਲਮਣ ਸਿੰਘ ਗੌਰਸੀਆਂ ਸ਼ਹੀਦ ਹੋ ਗਏ ਸਨ। 40 ਸਾਲ ਬਾਅਦ ਵੀ ਪੀੜਤ ਪਰਿਵਾਰਾਂ ਨੂੰ ਇਨਸਾਫ਼ ਨਹੀਂ ਮਿਲਿਆ। ਸਿਰਫ਼ ਰਵਿੰਦਰ ਸਿੰਘ ਦੇ ਪਿਤਾ ਬਲਦੇਵ ਸਿੰਘ ਜਿਊਂਦੇ ਹਨ, ਜੋ ਹਰ ਸਾਲ ਬਰਸੀ ਮਨਾਉਂਦੇ ਹਨ। ਬਾਪੂ ਨੇ ਐਸਜੀਪੀਸੀ ਅਤੇ ਪੰਥਕ ਆਗੂਆਂ 'ਤੇ ਬਾਂਹ ਨਾ ਫੜਨ ਦਾ ਦੋਸ਼ ਲਾਇਆ।

## ਡਰਗ ਸਮਗਲਿੰਗ ਵਿਚ ਔਰਤਾਂ, ਹਰ ਪੰਜ ਗ੍ਰਿਫ਼ਤਾਰ ਮੁਲਜ਼ਮਾਂ ਵਿਚੋਂ ਇੱਕ ਔਰਤ ਤਸਕਰ

ਜਲੰਧਰ-ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਹੁਣ ਔਰਤਾਂ ਨੂੰ ਵੀ ਭਿਆਨਕ ਤਰੀਕੇ ਨਾਲ ਆਪਣੀ ਲਪੇਟ ਵਿੱਚ ਲੈ ਰਹੀ ਹੈ। ਪੁਲਿਸ ਅਤੇ ਨਸ਼ਾ ਮੁਕਤੀ ਕੇਂਦਰਾਂ ਦੇ ਅੰਕੜਿਆਂ ਮੁਤਾਬਕ ਹਾਲ ਹੀ ਵਿੱਚ ਗ੍ਰਿਫ਼ਤਾਰ ਹੋਏ ਨਸ਼ਾ ਤਸਕਰਾਂ ਵਿੱਚ ਹਰ ਪੰਜ ਵਿੱਚੋਂ ਇੱਕ ਔਰਤ ਹੈ। ਜ਼ਿਆਦਾਤਰ ਔਰਤਾਂ ਖੁਦ ਨਸ਼ੇ ਦੀ ਆਦੀ ਹੋਣ ਕਾਰਨ ਤਸਕਰੀ ਵੱਲ ਮੁੜ ਗਈਆਂ ਹਨ। ਜਦੋਂ ਨਸ਼ੇ ਲਈ ਪੈਸੇ ਇਕੱਠੇ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਤਾਂ ਉਹ ਪਾਬੰਦੀਸ਼ੁਦਾ ਨਸ਼ੀਲੇ ਪਦਾਰਥਾਂ ਦੀ ਸਪਲਾਈ ਅਤੇ ਵਿਕਰੀ ਵਿੱਚ ਸ਼ਾਮਲ ਹੋ ਜਾਂਦੀਆਂ ਹਨ।

ਹਾਲ ਹੀ ਵਿੱਚ ਕਾਜ਼ੀ ਮੰਡੀ ਇਲਾਕੇ ਵਿੱਚ ਪੁਲਿਸ ਨੇ ਇੱਕ ਔਰਤ ਨੂੰ ਪਾਬੰਦੀਸ਼ੁਦਾ ਗੋਲੀਆਂ ਦੀ ਵੱਡੀ ਖੇਪ ਨਾਲ ਗ੍ਰਿਫ਼ਤਾਰ ਕੀਤਾ। ਪੁੱਛਗਿੱਛ ਵਿੱਚ ਔਰਤ ਨੇ ਕਬੂਲਿਆ ਕਿ ਕਈ ਸਾਲਾਂ ਤੋਂ ਨਸ਼ਾ ਕਰ ਰਹੀ ਸੀ ਅਤੇ ਖਰਚੇ ਨੂੰ ਪੂਰਾ ਕਰਨ ਲਈ ਤਸਕਰੀ ਸ਼ੁਰੂ ਕਰ ਦਿੱਤੀ। ਪਿਛਲੇ ਇੱਕ ਸਾਲ ਵਿੱਚ 100 ਤੋਂ ਵੱਧ ਅਜਿਹੀਆਂ ਔਰਤਾਂ ਨੂੰ ਨਸ਼ਾ ਮੁਕਤੀ ਕੇਂਦਰਾਂ ਵਿੱਚ ਦਾਖਲ ਕਰਵਾਇਆ ਗਿਆ। ਦਿਹਾਤੀ ਇਲਾਕਿਆਂ ਵਿੱਚ 60 ਅਤੇ ਸ਼ਹਿਰੀ ਖੇਤਰ ਵਿੱਚ 40 ਤੋਂ ਵੱਧ ਔਰਤ ਨਸ਼ਾ ਤਸਕਰ ਫੜੀਆਂ ਗਈਆਂ, ਜੋ ਖੁਦ ਨਸ਼ੇ ਦੀ ਗ੍ਰਿਫ਼ਤ ਵਿੱਚ ਸਨ।

## ਝਾਰਖੰਡ ਸਰਕਾਰ ਵਲੋਂ 84 ਦੇ ਸਿੱਖ ਵਿਰੋਧੀ ਕਤਲੇਆਮ ਦੇ ਬੋਕਾਰੋ ਦੇ ਪੀੜਤਾਂ ਲਈ 14.62 ਲੱਖ ਰੁਪਏ ਦਾ ਮੁਆਵਜ਼ਾ ਮਨਜ਼ੂਰ

ਬੋਕਾਰੋ-ਝਾਰਖੰਡ ਸਰਕਾਰ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਬੋਕਾਰੋ ਜ਼ਿਲ੍ਹੇ ਵਿੱਚ ਪਛਾਣੇ ਗਏ ਪੀੜਤਾਂ ਲਈ 14.62 ਲੱਖ ਰੁਪਏ ਦਾ ਮੁਆਵਜ਼ਾ ਮਨਜ਼ੂਰ ਕੀਤਾ ਹੈ। ਇਹ ਰਾਸ਼ੀ 29 ਜਨਵਰੀ 2026 ਨੂੰ ਅਧਿਕਾਰਤ ਤੌਰ 'ਤੇ ਮਨਜ਼ੂਰ ਹੋਈ। ਗ੍ਰਹਿ ਵਿਭਾਗ ਨੇ ਡਿਪਟੀ ਕਮਿਸ਼ਨਰ ਨੂੰ ਪੱਤਰ ਰਾਹੀਂ ਨਿਰਦੇਸ਼ ਜਾਰੀ ਕੀਤੇ ਹਨ ਕਿ ਮੁਆਵਜ਼ਾ ਸਮੇਂ ਸਿਰ ਅਤੇ ਪਾਰਦਰਸ਼ੀ ਢੰਗ ਨਾਲ ਵੰਡਿਆ ਜਾਵੇ।

## ਇਮੀਗ੍ਰੇਸ਼ਨ ਕੰਪਨੀ 'ਗ੍ਰੈਸਪ ਇਮੀਗ੍ਰੇਸ਼ਨ' ਦੇ ਮਾਲਕ ਦੀ ਧੋਖੇਬਾਜ਼ੀ ਕਾਰਣ ਨੌਜਵਾਨ ਵਲੋਂ ਖੁਦਕੁਸ਼ੀ

ਲੁਧਿਆਣਾ-ਲੁਧਿਆਣਾ ਦੇ ਮੋਤੀ ਨਗਰ ਵਿੱਚ ਇੱਕ ਨੌਜਵਾਨ ਇੰਦਰਪਾਲ ਸਿੰਘ ਨੇ ਇਮੀਗ੍ਰੇਸ਼ਨ ਕੰਪਨੀ 'ਗ੍ਰੈਸਪ ਇਮੀਗ੍ਰੇਸ਼ਨ' ਦੇ ਮਾਲਕ ਅਰਜੁਨ ਸ਼ਰਮਾ ਅਤੇ ਉਸ ਦੀ ਪਤਨੀ ਬਲਜਿੰਦਰ ਕੌਰ ਤੋਂ ਪਰੇਸ਼ਾਨ ਹੋ ਕੇ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕ ਦੀ ਮਾਂ ਜਸਵਿੰਦਰ ਕੌਰ ਦੀ ਸ਼ਿਕਾਇਤ 'ਤੇ ਪੁਲਿਸ ਨੇ ਪਤੀ-ਪਤਨੀ ਖ਼ਿਲਾਫ਼ ਖੁਦਕੁਸ਼ੀ ਲਈ ਮਜਬੂਰ ਕਰਨ ਦਾ ਮਾਮਲਾ ਦਰਜ ਕਰ ਲਿਆ ਹੈ। ਜਾਂਚ ਜਾਰੀ ਹੈ।


## ਨਿਹੰਗ ਨੇ ਤੇਜ਼ਧਾਰ ਹਥਿਆਰਾਂ ਨਾਲ ਪਰਿਵਾਰ 'ਤੇ ਹਮਲਾ ਕੀਤਾ

ਲੁਧਿਆਣਾ-ਲੁਧਿਆਣਾ 'ਚ ਪਾਰਕਿੰਗ ਵਿਵਾਦ ਨੇ ਖੂਨੀ ਰੂਪ ਧਾਰ ਲਿਆ। ਗਲੀ ਵਿਚ ਕਾਰ ਕੱਢਣ ਨੂੰ ਲੈ ਕੇ ਝਗੜਾ ਹੋਇਆ, ਜਿਸ ਵਿੱਚ ਨਿਹੰਗ ਸਿੰਘ ਦੇ ਬਾਣੇ ਵਿਚ ਆਏ ਵਿਅਕਤੀ ਨੇ ਤੇਜ਼ਧਾਰ ਹਥਿਆਰਾਂ ਨਾਲ ਪਰਿਵਾਰ 'ਤੇ ਹਮਲਾ ਕਰ ਦਿੱਤਾ। ਇੱਕ ਵਿਅਕਤੀ ਗੰਭੀਰ ਜ਼ਖਮੀ ਹੋ ਗਿਆ, ਜਿਸ ਨੂੰ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਘਟਨਾ ਸੀਸੀਟੀਵੀ 'ਚ ਕੈਦ ਹੋਈ ਅਤੇ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ। ਪੁਲਿਸ ਨੇ ਫੁਟੇਜ ਕਬਜ਼ੇ 'ਚ ਲੈ ਕੇ ਮੁਲਜ਼ਮਾਂ ਖਿਲਾਫ਼ ਸਖਤ ਕਾਰਵਾਈ ਦਾ ਵਾਅਦਾ ਕੀਤਾ।

## ਟੋਲ ਪਲਾਜ਼ਾ 'ਤੇ ਭਾਰੀ ਵਾਹਨਾਂ ਤੋਂ ਜਬਰੀ ਉਗਰਾਹੀ ਕਰਨ ਵਾਲੇ ਗਰੋਹ ਦਾ ਪਰਦਾਫਾਸ਼, ਕੇਸ ਦਰਜ

ਲੁਧਿਆਣਾ-ਪੁਲੀਸ ਨੇ ਲਾਡੋਵਾਲ ਟੋਲ ਪਲਾਜ਼ਾ 'ਤੇ ਭਾਰੀ ਵਾਹਨਾਂ ਤੋਂ ਜਬਰੀ ਉਗਰਾਹੀ ਕਰਨ ਵਾਲੇ ਗਰੋਹ ਦਾ ਪਰਦਾਫਾਸ਼ ਕੀਤਾ। 20 ਅਣਪਛਾਤੇ ਵਿਅਕਤੀਆਂ ਖਿਲਾਫ਼ ਕੇਸ ਦਰਜ। ਗਰੋਹ ਵਾਹਨਾਂ ਤੋਂ ਪੈਸੇ ਵਸੂਲ ਕੇ ਟੋਲ ਬਿਨਾਂ ਅਦਾ ਕੀਤੇ ਬੈਰੀਅਰ ਪਾਰ ਕਰਵਾਉਂਦਾ ਸੀ ਤੇ ਸਟਾਫ ਨੂੰ ਧਮਕਾਉਂਦਾ ਸੀ। ਪੁਲੀਸ ਟੋਲ ਕਰਮਚਾਰੀਆਂ ਦੀ ਮਿਲੀਭੁਗਤ ਦੀ ਵੀ ਜਾਂਚ ਕਰ ਰਹੀ ਹੈ।

## -ਕੁਲਦੀਪ ਸੇਂਗਰ ਨੂੰ ਸੁਪਰੀਮ ਕੋਰਟ ਤੋਂ ਝਟਕਾ- ਜ਼ਮਾਨਤ ਰੱਦ, ਜੇਲ੍ਹ ਵਿੱਚ ਹੀ ਰਹਿਣਾ ਪਵੇਗਾ



ਨਵੀਂ ਦਿੱਲੀ-ਉਨਾਓ ਬਲਾਤਕਾਰ ਮਾਮਲੇ ਦੇ ਦੋਸ਼ੀ ਅਤੇ ਪੀੜਤਾ ਦੇ ਪਿਤਾ ਦੀ ਹਿਰਾਸਤ ਵਿੱਚ ਮੌਤ ਨਾਲ ਜੁੜੇ ਕੇਸ ਵਿੱਚ ਸਾਬਕਾ ਭਾਜਪਾ ਵਿਧਾਇਕ ਕੁਲਦੀਪ ਸਿੰਘ ਸੇਂਗਰ ਨੂੰ ਸੁਪਰੀਮ ਕੋਰਟ ਨੇ ਵੱਡਾ ਝਟਕਾ ਦਿੱਤਾ ਹੈ। ਅਦਾਲਤ ਨੇ ਉਸ ਦੀ ਜ਼ਮਾਨਤ ਅਤੇ ਸਜ਼ਾ ਮੁਅੱਤਲ ਕਰਨ ਦੀ ਪਟੀਸ਼ਨ ਰੱਦ ਕਰ ਦਿੱਤੀ ਹੈ। ਸੀਜੇਆਈ ਸੂਰਿਆ ਕਾਂਤ ਦੀ ਅਗਵਾਈ ਵਾਲੀ ਬੈਂਚ ਨੇ ਦਿੱਲੀ ਹਾਈ ਕੋਰਟ ਦੇ 19 ਜਨਵਰੀ ਦੇ ਫੈਸਲੇ ਵਿੱਚ ਦਖਲ ਨਹੀਂ ਦਿੱਤਾ ਅਤੇ ਕੇਸ ਨੂੰ ਹਾਈ ਕੋਰਟ ਵਿੱਚ ਹੀ ਤੇਜ਼ੀ ਨਾਲ ਸੁਣਨ ਲਈ ਕਿਹਾ ਹੈ। ਅਦਾਲਤ ਨੇ ਹਾਈ ਕੋਰਟ ਨੂੰ ਤਿੰਨ ਮਹੀਨਿਆਂ ਅੰਦਰ ਅਪੀਲ 'ਤੇ ਫੈਸਲਾ ਲੈਣ ਦਾ ਨਿਰਦੇਸ਼ ਦਿੱਤਾ ਹੈ। ਸੇਂਗਰ ਨੇ ਦਲੀਲ ਦਿੱਤੀ ਸੀ ਕਿ ਉਹ 10 ਸਾਲ ਦੀ ਸਜ਼ਾ ਵਿੱਚੋਂ 9 ਸਾਲ 7 ਮਹੀਨੇ ਤੋਂ ਵੱਧ ਕੱਟ ਚੁੱਕਾ ਹੈ ਪਰ ਅਦਾਲਤ ਨੇ ਰਹਿਮ ਨਹੀਂ ਕੀਤੀ। ਉਹ ਰੇਪ ਕੇਸ ਵਿੱਚ ਉਮਰ ਕੈਦ ਕੱਟ ਰਿਹਾ ਹੈ। ਜਾਂਚ ਅਤੇ ਅਪੀਲਾਂ ਜਾਰੀ ਹਨ।

# ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਖਿਲਾਫ ਦੋ ਸਾਬਕਾ ਗ੍ਰੰਥੀਆਂ ਨੇ ਕੇਸ ਲਏ ਵਾਪਿਸ


ਗਿਆਨੀ ਹਰਪਾਲ ਸਿੰਘ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ ਅਤੇ ਹੋਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਯੂਰਪ ਦੀ ਸਭ ਤੋਂ ਵੱਡੀ ਸੰਸਥਾ ਹੈ, ਲੇਕਨ ਇਹ ਕਿਸੇ ਨਾ ਕਿਸੇ ਅਦਾਲਤੀ ਕੇਸਾਂ ਵਿੱਚ ਉਲਝੀ ਹੀ ਰਹਿੰਦੀ ਹੈ। ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਸ਼ਰਨਬੀਰ ਸਿੰਘ ਸੰਘਾ ਨੇ ਦੱਸਿਆ ਕਿ ਨਵੀਂ ਪ੍ਰਬੰਧਕ ਕਮੇਟੀ ਵੱਲੋਂ ਸੇਵਾ ਸੰਭਾਲਣ ਤੋਂ ਬਾਅਦ 4 ਅਦਾਲਤੀ ਕੇਸਾਂ ਦਾ ਨਿਪਟਾਰਾ ਹੋ ਗਿਆ ਹੈ। ਉਹਨਾਂ ਦੱਸਿਆ ਕਿ ਸਿੰਘ ਸਭਾ ਵਿੱਚ ਬਤੌਰ ਗ੍ਰੰਥੀ ਸੇਵਾਵਾਂ ਨਿਭਾਉਣ ਵਾਲੇ ਗਿਆਨੀ ਅੰਗਰੇਜ ਸਿੰਘ ਅਤੇ ਗਿਆਨੀ ਹਰਪਾਲ ਸਿੰਘ ਦੋਵਾਂ ਨੇ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਰੁੱਧ ਆਪਣੇ ਰੁਜ਼ਗਾਰ ਟ੍ਰਿਬਿਊਨਲ ਦੇ ਦਾਅਵੇ ਵਾਪਸ ਲੈ ਲਏ ਹਨ। ਉਨ੍ਹਾਂ ਨੇ ਇਹ ਕੇਸ ਪਿਛਲੀ ਕਾਰਜਕਾਰੀ ਕਮੇਟੀ ਜਿਸ ਦੇ ਪ੍ਰਧਾਨ ਹਿੰਮਤ ਸਿੰਘ ਸੋਹੀ ਅਤੇ ਜਨਰਲ ਸਕੱਤਰ ਹਰਮੀਤ ਸਿੰਘ ਗਿੱਲ ਸਨ ਦੇ ਕਾਰਜਕਾਲ ਦੌਰਾਨ 2024 ਵਿੱਚ ਸ਼ੁਰੂ ਕੀਤੇ ਸਨ। ਗਿਆਨੀ ਅੰਗਰੇਜ਼ ਸਿੰਘ ਨੇ ਸੋਮਵਾਰ 15 ਦਸੰਬਰ 2025 ਨੂੰ ਪਾਰਕ ਐਵੇਨਿਊ ਗੁਰਦੁਆਰੇ ਵਿਖੇ ਮੁੜ ਸੇਵਾ ਸੰਭਾਲ ਲਈ ਹੈ ਜਦ ਕਿ ਗਿਆਨੀ ਹਰਪਾਲ ਸਿੰਘ ਨੇ ਐਤਵਾਰ 8 ਫਰਵਰੀ 2026 ਨੂੰ ਮੁੜ ਸੇਵਾ ਸ਼ੁਰੂ ਕਰ ਦਿੱਤੀ ਹੈ। ਸ: ਸੰਘਾ ਨੇ ਦੱਸਿਆ ਕਿ ਦੋਵੇਂ ਕੇਸਾਂ ਦੀ ਸੁਣਵਾਈ 16 ਅਤੇ 17 ਫਰਵਰੀ 2026 ਨੂੰ ਹੋਣੀ ਸੀ। ਉਹਨਾਂ ਕਿਹਾ ਕਿ ਜੇ ਰੁਜ਼ਗਾਰ ਟ੍ਰਿਬਿਊਨਲ ਵਿੱਚ ਦੋਵਾਂ ਦੇ ਹੱਕ ਵਿੱਚ ਫੈਸਲਾ ਹੁੰਦਾ ਤਾਂ ਸਭਾ ਨੂੰ ਵੱਡਾ ਮੁਆਵਜ਼ਾ ਦੇਣਾ ਪੈ ਸਕਦਾ ਸੀ। ਦੋਵਾਂ ਨੇ ਕਾਰਜਕਾਰੀ ਕਮੇਟੀ ਦੇ ਸੀਨੀਅਰ ਮੈਂਬਰਾਂ ਅਤੇ ਜਨਰਲ ਸਕੱਤਰ ਸ਼ਰਨਬੀਰ ਸਿੰਘ ਸੰਘਾ ਨਾਲ ਮੀਟਿੰਗਾਂ ਤੋਂ ਬਾਅਦ ਕੇਸ ਵਾਪਸ ਲੈਏ, ਜਿਸ ਲਈ ਮੌਜੂਦਾ ਕਾਰਜਕਾਰੀ ਕਮੇਟੀ ਨੇ ਦੋਵਾਂ ਗ੍ਰੰਥੀਆਂ ਦਾ ਧੰਨਵਾਦ ਕੀਤਾ।

3 ਫਰਵਰੀ 2026 ਨੂੰ ਗਿਆਨੀ ਅੰਗਰੇਜ ਸਿੰਘ ਅਤੇ ਗਿਆਨੀ ਹਰਪਾਲ ਸਿੰਘ ਦੋਵੇਂ ਹੀ ਅਕਸਬ੍ਰਿਜ਼ ਕਾਊਂਟੀ ਕੋਰਟ ਦੀ ਸੁਣਵਾਈ ਵਿੱਚ ਸ਼ਾਮਲ ਹੋਏ। ਲਗਭਗ ਇੱਕ ਸਾਲ ਬਾਅਦ ਦੋਵੇਂ ਕੇਸ ਵਾਪਿਸ ਲੈਣ ਲਈ ਸਹਿਮਤ ਹੋ ਗਏ।

ਜਨਰਲ ਸਕੱਤਰ ਸ਼ਰਨਬੀਰ ਸਿੰਘ ਸੰਘਾ ਨੇ ਕਿਹਾ ਕਿ ਕੁੱਲ ਮਿਲਾ ਕੇ ਹੁਣ ਤੱਕ ਚਾਰ ਮਾਮਲਿਆਂ ਦਾ ਹੱਲ ਹੋ ਚੁੱਕਾ ਹੈ ਜੋ ਲੰਬੇ ਸਮੇਂ ਤੋਂ ਬੇਲੋੜਾ ਵਿਵਾਦ ਚੱਲ ਰਿਹਾ ਸੀ। ਜਿਸ ਨਾਲ ਸਮਾਂ ਅਤੇ ਸੰਗਤ ਦੀ ਮਾਇਆ ਦੀ ਬੱਚਤ ਹੋਈ ਹੈ। ਉਹਨਾਂ ਕਿਹਾ ਕਿ ਸਾਰੇ ਚਾਰ ਕੇਸ ਪਿਛਲੀ ਕਾਰਜਕਾਰੀ ਕਮੇਟੀ ਤੋਂ ਵਿਰਾਸਤ ਵਿੱਚ ਮਿਲੇ ਸਨ ਅਤੇ ਮੌਜੂਦਾ ਸ਼ੇਰ ਗਰੁੱਪ ਕਮੇਟੀ ਦੁਆਰਾ ਸਭਾ ਦੇ ਹੱਕ ਵਿੱਚ ਹੱਲ ਕੀਤੇ ਗਏ, ਜਿਸ ਨਾਲ ਲਗਭਗ 200,000 ਪੌਂਡ ਦੀ ਬਚਤ ਹੋਈ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗਿਆਨੀ ਹਰਪਾਲ ਸਿੰਘ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਮੀਤ ਪ੍ਰਧਾਨ ਹਰਜੀਤ ਸਿੰਘ ਸਰਪੰਚ, ਮੀਤ ਪ੍ਰਧਾਨ ਕੇਵਲ ਸਿੰਘ ਰਣਦੇਵਾ, ਜਨਰਲ ਸਕੱਤਰ ਸ਼ਰਨਬੀਰ ਸਿੰਘ ਸੰਘਾ, ਸਟੇਜ ਸਕੱਤਰ ਮਨਜੀਤ ਸਿੰਘ, ਮਲਕੀਤ ਸਿੰਘ ਗਰੇਵਾਲ, ਸੋਹਣ ਸਿੰਘ ਸਮਰਾ, ਬਲਜੀਤ ਸਿੰਘ ਮੱਲੀ, ਭਰਪੂਰ ਸਿੰਘਆਦਿ ਹਾਜ਼ਰ ਸਨ।

# ਕੈਨੇਡਾ 'ਚ ਪਿਛਲੇ ਸੱਤ ਸਾਲਾਂ 'ਚ 17 ਭਾਰਤੀ ਵਿਦਿਆਰਥੀਆਂ ਦੀ ਹੋਈ ਮੌਤ

ਭਾਰਤ ਸਰਕਾਰ ਨੇ ਵਿਦੇਸ਼ ਵਿੱਚ, ਖਾਸ ਕਰਕੇ ਕੈਨੇਡਾ ਵਿੱਚ ਭਾਰਤੀ ਵਿਦਿਆਰਥੀਆਂ ਦੀ ਮੌਤ ਦੇ ਅੰਕੜੇ ਸਾਂਝੇ ਕਰਦਿਆਂ ਚਿੰਤਾ ਪ੍ਰਗਟਾਈ ਹੈ। ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਸੰਸਦ ਵਿੱਚ ਦੱਸਿਆ ਕਿ ਸਾਲ 2018 ਤੋਂ 2025 ਵਿਚਕਾਰ ਇਕੱਲੇ ਕੈਨੇਡਾ ਵਿੱਚ ਹੀ 17 ਭਾਰਤੀ ਵਿਦਿਆਰਥੀਆਂ ਦੀ ਜਾਨ ਚਲੀ ਗਈ। ਇਹ ਸਾਰੇ ਵਿਦਿਆਰਥੀ ਵੱਖ-ਵੱਖ ਹਿੰਸਕ ਹਮਲਿਆਂ ਦਾ ਸ਼ਿਕਾਰ ਹੋਏ ਸਨ।

ਵਿਦੇਸ਼ ਰਾਜ ਮੰਤਰੀ ਨੇ ਸੰਸਦ ਮੈਂਬਰ ਅਸਦੁਦੀਨ ਓਵੈਸੀ ਵੱਲੋਂ ਪੁੱਛੇ ਗਏ ਇੱਕ ਸਵਾਲ ਦੇ ਲਿਖਤੀ ਜਵਾਬ ਵਿੱਚ ਇਹ ਜਾਣਕਾਰੀ ਦਿੱਤੀ। ਓਵੈਸੀ ਨੇ ਪੁੱਛਿਆ ਸੀ ਕਿ ਕੀ ਸਰਕਾਰ ਵਿਦੇਸ਼ਾਂ ਵਿੱਚ ਭਾਰਤੀ ਵਿਦਿਆਰਥੀਆਂ ਵਿਰੁੱਧ ਵਧ ਰਹੀ ਹਿੰਸਾ ਦੀਆਂ ਘਟਨਾਵਾਂ ਤੋਂ ਜਾਣੂ ਹੈ ਅਤੇ ਕੀ ਇਨ੍ਹਾਂ ਦੀ ਸਮੇਂ ਸਿਰ ਜਾਂਚ ਕੀਤੀ ਜਾ ਰਹੀ ਹੈ।

# ਭਾਰਤੀ ਪ੍ਰਵਾਸੀਆਂ ਦਾ ਯੂ ਕੇ ਵਿੱਚ ਪ੍ਰਵਾਸ ਵਾਈਟ ਪੇਪਰ ਬਰਤਾਨੀਆ ਦੀ ਸੰਸਦ ਵਿੱਚ ਜਾਰੀ


ਬਰਤਾਨਵੀ ਸੰਸਦ ਵਿੱਚ ਭਾਰਤੀ ਪ੍ਰਵਾਸੀਆਂ ਦਾ ਯੂ ਕੇ ਵਿੱਚ ਪ੍ਰਵਾਸ ਵਾਈਟ ਪੇਪਰ ਜਾਰੀ ਕਰਦੇ ਹੋਏ ਲਾਰਡ ਲੂੰਬਾ, ਸਾਬਕਾ ਐਮ ਪੀ ਸ਼ਰਮਾਂ, ਐਮ ਤਿਵਾੜੀ ਅਤੇ ਹੋਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ ਪ੍ਰਵਾਸੀਆਂ ਦਾ ਯੂ ਕੇ ਵਿੱਚ ਪ੍ਰਵਾਸ ਵਾਈਟ ਪੇਪਰ ਬੀਤੇ ਕੱਲ੍ਹ ਬਰਤਾਨਵੀ ਸੰਸਦ ਦੇ ਹਾਊਸ ਆਫ਼ ਲਾਰਡਜ਼ ਵਿਖੇ ਜਾਰੀ ਕੀਤਾ ਗਿਆ ਸੀ। ਇਹ ਉਸ ਡਾਇਸਪੋਰਾ ਦੀ ਕਹਾਣੀ ਹੈ ਜਿਸਨੇ ਇੱਥੇ ਇੱਕ ਰਾਸ਼ਟਰ ਬਣਾਇਆ ਹੈ। ਐਸਟਨ ਯੂਨੀਵਰਸਿਟੀ, ਇੰਡੀਆ ਸੈਂਟਰ ਦੇ ਸਹਿਯੋਗ ਨਾਲ ਮਿਫ਼ ਤਿਵਾੜੀ ਦੁਆਰਾ ਲਿਖਿਆ ਗਿਆ ਇਹ ਵਾਈਟ ਪੇਪਰ ਭਾਰਤੀ ਪ੍ਰਵਾਸ ਦੀਆਂ ਲਹਿਰਾਂ ਅਤੇ ਬਰਤਾਨੀਆ ਵਿੱਚ ਇਸਦੀ ਸ਼ਾਨਦਾਰ ਯਾਤਰਾ ਦਾ ਵਰਣਨ ਕਰਦਾ ਹੈ।

ਇਹ ਵਾਈਟ ਪੇਪਰ ਇੱਕ ਇਤਿਹਾਸਕ ਅਤੇ ਵਿਸ਼ਲੇਸ਼ਣਾਤਮਕ ਤੌਰ ਤੇ ਮਾਈਗ੍ਰੇਸ਼ਨ ਦਾ ਵਿਖਿਆਨ ਕਰਦਾ ਹੈ, ਜੋ ਕਿ ਵਿਸ਼ਵ ਯੁੱਧਾਂ ਤੋਂ ਬਾਅਦ ਬਰਤਾਨੀਆ ਨੂੰ ਵਿਕਸਤ ਕਰਨ ਲਈ ਪ੍ਰਵਾਸੀਆਂ ਦੀਆਂ ਚਾਰ ਵੱਖਰੀਆਂ ਲਹਿਰਾਂ ਦਾ ਪਤਾ ਲਗਾਉਂਦਾ ਹੈ। ਇਸ ਵਿੱਚ ਮੌਜੂਦਾ "ਚੌਥੀ ਲਹਿਰ" ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ, ਜੋ ਕਿ ਮਾਈਗ੍ਰੇਸ਼ਨ ਨੀਤੀ, ਲੇਬਰ ਮਾਰਕੀਟ ਦੀਆਂ ਜ਼ਰੂਰਤਾਂ ਅਤੇ ਬਦਲਦੇ ਗਲੋਬਲ ਗਤੀਸ਼ੀਲਤਾ ਦੇ ਆਪਸੀ ਤਾਲਮੇਲ ਦੁਆਰਾ ਦਰਸਾਈ ਗਈ ਹੈ। ਵਾਈਟ ਪੇਪਰ ਵਿੱਚ ਭਾਰਤੀ ਡਾਇਸਪੋਰਾਂ ਦਾ ਯੂ ਕੇ ਵਿੱਚ ਮਾਈਗ੍ਰੇਸ਼ਨ ਨਾਲ ਆਰਥਿਕਤਾ, ਸੱਭਿਆਚਾਰਕ ਅਤੇ ਵਿਸ਼ਵ ਪੱਧਰ ਤੇ ਪ੍ਰਭਾਵਾਂ ਨੂੰ ਉਜਾਗਰ ਕੀਤਾ ਹੈ। ਸੰਸਦ ਵਿੱਚ ਆਯੋਜਿਤ ਸਮਾਗਮ ਵਿੱਚ ਹਾਊਸ ਆਫ਼ ਲਾਰਡਜ਼ ਦੇ ਮੈਂਬਰ ਲਾਰਡ ਰਾਜਿੰਦਰਪਾਲ ਲੂੰਬਾ, ਸਾਬਕਾ ਐਮ ਪੀ ਵਰਿੰਦਰ ਸ਼ਰਮਾਂ, ਲਾਰਡ ਬਿੱਲ ਮੌਰੀਆ ਆਦਿ ਹਾਜ਼ਰ ਸਨ।


## VACANCIES
## JSR CONTRACTS LTD.

**ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**Carpenters required at various sites in Manchester**

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing woodwork and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਭਾਰਤੀ ਮੂਲ ਦੀ ਸੰਜੂ ਪਾਲ ਰੁਜ਼ਗਾਰ ਅਪੀਲ ਟ੍ਰਿਬਿਊਨਲ ਕੇਸ ਜਿੱਤਣ ਤੋਂ ਬਾਅਦ ਕਾਨੂੰਨ ‘ਚ ਤਬਦੀਲੀ ਲਈ ਲੜ ਰਹੀ ਹੈ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ ਮੂਲ ਦੀ ਸੰਜੂ ਪਾਲ ਨੇ 7 ਸਾਲ ਤੋਂ ਵੱਧ ਸਮੇਂ ਵਿੱਚ ਭਾਵੇਂ ਰੁਜ਼ਗਾਰ ਅਪੀਲ ਟ੍ਰਿਬਿਊਨਲ ‘ਚੋਂ ਕੰਪਨੀ ਖਿਲਾਫ ਕੇਸ ਜਿੱਤ ਲਿਆ ਹੈ। ਪਰ ਉਹ ਹੁਣ ਹੋਰਾਂ ਲੋਕਾਂ ਲਈ ਕਾਨੂੰਨ ‘ਚ ਤਬਦੀਲੀ ਲਈ ਲੜਾਈ ਲੜ ਰਹੀ ਹੈ। ਭਾਰਤ ਦੇ ਪੱਛਮੀ ਬੰਗਾਲ ਦੀ ਜੰਮਪਲ ਸੰਜੂ ਪਾਲ ਦੇ ਕੰਮਾਂ ਨੂੰ ਲੈ ਕੇ ਏਸ਼ੀਅਨ ਵੂਮੈਨ ਆਫ਼ ਅਚੀਵਮੈਂਟ ਅਵਾਰਡ ਮਿਲਿਆ, ਸਵਰਗੀ ਮਹਾਰਾਣੀ ਐਲਿਜ਼ਾਬੈਥ ਨਾਲ ਮਿਲਣੀ ਤੋਂ ਇਲਾਵਾ ਪ੍ਰਧਾਨ ਮੰਤਰੀ ਦਫਤਰ 10 ਡਾਊਨਿੰਗ ਸਟ੍ਰੀਟ ਵੱਲੋਂ ਵੀ ਸੱਦਾ ਦਿੱਤਾ ਗਿਆ ਸੀ। ਉਹ ਸਿਟੀ ਫਰਮ ਐਕਸੈਂਚਰ ਵਿੱਚ ਇੱਕ ਪ੍ਰਬੰਧਨ ਸਲਾਹਕਾਰ ਵਜੋਂ ਨੌਕਰੀ ਕੀਤੀ ਸੀ। ਪਰ 2018 ਵਿੱਚ ਉਸ ਦੇ ਅੰਡਕੋਸ਼ ਦੀ ਸਰਜਰੀ ਤੋਂ ਬਾਅਦ ਆਪਣੇ ਪ੍ਰਦਰਸ਼ਨ ਦੇ ਟੀਚੇ ਤੋਂ ਖੁੰਝ ਗਈ। ਜਿਸ ਕਰਕੇ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਸੰਜੂ ਦਾ ਕਹਿਣਾ ਹੈ ਕਿ ਅਪੰਗਤਾ ਕਾਰਨ ਉਹ ਆਪਣਾ ਟੀਚਾ ਪੂਰਾ ਨਹੀਂ ਕਰ ਸਕੀ।

ਪਰ ਪਿਛਲੇ ਮਹੀਨੇ ਲੰਡਨ ਵਾਸੀ ਸੰਜੂ ਨੇ ਇੱਕ ਮਹੱਤਵਪੂਰਨ ਰੁਜ਼ਗਾਰ ਅਪੀਲ ਟ੍ਰਿਬਿਊਨਲ ‘ਚੋਂ ਕੇਸ ਜਿੱਤਿਆ ਜੋ ਇਸ ਗੱਲ ਨੂੰ ਪ੍ਰਭਾਵਤ ਕਰਦਾ ਹੈ ਕਿ ਮਾਲਕਾਂ ਨੂੰ ਐਂਡੋਮੈਟ੍ਰੋਸਿਸ ਪੀੜਤ ਕਰਮਚਾਰੀਆਂ ਨਾਲ ਕਿਸ ਤਰ੍ਹਾਂ ਵਿਵਹਾਰ ਕਰਨਾ ਹੈ।

ਐਂਡੋਮੈਟ੍ਰੋਸਿਸ ਇੱਕ ਅਜਿਹੀ ਸਥਿਤੀ ਹੈ ਜੋ ਯੂ ਕੇ ਵਿੱਚ 10 ਵਿੱਚੋਂ ਇੱਕ ਔਰਤ ਨੂੰ ਪ੍ਰਭਾਵਿਤ ਕਰਦੀ ਹੈ, ਅਤੇ ਉਦੋਂ ਹੁੰਦੀ ਹੈ ਜਦੋਂ ਗਰਭ ਦੀ ਪਰਤ ਵਿੱਚ ਮੌਜੂਦ ਸੈੱਲ ਸਰੀਰ ਵਿੱਚ ਕਿਤੇ ਹੋਰ ਵਧਦੇ ਹਨ। ਇਹ ਸੈੱਲ ਵੱਡੇ ਹੋ ਸਕਦੇ ਹਨ ਅਤੇ ਮਾਹਵਾਰੀ ਚੱਕਰ ਵਿੱਚ ਹਾਰਮੋਨਸ ਦੇ ਜਵਾਬ ਵਿੱਚ ਬਦਲ ਸਕਦੇ ਹਨ, ਜਿਸ ਨਾਲ ਦਰਦ, ਸੋਜ ਅਤੇ ਦਾਗ ਟਿਸ਼ੂ ਹੋ ਸਕਦੇ ਹਨ।

ਸੰਜੂ ਨੂੰ ਇਸ ਬਾਰੇ 2017 ਵਿੱਚ ਪਤਾ ਲੱਗਿਆ ਸੀ। ਇਲਾਜ਼ ਤੋਂ ਬਾਅਦ ਉਹ ਪੀੜਾ ਵਿੱਚੋਂ ਲੰਘ ਰਹੀ ਸੀ। ਨਿਯਮਾਂ ਮੁਤਾਬਿਕ ਉਹ ਸੀਨੀਅਰ ਮੈਨੇਜਰ ਨਹੀਂ ਬਣ ਸਕੀ। ਜਿਸ ਕਾਰਨ ਉਸ ਦੇ ਪ੍ਰਦਰਸ਼ਨ ਨੂੰ ਅਧਾਰ ਬਣਾ ਕੇ ਕੰਪਨੀ ਨੇ 10 ਸਾਲ ਬਾਅਦ ਨੌਕਰੀ ਤੋਂ ਕੱਢ ਦਿੱਤਾ। 2022 ਵਿੱਚ ਟ੍ਰਿਬਿਊਨਲ ਨੇ ਉਸਦੇ ਹੱਕ ਵਿੱਚ ਫੈਸਲਾ ਸੁਣਾਇਆ ਪਰ ਉਸਨੂੰ ਮੁਆਵਜ਼ਾ ਨਹੀਂ ਦਿੱਤਾ ਗਿਆ।


ਸੰਜੂ ਪਾਲ

ਸੰਜੂ ਨੇ ਅਪੀਲ ਕੀਤੀ ਅਤੇ ਜਨਵਰੀ 2026 ਵਿੱਚ ਰੁਜ਼ਗਾਰ ਅਪੀਲ ਟ੍ਰਿਬਿਊਨਲ ਨੇ ਪਾਇਆ ਕਿ ਉਹ ਐਂਡੋਮੈਟਰੀਓਸਿਸ ਦੇ ਨਤੀਜੇ ਵਜੋਂ ਅਪਾਹਜ ਸੀ ਅਤੇ ਉਸਦੀ ਅਪੰਗਤਾ ਕਾਰਨ ਵਿਤਕਰਾ ਕੀਤਾ ਗਿਆ। ਸੰਜੂ ਨੂੰ ਜਿੱਥੇ ਹੁਣ ਮੁਆਵਜ਼ਾ ਦਿੱਤਾ ਗਿਆ ਹੈ। ਉੱਥੇ ਹੀ ਸੰਜੂਪਾਲ ਅਜੇਹੇ ਰੋਗ ਦੀਆਂ ਪੀੜਤ ਔਰਤਾਂ ਲਈ ਕਾਨੂੰਨ ਵਿੱਚ ਤਬਦੀਲੀ ਲਈ ਲੜਾਈ ਲੜ ਰਹੀ ਹੈ।

## ਲਾਸ ਏਂਜਲਸ ਦੀ ਰਾਜਨੀਤੀ ਵਿੱਚ ਧਮਾਕਾ, ਨਿਤਿਆ ਰਮਨ ਲੜੇਗੀ ਮੇਅਰ ਦੀ ਚੋਣ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–ਲਾਸ ਏਂਜਲਸ ਦੀ ਰਾਜਨੀਤੀ ਵਿੱਚ ਧਮਾਕਾ ਕਰਦਿਆਂ ਸਿਟੀ ਕੌਂਸਲ ਮੈਂਬਰ ਨਿਤਿਆ ਰਮਨ ਨੇ ਕਾਗਜ ਭਰਨ ਦੀ ਸਮਾਂ ਸੀਮਾ ਖਤਮ ਹੋਣ ਤੋਂ ਕੁਝ ਘੰਟੇ ਪਹਿਲਾਂ ਮੇਅਰ ਦੀ ਚੋਣ ਲੜਣ ਦਾ ਐਲਾਨ ਕਰ ਦਿੱਤਾ। ਭਾਰਤੀ ਮੂਲ ਦੀ 44 ਸਾਲਾ ਰਮਨ ਲਾਸ ਏਂਜਲਸ ਦੇ ਚੌਥੇ ਜਿਲੇ ਦੀ ਪ੍ਰਤੀਨਿੱਧਤਾ ਕਰਦੀ ਹੈ। ਉਸ ਦੇ ਇਸ ਫੈਸਲੇ ਤੋਂ ਮੌਜੂਦਾ ਮੇਅਰ ਕਾਰੇਨ ਬਾਸ ਵੀ ਹੈਰਾਨ ਹੈ ਕਿਉਂਕਿ ਰਮਨ ਨੇ ਪਹਿਲਾਂ ਉਸ ਦਾ ਸਮਰਥਨ ਕੀਤਾ ਸੀ। ਉਨਾਂ ਕਾਗਜ ਭਰਨ ਉਪਰੰਤ ਕਿਹਾ ਕਿ ਉਹ ਕਾਰੇਨ ਬਾਸ ਦੀ ਬਹੁਤ ਇਜ਼ਤ ਕਰਦੀ ਹੈ। ਉਨਾਂ ਇਕੱਠਿਆਂ ਕੰਮ ਕੀਤਾ ਹੈ ਪਰੰਤੂ ਸ਼ਹਿਰ ਨੂੰ ਤਬਦੀਲੀ ਦੀ ਲੋੜ ਹੈ। 72 ਸਾਲਾ ਕਾਰੇਨ ਦੂਸਰੀ ਵਾਰ ਮੇਅਰ ਦੀ ਚੋਣ ਲੜ ਰਹੀ ਹੈ।**


ਨਿਤਿਆ ਰਮਨ

## ਮੈਰੀਲੈਂਡ ਵਿੱਚ ਵਿਦਿਆਰਥੀ ਨੂੰ ਮਾਰੀ ਗੋਲੀ, ਹਾਲਤ ਗੰਭੀਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)– ਮੈਰੀਲੈਂਡ ਦੇ ਇਕ ਹਾਈ ਸਕੂਲ ਵਿੱਚ ਇਕ ਵਿਦਿਆਰਥੀ ਵੱਲੋਂ ਦੂਸਰੇ ਵਿਦਿਆਰਥੀ ਨੂੰ ਗੋਲੀ ਮਾਰ ਕੇ ਗੰਭੀਰ ਜਖਮੀ ਕਰ ਦੇਣ ਦੀ ਖਬਰ ਹੈ। ਗੋਲੀਬਾਰੀ ਦੀ ਇਹ ਘਟਨਾ ਰਾਕਵਿਲੇ, ਮੈਰੀਲੈਂਡ ਦੇ ਥਾਮਸ ਵੂਟਨ ਹਾਈ ਸਕੂਲ ਵਿੱਚ ਵਾਪਰੀ। ਪੁਲਿਸ ਨੇ ਕਿਹਾ ਹੈ ਕਿ ਘਟਨਾ ਸਥਾਨ ਦੇ ਨੇੜਿਉਂ ਸ਼ੱਕੀ ਸ਼ੂਟਰ ਵਿਦਿਆਰਥੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਪੁਲਿਸ ਅਨੁਸਾਰ ਜਖਮੀ ਵਿਦਿਆਰਥੀ ਨੂੰ ਸਥਿਰ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

## ਭਾਰਤੀ ਮੂਲ ਦੇ ਕਾਰੋਬਾਰੀ ਨੇ ਔਰਤ ਦੇ ਗਲਾਸ ਵਿੱਚ ਨਸ਼ੀਲਾ ਪਦਾਰਥ ਮਿਲਾਉਣ ਦਾ ਦੋਸ਼ ਕਬੂਲਿਆ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ ਮੂਲ ਦੇ ਕਾਰੋਬਾਰੀ ਮਿਸ਼ੇਲਿਨ ਸਟਾਰ ਰੈਸਟੋਰੈਂਟ ਦੇ ਮਾਲਕ ਵਿਕਾਸ ਨਾਥ ਨੇ 15 ਜਨਵਰੀ 2024 ਨੂੰ ਲੰਡਨ ਦੇ ਆਨਬੇਲਾ ਗਾਰਡਨ ਬਾਰ ਵਿੱਚ ਇੱਕ ਸਾਥੀ ਮਹਿਲਾ ਦੇ ਪੀਣ ਵਾਲੇ ਪਦਾਰਥ ਵਿੱਚ ਨਸ਼ੀਲਾ/ਉਤੇਜਿਤ ਕਰਨ ਵਾਲਾ ਪਦਾਰਥ ਮਿਲਾਉਣ ਦਾ ਦੋਸ਼ ਕਬੂਲ ਕੀਤਾ ਹੈ।


ਵਿਕਾਸ ਨਾਥ

ਲੰਡਨ ਦੀ ਸਾਊਥਵਾਰਕ ਕਰਾਊਨ ਕੋਰਟ ਵਿੱਚ ਸੁਣਵਾਈ ਦੌਰਾਨ ਜਿਊਰੀ ਨੂੰ ਦੱਸਿਆ ਗਿਆ ਕਿ ਵਿਕਾਸ ਨਾਥ ਆਪਣੇ ਨਾਈਟਸਬ੍ਰਿਜ ਘਰ ਵਿੱਚ ਆਪਣੀ ਸਾਥੀ ਮਹਿਲਾ ਨਾਲ ਸਬੰਧ ਬਣਾਉਣਾ ਚਾਹੁੰਦਾ ਸੀ ਅਤੇ ਇਸਦੀ ਫਿਲਮ ਬਣਾਉਣਾ ਚਾਹੁੰਦਾ ਸੀ। ਪਰ ਉਸ ਦੀ ਇਸ ਹਰਕਤ ਨੂੰ ਮੇਫੇਅਰ ਮੈਂਬਰਾਂ ਦੇ ਕਲੱਬ, ਐਨਾਬੇਲ ਵਿਖੇ ਕਲੱਬ ਦੇ ਕਾਮਿਆਂ ਨੇ ਵੇਖ ਲਿਆ। ਜਿਸ ਤੋਂ ਬਾਅਦ ਉਕਤ ਮਹਿਲਾ ਨੂੰ ਚਿਤਾਵਨੀ ਦੇ ਦਿੱਤੀ ਗਈ। ਵਿਕਾਸ ਦੀ ਇਹ ਹਰਕਤ ਸੀ ਸੀ ਟੀ ਵੀ ਵਿੱਚ ਵੀ ਕੈਦ ਹੋ ਗਈ।

ਸਾਊਥਵਾਰਕ ਕਰਾਊਨ ਕੋਰਟ ਨੇ ਸੁਣਿਆ ਕਿ ਨਾਥ ਲੰਡਨ ਦੇ ਘਰ ਵਿੱਚੋਂ ਤਰਲ ਨਸ਼ੀਲੇ ਪਦਾਰਥ ਦੀਆਂ ਦੋ ਬੋਤਲਾਂ ਵੀ ਬਰਾਮਦ ਹੋਈਆਂ ਅਤੇ ਨਾਲ ਹੀ ਇੱਕ ਗੁਪਤ ਕੈਮਰਾ ਉਸਦੇ ਬਿਸਤਰੇ ਵਿੱਚ ਲੱਗਾ ਮਿਲਿਆ ਸੀ।

ਵਿਕਾਸ ਦੇ ਲੰਡਨ ਦੇ ਮੇਫੇਅਰ ਵਿੱਚ ਇਲਾਕੇ ਵਿੱਚ, ਯੂ ਕੇ ਦੇ ਹੋਰ ਸ਼ਹਿਰਾਂ ਅਤੇ ਸਪੇਨ ਵਿੱਚ ਰੈਸਟੋਰੈਂਟ ਹਨ। ਇੱਕ ਪੁਲਿਸ ਇੰਟਰਵਿਊ ਵਿੱਚ ਉਸ ਨੇ ਪਿਛਲੀਆਂ ਘਟਨਾਵਾਂ ਨੂੰ ਵੀ ਮੰਨਿਆ ਹੈ। ਪੀੜਤ ਮਹਿਲਾ ਨੇ ਅਦਾਲਤ ਨੂੰ ਦੱਸਿਆ ਕਿ ਉਸਨੂੰ "ਧੋਖਾ" ਮਹਿਸੂਸ ਹੋਇਆ ਅਤੇ ਉਸਨੇ ਪਹਿਲਾਂ ਸਟਾਫ 'ਤੇ ਵਿਸ਼ਵਾਸ ਨਹੀਂ ਕੀਤਾ ਸੀ। ਔਰਤ ਨੇ ਦੱਸਿਆ ਕਿ ਉਨ੍ਹਾਂ ਦਾ ਰਿਸ਼ਤਾ ਜਿਣਸੀ ਨਹੀਂ ਸੀ। ਦੂਜੇ ਪਾਸੇ ਨਾਥ ਨੇ ਆਪਣੀ ਗਲਤੀ ਸਵੀਕਾਰ ਕੀਤੀ ਹੈ ਲੇਕਨ ਕਿਸੇ ਤਰ੍ਹਾਂ ਦੇ ਗਲਤ ਇਰਾਦੇ ਤੋਂ ਨਾਂਹ ਕੀਤੀ ਹੈ।


## ਨਾਨਕਸਰ ਗੁਰਦੁਆਰਾ, ਕਵੈਂਟਰੀ ਵਿਖੇ ਦੋ ਧਾਰਮਿਕ ਸੇਵਾਦਾਰਾਂ ਦੀ ਜ਼ਰੂਰਤ ਹੈ

### ਅਸਾਮੀਆਂ – ਨੌਕਰੀ ਦਾ ਸਿਰਲੇਖ: ਧਾਰਮਿਕ ਵਰਕਰ

**ਨਾਨਕਸਰ ਗੁਰਦੁਆਰਾ ਗੁਰਸਿੱਖ ਟੈਂਪਲ ਕਵੈਂਟਰੀ ਵਿਖੇ ਧਾਰਮਿਕ ਵਰਕਰਾਂ ਦੀਆਂ ਅਸਾਮੀਆਂ ਖਾਲੀ ਹਨ**

**ਸਾਨੂੰ ਹੇਠ ਲਿਖੀਆਂ ਡਿਊਟੀਆਂ ਨਿਭਾਉਣ ਲਈ ਧਾਰਮਿਕ ਵਰਕਰਾਂ ਦੀ ਲੋੜ ਹੈ:**

**ਨੌਕਰੀ ਦਾ ਮਕਸਦ:** ਹੇਠ ਲਿਖੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣਾ ਅਤੇ ਸਮਝਣਾ:

ਰੋਜ਼ਾਨਾ ਤਿੰਨ ਵਾਰ ਲੰਗਰ (ਭੋਜਨ) ਦੀ ਤਿਆਰੀ ਕਰਨੀ ਅਤੇ ਸੇਵਾ ਨਿਭਾਉਣੀ। ਹੈੱਡ ਗ੍ਰੰਥੀ ਦੀ ਸਹਾਇਤਾ ਕਰਨੀ ਜਿਸ ਵਿੱਚ ਨਿਤਨੇਮ, ਸੁਖਮਨੀ ਸਾਹਿਬ ਪਾਠ, ਸਹਿਜ ਪਾਠ ਦੀਆਂ ਰੌਲਾਂ, ਅਰਦਾਸ ਤੇ ਸੁਖਾਸਨ ਦੀਆਂ ਡਿਊਟੀਆਂ ਸ਼ਾਮਲ ਹਨ, ਨਾਲ ਹੀ ਹੋਰ ਆਮ ਗੁਰਦੁਆਰਾ ਸੇਵਾਵਾਂ। ਸਿੱਖ ਮਰਯਾਦਾ ਦੇ ਅਨੁਸਾਰ ਰੋਜ਼ਾਨਾ ਸ਼ਾਕਾਹਾਰੀ ਭੋਜਨ ਦੀ ਤਿਆਰੀ ਕਰਨੀ, ਜੋ ਸੇਵਾ ਅਤੇ ਸੰਗਤ ਲਈ ਹੋਵੇ। ਸਭ ਅੰਦਰੂਨੀ ਟੀਮਾਂ, ਵਿਭਾਗਾਂ ਅਤੇ ਬਾਹਰੀ ਏਜੰਸੀਆਂ ਨਾਲ ਮਿਲਜੁਲ ਕੇ ਕੰਮ ਕਰਨਾ।

ਗੁਰਦੁਆਰਾ ਕਮੇਟੀ ਵੱਲੋਂ ਦਿੱਤੀ ਹੋਰ ਕੋਈ ਵੀ ਡਿਊਟੀ ਨਿਭਾਉਣੀ। ਕਰਮਚਾਰੀਆਂ ਦੀ ਜ਼ਿੰਮੇਵਾਰੀ ਹੋਵੇਗੀ ਕਿ ਗੁਰਦੁਆਰਾ ਸਾਹਿਬ ਦੇ ਤਾਲੇ ਲਗਾਉਣੇ ਅਤੇ ਖੋਲ੍ਹਣੇ। ਕਰਮਚਾਰੀ ਸਿਰਫ਼ ਹੈੱਡ ਗ੍ਰੰਥੀ ਦੀ ਸਹਾਇਤਾ ਕਰਨਗੇ ਅਤੇ ਸੰਗਤ ਦੀ ਅਗਵਾਈ ਨਹੀਂ ਕਰਨਗੇ।

**ਕਰਮਚਾਰੀ ਯੋਗਤਾਵਾਂ:** ਲਚਕੀਲੇ ਕੰਮ ਘੰਟਿਆਂ ਵਿੱਚ ਕੰਮ ਕਰਨ ਦੀ ਸਮਰਥਾ: ਹਫ਼ਤੇ ਵਿੱਚ 20–30 ਘੰਟੇ, ਘੱਟੋ-ਘੱਟ 27 ਘੰਟੇ ਕੰਮ ਹੋਵੇਗਾ।

**ਤਨਖਾਹ:** ਸਰਕਾਰ ਵੱਲੋਂ ਨਿਰਧਾਰਤ ਪ੍ਰਤੀ ਘੰਟਾ ਘੱਟੋ-ਘੱਟ ਮਜ਼ਦੂਰੀ ਦਰ।

**ਲਾਭ:** ਰਿਹਾਇਸ਼ ਅਤੇ ਭੋਜਨ ਮੁਫ਼ਤ ਪ੍ਰਦਾਨ ਕੀਤਾ ਜਾਵੇਗਾ।

**ਲੋੜੀਂਦੀਆਂ ਯੋਗਤਾਵਾਂ:** ਗੁਰਮੁਖੀ ਪੜ੍ਹਨ ਅਤੇ ਬੋਲਣ ਦੀ ਸਮਰਥਾ ਹੋਣੀ ਚਾਹੀਦੀ ਹੈ। ਖਾਸ ਮੌਕਿਆਂ ‘ਤੇ ਵੱਡੀ ਸੰਗਤ ਲਈ ਭੋਜਨ ਬਣਾਉਣ ਦੀ ਸਮਰੱਥਾ। ਪ੍ਰਾਪਤ ਤਜ਼ਰਬਾ ਅਤੇ ਅੰਮ੍ਰਿਤਧਾਰੀ ਹੋਣਾ ਲਾਜ਼ਮੀ ਹੈ। ਚੰਗੀ ਬੋਲ ਬਾਣੀ ਅਤੇ ਸੰਗਤਾਂ ਨਾਲ ਚੰਗੇ ਸੰਬੰਧ ਬਣਾਉਣ ਦੀ ਕਾਬਲੀਅਤ ਹੋਵੇ।

**ਹੋਰ ਵੇਰਵੇ:** ਬਿਨੈਕਾਰ ਯੂਕੇ ਦਾ ਵਾਸੀ ਹੋਵੇ ਜਾਂ ਉਸ ਕੋਲ ਯੂਕੇ ਵਿੱਚ ਕੰਮ ਕਰਨ ਦਾ ਕਾਨੂੰਨੀ ਅਧਿਕਾਰ ਹੋਣਾ ਲਾਜ਼ਮੀ ਹੈ।

**Closing Date:** Please send your CV to address or email before **9th March 2026**

**For more information contact: S. Bulraj Singh Johal – 07899 937663**

**or Email:info@nanaksarglobal.com / Email:nggtcoventry@gmail.com**

**NANAKSAR GURDWARA GURSIKH TEMPLE**

*UK Registered Charity No. 512089*

**224-226 Foleshill Road, Coventry, West Midlands CV1 4HW (UK)**

**Tel: (024) 7622 0434 - www.nanaksarglobal.com**

# ਪ੍ਰਧਾਨ ਮੰਤਰੀ ਕੀਰ ਸਟਾਰਮਰ ਨੂੰ ਸਿੱਖਾਂ ਨਾਲ ਕੀਤੇ ਵਾਅਦੇ ਮੁੜ ਕਰਵਾਏ ਯਾਦ

## ਸਿੱਖ ਫੈਡਰੇਸ਼ਨ ਯੂ ਕੇ ਨੇ 1984 ਘੱਲੂਘਾਰੇ ਵਿੱਚ ਬਰਤਾਨੀਆ ਦੀ ਸ਼ਮੂਲੀਅਤ ਸਬੰਧੀ ਜਨਤਕ ਜਾਂਚ ਕਰਵਾਉਣ ਦੀ ਮੰਗ ਦੁਹਰਾਈ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੱਖ ਫੈਡਰੇਸ਼ਨ (ਯੂ.ਕੇ.) ਨੇ ਅੱਜ ਸਿੱਖ ਭਾਈਚਾਰੇ ਨਾਲ ਕੀਤੇ ਗਏ ਖਾਸ ਵਾਅਦਿਆਂ ਬਾਰੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੂੰ ਇੱਕ ਪੱਤਰ ਲਿਖਿਆ ਹੈ। ਜਿਸ ਵਿੱਚ ਸਿੱਖਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਲੇਬਰ ਸਰਕਾਰ ਅਸਫਲ ਰਹੀ ਹੈ।**

ਇਹ ਪੱਤਰ 7 ਮਈ ਨੂੰ ਹੋਲੀਰੂਡ, ਸੈਨੇਡ ਵਿਖੇ ਹੋ ਰਹੀਆਂ ਜ਼ਿਮਨੀ ਚੋਣਾਂ ਅਤੇ ਇੰਗਲੈਂਡ ਦੀਆਂ ਸਥਾਨਕ ਚੋਣਾਂ ਤੋਂ ਤਿੰਨ ਮਹੀਨੇ ਪਹਿਲਾਂ ਭੇਜਿਆ ਗਿਆ ਹੈ। ਇਹਨਾਂ ਚੋਣਾਂ ਨੂੰ ਲੈ ਕੇ ਪਹਿਲਾਂ ਹੀ ਰਾਜਸੀ ਹਵਾ ਲੇਬਰ ਦੇ ਪੱਖ ਵਿੱਚ ਨਹੀਂ ਵਗ ਰਹੀ। ਪੱਤਰ ਵਿੱਚ ਕਿਹਾ ਕਿ ਸਿੱਖ ਭਾਈਚਾਰੇ ਨਾਲ ਸਰਕਾਰ ਦੇ ਰਵੱਈਏ ‘ਚ ਸੁਧਾਰ ਦੀ ਲੋੜ ਹੈ। ਸਿੱਖ ਫੈਡਰੇਸ਼ਨ (ਯੂ.ਕੇ.) ਨੇ ਕਿਹਾ ਕਿ ਸਿੱਖ ਭਾਈਚਾਰੇ ਨਾਲ ਸਰਕਾਰ ਦੇ ਸੰਬੰਧਾਂ ਦੀਆਂ ਕਮੀਆਂ ਨੂੰ ਉਜਾਗਰ ਕੀਤਾ ਗਿਆ ਹੈ।

ਸਿੱਖ ਵਿਰੋਧੀ ਨਫ਼ਰਤੀ ਅਪਰਾਧਾਂ ਨੂੰ ਪਛਾਣਨ, ਸਵੀਕਾਰ ਕਰਨ ਅਤੇ ਨਜਿੱਠਣ ਵਿੱਚ ਲੇਬਰ ਪਾਰਟੀ ਬਹੁਤ ਸੁਸਤ ਰਹੀ ਹੈ। ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਬਰਤਾਨਵੀ ਪੁਲਿਸ ਮੰਤਰੀ ਨੂੰ ਮਿਲਿਆ, ਗ੍ਰਿਹ ਮੰਤਰੀ ਨੂੰ ਪੱਤਰ ਲਿਖ ਕੇ ਇਸ ਮਾਮਲੇ ਬਾਰੇ ਜਾਣਕਾਰੀ ਦੇਣ ਲਈ ਕਿਹਾ ਪਰ ਅਜੇ ਪਰਨਾਲਾ ਉੱਥੇ ਦਾ ਉੱਥੇ ਹੀ ਹੈ। ਜਗਤਾਰ ਸਿੰਘ ਜੌਹਲ ਦੀ ਰਿਹਾਈ ਅਤੇ ਵਾਪਸੀ ਨੂੰ ਯਕੀਨੀ ਬਣਾਉਣ ਦੀ ਲੋੜ ਤੇ ਵੀ ਪੱਤਰ ਵਿੱਚ ਜ਼ੋਰ ਦਿੱਤਾ ਹੈ। ਪ੍ਰਧਾਨ ਮੰਤਰੀ ਨੂੰ ਪੁੱਛਿਆ ਗਿਆ ਹੈ ਕਿ ਕੀ ਉਹ ਜਗਤਾਰ ਦੀ ਪਤਨੀ ਨੂੰ ਮਿਲਣ ਅਤੇ ਉਨ੍ਹਾਂ ਨੂੰ ਭਰੋਸਾ ਦੇਣ ਲਈ ਤਿਆਰ ਹਨ ਕਿ ਉਹ ਕਦੋਂ ਆਪਣੇ ਪਤੀ ਨਾਲ ਦੁਬਾਰਾ ਮਿਲ ਕੇ ਪਰਿਵਾਰਕ ਜੀਵਨ ਸ਼ੁਰੂ ਕਰਨ ਦੀ ਉਮੀਦ ਕਰ ਸਕਦੀ ਹੈ। ਇਸ ਦੇ ਨਾਲ ਹੀ 1984 ਘੱਲੂਘਾਰੇ ਵਿੱਚ, ਪਹਿਲਾਂ ਅਤੇ ਬਾਅਦ ਦੀਆਂ ਘਟਨਾਵਾਂ ਵਿੱਚ ਉਸ ਸਮੇਂ ਦੀ ਥੈਚਰ ਸਰਕਾਰ ਦੀ ਭੂਮਿਕਾ ਦੀ ਜਨਤਕ ਜਾਂਚ ਕਰਵਾਉਣ ਦੇ ਵਾਅਦੇ ਨੂੰ ਵੀ ਯਾਦ ਕਰਵਾਇਆ ਗਿਆ ਹੈ। ਸਿੱਖ ਫੈਡਰੇਸ਼ਨ ਨੇ ਕਿਹਾ ਪ੍ਰਧਾਨ ਮੰਤਰੀ ਜਾਣਦੇ ਹਨ ਕਿ 200 ਤੋਂ ਵੱਧ ਸੰਸਦ ਮੈਂਬਰ ਜਨਤਕ ਜਾਂਚ ਦਾ ਸਮਰਥਨ ਕਰ ਰਹੇ ਹਨ। ਪ੍ਰਧਾਨ ਮੰਤਰੀ ਦੁਨੀਆ ਭਰ ਦੇ ਸਿੱਖਾਂ ਲਈ ਸੱਚਾਈ ਤੱਕ ਪਹੁੰਚਣ ਦੀ ਮਹੱਤਤਾ ਨੂੰ ਸਮਝਦੇ ਹਨ। ਉਹਨਾਂ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਆਪਣੇ ਕੀਤੇ ਵਾਅਦੇ ਦਾ ਸਨਮਾਨ ਕਰਨ ਦੀ ਹਿੰਮਤ ਦਿਖਾਉਣ।

ਇਸ ਤੋਂ ਇਲਾਵਾ ਯੂ ਕੇ ਵਿੱਚ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣਾ, ਅੰਤਰਰਾਸ਼ਟਰੀ ਦਮਨ, ਭਾਈ ਅਵਤਾਰ ਸਿੰਘ ਖੰਡਾ ਦੀ ਰਹੱਸਮਈ ਮੌਤ ਬਾਰੇ ਵੀ ਲਿਖਿਆ ਹੈ। ਕਿ ਸਰਕਾਰ ਉਕਤ ਮਾਮਲਿਆਂ ਵਿੱਚ ਕੀ ਕਰ ਰਹੀ ਹੈ। ਪ੍ਰਧਾਨ ਮੰਤਰੀ ਕੀਰ ਸਟਾਰਮਰ ਨੂੰ ਕਿਹਾ ਗਿਆ ਹੈ ਕਿ ਸਰਕਾਰ ਨੂੰ ਆਪਣੀ ਨੀਤੀ ਬਦਲਣ ਦੀ ਲੋੜ ਹੈ ਅਤੇ ਮੰਤਰੀਆਂ ਨੂੰ ਪ੍ਰਮੁੱਖ ਸਿੱਖ ਭਾਈਚਾਰਕ ਸੰਗਠਨਾਂ ਨਾਲ ਤਾਲਮੇਲ ਕਰਨ, ਆਪਣੀ ਚੁੱਪ ਤੋੜ ਕੇ ਸਿੱਖ ਭਾਈਚਾਰੇ ਨਾਲ ਕੀਤੇ ਵਾਅਦਿਆਂ ਦਾ ਸਨਮਾਨ ਕਰਨਾ ਚਾਹੀਦਾ ਹੈ।

# ਭਾਰਤੀ ਵਿਦਿਆਰਥੀ ਨੇ ਲੰਡਨ ਵਿੱਚ 'ਥਾਮਸ ਟੂਰ' ਸੇਵਾ ਸ਼ੁਰੂ ਕੀਤੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕੇਰਲ ਦੇ ਇੱਕ ਵਿਦਿਆਰਥੀ, ਜਿਸਨੇ ਹਾਲ ਹੀ ਵਿੱਚ ਲੰਡਨ ਸਕੂਲ ਆਫ਼ ਇਕਨਾਮਿਕਸ ਤੋਂ ਮੈਕਰੋਇਕਨਾਮਿਕਸ ਵਿੱਚ ਮਾਸਟਰ ਡਿਗਰੀ ਪੂਰੀ ਕੀਤੀ ਹੈ, ਨੇ 'ਥਾਮਸ ਟੂਰ' ਨਾਮਕ ਇੱਕ ਵਿਲੱਖਣ ਟੂਰ ਗਾਈਡ ਸੇਵਾ ਸ਼ੁਰੂ ਕੀਤੀ ਹੈ ਤਾਂ ਜੋ ਯੂ ਕੇ ਵਿੱਚ ਨੌਕਰੀਆਂ ਦੀ ਭਾਲ ਕਰ ਰਹੇ ਗ੍ਰੈਜੂਏਟਾਂ ਦਾ ਮਨੋਬਲ ਵਧਾਉਣ ਅਤੇ ਰੋਜ਼ੀ-ਰੋਟੀ ਕਮਾਉਣ ਵਿੱਚ ਮਦਦ ਕੀਤੀ ਜਾ ਸਕੇ। ਤਿਰੁਵੱਲਾ ਦੇ ਮੱਲਾਪੱਲੀ ਪਿੰਡ ਦੇ ਨਿਵਾਸੀ ਜੇਮ ਥਾਮਸ ਮੈਥਿਊ ਨੇ ਆਪਣੇ ਦਾਦਾ ਜੀ ਦੇ ਨਾਮ 'ਤੇ 'ਥਾਮਸ ਟੂਰ' ਸ਼ੁਰੂ ਕੀਤਾ ਹੈ, ਜੋ ਨੌਕਰੀਆਂ ਦੀ ਭਾਲ ਕਰ ਰਹੇ ਨੌਜਵਾਨਾਂ ਨੂੰ ਪਾਰਟ-ਟਾਈਮ ਰੁਜ਼ਗਾਰ ਲੱਭਣ ਦਾ ਮੌਕਾ ਪ੍ਰਦਾਨ ਕਰਦਾ ਹੈ।

ਥਾਮਸ ਟੂਰ' ਦੇ ਤਹਿਤ, ਜੇਮ ਨੇ ਯਾਤਰਾ ਪੈਕੇਜ ਤਿਆਰ ਕੀਤੇ ਹਨ ਜੋ ਸੈਲਾਨੀਆਂ ਨੂੰ ਘੱਟ ਕੀਮਤ 'ਤੇ ਸ਼ਾਨਦਾਰ ਸਹੂਲਤਾਂ ਵਾਲੇ ਸਥਾਨਕ ਲੋਕਾਂ ਵਾਂਗ ਲੰਡਨ ਦੇ ਵੱਖ-ਵੱਖ ਸਥਾਨਾਂ ਦੀ ਪੜਚੋਲ ਕਰਨ ਦਾ ਮੌਕਾ ਪ੍ਰਦਾਨ ਕਰਦੇ ਹਨ।

ਜੇਮ ਦੇ ਅਨੁਸਾਰ, "ਸਾਡੀ ਵਿਸ਼ੇਸ਼ਤਾ ਇਹ ਹੈ ਕਿ ਅਸੀਂ ਸੈਲਾਨੀਆਂ ਲਈ ਸੁਵਿਧਾਜਨਕ ਯਾਤਰਾ ਪ੍ਰੋਗਰਾਮ ਬਣਾਉਂਦੇ ਹਾਂ, ਉਹਨਾਂ ਨੂੰ ਸਥਾਨਕ ਲੋਕਾਂ ਵਾਂਗ ਸ਼ਹਿਰ ਵਿੱਚ ਘੁੰਮਾਉਂਦੇ ਹੋਏ, ਟਿਊਬ ਅਤੇ ਰੈੱਡ ਬੱਸ ਸੇਵਾ ਦੀ ਵਰਤੋਂ ਕਰਦੇ ਹੋਏ। ਅਸੀਂ ਉਹਨਾਂ ਨੂੰ ਲੰਡਨ ਦੇ ਸ਼ਾਨਦਾਰ ਦ੍ਰਿਸ਼ਾਂ ਦਾ ਪੈਦਲ ਦੌਰਾ ਵੀ ਪੇਸ਼ ਕਰਦੇ ਹਾਂ।"

ਜੇਮ ਅੱਗੇ ਕਹਿੰਦਾ ਹੈ, "ਮੈਂ ਲੰਡਨ ਜਾਣ ਤੋਂ ਬਾਅਦ ਸਾਈਕਲ ਚਲਾ ਰਿਹਾ ਹਾਂ, ਜਿਸਨੇ ਮੈਨੂੰ ਸ਼ਹਿਰ ਦੇ ਪ੍ਰਸਿੱਧ ਸਥਾਨਾਂ ਲਈ ਬਹੁਤ ਸਾਰੇ ਸ਼ਾਰਟਕੱਟਾਂ ਅਤੇ ਪੈਦਲ ਰਸਤਿਆਂ ਬਾਰੇ ਸਿੱਖਣ 'ਚ ਮਦਦ ਕੀਤੀ ਹੈ। ਇਸ ਲਈ, ਮੈਂ ਦੂਜੇ ਸ਼ਹਿਰ ਦੇ ਟੂਰ ਆਪਰੇਟਰਾਂ ਦੇ ਬਜਟ ਦੇ ਲਗਭਗ ਅੱਧੇ 'ਤੇ ਯਾਤਰਾ ਪ੍ਰੋਗਰਾਮ ਬਣਾਉਣ ਦੇ ਯੋਗ ਹਾਂ, ਅਤੇ ਮੇਰਾ ਉਦੇਸ਼ ਸ਼ਹਿਰ ਦੇ ਗ੍ਰੈਜੂਏਟਾਂ ਨੂੰ ਸਸ਼ਕਤ ਬਣਾਉਣਾ ਹੈ।"

# ਐਪਸਟਾਈਨ ਦਸਤਾਵੇਜ਼ਾਂ ਕਾਰਨ ਸਾਬਕਾ ਰਾਜਕੁਮਾਰ ਐਂਡਰਿਊ ਸ਼ਾਹੀ ਘਰ ਚੋਂ ਹੋਏ ਬਾਹਰ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਬਕਾ ਰਾਜਕੁਮਾਰ ਐਂਡਰਿਊ ਮਾਊਂਟਬੈਟਨ-ਵਿੰਡਸਰ ਹੁਣ ਵਿੰਡਸਰ ਕਾਸਲ ਅਸਟੇਟ 'ਤੇ ਰਾਇਲ ਲਾਜ ਤੋਂ ਬਾਹਰ ਹੋ ਗਏ ਹਨ। ਕਿਉਂਕਿ ਮਰਹੂਮ ਜਿਨਸੀ ਸ਼ੋਸ਼ਣ ਅਪਰਾਧੀ ਜੈਫਰੀ ਐਪਸਟਾਈਨ ਦੀਆਂ ਵਿਵਾਦਪੂਰਨ ਫਾਈਲਾਂ ਤੋਂ ਹੈਰਾਨ ਕਰਨ ਵਾਲੇ ਹੋਏ ਖੁਲਾਸਿਆਂ ਨੇ ਯੂ ਕੇ ਦੇ ਰਾਜਨੀਤਿਕ ਹਲਕਿਆਂ ਵਿੱਚ ਲਗਾਤਾਰ ਬਹਿਸ ਛੇੜੀ ਹੋਈ ਹੈ।

ਰਾਜਾ ਚਾਰਲਸ ਤੀਜੇ ਦੇ 65 ਸਾਲਾ ਭਰਾ ਐਂਡਰਿਊ ਤੋਂ ਪਿਛਲੇ ਸਾਲ ਸਾਰੇ ਖ਼ਿਤਾਬ ਵਾਪਿਸ ਲੈ ਲਏ ਸਨ, ਉਹਨਾਂ ਨੂੰ ਸਾਰੀਆਂ ਸ਼ਾਹੀ ਸੇਵਾਵਾਂ ਤੋਂ ਮੁਕਤ ਕਰ ਦਿੱਤਾ ਗਿਆ ਸੀ। ਇਥੋਂ ਤੱਕ ਕਿ ਉਹਨਾਂ ਨੂੰ 77 ਸਾਲਾ ਮਹਾਰਾਜਾ ਚਾਰਲਸ ਦੀ ਸ਼ਾਹੀ ਜਾਇਦਾਦ 'ਤੇ ਆਪਣਾ ਨਿਵਾਸ ਵੀ ਖਾਲੀ ਕਰਨ ਲਈ ਆਖਿਆ ਗਿਆ ਸੀ। ਇਸ ਹਫ਼ਤੇ ਅਣਉਚਿਤ ਵਿਵਹਾਰ ਦੇ ਹੋਰ ਦੋਸ਼ਾਂ ਨੇ ਇਸ ਕਾਰਵਾਈ ਨੂੰ ਹੋਰ ਵੀ ਤੇਜ਼ ਕਰ ਦਿੱਤਾ ਹੈ।ਬਕਿੰਘਮ ਪੈਲੇਸ ਦੇ ਸੂਤਰਾਂ ਨੇ ਰਾਜਕੁਮਾਰ ਐਂਡਰਿਊ ਦੇ ਸ਼ਾਹੀ ਨਿਵਾਸ ਤੋਂ ਚਲੇ ਜਾਣ ਦੀ ਪੁਸ਼ਟੀ ਕੀਤੀ ਹੈ। ਦੂਜੇ ਪਾਸੇ ਯੂ ਕੇ ਪੁਲਿਸ ਨੇ ਯੌਰਕ ਦੇ ਸਾਬਕਾ ਡਿਊਕ ਨਾਲ ਜੁੜੀ ਨਵੀਂ ਜਾਣਕਾਰੀ ਦਾ ਮੁਲਾਂਕਣ ਕਰਨ ਦੀ ਗੱਲ ਸਵੀਕਾਰ ਕੀਤੀ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਐਂਡਰਿਊ ਹੁਣ ਆਪਣੇ ਪਿਤਾ ਪ੍ਰਿੰਸ ਫਿਲਿਪ ਦੇ ਪੁਰਾਣੇ ਨਿਵਾਸ ਵੁੱਡ ਫਾਰਮ ਵਿੱਚ ਰਹਿ ਰਿਹਾ ਹੈ, ਜੋ ਕਿ ਪੂਰਬੀ ਇੰਗਲੈਂਡ ਦੇ ਸੈਂਡ੍ਰਿੰਗਮ ਵਿੱਚ ਹੈ। ਜਿਕਰਯੋਗ ਹੈ ਕਿ ਨਵੇਂ ਦਸਤਾਵੇਜ਼ਾਂ ਵਿੱਚ ਰਾਜਕੁਮਾਰ ਐਂਡਰਿਊ ਦੀਆਂ ਅਪਮਾਨਜਨਕ ਤਸਵੀਰਾਂ ਅਤੇ ਹੋਰ ਜਾਣਕਾਰੀ ਸਾਹਮਣੇ ਆਈ ਹੈ।

# ਜੇ ਮੇਰਾ ਵੱਸ ਚੱਲਦਾ ਤਾਂ ਮੈਂ ਆਪਣੇ ਅਨਪੜ੍ਹ ਮਾਪਿਆਂ ਨੂੰ ਯੂ ਕੇ ਦਾਖਿਲ ਨਹੀਂ ਸੀ ਹੋਣ ਦੇਣਾ - ਸਾਬਕਾ ਗ੍ਰਿਹ ਮੰਤਰੀ ਜਾਵੇਦ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਅਕਸਰ ਹੀ ਵੇਖਿਆ ਜਾਂਦਾ ਹੈ ਕਿ ਵੱਡੀਆਂ ਵੱਡੀਆਂ ਹੱਕੀਂ ਗੱਲਾਂ ਕਰਨ ਵਾਲੇ ਲੋਕ ਸਿਆਸਤ ਦੀ ਉੱਚੀ ਥਾਂ ਤੇ ਪਹੁੰਚ ਕੇ ਆਪਣੇ ਵਿਚਾਰ ਕਿਵੇਂ ਬਦਲ ਲੈਂਦੇ ਹਨ। ਸ਼ਾਇਦ ਇਹ ਇੱਕ ਦੇਸ਼ ਦਾ ਨਹੀਂ ਬਲਕਿ ਵਿਸ਼ਵ ਭਰ ਦੇ ਸਿਆਸੀ ਲੋਕਾਂ ਦੀ ਇਹੀ ਸੋਚ ਹੈ। ਟੋਬਾ ਟੇਕ ਸਿੰਘ ਨਾਲ ਸਬੰਧ ਰੱਖਣ ਵਾਲੇ ਬਰਤਾਨੀਆਂ ਦੇ ਸਾਬਕਾ ਗ੍ਰਿਹ ਮੰਤਰੀ ਨੇ ਜਦੋਂ ਇੱਕ ਕਾਨਫਰੰਸ ਵਿੱਚ ਆਪਣੀ ਮਾਂ ਨੂੰ ਪੰਜਾਬੀ ਵਿੱਚ ਕਿਹਾ ਸੀ ਕਿ ਮਾਂ ਕਦੇ ਸੋਚਿਆਂ ਸੀ ਕਿ ਆਪਾਂ ਇਥੋਂ ਤੱਕ ਪਹੁੰਚਾਂਗੇ, ਤਾਂ ਹਰ ਪ੍ਰਵਾਸੀ ਅਤੇ ਖਾਸ ਤੌਰ ਤੇ ਪੰਜਾਬੀਆਂ ਨੇ ਮਾਣ ਮਹਿਸੂਸ ਕੀਤਾ ਸੀ। ਲੇਕਨ ਜਿਉਂ ਜਿਉਂ ਜ਼ਿੰਮੇਵਾਰੀਆਂ ਵਧੀਆਂ ਤਾਂ ਉਹ ਆਪਣੇ ਸਿਆਸੀ ਢਾਂਚੇ ਵਿੱਚ ਇਹਨਾਂ ਉਲਝ ਗਏ ਕਿ ਉਹਨਾਂ ਨੇ ਆਪਣੀ ਕਿਤਾਬ ਵਿੱਚ ਇਹ ਲਿਖ ਦਿੱਤਾ ਕਿ ਜੇ ਮੇਰੇ ਵੱਸ ਵਿੱਚ ਹੁੰਦਾ ਤਾਂ ਮੈਂ ਆਪਣੀ ਅੰਮੀ-ਅੱਬਾ ਵਰਗੇ ਲੋਕਾਂ ਨੂੰ ਯੂ ਕੇ ਵਿੱਚ ਵੜ੍ਹਨ ਨਹੀਂ ਦੇਣਾ ਸੀ, ਕਿਉਂਕਿ ਉਹਨਾਂ ਨੂੰ ਅੰਗਰੇਜ਼ੀ ਨਹੀਂ ਆਉਂਦੀ ਸੀ ਅਤੇ ਇਸ ਤਰ੍ਹਾਂ ਲੋਕਾਂ ਨੇ ਯੂ ਕੇ ਨੂੰ ਬੜਾ ਖ਼ਰਾਬ ਕੀਤਾ ਹੈ।**

ਜਾਵੇਦ ਦੀਆਂ ਉਕਤ ਦੋਵੇਂ ਗੱਲਾਂ ਪ੍ਰਵਾਸੀਆਂ ਨੂੰ ਸੋਚਣ ਲਈ ਮਜਬੂਰ ਕਰਦੀਆਂ ਹਨ। ਜਾਵੇਦ ਦੇ ਪਿਤਾ ਅਬਦੁਲ ਗਨੀ ਜਾਵੇਦ ਆਪਣੀ ਪਤਨੀ ਜ਼ੁਬੈਦਾ ਜਾਵੇਦ ਨਾਲ 1961 ਵਿੱਚ ਯੂ ਕੇ ਆਇਆ ਸੀ, ਉਸ ਸਮੇਂ ਉਸ ਕੋਲ ਸਿਰਫ 1 ਪੌਂਡ ਸੀ। ਫੈਕਟਰੀਆਂ, ਬੱਸ ਡਰਾਇਵਰੀ ਤੋਂ ਲੈ ਕੇ ਕਈ ਕੰਮ ਉਹਨਾਂ ਦਿਨ ਰਾਤ ਇੱਕ ਕਰਕੇ ਕੀਤੇ। ਜ਼ੁਬੈਦਾ ਨੂੰ ਅੰਗਰੇਜ਼ੀ ਨਾ ਆਉਣ ਕਰਕੇ ਉਹ ਘਰੇਲੂ ਔਰਤ ਹੀ ਰਹੀ। ਪਰ ਦੋਵਾਂ ਨੇ ਆਪਣੇ ਪੰਜ ਪੁੱਤਰਾਂ ਨੂੰ ਹਰ ਸੁੱਖ ਸਹੂਲਤ ਦੇ ਕੇ ਲਾਇਕ ਬਣਾਇਆ। ਪਰ ਜਾਵੇਦ ਦੇ ਉਕਤ ਵਿਚਾਰਾਂ ਨੇ ਪ੍ਰਵਾਸੀਆਂ ਨੂੰ ਭਾਰੀ ਠੇਸ ਪਹੁੰਚਾਈ ਹੈ। ਲੋਕਾਂ ਦਾ ਕਹਿਣਾ ਹੈ ਕਿ 60ਵਿਆਂ ਵਿੱਚ ਭਾਰਤੀ ਜਾਂ ਪਾਕਿਸਤਾਨੀਆਂ ਨੂੰ ਕਿਸੇ ਤਰਸ ਦੇ ਅਧਾਰ ਤੇ ਯੂ ਕੇ ਨਹੀਂ ਆਉਣ ਦਿੱਤਾ ਸੀ ਸਗੋਂ ਉਸ ਸਮੇਂ ਮਜ਼ਦੂਰਾਂ ਦੀ ਘਾਟ ਸੀ। ਪ੍ਰਵਾਸੀ ਕਾਮਿਆਂ ਨੇ ਯੂ ਕੇ ਨੂੰ ਪੈਰਾਂ ਤੇ ਕਰਨ ਲਈ ਅਹਿਮ ਯੋਗਦਾਨ ਪਾਇਆ ਹੈ।



ਸਾਬਕਾ ਗ੍ਰਿਹ ਮੰਤਰੀ ਸਾਜਿਦ ਜਾਵੇਦ

ਸਾਜੇਦ ਨੇ ਕਿਤਾਬ ਵਿੱਚ ਆਪਣੇ ਨਾਲ ਹੋਏ ਨਸਲੀ ਵਿਤਕਰੇ, ਚੋਰੀ ਕਾਰਨ ਗ੍ਰਿਫਤਾਰੀ, ਪਿਤਾ ਵੱਲੋਂ ਕੁੱਟਣ ਤੋਂ ਲੈ ਕੇ ਆਪਣੀ ਜਿੰਦਗੀ ਦੇ ਕਈ ਕਿੱਸੇ ਸਾਂਝੇ ਕੀਤੇ ਹਨ। ਪਰ ਪ੍ਰਵਾਸੀਆਂ ਬਾਰੇ ਉਸ ਦੇ ਵਿਚਾਰਾਂ ਨੇ ਪ੍ਰਵਾਸੀਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ।

# ਯੂ ਕੇ ਵੱਲੋਂ ਵੀਜ਼ਾ ਸਖ਼ਤੀਆਂ ਦੀ ਧਮਕੀ ਤੋਂ ਬਾਅਦ 3 ਅਫਰੀਕੀ ਦੇਸ਼ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵਾਪਸ ਲੈਣ ਲਈ ਹੋਏ ਸਹਿਮਤ ਹਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵੱਲੋਂ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਉਹਨਾਂ ਦੇ ਦੇਸ਼ ਵਾਪਿਸ ਭੇਜਣ ਦੀ ਨੀਤੀ ਤਹਿਤ ਬੀਤੇ ਕੁਝ ਸਮੇਂ ਤੋਂ ਕਾਫੀ ਸਰਗਰਮੀ ਵਿਖਾਈ ਜਾ ਰਹੀ ਹੈ। ਖਾਸ ਤੌਰ ਤੇ ਅਪਰਾਧਿਕ ਪਿਛੋਕੜ ਵਾਲੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਜਲਦੀ ਵਾਪਿਸ ਭੇਜਣ ਦੀਆਂ ਪ੍ਰਕ੍ਰਿਆਵਾਂ ਵਿੱਚ ਤੇਜ਼ੀ ਲਿਆਂਦੀ ਗਈ ਹੈ। ਬੀਤੇ ਸਮੇਂ ਵਿੱਚ ਉਕਤ ਨੀਤੀ ਨਾਲ ਅਸਹਿਮਤ ਹੋਣ ਵਾਲੇ ਤਿੰਨ ਅਫਰੀਕੀ ਦੇਸ਼ ਆਪਣੇ ਨਾਗਰਿਕਾਂ ਨੂੰ ਵਾਪਸ ਲੈਣ ਲਈ ਸਹਿਮਤ ਹੋ ਗਏ ਹਨ। ਇਸ ਦਾ ਖੁਲਾਸਾ ਅੱਜ ਲੰਡਨ ਵਿੱਚ ਬਰਤਾਨਵੀ ਗ੍ਰਹਿ ਮੰਤਰਾਲੇ ਵੱਲੋਂ ਕੀਤਾ ਗਿਆ ਹੈ। ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਇਹਨਾਂ ਦੇਸ਼ਾਂ ਨੂੰ ਯੂ ਕੇ ਦਾ ਵੀਜ਼ਾ ਦੇਣ ਲਈ ਸਖ਼ਤੀ ਵਰਤੇ ਜਾਣ ਦੀ ਧਮਕੀ ਦਿੱਤੀ ਸੀ। ਇੱਕ ਮਹੀਨੇ ਬਾਅਦ ਨਾਮੀਬੀਆ ਅਤੇ ਅੰਗੋਲਾ ਪ੍ਰਵਾਸੀਆਂ ਦੀ ਵਾਪਸੀ 'ਤੇ ਸਹਿਯੋਗ ਕਰਨ ਲਈ ਸਹਿਮਤ ਹੋ ਗਏ ਸਨ। ਲੇਕਨ ਡੈਮੋਕ੍ਰੇਟਿਕ ਰੀਪਬਲਿਕ ਆਫ਼ ਕਾਂਗੋ (ਡੀ ਆਰ ਸੀ) ਨੇ ਹੁਣ ਸਹਿਮਤੀ ਦਿੱਤੀ ਹੈ ਜਦੋਂ ਗ੍ਰਹਿ ਮੰਤਰੀ ਨੇ ਵੀ ਆਈ ਪੀਜ਼ ਅਤੇ ਹੋਰ ਤਰਜੀਹੀ ਵੀਜ਼ਾ ਦੇਣ ਤੋਂ ਨਾਂਹ ਕਰ ਦਿੱਤੀ, ਨਾਲ ਹੀ ਸਾਰੇ ਡੀ ਆਰ ਸੀ ਨਾਗਰਿਕਾਂ ਲਈ ਫਾਸਟ-ਟਰੈਕ ਵੀਜ਼ਾ ਪ੍ਰੋਸੈਸਿੰਗ ਸੇਵਾਵਾਂ ਨੂੰ ਰੱਦ ਕਰ ਦਿੱਤਾ।

ਅੱਜ ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਕਿਹਾ ਕਿ ਮੇਰਾ ਸੁਨੇਹਾ ਸਪੱਸ਼ਟ ਹੈ, ਜੇਕਰ ਵਿਦੇਸ਼ੀ ਸਰਕਾਰਾਂ ਆਪਣੇ ਨਾਗਰਿਕਾਂ ਦੀ ਵਾਪਸੀ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਦੀਆਂ ਹਨ, ਤਾਂ ਉਨ੍ਹਾਂ ਨੂੰ ਨਤੀਜੇ ਭੁਗਤਣੇ ਪੈਣਗੇ। ਗੈਰ-ਕਾਨੂੰਨੀ ਪ੍ਰਵਾਸੀਆਂ ਅਤੇ ਖਤਰਨਾਕ



ਸ਼ਬਾਨਾ ਮਹਿਮੂਦ

ਅਪਰਾਧੀਆਂ ਨੂੰ ਹੁਣ ਦੇਸ਼ ਨਿਕਾਲਾ ਦੇ ਕੇ ਅੰਗੋਲਾ, ਨਾਮੀਬੀਆ ਅਤੇ ਡੈਮੋਕ੍ਰੇਟਿਕ ਰੀਪਬਲਿਕ ਆਫ਼ ਕਾਂਗੋ ਵਾਪਸ ਭੇਜ ਦਿੱਤਾ ਜਾਵੇਗਾ। ਅਜਿਹੇ ਲੋਕਾਂ ਦੀ ਗਿਣਤੀ 3000 ਦੇ ਕਰੀਬ ਦੱਸੀ ਜਾ ਰਹੀ ਹੈ। ਗ੍ਰਹਿ ਮੰਤਰੀ ਮਹਿਮੂਦ ਨੇ ਕਿਹਾ ਕਿ ਮੈਂ ਆਪਣੀਆਂ ਸਰਹੱਦਾਂ 'ਤੇ ਵਿਵਸਥਾ ਅਤੇ ਨਿਯੰਤਰਣ ਬਹਾਲ ਕਰਨ ਲਈ ਹਰ ਸੰਭਵ ਯਤਨ ਕਰਾਂਗੀ।

ਯੂ ਕੇ ਮੀਡੀਆ ਰਿਪੋਰਟਾਂ ਅਨੁਸਾਰ ਭਾਰਤ, ਪਾਕਿਸਤਾਨ, ਨਾਈਜੀਰੀਆ, ਬੰਗਲਾਦੇਸ਼, ਸੋਮਾਲੀਆ ਅਤੇ ਗੈਬਨ ਹੋਰ ਦੇਸ਼ ਜੋ ਇਸ ਤਰ੍ਹਾਂ ਦੇ ਵਾਪਸੀ ਸਮਝੌਤੇ ਦਾ ਵਿਰੋਧ ਕਰਦੇ ਹਨ, ਉਹਨਾ ਨੂੰ ਵੀ ਭਵਿੱਖ ਵਿੱਚ ਵੀਜ਼ਾ ਪਾਬੰਦੀਆਂ ਵਾਲਿਆਂ ਦੀ ਕਤਾਰ ਸ਼ਾਮਿਲ ਕੀਤਾ ਜਾ ਸਕਦਾ ਹੈ।

ਗ੍ਰਹਿ ਮੰਤਰੀ ਨੇ ਕਿਹਾ ਕਿ ਹੁਣ ਅੰਗੋਲਾ, ਨਾਮੀਬੀਆ ਅਤੇ ਡੀ ਆਰ ਸੀ ਸਹਿਯੋਗ ਕਰ ਰਹੇ ਹਨ, ਪਰ ਕਈ ਦੂਜੇ ਦੇਸ਼ ਆਪਣੇ ਨਾਗਰਿਕਾਂ ਨੂੰ ਵਾਪਸ ਨਹੀਂ ਲੈ ਰਹੇ ਹਨ। ਗ੍ਰਹਿ ਮੰਤਰੀ ਨੇ ਸਪੱਸ਼ਟ ਕੀਤਾ ਕਿ ਜੋ ਲੋਕ ਵਾਪਸੀ ਪ੍ਰਕ੍ਰਿਆ 'ਤੇ ਯੂ ਕੇ ਨਾਲ ਕੰਮ ਕਰਨ ਤੋਂ ਇਨਕਾਰ ਕਰਦੇ ਹਨ ਉਹ ਇੱਕ ਆਮ ਵੀਜ਼ਾ ਸਬੰਧ ਦੀ ਉਮੀਦ ਨਹੀਂ ਕਰ ਸਕਦੇ।

## ਕਿੰਗਜ਼ ਕਾਲਜ ਲੰਡਨ ਨੇ ਭਾਰਤੀ ਵਿਦਿਆਰਥੀਆਂ ਲਈ ਸਕਾਲਰਸ਼ਿਪਾਂ ਸ਼ੁਰੂ


ਪ੍ਰਧਾਨ ਪ੍ਰੋਫੈਸਰ ਸ਼ਿਤਿਜ ਕਪੂਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕਿੰਗਜ਼ ਕਾਲਜ ਲੰਡਨ ਨੇ ਸੋਮਵਾਰ ਨੂੰ ਭਾਰਤ ਵਿੱਚ ਰਹਿਣ ਵਾਲੇ ਪੋਸਟ ਗ੍ਰੈਜੂਏਟ ਵਿਦਿਆਰਥੀਆਂ ਲਈ ਯੂਨੀਵਰਸਿਟੀ ਦੀ ਵਿਸ਼ੇਸ਼ ਸਕਾਲਰਸ਼ਿਪ ਸਕੀਮ ਦੇ ਤੀਜੇ ਸਾਲ ਦਾ ਐਲਾਨ ਕਰ ਦਿੱਤਾ ਹੈ। ਵਾਈਸ-ਚਾਂਸਲਰ ਸਤੰਬਰ 2026 ਤੋਂ ਲੰਡਨ ਦੀ ਕਿੰਗਜ਼ ਯੂਨੀਵਰਸਿਟੀ ਵਿੱਚ ਪੜ੍ਹਾਈ ਕਰਨ ਵਾਲੇ ਭਾਰਤ ਦੇ 40 ਵਿਦਿਆਰਥੀਆਂ ਲਈ 5,000 ਪੌਂਡ ਫੀਸ ਵਿੱਚ ਕਟੌਤੀ ਦੀ ਪੇਸ਼ਕਸ਼ ਕਰਨਗੇ। ਜਿਸ ਲਈ ਅਰਜ਼ੀ ਦੇਣ ਲਈ ਵਿਦਿਆਰਥੀਆਂ ਨੂੰ ਇਹ ਦਿਖਾਉਣਾ ਪਵੇਗਾ ਕਿ ਉਹ ਆਪਣੀ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਸਮਾਜ ਨੂੰ ਵਧਾਉਣ ਲਈ ਆਪਣੇ ਹੁਨਰ ਅਤੇ ਗਿਆਨ ਦੀ ਵਰਤੋਂ ਕਰਨਗੇ ਅਤੇ ਉਹ ਯੂਨੀਵਰਸਿਟੀ ਵਿੱਚ ਅਕਾਦਮਿਕ ਅਤੇ ਨਿੱਜੀ ਤੌਰ 'ਤੇ ਆਪਣੇ ਸਮੇਂ ਦਾ ਵੱਧ ਤੋਂ ਵੱਧ ਲਾਭ ਕਿਵੇਂ ਉਠਾਉਣਗੇ।

ਕਿੰਗਜ਼ ਕਾਲਜ ਲੰਡਨ ਦੇ ਵਾਈਸ-ਚਾਂਸਲਰ ਅਤੇ ਪ੍ਰਧਾਨ ਪ੍ਰੋਫੈਸਰ ਸ਼ਿਤਿਜ ਕਪੂਰ ਨੇ ਕਿਹਾ ਕਿ ਮੈਨੂੰ ਭਾਰਤੀ ਵਿਦਿਆਰਥੀਆਂ ਲਈ ਵਾਈਸ-ਚਾਂਸਲਰ ਐਵਾਰਡਾਂ ਦੇ ਤੀਜੇ ਸਾਲ ਦੀ ਸ਼ੁਰੂਆਤ ਕਰਨ 'ਤੇ ਬਹੁਤ ਮਾਣ ਹੈ, ਮੈਂ ਖੁਦ ਵਿਦੇਸ਼ ਵਿੱਚ ਪੋਸਟ ਗ੍ਰੈਜੂਏਟ ਪੜ੍ਹਾਈ ਕਰਨ ਲਈ ਦਿੱਲੀ ਛੱਡਿਆ ਹੈ। ਅਸੀਂ ਜਾਣਦੇ ਹਾਂ ਕਿ ਕਿੰਗਜ਼ ਕਾਲਜ ਬਹੁਤ ਜਨੂੰਨ ਅਤੇ ਪ੍ਰਤਿਭਾ ਵਾਲੇ ਵਿਦਿਆਰਥੀਆਂ ਨੂੰ ਵਧਣ-ਫੁੱਲਣ ਅਤੇ ਸਮਾਜ ਵਿੱਚ ਸੱਚਮੁੱਚ ਸ਼ਾਨਦਾਰ ਸਕਾਰਾਤਮਕ ਪ੍ਰਭਾਵ ਪੈਦਾ ਕਰਨ ਲਈ ਇੱਕ ਵਿਲੱਖਣ ਅਨੁਭਵ ਪ੍ਰਦਾਨ ਕਰ ਸਕਦਾ ਹੈ। ਹਰ ਸਾਲ ਅਸੀਂ ਆਪਣੇ ਪੁਰਸਕਾਰ ਪ੍ਰਾਪਤਕਰਤਾਵਾਂ ਤੋਂ ਪ੍ਰੇਰਿਤ ਹੁੰਦੇ ਹਾਂ ਅਤੇ ਮੈਂ ਸਤੰਬਰ ਵਿੱਚ ਕਿੰਗਜ਼ ਵਿੱਚ ਅਗਲੇ ਪੁਰਸਕਾਰ ਜੇਤੂਆਂ ਦਾ ਸਵਾਗਤ ਕਰਨ ਲਈ ਉਤਸੁਕ ਹਾਂ।

## 'ਅੰਤਰਰਾਸ਼ਟਰੀ ਮਾਤ-ਭਾਸ਼ਾ ਦਿਵਸ' 22 ਫ਼ਰਵਰੀ ਨੂੰ ਮਨਾਇਆ ਜਾ ਰਿਹਾ ਹੈ

ਵਾਲਸਾਲ -ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ' ਪੰਜਾਬੀ ਐਜੂਕੇਸ਼ਨ ਐਂਡ ਟੀਚਰ ਟਰੇਨਿੰਗ' ਸੰਸਥਾ (PETT UK ) ਅਤੇ 'ਪ੍ਰਗਤੀਸ਼ੀਲ ਲਿਖਾਰੀ ਸਭਾ, ਯੂ.ਕੇ.' ਵਲੋਂ ਗੁਰੂ ਨਾਨਕ ਗੁਰਦੁਆਰਾ, ਕਾਲਡਮੋਰ, ਵਾਲਸਾਲ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਵਿਚ 22 ਫ਼ਰਵਰੀ 2026, ਦਿਨ ਐਤਵਾਰ ਨੂੰ 10.30 ਵਜੇ ਤੋਂ 3.00 ਵਜੇ ਤੱਕ 'ਅੰਤਰਰਾਸ਼ਟਰੀ ਮਾਤ-ਭਾਸ਼ਾ ਦਿਵਸ' ਮਨਾਇਆ ਜਾ ਰਿਹਾ ਹੈ ਜਿਸ ਵਿਚ ਪੰਜਾਬੀ ਸਕੂਲ ਦੇ ਬੱਚੇ, ਮਾਪੇ, ਅਧਿਆਪਕ ਅਤੇ ਬੁਲਾਰੇ ਹਿੱਸਾ ਲੈ ਰਹੇ ਹਨ। ਇਸ ਪ੍ਰੋਗਰਾਮ ਵਿਚ ਇਸ ਦਿਨ ਦੇ ਇਤਿਹਾਸ, ਇਸ ਦੀ ਮਹੱਤਤਾ ਬਾਰੇ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਾਡੇ ਇਥੋਂ ਦੇ ਜੰਮੇ ਪਲੇ ਨੌਜਵਾਨ, ਜੋ ਪੇਸ਼ੇਵਰ ਨੌਕਰੀਆਂ ਕਰਦੇ ਹਨ ਉਹ ਬੱਚਿਆਂ ਤੇ ਮਾਪਿਆਂ ਨੂੰ ਦੱਸਣਗੇ ਕਿ ਉਹ ਕਿਵੇਂ ਆਪਣੇ ਕੰਮ-ਕਾਰ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਕਰਦੇ ਹਨ ਤੇ ਇਸ ਦਾ ਕੀ ਫ਼ਾਇਦਾ ਹੈ। ਸਿੱਖ ਚੈਨਲ ਵਲੋਂ ਇਸ ਪ੍ਰੋਗਰਾਮ ਦੀ ਕਵਰੇਜ ਕੀਤੀ ਜਾਵੇਗੀ।

ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ:-

| | |
|---|---|
| ਨਿਰਮਲ ਸਿੰਘ ਕੰਧਾਲਵੀ | 07578389725 |
| ਗੁਰਜੀਤ ਸਿੰਘ ਗਿੱਲ | 07940974011 |
| ਕੁਲਵਿੰਦਰ ਕੌਰ | 07929956924 |

## ਯੂ ਕੇ ਵਾਚਡੌਗ ਨੇ ਭਾਰਤੀ ਭਾਈਚਾਰੇ ਤੇ ਕੇਂਦ੍ਰਿਤ ਐਮ ਏ ਟੀ ਵੀ ਦਾ ਪ੍ਰਸਾਰਣ ਲਾਇਸੈਂਸ ਕੀਤਾ ਰੱਦ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਦੇ ਮੀਡੀਆ ਵਾਚਡੌਗ ਨੇ ਰੈਗੂਲੇਟਰੀ ਸ਼ਰਤਾਂ ਦੀ ਉਲੰਘਣਾ ਕਰਨ 'ਤੇ ਲੰਡਨ ਤੋਂ ਚੱਲਦੇ ਭਾਰਤੀ ਭਾਈਚਾਰੇ ਤੇ ਕੇਂਦ੍ਰਿਤ ਐਮ ਏ ਟੀ ਵੀ ਦਾ ਪ੍ਰਸਾਰਣ ਲਾਇਸੈਂਸ ਰੱਦ ਕਰ ਦਿੱਤਾ ਹੈ, ਜਿਸ ਨਾਲ ਸੈਟੇਲਾਈਟ ਚੈਨਲ ਨੂੰ ਤੁਰੰਤ ਪ੍ਰਭਾਵ ਨਾਲ ਬੰਦ ਕਰ ਦਿੱਤਾ ਜਾਵੇਗਾ।

ਅਗਸਤ 2024 ਦੀ ਜਾਂਚ ਤੋਂ ਬਾਅਦ ਸੰਚਾਰ ਦਫਤਰ (ਆਫਕਾਮ) ਨੇ ਸ਼ੁੱਕਰਵਾਰ ਨੂੰ ਲਾਇਸੈਂਸ ਰੱਦ ਕਰਨ ਦਾ ਨੋਟਿਸ ਜਾਰੀ ਕੀਤਾ, ਜਿਸ ਵਿੱਚ ਇਹ ਸਿੱਟਾ ਕੱਢਿਆ ਗਿਆ ਸੀ ਕਿ ਮਿਡਲਸੈਕਸ ਬ੍ਰੌਡਕਾਸਟਿੰਗ ਕਾਰਪੋਰੇਸ਼ਨ ਲਿਮਿਟਿਡ (ਐਮ ਬੀ ਸੀ ਐਲ) ਦੁਆਰਾ "ਗਲਤ ਤਰੀਕੇ ਨਾਲ ਲਾਇਸੈਂਸ ਰੱਖੇ ਗਏ" ਸਨ।

ਜਦੋਂ ਕਿ ਇੱਕ ਲਾਇਸੈਂਸ ਐਮ ਏ ਟੀ ਵੀ ਨੈਸ਼ਨਲ ਨਾਲ ਇੱਕ ਸੈਟੇਲਾਈਟ ਟੈਲੀਵਿਜ਼ਨ ਸੇਵਾ ਵਜੋਂ ਜੁੜਿਆ ਹੋਇਆ ਸੀ ਜੋ ਹਿੰਦੀ, ਉਰਦੂ, ਅੰਗਰੇਜ਼ੀ, ਗੁਜਰਾਤੀ ਅਤੇ ਪੰਜਾਬੀ ਵਿੱਚ ਭਾਰਤੀ ਪ੍ਰੋਗਰਾਮਾਂ ਦਾ ਪ੍ਰਸਾਰਣ ਕਰਦਾ ਸੀ, ਦੂਜਾ ਐਮ ਏ ਟੀ ਵੀ ਸੰਗੀਤ ਲਈ ਸੀ ਜੋ ਇੱਕ ਸੈਟੇਲਾਈਟ ਟੈਲੀਵਿਜ਼ਨ ਸੇਵਾ ਵੀ ਸੀ, ਜੋ ਕਥਿਤ ਤੌਰ 'ਤੇ ਚੱਲ ਨਹੀਂ ਰਿਹਾ ਸੀ।

ਆਫਕਾਮ ਨੇ ਇੱਕ ਬਿਆਨ ਵਿੱਚ ਕਿਹਾ "ਯੂ ਕੇ ਵਿੱਚ, ਯੂ ਕੇ ਸੰਸਦ ਦੁਆਰਾ ਬਣਾਏ ਗਏ ਪ੍ਰਸਾਰਣ ਕਾਨੂੰਨਾਂ ਵਿੱਚ ਕਿਹਾ ਗਿਆ ਹੈ ਕਿ ਪ੍ਰਸਾਰਣ ਲਾਇਸੰਸਧਾਰਕਾਂ ਦਾ ਲਾਇਸੰਸਸ਼ੁਦਾ ਸੇਵਾਵਾਂ 'ਤੇ ਨਿਯੰਤਰਣ ਹੋਣਾ ਚਾਹੀਦਾ ਹੈ, ਜਿਸ ਵਿੱਚ ਉਹਨਾਂ ਦੁਆਰਾ ਦਿਖਾਏ ਜਾਣ ਵਾਲੇ ਪ੍ਰੋਗਰਾਮਾਂ 'ਤੇ ਸੰਪਾਦਕੀ ਨਿਗਰਾਨੀ ਸ਼ਾਮਲ ਹੈ,"। "ਸਾਡੀ ਜਾਂਚ ਤੋਂ ਇਹ ਸਿੱਟਾ ਨਿਕਲਿਆ ਹੈ ਕਿ ਐਮ ਏ ਟੀ ਵੀ ਨੈਸ਼ਨਲ ਅਤੇ ਐਮ ਏ ਟੀ ਵੀ ਸੰਗੀਤ ਸੇਵਾਵਾਂ ਲਈ ਲਾਇਸੈਂਸ-ਧਾਰਕ ਐਮ ਬੀ ਸੀ ਐਲ ਕੋਲ ਐਮ ਏ ਟੀ ਵੀ ਦੇ ਆਉਟਪੁੱਟ ਲਈ ਸੰਪਾਦਕੀ ਜ਼ਿੰਮੇਵਾਰੀ ਨਹੀਂ ਸੀ। ਜਾਂਚਕਰਤਾਵਾਂ ਨੇ ਲਾਇਸੈਂਸਧਾਰਕ ਦੇ ਪਾਲਣਾ ਸੰਪਰਕ ਵਜੋਂ ਰਜਿਸਟਰਡ ਕੁਲਦੀਪ ਸਿੰਘ ਸ਼ੇਖਾਵਤ ਤੱਕ ਪਹੁੰਚ ਕਰਨ ਤੇ ਪਾਇਆ ਕਿ ਉਹ ਇੱਕੋ ਸਮੇਂ ਓਵਰਸੀਜ਼ ਫ੍ਰੈਂਡਜ਼ ਆਫ਼ ਦ ਭਾਰਤੀ ਜਨਤਾ ਪਾਰਟੀ ਯੂ ਕੇ ਦੇ ਪ੍ਰਧਾਨ ਹਨ।

ਆਫਕਾਮ ਮੁਤਾਬਿਕ ਲਾਇਸੈਂਸ ਧਾਰਕ ਦਾ ਰਾਜਨੀਤਿਕ ਹੋਣਾ ਨਿਯਮਾਂ ਦੀ ਉਲੰਘਣਾ ਹੈ। ਦੂਜੇ ਪਾਸੇ ਆਫਕਾਮ ਦੀਆਂ ਸ਼ਰਤਾਂ ਨੂੰ ਪੂਰਾ ਕਰਨ ਲਈ ਕੰਪਨੀ ਦੇ ਲੀਡਰਸ਼ਿਪ ਢਾਂਚੇ ਵਿੱਚ ਬਦਲਾਅ ਕਰਨ ਦੀ ਕੋਸ਼ਿਸ਼ ਕੀਤੀ ਹੈ। ਐਮ ਏ ਟੀ ਵੀ ਦਾ ਮੰਨਣਾ ਹੈ ਕਿ ਚੈਨਲ ਨੂੰ ਬੰਦ ਕਰਨ ਦਾ ਫੈਸਲਾ "ਰਾਜਨੀਤਿਕ ਤੌਰ 'ਤੇ ਪ੍ਰੇਰਿਤ" ਹੈ ਅਤੇ ਦਾਅਵਾ ਕੀਤਾ ਕਿ ਓਵਰਸੀਜ਼ ਫਰੈਂਡਜ਼ ਆਫ ਬੀ ਜੇ ਪੀ ਯੂ ਕੇ ਰਾਜਨੀਤਿਕ ਸੰਸਥਾ ਨਹੀਂ ਹੈ ਸਗੋਂ ਇੱਕ ਸਮਾਜਿਕ ਸੰਸਥਾ ਹੈ ਜੋ ਭਾਰਤੀ ਪ੍ਰਵਾਸੀਆਂ ਦੀ ਮਦਦ ਕਰਦੀ ਹੈ।

ਕੁਲਦੀਪ ਸਿੰਘ ਸ਼ੇਖਾਵਤ ਨੇ ਕਿਹਾ ਕਿ ਐਮ ਬੀ ਸੀ ਐਲ ਕੋਲ ਐਮ ਏ ਟੀ ਵੀ ਨੈਸ਼ਨਲ ਦੇ ਪ੍ਰਸਾਰਣ ਲਈ ਲਾਇਸੈਂਸ ਸਨ। ਐਮ ਏ ਟੀ ਵੀ ਸੰਗੀਤ ਕਦੇ ਵੀ ਪ੍ਰਸਾਰਿਤ ਨਹੀਂ ਹੋਇਆ। ਆਫਕਾਮ ਦਾ ਫੈਸਲਾ ਰਾਜਨੀਤੀ ਤੋਂ ਪ੍ਰੇਰਿਤ ਹੈ ਕਿਉਂਕਿ ਉਨ੍ਹਾਂ ਨੇ ਮੈਨੂੰ ਇੱਕ ਨਿਯੰਤਰਕ ਵਿਅਕਤੀ ਵਜੋਂ ਰਾਜਨੀਤੀ ਨਾਲ ਜੋੜਿਆ ਹੈ। ਨਾ ਤਾਂ ਮੈਂ ਐਮ ਏ ਟੀ ਵੀ ਨੂੰ ਨਿਯੰਤਰਿਤ ਕਰ ਰਿਹਾ ਸੀ, ਨਾ ਹੀ ਐਮ ਬੀ ਸੀ ਐਲ ਵਿੱਚ ਮੇਰੀ ਕੋਈ ਹਿੱਸੇਦਾਰੀ ਸੀ। ਉਹਨਾਂ ਕਿਹਾ ਕਿ ਓਵਰਸੀਜ਼ ਫ੍ਰੈਂਡਜ਼ ਆਫ਼ ਦ ਭਾਰਤੀ ਜਨਤਾ ਪਾਰਟੀ ਯੂ ਕੇ ਨਾ ਤਾਂ ਰਾਜਨੀਤਿਕ ਪਾਰਟੀ ਹੈ, ਨਾ ਹੀ ਰਾਜਨੀਤਿਕ ਪਾਰਟੀ ਵਜੋਂ ਰਜਿਸਟਰਡ ਹੈ। ਅਸੀਂ ਯੂ ਕੇ ਵਿੱਚ ਕਿਸੇ ਵੀ ਕਿਸਮ ਦੀ ਰਾਜਨੀਤੀ ਵਿੱਚ ਨਹੀਂ ਹਾਂ। ਭਾਵੇਂ ਮੈਂ ਇਹਨਾਂ ਕੰਪਨੀਆਂ ਨੂੰ ਨਿਯੰਤਰਿਤ ਨਹੀਂ ਕਰਦਾ ਪਰ ਫਿਰ ਵੀ ਅਸੀਂ ਚੈਨਲਾਂ ਨੂੰ ਯੂ ਕੇ ਵਿੱਚ ਦੁਬਾਰਾ ਪ੍ਰਸਾਰਣ ਦੀ ਆਗਿਆ ਦੇਣ ਲਈ ਆਫਕਾਮ ਨੂੰ ਜ਼ਰੂਰ ਕਹਾਂਗੇ।

# ਸਾਊਥਾਲ ਵਿਖੇ ਸਿੱਖ ਬੱਚੀਆਂ ਨੂੰ ਗੁੰਮਰਾਹ ਹੋਣ ਤੋਂ ਬਚਾਉਣ ਲਈ ਲਾਇਆ ਜਾਗਰੂਕ ਸੈਮੀਨਾਰ



ਸੈਮੀਨਾਰ ਦੌਰਾਨ ਭਾਈ ਮੋਹਨ ਸਿੰਘ ਜਾਣਕਾਰੀ ਦਿੰਦੇ ਹੋਏ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਚ ਬੱਚੀਆਂ ਨੂੰ ਗਰੂਮ (ਗੁੰਮਰਾਹ ਕਰਕੇ ਸ਼ੋਸ਼ਣ ਕਰਨਾ) ਕਰਨ ਦਾ ਸਿਲਸਿਲਾ ਕਈ ਦਹਾਕਿਆਂ ਤੋਂ ਚੱਲਦਾ ਆ ਰਿਹਾ ਹੈ। ਇਸ ਨੂੰ ਲੈ ਕੇ ਸਮੇਂ ਸਮੇਂ ਅਵਾਜ਼ ਵੀ ਉੱਠੀ, ਲੜਾਈ ਝਗੜੇ ਵੀ ਹੋਏ ਅਤੇ ਬੀਤੇ ਸਮੇਂ ਦੌਰਾਨ ਕਈ ਗਰੋਹਾਂ ਨੂੰ ਜੇਲ੍ਹਾਂ ਵਿੱਚ ਵੀ ਨਜ਼ਰਬੰਦ ਕੀਤਾ ਗਿਆ। ਪਰ ਇਹ ਸਿਲਸਿਲਾ ਅਜੇ ਵੀ ਜਾਰੀ ਹੈ। ਸਿੱਖ ਅਵੇਅਰਨੈੱਸ ਸੁਸਾਇਟੀ ਯੂ ਕੇ ਵੱਲੋਂ ਕੌਰ ਕਲੱਬ ਵੈਸਟ ਲੰਡਨ, ਗੁਰੂ ਨਾਨਕ ਦਰਬਾਰ ਗੁਰਦੁਆਰਾ ਸਾਊਥਾਲ ਦੇ ਸਹਿਯੋਗ ਨਾਲ ਲਗਾਏ ਗਏ ਸੈਮੀਨਾਰ ਦੌਰਾਨ ਭਾਈ ਮੋਹਨ ਸਿੰਘ ਨੇ ਵੱਡੀ ਗਿਣਤੀ ਵਿੱਚ ਪਹੁੰਚੇ ਮਾਪਿਆਂ ਨੂੰ ਗਰੂਮਿੰਗ ਦੇ ਕਾਰਨ ਅਤੇ ਇਸ ਤੋਂ ਬਚਣ ਦੇ ਤਰੀਕਿਆਂ ਬਾਰੇ ਜਾਣਕਾਰੀ ਦਿੱਤੀ। ਉਹਨਾਂ ਵੱਖ ਵੱਖ ਸ਼ਹਿਰਾਂ ਵਿੱਚ ਵਾਪਰੀਆਂ ਘਟਨਾਵਾਂ ਨੂੰ ਅਧਾਰ ਬਣਾ ਕੇ ਹਵਾਲੇ ਦਿੱਤੇ ਕੇ ਕਿਸ ਤਰ੍ਹਾਂ ਬੱਚੀਆਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਫਿਰ ਉਹਨਾਂ ਦੀਆਂ ਕਮਜ਼ੋਰੀਆਂ ਅਤੇ ਭਾਵਨਾਵਾਂ ਅਨੁਸਾਰ ਉਹਨਾਂ ਦੇ ਮਾਪਿਆਂ ਤੋਂ ਦੂਰ ਕੀਤਾ ਜਾਂਦਾ ਹੈ। ਭਾਈ ਮੋਹਨ ਸਿੰਘ ਨੇ ਕਿਹਾ ਕਿ ਮੁੱਖ ਕਾਰਨ ਮਾਪਿਆਂ ਦਾ ਬੱਚਿਆਂ ਸਾਹਮਣੇ ਝਗੜਾ ਕਰਨਾ, ਘਰੇ ਨਸ਼ੇ ਦਾ ਸੇਵਨ ਕਰਨਾ, ਬੱਚਿਆਂ ਵੱਲ ਧਿਆਨ ਘੱਟ ਦੇਣਾ ਜਾਂ ਉਹਨਾਂ ਦੇ ਕੀਤੇ ਚੰਗੇ ਕੰਮਾਂ ਨੂੰ ਨਜ਼ਰਅੰਦਾਜ਼ ਕਰਨਾ ਅਤੇ ਸ਼ਲਾਘਾ ਨਾ ਕਰਨਾ ਆਦਿ ਮੁੱਖ ਕਾਰਨ ਹਨ।

ਭਾਈ ਮੋਹਨ ਸਿੰਘ ਨੇ ਗੁਰਬਾਣੀ ਦਾ ਅਨੁਸਾਰ ਜੀਵਨ ਜਿਊਣ ਅਤੇ ਬੱਚਿਆਂ ਨੂੰ ਸਿੱਖਿਆ ਦੇਣ ਦੀ ਸਲਾਹ ਦਿੱਤੀ।

ਉਹਨਾਂ ਦੱਸਿਆ ਕਿ ਕਿਸ ਤਰ੍ਹਾਂ ਅਜੇਹੇ ਮਾਮਲੇ ਸਾਹਮਣੇ ਆਏ ਹਨ ਜਿਸ ਵਿੱਚ ਬੱਚੀਆਂ ਨੂੰ ਧਮਕਾਇਆ ਜਾਂਦਾ ਸੀ, ਅੱਤਵਾਦੀ ਗਤੀਵਿਧੀਆਂ ਲਈ ਵਰਤੇ ਜਾਣ ਲਈ ਫਸਾਇਆ ਗਿਆ। ਉਹਨਾਂ ਇਹ ਵੀ ਕਿਹਾ ਕਿ ਗੈਂਗ ਰੂਪ ਵਿੱਚ ਜਿਆਦਾਤਰ ਮਾਮਲਿਆਂ ਦੇ ਹੁਣ ਤੱਕ ਸਾਹਮਣੇ ਆਏ ਮਾਮਲਿਆਂ ਵਿੱਚ ਦੋਸ਼ੀ ਪਾਏ ਗਏ ਵਿਅਕਤੀ ਪਾਕਿਸਤਾਨੀ ਮੂਲ ਦੇ ਹਨ।

ਦੱਸਣਯੋਗ ਹੈ ਕਿ ਸਿੱਖ ਅਵੇਅਰਨੈੱਸ ਸੁਸਾਇਟੀ ਹੁਣ ਤੱਕ ਬਹੁਤ ਸਾਰੀਆਂ ਸਿੱਖ ਬੱਚੀਆਂ ਨੂੰ ਗਰੂਮਰਾਂ ਦੇ ਚੁੰਗਲ ਚੋਂ ਬਾਹਰ ਕੱਢ ਚੁੱਕੀ ਹੈ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਲਗਾਤਾਰ ਯਤਨ ਕਰ ਰਹੀ ਹੈ।

# ਪੀਟਰ ਮੈਂਡੇਲਸਨ ਨੂੰ ਅਮਰੀਕੀ ਰਾਜਦੂਤ ਨਿਯੁਕਤ ਕਰਨ ਦੇ ਮਾਮਲੇ 'ਚ ਪ੍ਰਧਾਨ ਮੰਤਰੀ ਸਟਾਰਮਰ ਸਟਾਫ ਮੁਖੀ ਨੇ ਦਿੱਤਾ ਅਸਤੀਫ਼ਾ



ਮੋਰਗਨ ਮੈਕਸਵੀਨੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਜੈਫਰੀ ਐਪਸਟਾਈਨ ਨਾਲ ਦੋਸਤੀ ਦੇ ਵਿਵਾਦਾਂ ਵਿੱਚ ਘਿਰੇ ਪੀਟਰ ਮੈਂਡੇਲਸਨ ਨੂੰ ਅਮਰੀਕੀ ਰਾਜਦੂਤ ਨਿਯੁਕਤ ਕਰਨ ਦੇ ਮਾਮਲੇ 'ਚ ਪ੍ਰਧਾਨ ਮੰਤਰੀ ਸਟਾਰਮਰ ਦੇ ਸਟਾਫ ਮੁਖੀ ਨੇ ਦਿੱਤਾ ਅੱਜ ਅਸਤੀਫ਼ਾ ਦਿੱਤਾ ਹੈ। ਮੋਰਗਨ ਮੈਕਸਵੀਨੀ ਨੂੰ ਪ੍ਰਧਾਨ ਮੰਤਰੀ ਕੀਰ ਸਟਾਰਮਰ ਦਾ ਸੱਜਾ ਹੱਥ ਮੰਨਿਆ ਜਾਂਦਾ ਸੀ। ਅਸਤੀਫਾ ਦੇਣ ਤੋਂ ਬਾਅਦ ਮੈਕਸਵੀਨੀ ਨੇ ਕਿਹਾ ਕਿ ਪਿਛਲੇ ਸਾਲ ਪੀਟਰ ਮੈਂਡੇਲਸਨ ਨੂੰ ਅਮਰੀਕੀ ਰਾਜਦੂਤ ਨਿਯੁਕਤ ਕਰਨ ਦੀ ਸਲਾਹ ਦੇਣ ਲਈ "ਪੂਰੀ ਜ਼ਿੰਮੇਵਾਰੀ" ਲੈਂਦੇ ਹਨ। ਇਹ ਇੱਕ "ਗਲਤ" ਫੈਸਲਾ ਸੀ। ਮੈਕਸਵੀਨੀ ਨੂੰ 2024 ਦੀਆਂ ਆਮ ਚੋਣਾਂ ਵਿੱਚ ਲੇਬਰ ਦੀ ਭਾਰੀ ਜਿੱਤ ਦਾ ਮਾਸਟਰਮਾਈਂਡ ਕਿਹਾ ਜਾਂਦਾ ਹੈ। ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਦੀ ਨੇਤਾ ਕੇਮੀ ਬੈਡੇਨੋਚ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਸਟਾਰਮਰ ਨੂੰ ਆਪਣੇ ਗਲਤ ਫੈਸਲਿਆਂ ਦੀ ਜ਼ਿੰਮੇਵਾਰੀ ਖੁਦ ਲੈਣੀ ਚਾਹੀਦੀ ਹੈ। ਜਿਕਰਯੋਗ ਹੈ ਕਿ ਬਰਤਾਨਵੀ ਪੁਲਿਸ ਨੇ ਮੈਂਡੇਲਸਨ ਵੱਲੋਂ ਜਿਨਸੀ ਅਪਰਾਧੀ ਜੈਫਰੀ ਐਪਸਟਾਈਨ ਨੂੰ ਸੰਵੇਦਨਸ਼ੀਲ ਜਾਣਕਾਰੀ ਦੇਣ ਦੇ ਦਾਅਵਿਆਂ ਦੀ ਅਪਰਾਧਿਕ ਜਾਂਚ ਸ਼ੁਰੂ ਕਰ ਦਿੱਤੀ ਹੈ। ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਵੀ ਕਿਹਾ ਸੀ ਕਿ ਪੀਟਰ ਮੈਂਡੇਲਸਨ ਨੇ ਐਪਸਟਾਈਨ ਨਾਲ ਸਿਰਫ਼ ਦੋਸਤੀ ਹੋਣ ਦਾ ਝੂਠ ਬੋਲਿਆ ਸੀ, ਜਦ ਕਿ ਜਾਰੀ ਦਸਤਾਵੇਜ਼ਾਂ ਨੇ ਕਾਫ਼ੀ ਕੁਝ ਸਾਹਮਣੇ ਲੈ ਆਂਦਾ ਹੈ।

# ਭਾਰਤੀ ਮੂਲ ਦੇ ਮੁਹੰਮਦ ਪਟੇਲ ਨੂੰ ਜਿਣਸੀ ਸ਼ੋਸ਼ਣ ਮਾਮਲੇ 'ਚ 12 ਮਹੀਨੇ ਦੀ ਮਲਤਵੀ ਕੈਦ



ਮੁਹੰਮਦ ਪਟੇਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ ਮੂਲ ਦੇ ਮੁਹੰਮਦ ਪਟੇਲ ਜਿਣਸੀ ਸ਼ੋਸ਼ਣ ਮਾਮਲੇ 'ਚ 12 ਮਹੀਨੇ ਦੀ ਮਲਤਵੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਮੁਹੰਮਦ ਪਟੇਲ ਨੂੰ ਲੰਡਨ ਮੈਟ ਪੁਲਿਸ ਨੇ ਚਿਹਰੇ ਦੀ ਪਛਾਣ ਤਕਨਾਲੋਜੀ ਦੁਆਰਾ ਫੜਿਆ ਗਿਆ ਸੀ। ਸਟੋਕ ਨਿਊਇੰਗਟਨ, ਹੈਕਨੀ ਦੇ ਰਹਿਣ ਵਾਲੇ ਪਟੇਲ ਨੇ 16 ਸਾਲ ਤੋਂ ਘੱਟ ਉਮਰ ਦੀ ਇੱਕ ਕੁੜੀ ਨੂੰ ਮਿਲਣ ਦੀ ਕੋਸ਼ਿਸ਼ ਕਰਨ ਦੇ ਅਪਰਾਧਾਂ ਲਈ ਦੋਸ਼ੀ ਪਾਇਆ ਗਿਆ। 9 ਮਾਰਚ, 2020 ਅਤੇ 29 ਅਗਸਤ, 2020 ਦੇ ਵਿਚਕਾਰ ਪਟੇਲ ਇੱਕ ਔਨਲਾਈਨ ਚੈਟਰੂਮ 'ਤੇ ਇੱਕ 12 ਸਾਲ ਦੀ ਕੁੜੀ ਨਾਲ ਗੱਲਬਾਤ ਕੀਤੀ ਅਤੇ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ। ਜਾਂਚ ਤੋਂ ਬਾਅਦ 30 ਮਈ 2025 ਨੂੰ ਉਸ 'ਤੇ ਦੋਸ਼ ਲਗਾਇਆ ਗਿਆ। ਪਰ ਉਹ 27 ਜੂਨ 2025 ਨੂੰ ਹਾਈਬਰੀ ਕਾਰਨਰ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਪੇਸ਼ ਨਹੀਂ ਹੋਇਆ ਅਤੇ ਪੁਲਿਸ ਨੇ ਲੋੜੀਂਦੇ ਅਪਰਾਧੀ ਵਜੋਂ ਸੂਚੀਬੱਧ ਕਰ ਦਿੱਤਾ। ਚਿਹਰੇ ਦੀ ਪਛਾਣ ਕਰਨ ਵਾਲੇ ਐਲ ਐਫ ਆਰ ਕੈਮਰਿਆਂ ਦੀ ਮਦਦ ਨਾਲ ਉਸਨੂੰ 19 ਦਸੰਬਰ 2025 ਨੂੰ ਅਧਿਕਾਰੀਆਂ ਨੇ ਗ੍ਰਿਫਤਾਰ ਕਰ ਲਿਆ। ਹੁਣ 2 ਫਰਵਰੀ 2026 ਨੂੰ ਮੁਹੰਮਦ ਪਟੇਲ ਨੂੰ 12 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਜੋ 12 ਮਹੀਨਿਆਂ ਲਈ ਮੁਅੱਤਲ ਹੋਵੇਗੀ। ਉਸਨੂੰ 10 ਸਾਲਾਂ ਲਈ ਜਿਣਸੀ ਅਪਰਾਧੀਆਂ ਦੀ ਸੂਚੀ ਵਿੱਚ ਵੀ ਦਰਜ ਕਰਨ ਦੇ ਹੁਕਮ ਦਿੱਤੇ ਹਨ।

# ਅਮਰੀਕਾ ਵੱਲੋਂ 200 ਗੈਰ ਕਾਨੂੰਨੀ ਆਨ ਲਾਈਨ ਫਾਰਮੇਸੀ ਵੈੱਬਸਾਈਟਾਂ ਬੰਦ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਵੱਲੋਂ 200 ਤੋਂ ਵਧ ਗੈਰ ਕਾਨੂੰਨੀ ਆਨ ਲਾਈਨ ਫਾਰਮੇਸੀ ਵੈੱਬਸਾਈਟਾਂ ਬੰਦ ਕਰ ਦਿੱਤੀਆਂ ਗਈਆਂ ਹਨ । ਇਨਾਂ ਵੈੱਬਸਾਈਟਾਂ ਉਪਰ ਭਾਰਤ ਵਿਚਲੇ ਕ੍ਰਿਮੀਨਲ ਨੈੱਟਵਰਕ ਨਾਲ ਸਬੰਧ ਹੋਣ ਦੇ ਦੋਸ਼ ਲਾਏ ਗਏ ਹਨ ਜਿਨਾਂ ਕਾਰਨ ਅਮਰੀਕਾ ਵਿੱਚ ਓਵਰਡੋਜ਼ ਕਾਰਨ ਮੌਤਾਂ ਹੋਈਆਂ ਹਨ। ਡਰੱਗ ਇਨਫੋਰਸਮੈਂਟ ਐਡਮਨਿਸਟ੍ਰੇਸ਼ਨ ( ਡੀ ਈ ਏ) ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਇਹ ਵੈੱਬਸਾਈਟਾਂ ਇੱਕ ਅੰਤਰਰਾਸ਼ਟਰੀ ਕ੍ਰਿਮੀਨਲ ਸੰਗਠਨ ਨਾਲ ਜੁੜੀਆਂ ਹੋਈਆਂ ਹਨ ਜਿਸ ਕਾਰਨ ਕਥਿੱਤ ਤੌਰ 'ਤੇ ਓਵਰਡੋਜ਼ ਕਾਰਨ 6 ਮੌਤਾਂ ਹੋਈਆਂ ਹਨ ਤੇ 4 ਲੋਕ ਓਵਰਡੋਜ਼ ਕਾਰਨ ਬਿਮਾਰ ਹੋਏ ਹਨ। ਬਿਆਨ ਅਨੁਸਾਰ ਇਸ ਸਬੰਧੀ 2022 ਤੋਂ ਜਾਂਚ ਸ਼ੁਰੂ ਕੀਤੀ ਗਈ ਸੀ। ਇਸ ਸਾਲ 27 ਜਨਵਰੀ ਨੂੰ ਡਰੱਗ ਇਨਫੋਰਸਮੈਂਟ ਐਡਮਨਿਸਟ੍ਰੇਸ਼ਨ ਨੇ ਤਾਲਮੇਲ ਨਾਲ ਆਪ੍ਰੇਸ਼ਨ ਸ਼ੁਰੂ ਕੀਤਾ ਸੀ ਜਿਸ ਤਹਿਤ 4 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਅਧਿਕਾਰੀਆਂ ਅਨੁਸਾਰ ਜਨਤਿਕ ਸਿਹਤ ਦੀ ਸੁਰੱਖਿਆ ਲਈ ਚੁੱਕੇ ਗਏ ਕਦਮਾਂ ਤਹਿਤ ਡੀ ਈ ਈ ਰਜਿਸਟਰਾਰ ਕੋਲ ਦਰਜ 5 ਫਰਮਾਂ ਦੇ ਤੁਰੰਤ ਮੁਅਤਲੀ ਆਦੇਸ਼ ਜਾਰੀ ਕੀਤੇ ਗਏ ਤੇ ਇਕ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ। ਸੰਘੀ ਅਧਿਕਾਰੀਆਂ ਅਨੁਸਾਰ ਜਿਨਾਂ ਆਨ ਲਾਈਨ ਫਾਰਮੇਸੀ ਵੈੱਬਸਾਈਟਾਂ ਨੂੰ ਬੰਦ ਕੀਤਾ ਗਿਆ ਹੈ ਉਨਾਂ ਉਪਰ ਨਸ਼ੀਲੀਆਂ ਤੇ ਫਰਜੀ ਦਵਾਈਆਂ ਸਪਲਾਈ ਕਰਨ ਦੇ ਦੋਸ਼ ਹਨ। ਇਹ ਦਵਾਈਆਂ ਬਿਨਾਂ ਯੋਗ ਫਾਰਮੂਲੇ ਦੇ ਵੇਚੀਆਂ ਗਈਆਂ।

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੂਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !



ਸਵ: ਸ੍ਰ. ਉਮਰਾਓ ਅਟਵਾਲ

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ

ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE

270-272 BATH ROAD, HOUNSLOW, MIDDLESEX, TW4 7DF.


(OPP. HOUNSLOW WEST TUBE STATION)

TEL: 020 8570 8351

Email: Kingswaylondon@icloud.com, www.kingswaybanqueting.com

# ਐਪਸਟੀਨ ਨੇ ਕਿਵੇਂ ਬਣਾਇਆ ਸੀ ਨਾਬਾਲਗ ਲੜਕੀਆਂ ਦੀ ਤਸਕਰੀ ਦਾ ਅੰਤਰਰਾਸ਼ਟਰੀ ਅੱਡਾ

**✪ ਐਪਸਟੀਨ ਦੇ ਖ਼ੁਫ਼ੀਆ ਦਸਤਾਵੇਜ਼ਾਂ ਨੇ ਦੁਨੀਆ ਭਰ ਦੇ ਮਹਾਂਰਥੀਆਂ ਨੂੰ ਕੀਤਾ ਬੇਨਕਾਬ ✪ 35 ਲੱਖ ਪੰਨਿਆਂ ਦੀ ਫਾਈਲ ਵਿੱਚ ਟਰੰਪ, ਬਿਲ ਗੇਟਸ ਅਤੇ ਪ੍ਰਿੰਸ ਐਂਡਰਿਊ ਦੇ ਨਾਮ ਉਭਰੇ ✪ ਅਮਰੀਕੀ ਨਿਆਂ ਵਿਭਾਗ ਵੱਲੋਂ ਦਸਤਾਵੇਜ਼ਾਂ 'ਅਖੋਂ ਪਰੌਖੇ ਕਰਕੇ ਤਾਕਤਵਰ ਲੋਕਾਂ ਨੂੰ ਬਚਾਉਣ ਦੀ ਕੋਸ਼ਿਸ਼**



ਵਾਸ਼ਿੰਗਟਨ/ਨਿਊਯਾਰਕ-ਅਮਰੀਕੀ ਅਮੀਰ ਅਤੇ ਸੈਕਸ ਅਪਰਾਧੀ ਜੈਫਰੀ ਐਪਸਟੀਨ ਦੇ ਮਾਮਲੇ ਨੇ ਫਿਰ ਤੋਂ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਹੈ। ਹਾਲ ਹੀ ਵਿੱਚ ਅਮਰੀਕੀ ਨਿਆਂ ਵਿਭਾਗ ਨੇ ਐਪਸਟੀਨ ਫਾਈਲਾਂ ਟਰਾਂਸਪੇਰੈਂਸੀ ਐਕਟ ਤਹਿਤ ਤਿੰਨ ਮਿਲੀਅਨ ਤੋਂ ਵੱਧ ਪੰਨੇ, ਹਜ਼ਾਰਾਂ ਵੀਡੀਓਜ਼ ਅਤੇ ਲੱਖਾਂ ਤਸਵੀਰਾਂ ਜਨਤਕ ਕੀਤੀਆਂ ਸਨ। ਇਹ ਖੁਲਾਸੇ ਵਿਸ਼ਵ ਦੀਆਂ ਵੱਡੀਆਂ ਅਖ਼ਬਾਰਾਂ ਵਿੱਚ ਛਾਏ ਹੋਏ ਹਨ, ਜਿਨ੍ਹਾਂ ਨੇ ਇਸ ਨੂੰ ਸੱਤਾ, ਪੈਸੇ ਅਤੇ ਵਾਸਨਾ ਦੇ ਘਿਨਾਉਣੇ ਗਠਜੋੜ ਵਜੋਂ ਵਰਣਨ ਕੀਤਾ ਹੈ। ਨਿਊਯਾਰਕ ਟਾਈਮਜ਼, ਵਾਸ਼ਿੰਗਟਨ ਪੋਸਟ ਅਤੇ ਬੀਬੀਸੀ ਵਰਗੀਆਂ ਅਖ਼ਬਾਰਾਂ ਨੇ ਇਸ ਮਾਮਲੇ ਨੂੰ ਗਲੋਬਲ ਨੈੱਟਵਰਕ ਵਜੋਂ ਉਜਾਗਰ ਕੀਤਾ ਹੈ, ਜਿੱਥੇ ਨਾਬਾਲਗ ਲੜਕੀਆਂ ਨੂੰ ਤਸਕਰੀ ਕਰਕੇ ਤਾਕਤਵਰ ਲੋਕਾਂ ਤੱਕ ਪਹੁੰਚਾਇਆ ਜਾਂਦਾ ਸੀ। ਬੀਬੀਸੀ ਨੇ ਰਿਪੋਰਟ ਕੀਤਾ ਹੈ ਕਿ ਐਪਸਟੀਨ ਨੇ ਆਪਣੇ ਪ੍ਰਾਈਵੇਟ ਆਈਲੈਂਡ ਅਤੇ ਜੈੱਟਾਂ ਰਾਹੀਂ ਨਾਬਾਲਗ ਲੜਕੀਆਂ ਨੂੰ ਤਸਕਰੀ ਕਰਕੇ ਤਾਕਤਵਰ ਲੋਕਾਂ ਨੂੰ 'ਸਪਲਾਈ' ਕੀਤਾ ਸੀ। ਇਹ ਗਠਜੋੜ ਘਿਨਾਉਣਾ ਇਸ ਲਈ ਹੈ ਕਿਉਂਕਿ ਇੱਥੇ ਪੈਸੇ ਅਤੇ ਸੱਤਾ ਨੇ ਇਨਸਾਨੀ ਅਧਿਕਾਰਾਂ ਨੂੰ ਕੁਚਲਿਆ ਹੈ।

ਨਿਊਯਾਰਕ ਟਾਈਮਜ਼ ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਐਪਸਟੀਨ ਦੇ ਦਸਤਾਵੇਜ਼ਾਂ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ, ਮਾਈਕ੍ਰੋਸਾਫਟ ਦੇ ਸੰਸਥਾਪਕ ਬਿਲ ਗੇਟਸ, ਟੈੱਸਲਾ ਦੇ ਸੀਈਓ ਐਲਨ ਮਸਕ ਅਤੇ ਬ੍ਰਿਟਿਸ਼ ਰਾਜਕੁਮਾਰ ਐਂਡਰਿਊ ਵਰਗੇ ਨਾਮ ਸ਼ਾਮਲ ਹਨ। ਇਹ ਨਾਮ ਸਿਰਫ਼ ਸੰਪਰਕਾਂ ਤੱਕ ਸੀਮਤ ਨਹੀਂ, ਸਗੋਂ ਐਪਸਟੀਨ ਨਾਲ ਉਨ੍ਹਾਂ ਦੇ ਗਹਿਰੇ ਸਬੰਧਾਂ ਨੂੰ ਉਜਾਗਰ ਕਰਦੇ ਹਨ।

ਪੀੜਤ ਵਿਰਜੀਨੀਆ ਗਿੱਲਫਰੇ ਨੇ ਐਂਡਰਿਊ ਨੂੰ ਆਪਣੇ ਨਾਲ ਜਬਰਦਸਤੀ ਸੈਕਸ ਕਰਨ ਦਾ ਦੋਸ਼ ਲਾਇਆ ਸੀ, ਜਿਸ ਕਾਰਣ ਐਂਡਰਿਊ ਨੇ ਆਪਣਾ ਰਾਜਕੁਮਾਰ ਦਾ ਟਾਈਟਲ ਗੁਆ ਦਿੱਤਾ ਸੀ।

ਨਿਊਯਾਰਕ ਟਾਈਮਜ਼ ਨੇ ਰਿਪੋਰਟ ਕੀਤਾ ਕਿ ਇਸ ਨੇ ਬ੍ਰਿਟਿਸ਼ ਰਾਜ ਪਰਿਵਾਰ ਨੂੰ ਹਿਲਾ ਦਿੱਤਾ ਅਤੇ ਵਿਸ਼ਵ ਅਖ਼ਬਾਰਾਂ ਵਿੱਚ ਸੁਰਖੀਆਂ ਬਣਾਈਆਂ।

ਬਿਲ ਗੇਟਸ ਦਾ ਨਾਮ ਵੀ ਸੁਰਖੀਆਂ ਵਿੱਚ ਹੈ। ਵਾਸ਼ਿੰਗਟਨ ਪੋਸਟ ਨੇ ਰਿਪੋਰਟ ਕੀਤਾ ਕਿ ਗੇਟਸ ਨੇ ਐਪਸਟੀਨ ਨਾਲ 2013 ਵਿੱਚ ਈਮੇਲਾਂ ਵਿੱਚ ਗੱਲਬਾਤ ਕੀਤੀ ਅਤੇ ਉਸ ਨੂੰ ਸਲਾਹਕਾਰ ਕਿਹਾ। ਗੇਟਸ ਨੇ ਇਸ ਨੂੰ ਗਲਤੀ ਮੰਨਿਆ ਅਤੇ ਕਿਹਾ ਕਿ ਉਹ ਐਪਸਟੀਨ ਨਾਲ ਮਿਲਣ ਕਾਰਣ ਪਛਤਾਉਂਦਾ ਹੈ। ਪਰ ਇਸ ਨੇ ਗੇਟਸ ਦੇ ਚਿਹਰੇ ਤੋਂ ਨਕਾਬ ਉਤਾਰ ਦਿੱਤਾ ਹੈ ਅਤੇ ਵਿਸ਼ਵ ਨੂੰ ਹੈਰਾਨ ਕੀਤਾ ਹੈ।

ਐਲਨ ਮਸਕ ਨੇ ਵੀ ਐਪਸਟੀਨ ਨਾਲ ਈਮੇਲਾਂ ਵਿੱਚ ਗੱਲਬਾਤ ਕੀਤੀ ਅਤੇ ਉਸ ਦੇ ਆਈਲੈਂਡ 'ਤੇ ਜਾਣ ਦੀ ਗੱਲ ਕੀਤੀ। ਪੀਬੀਐੱਸ ਨੇ ਰਿਪੋਰਟ ਕੀਤਾ ਕਿ ਮਸਕ ਨੇ ਇਸ ਨੂੰ 'ਸਮੀਅਰ ਕੈਂਪੇਨ' ਕਿਹਾ, ਪਰ ਦਸਤਾਵੇਜ਼ ਉਨ੍ਹਾਂ ਦੇ ਸੰਪਰਕਾਂ ਨੂੰ ਸਾਬਤ ਕਰਦੇ ਹਨ।

ਨਿਊਯਾਰਕ ਟਾਈਮਜ਼ ਨੇ ਰਿਪੋਰਟ ਕੀਤਾ ਸੀ ਕਿ ਇਹ ਨੈੱਟਵਰਕ 2008 ਵਿੱਚ ਐਪਸਟੀਨ ਦੀ ਪਹਿਲੀ ਸਜ਼ਾ ਤੋਂ ਬਾਅਦ ਵੀ ਚੱਲਦਾ ਰਿਹਾ, ਜਿੱਥੇ ਉਸ ਨੂੰ ਸਿਰਫ਼ 13 ਮਹੀਨੇ ਜੇਲ੍ਹ ਹੋਈ ਸੀ।

ਪੀਬੀਐੱਸ ਨੇ ਰਿਪੋਰਟ ਕੀਤਾ ਸੀ ਕਿ ਐਪਸਟੀਨ ਨੇ ਆਪਣੇ ਨੈੱਟਵਰਕ ਨੂੰ 'ਬਲੈਕਮੇਲ' ਵਜੋਂ ਵਰਤਿਆ, ਜਿੱਥੇ ਉਹ ਤਾਕਤਵਰ ਲੋਕਾਂ ਨੂੰ ਨਾਬਾਲਗਾਂ ਨਾਲ ਜੋੜ ਕੇ ਉਨ੍ਹਾਂ ਨੂੰ ਕੰਟਰੋਲ ਕਰਦਾ ਸੀ।

ਐਪਸਟੀਨ ਦੀ ਮੌਤ 2019 ਵਿੱਚ ਜੇਲ੍ਹ ਵਿੱਚ ਹੋਈ ਸੀ, ਜਿਸ ਨੂੰ ਖੁਦਕੁਸ਼ੀ ਕਿਹਾ ਗਿਆ ਸੀ, ਪਰ ਅਖ਼ਬਾਰਾਂ ਨੇ ਇਸ ਨੂੰ ਸ਼ੱਕੀ ਮੰਨਿਆ ਸੀ। ਬੀਬੀਸੀ ਨੇ ਰਿਪੋਰਟ ਕੀਤਾ ਕਿ ਉਸ ਦੀ ਮੌਤ ਨੇ ਬਹੁਤ ਸਾਰੇ ਰਾਜ਼ ਛੁਪਾ ਲਏ ਸਨ, ਪਰ ਹੁਣ ਖੁਲਾਸੇ ਨੇ ਸਭ ਪਰਦਾਫਾਸ਼ ਕਰ ਦਿੱਤਾ ਹੈ। ਇਹ ਗਠਜੋੜ ਨੇ ਵਿਸ਼ਵ ਨੂੰ ਹਿਲਾ ਦਿੱਤਾ ਹੈ ਅਤੇ ਸੱਤਾ ਦੇ ਚਿਹਰੇ ਤੋਂ ਨਕਾਬ ਉਤਾਰ ਦਿੱਤਾ ਹੈ।

ਐਪਸਟੀਨ ਦਾ ਨੈੱਟਵਰਕ ਰਾਜਨੀਤੀ, ਵਪਾਰ ਅਤੇ ਮਨੋਰੰਜਨ ਜਗਤ ਤੱਕ ਫੈਲਿਆ ਹੋਇਆ ਸੀ। ਵਾਸ਼ਿੰਗਟਨ ਪੋਸਟ ਨੇ ਰਿਪੋਰਟ ਕੀਤਾ ਕਿ ਟਰੰਪ ਨੇ ਐਪਸਟੀਨ ਨੂੰ 1990 ਵਿੱਚ ਦੋਸਤ ਕਿਹਾ ਸੀ ਅਤੇ ਉਸ ਨਾਲ ਪਾਰਟੀਆਂ ਵਿੱਚ ਗਿਆ ਸੀ। ਟਰੰਪ ਨੇ ਬਾਅਦ ਵਿੱਚ ਇਸ ਨੂੰ ਗਲਤੀ ਮੰਨਿਆ ਸੀ, ਪਰ ਦਸਤਾਵੇਜ਼ਾਂ ਵਿੱਚ ਉਸ ਦਾ ਨਾਮ ਸੈਂਕੜੇ ਵਾਰ ਆਉਂਦਾ ਹੈ। ਬੀਬੀਸੀ ਨੇ ਰਿਪੋਰਟ ਕੀਤਾ ਕਿ ਟਰੰਪ ਨੇ ਇਸ ਨੂੰ ਡੈਮੋਕਰੈਟਸ ਦੀ ਸਾਜ਼ਿਸ਼ ਕਿਹਾ ਸੀ, ਪਰ ਵਿਰੋਧੀ ਧਿਰ ਨੇ ਪੂਰੇ ਦਸਤਾਵੇਜ਼ ਜਨਤਕ ਕਰਨ ਦੀ ਮੰਗ ਕੀਤੀ ਸੀ। ਇਸ ਗਠਜੋੜ ਨੇ ਅਮਰੀਕੀ ਰਾਜਨੀਤੀ ਵਿੱਚ ਭੂਚਾਲ ਲਿਆਂਦਾ ਹੈ ਅਤੇ ਵਿਸ਼ਵ ਨੂੰ ਸੋਚਣ ਲਈ ਮਜਬੂਰ ਕੀਤਾ ਹੈ ਕਿ ਸੱਤਾ ਕਿੰਨੀ ਗੰਦੀ ਹੋ ਸਕਦੀ ਹੈ। ਐਪਸਟੀਨ ਦੀ ਕਹਾਣੀ ਸਿਰਫ਼ ਇੱਕ ਵਿਅਕਤੀ ਦੀ ਨਹੀਂ, ਸਗੋਂ ਉਸ ਵਿਵਸਥਾ ਦੀ ਹੈ ਜਿੱਥੇ ਪੈਸਾ ਅਤੇ ਸੱਤਾ ਇੱਕ-ਦੂਜੇ ਨੂੰ ਬਚਾਉਂਦੇ ਹਨ।

ਨਿਊਯਾਰਕ ਟਾਈਮਜ਼ ਅਨੁਸਾਰ ਨਿਆਂ ਵਿਭਾਗ ਨੇ ਤਿੰਨ ਮਿਲੀਅਨ ਪੰਨੇ ਜਨਤਕ ਕੀਤੇ, ਪਰ ਲੱਖਾਂ ਪੰਨੇ ਛੁਪਾਏ ਗਏ ਅਤੇ ਹਜ਼ਾਰਾਂ ਥਾਂਵਾਂ 'ਤੇ ਕਾਲੀ ਸਿਆਹੀ ਫੇਰੀ ਗਈ। ਡੈਮੋਕਰੈਟਸ ਨੇ ਇਸ ਨੂੰ ਵੀਆਈਪੀ ਅਪਰਾਧੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕਿਹਾ। ਬੀਬੀਸੀ ਨੇ ਰਿਪੋਰਟ ਕੀਤਾ ਕਿ ਵਿਭਾਗ ਨੇ ਪੀੜਤਾਂ ਦੇ ਨਾਮ ਅਤੇ ਵੇਰਵੇ ਛੁਪਾਉਣ ਦੇ ਨਾਂ ਹੇਠ ਬਹੁਤ ਸਾਰੀ ਜਾਣਕਾਰੀ ਰੈਡੈਕਟ ਕੀਤੀ, ਪਰ ਕਈ ਥਾਂਵਾਂ 'ਤੇ ਗਲਤੀਆਂ ਹੋਈਆਂ ਅਤੇ ਪੀੜਤਾਂ ਦੇ ਨਾਮ ਬਾਹਰ ਆ ਗਏ। ਇਸ ਨੇ ਪੀੜਤਾਂ ਨੂੰ ਨੁਕਸਾਨ ਪਹੁੰਚਾਇਆ ਅਤੇ ਵਿਭਾਗ 'ਤੇ ਸਵਾਲ ਉੱਠੇ ਹਨ।

ਵਾਸ਼ਿੰਗਟਨ ਪੋਸਟ ਨੇ ਰਿਪੋਰਟ ਕੀਤਾ ਕਿ ਵਿਭਾਗ ਨੇ ਐਕਟ ਦੇ ਅਨੁਸਾਰ ਪੂਰੇ ਦਸਤਾਵੇਜ਼ ਜਨਤਕ ਨਹੀਂ ਕੀਤੇ । ਡੈਮੋਕਰੈਟਸ ਨੇ ਕਿਹਾ ਕਿ ਵਿਭਾਗ ਨੇ ਤਾਕਤਵਰ ਲੋਕਾਂ ਨੂੰ ਬਚਾਉਣ ਲਈ ਇਹ ਕੀਤਾ। ਉਦਾਹਰਣ ਵਜੋਂ, ਕਈ ਪੀੜਤਾਂ ਦੇ ਬਿਆਨਾਂ 'ਤੇ ਕਾਲੀ ਸਿਆਹੀ ਫੇਰੀ ਗਈ, ਜਿਸ ਨੇ ਉਨ੍ਹਾਂ ਦੀ ਪਛਾਣ ਲੁਕਾਈ। ਪੀਬੀਐੱਸ ਨੇ ਰਿਪੋਰਟ ਕੀਤਾ ਕਿ ਵਿਭਾਗ ਨੇ ਗਲਤੀਆਂ ਮੰਨੀਆਂ ਅਤੇ ਫਾਈਲਾਂ ਨੂੰ ਵਾਪਸ ਲਿਆ, ਪਰ ਪੀੜਤਾਂ ਨੇ ਇਸ ਨੂੰ ਨਾਕਾਫੀ ਕਿਹਾ ਤੇ ਇਨਸਾਫ਼ ਦੀ ਮੰਗ ਕੀਤੀ ਹੈ। ਵਿਸ਼ਵ ਦੀਆਂ ਅਖ਼ਬਾਰਾਂ ਅਨੁਸਾਰ ਨਿਆਂ ਵਿਭਾਗ ਦੀ ਇਸ ਕੋਸ਼ਿਸ਼ ਨੇ ਤਾਕਤਵਰ ਲੋਕਾਂ ਨੂੰ ਬਚਾਉਣ ਦੀ ਗੱਲ ਨੂੰ ਸਾਬਤ ਕੀਤਾ ਹੈ ਅਤੇ ਪੀੜਤਾਂ ਨੂੰ ਨਿਰਾਸ਼ ਕੀਤਾ ਹੈ।

## ਕੀ ਮੋਸਾਦ ਦੇ ਸਹਾਰੇ ਖੜ੍ਹਾ ਸੀ ਐਪਸਟੀਨ ਦਾ ਸਾਮਰਾਜ ?

ਐਪਸਟੀਨ ਦੇ ਨੈੱਟਵਰਕ ਨੂੰ ਖੁਫੀਆ ਏਜੰਸੀਆਂ ਨਾਲ ਜੋੜਿਆ ਜਾ ਰਿਹਾ ਹੈ। ਨਿਊਯਾਰਕ ਟਾਈਮਜ਼ ਨੇ ਰਿਪੋਰਟ ਕੀਤਾ ਕਿ ਐਪਸਟੀਨ ਨੂੰ ਇਜ਼ਰਾਈਲੀ ਖੁਫੀਆ ਏਜੰਸੀ ਮੋਸਾਦ ਨਾਲ ਜੋੜਿਆ ਜਾਂਦਾ ਹੈ ਅਤੇ ਉਸ ਨੂੰ 'ਹਨੀਟ੍ਰੈਪ' ਵਜੋਂ ਵਰਤਿਆ ਗਿਆ। ਬੀਬੀਸੀ ਨੇ ਰਿਪੋਰਟ ਕੀਤਾ ਕਿ ਐਪਸਟੀਨ ਦੇ ਪਿਤਾ ਰੌਬਰਟ ਮੈਕਸਵੈੱਲ ਮੋਸਾਦ ਏਜੰਟ ਸੀ ਅਤੇ ਉਸ ਨੇ ਐਪਸਟੀਨ ਨੂੰ ਨੈੱਟਵਰਕ ਬਣਾਉਣ ਵਿੱਚ ਮਦਦ ਕੀਤੀ। ਇਹ ਲਿੰਕ ਨਾਬਾਲਗਾਂ ਦੀ ਤਸਕਰੀ ਨੂੰ ਗਲੋਬਲ ਖੁਫੀਆ ਓਪਰੇਸ਼ਨ ਵਜੋਂ ਵੇਖਦਾ ਹੈ।

ਵਾਸ਼ਿੰਗਟਨ ਪੋਸਟ ਨੇ ਰਿਪੋਰਟ ਕੀਤਾ ਕਿ ਐਪਸਟੀਨ ਨੇ ਇਜ਼ਰਾਈਲ ਅਤੇ ਰੂਸ ਨਾਲ ਬੈਕਚੈਨਲ ਬਣਾਏ ਅਤੇ ਸੀਰੀਆ ਵਿੱਚ ਅਸਦ ਨੂੰ ਹਟਾਉਣ ਵਿੱਚ ਮਦਦ ਕੀਤੀ। ਡ੍ਰੌਪ ਸਾਈਟ ਨਿਊਜ਼ ਨੇ ਰਿਪੋਰਟ ਕੀਤਾ ਕਿ ਐਪਸਟੀਨ ਨੇ ਇਜ਼ਰਾਈਲ ਲਈ ਮੰਗੋਲੀਆ ਅਤੇ ਆਈਵਰੀ ਕੋਸਟ ਨਾਲ ਸੁਰੱਖਿਆ ਸਮਝੌਤੇ ਕੀਤੇ। ਇਹ ਲਿੰਕ ਨੇ ਐਪਸਟੀਨ ਨੂੰ ਖੁਫੀਆ ਏਜੰਟ ਵਜੋਂ ਵੇਖਿਆ ਅਤੇ ਵਿਸ਼ਵ ਨੂੰ ਹੈਰਾਨ ਕੀਤਾ। ਬੀਬੀਸੀ ਨੇ ਰਿਪੋਰਟ ਕੀਤਾ ਕਿ ਇਜ਼ਰਾਈਲ ਨੇ ਇਸ ਨੂੰ ਝੂਠ ਕਿਹਾ, ਪਰ ਅਖ਼ਬਾਰਾਂ ਨੇ ਇਸ ਨੂੰ ਕੰਸਪੀਰੇਸੀ ਥਿਊਰੀ ਵਜੋਂ ਵੇਖਿਆ ਹੈ।

ਬੀਬੀਸੀ ਨੇ ਰਿਪੋਰਟ ਕੀਤਾ ਕਿ ਐਪਸਟੀਨ ਦਾ ਸਾਮਰਾਜ ਮੋਸਾਦ ਦੇ ਸਹਾਰੇ ਖੜ੍ਹਾ ਸੀ ਅਤੇ ਉਸ ਨੇ ਤਾਕਤਵਰ ਲੋਕਾਂ ਨੂੰ ਬਲੈਕਮੇਲ ਕੀਤਾ। ਇਸ ਨੇ ਐਪਸਟੀਨ ਨੂੰ ਅਪਰਾਧੀ ਨਹੀਂ, ਸਗੋਂ ਖੁਫੀਆ ਏਜੰਟ ਵਜੋਂ ਵੇਖਿਆ ਅਤੇ ਵਿਸ਼ਵ ਅਖ਼ਬਾਰਾਂ ਵਿੱਚ ਚਰਚਾ ਵਧਾਈ।

ਐਪਸਟੀਨ ਮਾਮਲਾ ਸੱਤਾ ਅਤੇ ਪੂੰਜੀਵਾਦ ਦੇ ਗਲੋਬਲ ਜਾਲ ਦਾ ਪਰਦਾਫ਼ਾਸ਼ ਹੈ। ਵਿਸ਼ਵ ਅਖ਼ਬਾਰਾਂ ਨੇ ਇਸ ਨੂੰ ਘਿਨਾਉਣੇ ਗਠਜੋੜ ਵਜੋਂ ਵੇਖਿਆ ਅਤੇ ਇਨਸਾਫ਼ ਦੀ ਮੰਗ ਕੀਤੀ। ਹੁਣ ਵੇਖਣਾ ਹੈ ਕਿ ਅਮਰੀਕੀ ਪ੍ਰਸ਼ਾਸਨ ਬਾਕੀ ਦਸਤਾਵੇਜ਼ ਜਨਤਕ ਕਰੇਗਾ ਜਾਂ ਨਹੀਂ। ਇਹ ਕਹਾਣੀ ਅਜੇ ਖਤਮ ਨਹੀਂ ਹੋਈ ਅਤੇ ਹੋਰ ਖੁਲਾਸੇ ਹੋਣ ਵਾਲੇ ਹਨ।

# ਅਮਰੀਕਾ ਵਿੱਚ ਆਰਐੱਸਐੱਸ ਦੀ ਲਾਬਿੰਗ ਫਰਮ ਪਿੱਛੇ ਕਿਉਂ ਹਟੀ ?

**✪ ਪ੍ਰਿਜ਼ਮ ਰਿਪੋਰਟ ਤੋਂ ਬਾਅਦ ਜਨਵਰੀ 2026 ਵਿੱਚ ਸੰਘ ਨੇ ਅਮਰੀਕਾ ਵਿਚ ਇਹ ਮੁਹਿੰਮ ਖਤਮ ਕੀਤੀ ✪ ਅਮਰੀਕੀ ਅਧਿਕਾਰੀਆਂ ਨੂੰ ਆਰਐੱਸਐੱਸ ਨਾਲ ਜਾਣ-ਪਛਾਣ ਕਰਵਾਉਣ ਲਈ 3.3 ਲੱਖ ਡਾਲਰ ਦੀ ਲਾਬਿੰਗ ✪ ਸੰਘ ਉਪਰ ਫਰਾ ਕਾਨੂੰਨ ਤੋਂ ਬਚਣ ਦੇ ਦੋਸ਼ - ਵਿਦੇਸ਼ੀ ਏਜੰਟ ਰਜਿਸਟ੍ਰੇਸ਼ਨ ਨਹੀਂ ਕੀਤੀ ✪ ਕਾਨੂੰਨੀ ਕਾਰਵਾਈ ਅਤੇ ਜਾਂਚ ਦੀ ਮੰਗ - ਅਜੇ ਤੱਕ ਕੋਈ ਰਸਮੀ ਐਕਸ਼ਨ ਨਹੀਂ ਹੋਇਆ**

## ਨਿਊਜ਼ ਵਿਸ਼ਲੇਸ਼ਣ



ਅਮਰੀਕਾ ਵਿੱਚ ਰਾਸ਼ਟਰੀ ਸਵੈਂਸੇਵਕ ਸੰਘ (ਆਰਐੱਸਐੱਸ) ਦੀ ਲਾਬਿੰਗ ਫਰਮ ਪਿੱਛੇ ਕਿਉਂ ਹਟ ਗਈ? ਇਹ ਮਾਮਲਾ ਕੀ ਹੈ ਅਤੇ 3.3 ਲੱਖ ਡਾਲਰ ਦੇਣ ਵਾਲੇ ਕੌਣ ਸਨ? ਇਹ ਸਵਾਲ ਪਿਛਲੇ ਕੁਝ ਮਹੀਨਿਆਂ ਤੋਂ ਚਰਚਾ ਵਿੱਚ ਹਨ। ਅਸਲ ਵਿੱਚ, ਆਰਐੱਸਐੱਸ ਨੇ ਅਮਰੀਕੀ ਕਾਂਗਰਸ ਵਿੱਚ ਆਪਣੀ ਪਹਿਲੀ ਜਾਣੀ-ਪਛਾਣੀ ਲਾਬਿੰਗ ਮੁਹਿੰਮ ਚਲਾਈ ਸੀ, ਪਰ ਨਵੰਬਰ 2025 ਵਿੱਚ ਪ੍ਰਿਜ਼ਮ ਰਿਪੋਰਟਸ ਨੇ ਇਸ ਦੀ ਜਾਂਚ ਪ੍ਰਕਾਸ਼ਿਤ ਕਰਨ ਤੋਂ ਬਾਅਦ ਜਨਵਰੀ 2026 ਵਿੱਚ ਇਹ ਮੁਹਿੰਮ ਖਤਮ ਕਰ ਦਿੱਤੀ ਗਈ। ਪ੍ਰਿਜ਼ਮ ਰਿਪੋਰਟਸ (29 ਜਨਵਰੀ 2026) ਅਨੁਸਾਰ, ਵਾਸ਼ਿੰਗਟਨ ਡੀਸੀ ਦੀ ਮਸ਼ਹੂਰ ਲਾਬਿੰਗ ਫਰਮ ਸਕਵਾਇਰ ਪੈਟਨ ਬੋਗਸ ਨੇ ਜਨਵਰੀ 2025 ਵਿੱਚ ਆਰਐੱਸਐੱਸ ਵਲੋਂ ਲਾਬਿੰਗ ਸ਼ੁਰੂ ਕੀਤੀ ਸੀ। ਇਸ ਫਰਮ ਨੂੰ 2025 ਦੀਆਂ ਪਹਿਲੀਆਂ ਤਿੰਨ ਤਿਮਾਹੀਆਂ ਵਿੱਚ ਕੁੱਲ 3.3 ਲੱਖ ਅਮਰੀਕੀ ਡਾਲਰ ਮਿਲੇ ਸਨ। ਲਾਬਿੰਗ ਦਾ ਮੁੱਖ ਉਦੇਸ਼ "ਅਮਰੀਕਾ-ਭਾਰਤ ਦੁਵੱਲੇ ਸੰਬੰਧਾਂ" 'ਤੇ ਕੰਮ ਕਰਨਾ ਅਤੇ ਅਮਰੀਕੀ ਅਧਿਕਾਰੀਆਂ ਨੂੰ ਆਰਐੱਸਐੱਸ ਨਾਲ ਜਾਣ-ਪਛਾਣ ਕਰਵਾਉਣਾ ਸੀ। ਇਹ ਆਰਐੱਸਐੱਸ ਦੀ ਅਮਰੀਕਾ ਵਿੱਚ ਪਹਿਲੀ ਲਾਬਿੰਗ ਮੁਹਿੰਮ ਸੀ।

ਪਰ ਪ੍ਰਿਜ਼ਮ ਦੀ ਨਵੰਬਰ 2025 ਦੀ ਰਿਪੋਰਟ ਨੇ ਇਸ ਨੂੰ ਖੋਲ੍ਹ ਕੇ ਰੱਖ ਦਿੱਤਾ। ਰਿਪੋਰਟ ਵਿੱਚ ਦੱਸਿਆ ਗਿਆ ਕਿ ਫਰਮ ਨੇ ਲਾਬਿੰਗ ਨੂੰ ਲਾਬਿੰਗ ਡਿਸਕਲੋਜ਼ਰ ਐਕਟ ਅਧੀਨ ਰਜਿਸਟਰ ਕੀਤਾ ਸੀ, ਨਾ ਕਿ ਫਾਰੇਨ ਏਜੰਟਸ ਰਜਿਸਟ੍ਰੇਸ਼ਨ ਐਕਟ (ਫਆਰਾ) ਅਧੀਨ। ਫਰਾ 1938 ਦਾ ਕਾਨੂੰਨ ਹੈ ਜੋ ਵਿਦੇਸ਼ੀ ਹਿੱਤਾਂ ਲਈ ਕੰਮ ਕਰਨ ਵਾਲਿਆਂ ਤੋਂ ਵਿਸਥਾਰਤ ਪਾਰਦਰਸ਼ਤਾ ਤੇ ਜਾਣਕਾਰੀ ਮੰਗਦਾ ਹੈ। ਮਾਹਿਰ ਜਿਵੇਂ ਕਿ ਕਵਿੰਸੀ ਇੰਸਟੀਚਿਊਟ ਦੇ ਬੈਨ ਫ੍ਰੀਮੈਨ ਅਤੇ ਅਮਰੀਕੀ ਯੂਨੀਵਰਸਿਟੀ ਦੇ ਪ੍ਰੋਫੈਸਰ ਜੇਮਜ਼ ਥਰਬਰ ਨੇ ਕਿਹਾ ਕਿ ਆਰਐੱਸਐੱਸ ਵਿਦੇਸ਼ੀ ਸੰਸਥਾ ਹੋਣ ਕਰਕੇ ਫਰਾ ਅਧੀਨ ਰਜਿਸਟ੍ਰੇਸ਼ਨ ਜ਼ਰੂਰੀ ਸੀ। ਅਜਿਹਾ ਨਾ ਕਰਕੇ ਸੰਘ ਨੇ ਕਨੂੰਨ ਨਾਲ ਖਿਲਵਾੜ ਕੀਤਾ ਹੈ।

ਪ੍ਰਿਜ਼ਮ ਰਿਪੋਰਟ ਤੋਂ ਕੁਝ ਹਫਤਿਆਂ ਬਾਅਦ, ਦਸੰਬਰ 2025 ਵਿੱਚ ਫਰਮ ਨੇ ਆਪਣੇ ਰਿਕਾਰਡ ਵਿੱਚ ਸੋਧ ਕੀਤੀ। ਸ਼ੁਰੂ ਵਿੱਚ ਕਲਾਇੰਟ ਵਜੋਂ ਸਟੇਟ ਸਟ੍ਰੀਟ ਸਟ੍ਰੈਟਜੀਜ਼ ਨੂੰ ਆਰਐੱਸਐੱਸ ਵਲੋਂ ਦਿਖਾਇਆ ਗਿਆ ਸੀ। ਪਰ ਸੋਧ ਵਿੱਚ ਆਰਐੱਸਐੱਸ ਦਾ ਨਾਂ ਹਟਾ ਕੇ ਇੱਕ ਵਿਅਕਤੀ ਵਿਵੇਕ ਸ਼ਰਮਾ (ਮੈਸਾਚੂਸੈੱਟਸ ਦੇ ਐਕਟਨ ਵਿੱਚ ਰਹਿਣ ਵਾਲੇ, ਕੋਹੈਂਸ ਲਾਈਫਸਾਇੰਸਿਜ਼ ਦੇ ਐਗਜ਼ੀਕਿਊਟਿਵ ਚੇਅਰਮੈਨ) ਨੂੰ ਕਲਾਇੰਟ ਬਣਾ ਦਿੱਤਾ ਗਿਆ। ਤੀਜੀ ਤਿਮਾਹੀ ਦੀ ਰਿਪੋਰਟ ਨੂੰ ਸਮਾਪਤੀ ਰਿਪੋਰਟ ਵਿੱਚ ਬਦਲ ਦਿੱਤਾ ਗਿਆ ਅਤੇ ਮੁਹਿੰਮ ਦੀ ਸਮਾਪਤੀ ਮਿਤੀ 30 ਸਤੰਬਰ 2025 ਦੱਸੀ ਗਈ ਸੀ(ਹਾਲਾਂਕਿ ਫਾਈਲਿੰਗ ਦਸੰਬਰ ਵਿੱਚ ਹੋਈ ਸੀ)। ਇਸ ਨੂੰ ਡੈਮੇਜ ਕੰਟਰੋਲ ਅਤੇ ਵਿਦੇਸ਼ੀ ਕਨੈਕਸ਼ਨ ਛੁਪਾਉਣ ਦੀ ਕੋਸ਼ਿਸ਼ ਮੰਨਿਆ ਜਾ ਰਿਹਾ ਹੈ।

### 3.3 ਲੱਖ ਡਾਲਰ ਕਿਸ ਨੇ ਦਿੱਤੇ ?

ਭੁਗਤਾਨ ਅਪ੍ਰਤੱਖ ਰੂਪ ਵਿੱਚ ਹੋਏ ਸਨ। ਸ਼ੁਰੂ ਵਿੱਚ ਵਨ+ ਸਟ੍ਰੈਟਜੀਜ਼ ਰਾਹੀਂ ਆਰਐੱਸਐੱਸ ਦੀ ਤਰਫ਼ੋਂ ਦਿਖਾਏ ਗਏ। ਭੁਗਤਾਨ ਵੰਡ: ਪਹਿਲੀ ਤਿਮਾਹੀ ਵਿੱਚ 1.2 ਲੱਖ (15 ਅਪ੍ਰੈਲ), ਦੂਜੀ ਵਿੱਚ 1 ਲੱਖ (11 ਜੁਲਾਈ), ਤੀਜੀ ਵਿੱਚ 1.1 ਲੱਖ (16 ਅਕਤੂਬਰ)। ਮਾਹਿਰ ਮੰਨਦੇ ਹਨ ਕਿ ਅਮਰੀਕਾ ਵਿੱਚ ਆਰਐੱਸਐੱਸ ਨਾਲ ਜੁੜੇ ਸੰਗਠਨ ਜਿਵੇਂ ਹਿੰਦੂ ਸਵੈਂਸੇਵਕ ਸੰਘ ਜਾਂ ਫਾਊਂਡੇਸ਼ਨ ਫਾਰ ਇੰਡੀਆ ਐਂਡ ਇੰਡੀਅਨ ਡਾਇਸਪੋਰਾ ਸਟੱਡੀਜ਼ ਵਰਗੇ ਟੈਕਸ-ਫ੍ਰੀ ਸੰਗਠਨਾਂ ਨੇ ਫੰਡ ਟ੍ਰਾਂਸਫਰ ਕੀਤੇ ਹੋ ਸਕਦੇ ਹਨ। ਆਰਐੱਸਐੱਸ ਆਪਣੇ ਆਪ ਨੂੰ ਭਾਰਤ ਵਿੱਚ ਰਜਿਸਟਰ ਨਾ ਹੋਣ ਅਤੇ ਬੈਂਕ ਖਾਤੇ ਨਾ ਹੋਣ ਦਾ ਦਾਅਵਾ ਕਰਦਾ ਹੈ, ਸਿਰਫ਼ "ਗੁਰੂ ਦਖਸ਼ਣਾ" 'ਤੇ ਨਿਰਭਰ ਹੈ। ਇਸ ਕਰਕੇ ਫੰਡਿੰਗ ਦਾ ਸਰੋਤ ਅਸਪੱਸ਼ਟ ਹੈ। ਵਿਵੇਕ ਸ਼ਰਮਾ ਨੂੰ 5,000 ਡਾਲਰ ਤੋਂ ਵੱਧ ਯੋਗਦਾਨ ਦੇਣ ਵਾਲੇ ਵਜੋਂ ਦਿਖਾਇਆ ਗਿਆ।

## ਕੀ ਕੋਈ ਕਾਨੂੰਨੀ ਕਾਰਵਾਈ ਹੋਈ ?

ਅਜੇ ਤੱਕ ਕੋਈ ਰਸਮੀ ਫਰਾ ਰਜਿਸਟ੍ਰੇਸ਼ਨ ਨਹੀਂ ਹੋਈ ਅਤੇ ਨਾ ਹੀ ਅਮਰੀਕੀ ਅਥਾਰਟੀਆਂ ਵੱਲੋਂ ਕੋਈ ਜਾਂਚ ਜਾਂ ਕਾਰਵਾਈ ਦੀ ਜਾਣਕਾਰੀ ਹੈ। ਪਰ ਇੱਕ ਪਟੀਸ਼ਨ ਜਾਂ ਯਾਚਿਕਾ ਅਮਰੀਕੀ ਨਿਆਂ ਵਿਭਾਗ ਕੋਲ ਦਾਇਰ ਕੀਤੀ ਗਈ ਹੈ ਜਿਸ ਵਿੱਚ ਆਰਐੱਸਐੱਸ, ਸਕਵਾਇਰ ਪੈਟਨ ਬੋਗਸ, ਵਨ+ ਸਟ੍ਰੈਟਜੀਜ਼ ਅਤੇ ਸੰਬੰਧਿਤ ਪਾਰਟੀਆਂ ਵਿਰੁੱਧ ਫਰਾ ਉਲੰਘਣ ਦੀ ਜਾਂਚ ਦੀ ਮੰਗ ਕੀਤੀ ਗਈ ਹੈ। ਆਲੋਚਕਾਂ ਨੇ ਇਸ ਨੂੰ ਵਿਦੇਸ਼ੀ ਪ੍ਰਭਾਵ ਅਤੇ ਟੈਕਸ-ਫ੍ਰੀ ਸਟੇਟਸ ਦੀ ਦੁਰਵਰਤੋਂ ਵਜੋਂ ਵੇਖਿਆ ਹੈ। ਭਾਰਤ ਵਿੱਚ ਵਿਰੋਧੀ ਆਗੂਆਂ ਅਤੇ ਸਾਬਕਾ ਅਧਿਕਾਰੀਆਂ (ਜਿਵੇਂ ਈ.ਏ.ਐੱਸ. ਸ਼ਰਮਾ) ਨੇ ਇਨਕਮ ਟੈਕਸ ਅਤੇ ਈਡੀ ਤੋਂ ਜਾਂਚ ਦੀ ਮੰਗ ਕੀਤੀ ਹੈ।

### ਵਿਸ਼ਵ ਦੀਆਂ ਅਖ਼ਬਾਰਾਂ ਅਤੇ ਮਾਹਿਰ ਕੀ ਕਹਿ ਰਹੇ ਹਨ ?

ਪ੍ਰਿਜ਼ਮ ਰਿਪੋਰਟਸ (ਮੁੱਖ ਸਰੋਤ): ਇਸ ਨੂੰ ਆਰਐੱਸਐੱਸ ਦੀ ਪਹਿਲੀ ਅਮਰੀਕੀ ਲਾਬਿੰਗ ਅਤੇ ਫਰਾ ਤੋਂ ਬਚਣ ਦੀ ਕੋਸ਼ਿਸ਼ ਵਜੋਂ ਵੇਖਦੇ ਹਨ। ਰਿਪੋਰਟ ਨੇ ਵਿਵਾਦ ਖੜ੍ਹਾ ਕੀਤਾ ਅਤੇ ਲਾਬਿੰਗ ਖਤਮ ਹੋਣ ਦਾ ਕਾਰਨ ਬਣਿਆ।

ਹਿੰਦੁਸਤਾਨ ਟਾਈਮਜ਼ (ਜਨਵਰੀ 2026): ਫਰਮ ਨੇ ਆਰਐੱਸਐੱਸ ਨੂੰ ਕਲਾਇੰਟ ਨਾ ਮੰਨਣ ਅਤੇ ਵਿਵੇਕ ਸ਼ਰਮਾ ਨੂੰ ਬਣਾਉਣ ਦੀ ਗੱਲ ਕਹੀ, ਪਰ ਆਰਐੱਸਐੱਸ ਨੇ ਹਮੇਸ਼ਾ ਇਨਕਾਰ ਕੀਤਾ।▲

ਬਾਜ਼ ਨਿਊਜ਼ ਅਤੇ ਮੁਸਲਿਮ ਮਿਰਰ: ਅਮਰੀਕੀ ਵਿਦੇਸ਼ੀ ਪ੍ਰਭਾਵ ਕਾਨੂੰਨਾਂ ਵਿੱਚ ਕਮੀਆਂ ਨੂੰ ਉਜਾਗਰ ਕਰਦੇ ਹਨ ਅਤੇ ਇਸ ਨੂੰ ਹਿੰਦੂ ਨੈਸ਼ਨਲਿਸਟ ਗਰੁੱਪ ਵੱਲੋਂ ਇਮੇਜ ਵਾਈਟਵਾਸ਼ ਕਰਨ ਦੀ ਕੋਸ਼ਿਸ਼ ਮੰਨਦੇ ਹਨ।

ਐਕਸ਼ਨ ਨੈੱਟਵਰਕ ਪਟੀਸ਼ਨ: ਅਮਰੀਕੀ ਕਾਂਗਰਸ ਨੂੰ ਫਆਰਾ ਉਲੰਘਣ ਅਤੇ ਟੈਕਸ-ਫ੍ਰੀ ਸਟੇਟਸ ਦੀ ਜਾਂਚ ਲਈ ਮੰਗ ਕੀਤੀ।

ਆਰਐੱਸਐੱਸ ਨੇ ਹਮੇਸ਼ਾ ਇਨਕਾਰ ਕੀਤਾ ਕਿ ਉਸ ਨੇ ਕਿਸੇ ਲਾਬਿੰਗ ਫਰਮ ਨੂੰ ਨਿਯੁਕਤ ਨਹੀਂ ਕੀਤਾ ਅਤੇ ਭਾਰਤ ਵਿੱਚ ਹੀ ਕੰਮ ਕਰਦਾ ਹੈ। ਪਰ ਅਧਿਕਾਰਤ ਅਮਰੀਕੀ ਫਾਈਲਿੰਗਾਂ ਅਤੇ ਜਾਂਚਾਂ ਨੇ ਵਿਵਾਦ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਇਹ ਮਾਮਲਾ ਅਜੇ ਵੀ ਅਣਸੁਲਝਿਆ ਹੈ ਅਤੇ ਫਰਾ ਉਲੰਘਣ ਜਾਂ ਫੰਡਿੰਗ ਸਰੋਤਾਂ 'ਤੇ ਵਧੇਰੇ ਜਾਂਚ ਦੀ ਲੋੜ ਹੈ।

## ਮਸਕ ਦਾ ਦਾਅਵਾ ਰੋਬੋਟ ਮੰਗਲ ਜਾਂ ਚੰਦਰਮਾ ਵਰਗੇ ਗ੍ਰਹਿਆਂ 'ਤੇ ਬਸਤੀਆਂ ਵਸਾਉਣਗੇ

ਖਾਸ ਖਬਰ-ਐਲੋਨ ਮਸਕ ਹਮੇਸ਼ਾ ਆਪਣੀਆਂ ਦੂਰਦਰਸ਼ੀ ਗੱਲਾਂ ਲਈ ਜਾਣੇ ਜਾਂਦੇ ਹਨ, ਅਤੇ ਟੇਸਲਾ ਆਪਟੀਮਸ ਨੂੰ ਲੈ ਕੇ ਉਨ੍ਹਾਂ ਦਾ ਇਹ ਨਵਾਂ ਦਾਅਵਾ ਵਿਗਿਆਨਕ ਕਲਪਨਾ ਫਿਲਮ ਵਰਗਾ ਲੱਗਦਾ ਹੈ। ਮਸਕ ਨੇ ਵੌਨ ਨਿਊਮੈਨ ਮਸ਼ੀਨ ਨੂੰ ਇੱਕ 'ਸਵੈ-ਨਿਰਮਾਣ' ਮਸ਼ੀਨ ਵਜੋਂ ਪੇਸ਼ ਕੀਤਾ ਹੈ। ਇਸ ਦਾ ਮਤਲਬ ਹੈ ਕਿ ਇਹ ਰੋਬੋਟ ਉੱਥੋਂ ਦੇ ਕੁਦਰਤੀ ਸਰੋਤਾਂ ਦੀ ਵਰਤੋਂ ਕਰਕੇ ਆਪਣੀਆਂ ਹੋਰ ਕਾਪੀਆਂ (ਰੋਬੋਟ) ਬਣਾਉਣ ਅਤੇ ਆਪਣੀ ਮੁਰੰਮਤ ਕਰਨ ਦੇ ਸਮਰੱਥ ਹੋਣਗੇ। ਇਹ ਰੋਬੋਟ ਅਜਿਹੇ ਵਾਤਾਵਰਣ ਵਿੱਚ ਕੰਮ ਕਰ ਸਕਣਗੇ ਜੋ ਮਨੁੱਖਾਂ ਲਈ ਬਹੁਤ ਖਤਰਨਾਕ ਹਨ। ਹਾਲਾਂਕਿ ਮਸਕ ਦੇ ਦਾਅਵੇ ਬਹੁਤ ਵੱਡੇ ਹਨ, ਪਰ ਅਸਲੀਅਤ ਵਿੱਚ ਕੁਝ ਗੱਲਾਂ ਧਿਆਨ ਦੇਣ ਯੋਗ ਹਨ:



ਫਰਵਰੀ 2026 ਤੱਕ ਦੀਆਂ ਰਿਪੋਰਟਾਂ ਅਨੁਸਾਰ, ਟੇਸਲਾ ਆਪਣੀ ਫਰੀਮਾਂਟ ਫੈਕਟਰੀ ਵਿੱਚ ਆਪਟੀਮਸ ਦੇ ਜੀਈਐਨ 3 ਮਾਡਲ ਦੀ ਵੱਡੇ ਪੱਧਰ 'ਤੇ ਉਤਪਾਦਨ ਦੀ ਤਿਆਰੀ ਕਰ ਰਿਹਾ ਹੈ। ਇਹ ਰੋਬੋਟ ਹੁਣ ਸਿਰਫ ਪ੍ਰੋਗਰਾਮਿੰਗ 'ਤੇ ਨਹੀਂ, ਸਗੋਂ ਇਨਸਾਨਾਂ ਨੂੰ ਦੇਖ ਕੇ ਜਾਂ ਵੀਡੀਓ ਰਾਹੀਂ ਕੰਮ ਸਿੱਖਣ ਦੀ ਕੋਸ਼ਿਸ਼ ਕਰ ਰਹੇ ਹਨ (ਅਜੇ ਵੀ ਰੋਬੋਟ ਦੇ ਹੱਥਾਂ ਦੀ ਨਿਪੁੰਨਤਾ ) ਅਤੇ ਬਿਨਾਂ ਮਨੁੱਖੀ ਸਹਾਇਤਾ ਦੇ ਲੰਬੇ ਸਮੇਂ ਤੱਕ ਕੰਮ ਕਰਨ ਦੀ ਸਮਰੱਥਾ 'ਤੇ ਕੰਮ ਚੱਲ ਰਿਹਾ ਹੈ। ਵਿਗਿਆਨਕ ਨਜ਼ਰੀਏ ਤੋਂ, ਦੂਜੇ ਗ੍ਰਹਿਆਂ 'ਤੇ ਰੋਬੋਟ ਭੇਜਣਾ ਕੋਈ ਨਵੀਂ ਗੱਲ ਨਹੀਂ ਹੈ (ਜਿਵੇਂ ਕਿ ਮਾਰਸ ਰੋਵਰ), ਪਰ ਇੱਕ ਪੂਰੀ "ਰੋਬੋਟ ਸਭਿਅਤਾ" ਬਣਾਉਣਾ ਅਜੇ ਕਈ ਦਹਾਕਿਆਂ ਦੀ ਦੂਰੀ 'ਤੇ ਹੋ ਸਕਦਾ ਹੈ। ਮਸਕ ਦਾ ਮੰਨਣਾ ਹੈ ਕਿ ਜੇ ਇਹ ਸਫਲ ਹੁੰਦਾ ਹੈ, ਤਾਂ ਇਹ ਇਨਸਾਨੀ ਇਤਿਹਾਸ ਦਾ ਸਭ ਤੋਂ ਵੱਡਾ ਉਤਪਾਦ ਸਾਬਤ ਹੋਵੇਗਾ।

# 17 ਸਾਲਾ ਨੌਜਵਾਨ ਦੇ ਕਤਲ ਮਾਮਲੇ ਚ 4 ਲੋਕਾਂ ਤੇ ਕੇਸ ਦਰਜ

*ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਦੱਖਣੀ ਵੇਲਜ਼ ਦੇ ਕੈਰਫਿਲੀ ਅਧੀਨ ਪੈਂਦੇ ਅਬਰਟਰਿਡਵਰ ਪਿੰਡ ਵਿੱਚ 17 ਸਾਲਾ ਨੌਜਵਾਨ ਦੇ ਬੇਰਹਿਮ ਕਤਲ ਦੀ ਘਟਨਾ ਨੇ ਪੂਰੇ ਇਲਾਕੇ ਨੂੰ ਸਦਮੇ ਵਿੱਚ ਪਾ ਦਿੱਤਾ ਹੈ। ਇਸ ਸਨਸਨੀਖੇਜ਼ ਮਾਮਲੇ ਵਿੱਚ ਪੁਲਿਸ ਵੱਲੋਂ ਚਾਰ ਵਿਅਕਤੀਆਂ ਖ਼ਿਲਾਫ਼ ਕਤਲ ਦੇ ਦੋਸ਼ ਤਹਿਤ ਚਾਰਜ ਤੈਅ ਕਰ ਦਿੱਤੇ ਗਏ ਹਨ।*



ਘਟਨਾ ਸਥਾਨ ਤੇ ਪੁੱਜੀ ਪੁਲਿਸ

ਪੁਲਿਸ ਮੁਤਾਬਕ ਵੀਰਵਾਰ ਸ਼ਾਮ ਕਰੀਬ 5 ਵਜੇ 45 ਮਿੰਟ 'ਤੇ ਲੋਅਰ ਫ੍ਰਾਂਸਿਸ ਸਟ੍ਰੀਟ ਤੋਂ ਇੱਕ ਨੌਜਵਾਨ ਦੇ ਗੰਭੀਰ ਜ਼ਖ਼ਮੀ ਹੋਣ ਦੀ ਸੂਚਨਾ ਮਿਲੀ ਸੀ। ਸੂਚਨਾ ਮਿਲਦੇ ਹੀ ਪੁਲਿਸ, ਐਂਬੂਲੈਂਸ ਅਤੇ ਹੋਰ ਐਮਰਜੈਂਸੀ ਸੇਵਾਵਾਂ ਤੁਰੰਤ ਮੌਕੇ 'ਤੇ ਪਹੁੰਚੀਆਂ। ਨੌਜਵਾਨ ਨੂੰ ਤੁਰੰਤ ਚਿਕਿਤਸਾ ਸਹਾਇਤਾ ਦਿੱਤੀ ਗਈ ਪਰ ਉਸਦੀ ਹਾਲਤ ਨਾਜ਼ੁਕ ਹੋਣ ਕਾਰਨ ਉਸਦੀ ਜਾਨ ਨਹੀਂ ਬਚਾਈ ਜਾ ਸਕੀ।

ਪੁਲਿਸ ਵੱਲੋਂ ਕੀਤੀ ਗਈ ਮੁੱਢਲੀ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਨੌਜਵਾਨ ਉੱਤੇ ਹਿੰਸਕ ਹਮਲਾ ਕੀਤਾ ਗਿਆ ਸੀ, ਜਿਸ ਕਾਰਨ ਉਸ ਨੂੰ ਜਾਨਲੇਵਾ ਚੋਟਾਂ ਆਈਆਂ। ਘਟਨਾ ਤੋਂ ਬਾਅਦ ਇਲਾਕੇ 'ਚ ਡਰ ਅਤੇ ਦਹਿਸ਼ਤ ਦਾ ਮਾਹੌਲ ਬਣ ਗਿਆ। ਪੁਲਿਸ ਨੇ ਤੁਰੰਤ ਇਲਾਕੇ ਨੂੰ ਘੇਰ ਲਿਆ ਅਤੇ ਫੋਰੈਂਸਿਕ ਟੀਮਾਂ ਵੱਲੋਂ ਸਬੂਤ ਇਕੱਠੇ ਕੀਤੇ ਗਏ।

ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਪੁਲਿਸ ਨੇ ਵੱਖ-ਵੱਖ ਥਾਵਾਂ 'ਤੇ ਛਾਪੇ ਮਾਰ ਕੇ ਚਾਰ ਸ਼ੱਕੀ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ। ਜਾਂਚ ਪੂਰੀ ਹੋਣ ਉਪਰੰਤ ਪੁਲਿਸ ਵੱਲੋਂ ਉਨ੍ਹਾਂ ਚਾਰਾਂ 'ਤੇ ਕਤਲ ਦੇ ਦੋਸ਼ ਲਗਾ ਕੇ ਅਦਾਲਤ ਵਿੱਚ ਪੇਸ਼ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਅਧਿਕਾਰੀਆਂ ਮੁਤਾਬਕ ਸਾਰੇ ਦੋਸ਼ੀ ਪੁਲਿਸ ਹਿਰਾਸਤ ਵਿੱਚ ਹਨ ਅਤੇ ਅਗਲੀ ਸੁਣਵਾਈ ਦੌਰਾਨ ਅਦਾਲਤ 'ਚ ਪੇਸ਼ ਕੀਤੇ ਜਾਣਗੇ।

ਪੁਲਿਸ ਵੱਲੋਂ ਇਲਾਕੇ ਦੇ ਵਸਨੀਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੇਕਰ ਕਿਸੇ ਨੇ ਘਟਨਾ ਨਾਲ ਸਬੰਧਤ ਕੁਝ ਵੀ ਦੇਖਿਆ ਜਾਂ ਸੁਣਿਆ ਹੋਵੇ ਤਾਂ ਉਹ ਬਿਨਾਂ ਡਰ ਪੁਲਿਸ ਨਾਲ ਸੰਪਰਕ ਕਰਨ। ਇਸਦੇ ਨਾਲ ਹੀ ਇਲਾਕੇ 'ਚ ਵਧੀਕ ਪੁਲਿਸ ਗਸ਼ਤ ਲਗਾਈ ਗਈ ਹੈ ਤਾਂ ਜੋ ਲੋਕਾਂ ਵਿੱਚ ਸੁਰੱਖਿਆ ਦਾ ਭਰੋਸਾ ਬਣਿਆ ਰਹੇ।

ਇਸ ਦਰਦਨਾਕ ਘਟਨਾ ਨਾਲ ਮਰਹੂਮ ਨੌਜਵਾਨ ਦੇ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਹੈ। ਸਥਾਨਕ ਲੋਕਾਂ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਪਰਿਵਾਰ ਨਾਲ ਹਮਦਰਦੀ ਜਤਾਈ ਜਾ ਰਹੀ ਹੈ ਅਤੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ ਜਾ ਰਹੀ ਹੈ।

# ਡੈਮੋਕਰੈਟਸ ਵੱਲੋਂ ਗਰੀਨ ਕਾਰਡਧਾਰਕ ਪ੍ਰਵਾਸੀ ਉਦਮੀਆਂ 'ਤੇ ਕਰਜਾ ਲੈਣ ਉਪਰ ਲਾਈ ਰੋਕ ਦਾ ਵਿਰੋਧ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਚੋਟੀ ਦੇ ਡੈਮੋਕਰੈਟਸ ਆਗੂਆਂ ਨੇ ਨਵੀਂ ਸਮਾਲ ਬਿਜ਼ਨਸ ਐਡਮਨਿਸਟ੍ਰੇਸ਼ਨ (ਐਸ ਬੀ ਏ) ਨੀਤੀ ਦੀ ਅਲੋਚਨਾ ਕੀਤੀ ਹੈ ਜਿਸ ਤਹਿਤ ਕਾਨੂੰਨੀ ਸਥਾਈ ਵਾਸੀ ਪ੍ਰਵਾਸੀਆਂ ਉਪਰ ਕਰਜਾ ਲੈਣ 'ਤੇ ਰੋਕ ਲਾਈ ਗਈ ਹੈ। ਸੈਨੇਟਰ ਐਡਵਰਡ ਜੇ ਮਾਰਕੇ (ਐਮ ਏ) ਤੇ ਪ੍ਰਤੀਨਿੱਧ ਨਾਇਡੀਆ ਵੇਲਾਜ਼ਕੁਏਜ਼ (ਐਨ ਵਾਈ) ਨੇ ਕਿਹਾ ਹੈ ਕਿ ਇਸ ਨੀਤੀ ਨਾਲ ਪ੍ਰਵਾਸੀ ਉੱਦਮੀ ਪ੍ਰਭਾਵਿਤ ਹੋਣਗੇ ਤੇ ਸਥਾਨਕ ਅਰਥ ਵਿਵਸਥਾ ਉਪਰ ਮਾੜਾ ਅਸਰ ਪਵੇਗਾ। ਉਨਾਂ ਕਿਹਾ ਕਿ ਇਸ ਨੀਤੀ ਤਹਿਤ ਦਹਾਕਿਆਂ ਪੁਰਾਣੇ ਅਮਲ ਨੂੰ ਪੁੱਠਾ ਗੇੜਾ ਦੇ ਦਿੱਤਾ ਗਿਆ ਹੈ ਤੇ ਕਾਨੂੰਨੀ ਪ੍ਰਵਾਸੀ ਜੋ ਛੋਟੇ ਕਾਰੋਬਾਰ ਕਰਦੇ ਹਨ, ਨੂੰ ਬਾਹਰ ਦਾ ਰਸਤਾ ਵਿਖਾ ਦਿੱਤਾ ਗਿਆ ਹੈ। ਸੰਸਦ ਮੈਂਬਰਾਂ ਨੇ ਕਿਹਾ ਹੈ ਕਿ ਟਰੰਪ ਪ੍ਰਸਾਸ਼ਨ ਪ੍ਰਵਾਸੀਆਂ ਤੇ ਛੋਟੇ ਕਾਰੋਬਾਰੀਆਂ ਵਿਚ ਨਫਰਤ, ਡਰ ਤੇ ਭੰਬਲਭੂਸਾ ਪੈਦਾ ਕਰ ਰਿਹਾ ਹੈ। ਚਾਹੀਦਾ ਤਾਂ ਇਹ ਸੀ ਕਿ ਟਰੰਪ ਪ੍ਰਸਾਸ਼ਨ ਕਾਨੂੰਨੀ ਪ੍ਰਵਾਸੀਆਂ ਦੀ ਕਾਰੋਬਾਰ ਵਧਾਉਣ ਵਿੱਚ ਮੱਦਦ ਕਰਦਾ ਪਰੰਤੂ ਹੋ ਇਸ ਦੇ ਉਲਟ ਰਿਹਾ ਹੈ। ਐਸ ਬੀ ਏ ਵੱਲੋਂ ਪ੍ਰਕਾਸ਼ਿਤ ਨਵੀਂ ਨੀਤੀ ਪਹਿਲੀ ਮਾਰਚ ਤੋਂ ਲਾਗੂ ਹੋਵੇਗੀ। ਨਵੇਂ ਨਿਯਮ ਤਹਿਤ ਛੋਟੇ ਕਾਰੋਬ-ਾਰ ਦਾ ਮਾਲਕ ਸੌ ਪ੍ਰਤੀਸ਼ਤ ਅਮਰੀਕੀ ਨਾਗਰਿਕ ਹੋਣਾ ਚਾਹੀਦਾ ਹੈ ਤੇ ਕਾਨੂੰਨੀ ਤੌਰ 'ਤੇ ਪੀ ਆਰ ਜਿਨਾਂ ਨੂੰ ਗਰੀਨ ਕਾਰਡਧਾਰਕ ਵੀ ਕਿਹਾ ਜਾਂਦਾ ਹੈ, ਦਾ ਐਸ ਬੀ ਏ ਤੋਂ ਲਏ ਕਰਜੇ ਵਾਲੇ ਕਾਰੋਬਾਰ ਵਿੱਚ ਕੋਈ ਹਿੱਸਾ ਨਹੀਂ ਹੋਣਾ ਚਾਹੀਦਾ।

# ਗਲਾਸਗੋ ਵਿਖੇ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ ਗਿਆ



ਗੁਰੂ ਘਰ ਵਿਖੇ ਕੀਰਤਨ ਕਰਦਾ ਹੋਇਆ ਰਾਗੀ ਜੱਥਾ ਅਤੇ ਗੁਰੂ ਰਵਿਦਾਸ ਸਭਾ ਦੇ ਮੈਂਬਰ

ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) - ਗਲਾਸਗੋ ਦੇ ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਵਿਖੇ ਸ੍ਰੀ ਗੁਰੂ ਰਵਿਦਾਸ ਸਭਾ ਗਲਾਸਗੋ ਵਲੋਂ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ । ਇਸ ਸਮੇਂ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ ਅਤੇ ਗੁਰੂ ਘਰ ਦੇ ਰਾਗੀ ਜਥੇ ਭਾਈ ਅਮਰੀਕ ਸਿੰਘ, ਭਾਈ ਮਨਪ੍ਰੀਤ ਸਿੰਘ ਅਤੇ ਗਗਨਦੀਪ ਸਿੰਘ ਵੱਲੋਂ ਗੁਰੂ ਮਹਾਰਾਜ ਜੀ ਦੀ ਬਾਣੀ ਦਾ ਕੀਰਤਨ ਕੀਤਾ ਗਿਆ । ਸਵੇਰੇ ਤੋਂ ਲੈ ਕੇ ਹੀ ਸ਼ਾਮ ਤੱਕ ਸੰਗਤ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਈ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਲਭਾਇਆ ਸਿੰਘ ਮੈਹਮੀ ਨੇ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਦੀ ਸਮੂਹ ਸੰਗਤਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਸੱਚੇ ਸੁੱਚੇ ਜੀਵਨ ਤੇ ਸਿੱਖਿਆਵਾਂ ਬਾਰੇ ਚਾਨਣਾ ਪਾਇਆ। ਗੁਰੂ ਰਵਿਦਾਸ ਸਭਾ ਵਲੋਂ ਕੇਵਲ ਸਿੰਘ ਸੁਨੀਲਾ, ਰੇਸ਼ਮ ਮੱਲ, ਹਰਬਲਾਸ ਕਲੇਰ, ਵੇਦ ਪ੍ਰਕਾਸ਼, ਪਿਆਰਾ ਲਾਲ ਬੈਂਸ, ਅਸ਼ੋਕ ਮੱਲ, ਜੋਗਾ ਰਾਮ, ਸੁਰਿੰਦਰ ਸਿੰਘ, ਬਲਬੀਰ ਸਿੰਘ, ਚਰਨ ਦਾਸ, ਜਸਵਿੰਦਰ ਕਲੇਰ, ਅਮਰ ਸਿੰਘ ਚੁੰਬਰ ਅਤੇ ਮੁਲਖ ਰਾਜ ਆਦਿ ਵੀ ਸ਼ਾਮਲ ਹੋਏ।

# ਕਾਤਲ ਨੂੰ 40 ਸਾਲ ਕੈਦ, ਅਦਾਲਤ ਨੇ ਕਿਹਾ- ਜੇਲ੍ਹ ਵਿਚ ਹੀ ਆਵੇਗੀ ਮੌਤ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਦੀ ਇਕ ਉੱਚ ਅਦਾਲਤ ਨੇ 17 ਸਾਲਾ ਲੜਕੀ ਵਿਕਟੋਰੀਆ ਹਾਲ ਦੀ ਨਿਰਦਈ ਹੱਤਿਆ ਦੇ ਮਾਮਲੇ ਵਿੱਚ ਕੁਖਿਆਤ ਲੜੀਵਾਰ ਕਾਤਲ ਸਟੀਵ ਰਾਈਟ ਨੂੰ 40 ਸਾਲ ਦੀ ਕੈਦ ਦੀ ਸਜ਼ਾ ਸੁਣਾਉਂਦੇ ਹੋਏ ਸਖ਼ਤ ਟਿੱਪਣੀ ਕੀਤੀ ਹੈ ਕਿ ਦੋਸ਼ੀ ਦੀ ਮੌਤ ਹੁਣ ਜੇਲ੍ਹ ਦੀਆਂ ਕੰਧਾਂ ਵਿਚ ਹੀ ਹੋਵੇਗੀ।

ਅਦਾਲਤ ਵਿੱਚ ਸਜ਼ਾ ਸੁਣਾਉਂਦੇ ਹੋਏ ਜੱਜ ਨੇ ਕਿਹਾ ਕਿ ਦੋਸ਼ੀ ਵੱਲੋਂ ਕੀਤਾ ਗਿਆ ਅਪਰਾਧ ਬੇਹੱਦ ਦਰਿੰਦਗੀ ਭਰਿਆ ਹੈ ਅਤੇ ਸਮਾਜ ਲਈ ਖ਼ਤਰਾ ਬਣੇ ਅਜਿਹੇ ਵਿਅਕਤੀ ਲਈ ਰਹਿਮ ਦੀ ਕੋਈ ਥਾਂ ਨਹੀਂ। ਅਦਾਲਤ ਨੇ ਇਹ ਵੀ ਕਿਹਾ ਕਿ ਕੇਵਲ ਦੋਸ਼ ਕਬੂਲ ਕਰਨਾ ਹੀ ਇਕੱਲੀ ਗੱਲ ਹੈ ਜੋ ਦੋਸ਼ੀ ਦੇ ਹੱਕ ਵਿੱਚ ਗਿਣੀ ਜਾ ਸਕਦੀ ਹੈ।

ਅਦਾਲਤੀ ਕਾਰਵਾਈ ਦੌਰਾਨ ਦੱਸਿਆ ਗਿਆ ਕਿ ਸਟੀਵ ਰਾਈਟ ਪਹਿਲਾਂ ਹੀ ਸਾਲ 2006 ਵਿੱਚ ਇਪਸਵਿਚ ਇਲਾਕੇ ਦੇ ਨੇੜੇ ਪੰਜ ਔਰਤਾਂ ਦੀ ਹੱਤਿਆ ਦੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਹੈ। ਨਵੀਂ ਸਜ਼ਾ ਉਸ ਨੂੰ 1999 ਵਿੱਚ 17 ਸਾਲਾ ਵਿਕਟੋਰੀਆ ਹਾਲ ਦੀ ਅਗਵਾ ਅਤੇ ਫਿਰ ਹੱਤਿਆ ਕਰਨ ਦੇ ਦੋਸ਼ਾਂ ਤਹਿਤ ਸੁਣਾਈ ਗਈ ਹੈ।ਅਦਾਲਤ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਦੋਸ਼ੀ ਨੂੰ ਵਿਕਟੋਰੀਆ ਦੇ ਅਗਵਾ ਕਰਨ ਲਈ 12 ਸਾਲ ਅਤੇ ਇਕ ਹੋਰ ਲੜਕੀ ਐਮਿਲੀ ਡੋਹਰਟੀ ਨੂੰ ਅਗਵਾ ਕਰਨ ਦੀ ਕੋਸ਼ਿਸ਼ ਲਈ 9 ਸਾਲ ਦੀ ਹੋਰ ਸਜ਼ਾ ਵੀ ਦਿੱਤੀ ਗਈ ਹੈ। ਇਹ ਸਾਰੀਆਂ ਸਜ਼ਾਵਾਂ ਇਕੱਠੇ ਚੱਲਣਗੀਆਂ, ਪਰ ਮੁੱਖ ਤੌਰ ਤੇ 40 ਸਾਲ ਦੀ ਕੈਦ ਦੋਸ਼ੀ ਲਈ ਅੰਤਿਮ ਸਜ਼ਾ ਰਹੇਗੀ। ਪੀੜਤ ਲੜਕੀ ਦੀ ਦੋਸਤ ਜੈਮਾ ਨੇ ਅਦਾਲਤ ਵਿੱਚ ਬਿਆਨ ਦਿੰਦਿਆਂ ਕਿਹਾ ਕਿ ਉਸ ਦੀ ਸਹੇਲੀ ਦੀ ਹੱਤਿਆ ਨੇ ਉਸ ਦੀ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਉਲਟ ਕੇ ਰੱਖ ਦਿੱਤਾ ਹੈ। ਉਸ ਨੇ ਦੱਸਿਆ ਕਿ ਘਟਨਾ ਵਾਲੀ ਰਾਤ ਦੋਵੇਂ ਇਕੱਠੇ ਘੁੰਮ ਕੇ ਵੱਖ ਹੋਈਆਂ ਸਨ ਅਤੇ ਥੋੜ੍ਹੀ ਦੇਰ ਬਾਅਦ ਉਸ ਨੇ ਦਿਲ ਦਹਿਲਾ ਦੇਣ ਵਾਲੀਆਂ ਚੀਖਾਂ ਸੁਣੀਆਂ।ਵਿਕਟੋਰੀਆ ਦੇ ਭਰਾ ਸਟੀਵਨ ਨੇ ਵੀ ਅਦਾਲਤ ਵਿੱਚ ਕਿਹਾ ਕਿ ਉਹ ਆਪਣੀ ਭੈਣ ਨੂੰ ਆਪਣੀ ਬਾਕੀ ਸਾਰੀ ਜ਼ਿੰਦਗੀ ਹਰ ਰੋਜ਼ ਯਾਦ ਕਰਦਾ ਰਹੇਗਾ ਅਤੇ ਇਸ ਦਰਦ ਦੀ ਭਰਪਾਈ ਕਦੇ ਨਹੀਂ ਹੋ ਸਕਦੀ।ਅਦਾਲਤ ਦੇ ਇਸ ਫ਼ੈਸਲੇ ਨਾਲ ਪੀੜਤ ਪਰਿਵਾਰ ਨੂੰ ਕਿਸੇ ਹੱਦ ਤੱਕ ਇਨਸਾਫ਼ ਮਿਲਿਆ ਹੈ, ਜਦਕਿ ਬਰਤਾਨੀਆ ਵਿੱਚ ਇਕ ਵਾਰ ਫਿਰ ਲੜੀਵਾਰ ਅਪਰਾਧੀਆਂ ਵਿਰੁੱਧ ਸਖ਼ਤ ਕਾਰਵਾਈ ਦਾ ਸੰਦੇਸ਼ ਗਿਆ ਹੈ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਭਾਰਤ ਵਿੱਚ ਸਿੱਖਾਂ ਦੇ ਹਾਲਾਤ ਕੀ ਹਨ, ਕਿਉਂ ਹਨ ਫਿਰਕੂ ਹਮਲਿਆਂ ਦੇ ਸ਼ਿਕਾਰ ?

## ✪ ਘੱਟ ਗਿਣਤੀ ਭਾਈਚਾਰੇ ਬਾਰੇ ਨਫ਼ਰਤ ਭਰੇ ਭਾਸ਼ਣਾਂ ਦਾ ਵਧਦਾ ਸਿਲਸਿਲਾ ਅਤੇ ਇੰਡੀਆ ਹੇਟ ਲੈਬ ਦੀ 2025 ਰਿਪੋਰਟ ✪ ਘੱਟ ਗਿਣਤੀ ਭਾਈਚਾਰੇ ਉਪਰ ਹਮਲਿਆਂ ਬਾਰੇ ਸਰਕਾਰਾਂ ਤੇ ਅਦਾਲਤਾਂ ਕਿਉ ਚੁੱਪ






ਭਾਰਤ ਵਿੱਚ ਸਿੱਖ ਭਾਈਚਾਰਾ, ਜੋ ਦੇਸ਼ ਦੀ ਕੁੱਲ ਆਬਾਦੀ ਦਾ ਲਗਭਗ 1.7 ਫੀਸਦੀ ਹੈ ਅਤੇ ਲਗਭਗ 2.4 ਕਰੋੜ ਲੋਕਾਂ ਨੂੰ ਸ਼ਾਮਲ ਕਰਦਾ ਹੈ, ਹਾਲ ਹੀ ਦੇ ਸਾਲਾਂ ਵਿੱਚ ਵਧਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਬੀਤੇ ਸਾਲ 2025 ਵਿੱਚ, ਧਾਰਮਿਕ ਆਜ਼ਾਦੀ, ਸੁਰੱਖਿਆ ਅਤੇ ਸਿਆਸੀ ਨੁਮਾਇੰਦਗੀ ਵਰਗੇ ਮੁੱਦੇ ਸਿੱਖਾਂ ਲਈ ਚਿੰਤਾ ਦਾ ਵਿਸ਼ਾ ਬਣੇ ਰਹੇ ਹਨ। ਪੰਜਾਬ ਵਿੱਚ ਸਿੱਖ ਬਹੁਮਤ ਵਿੱਚ ਹਨ, ਪਰ ਦੇਸ਼ ਭਰ ਵਿੱਚ ਉਹ ਘੱਟ ਗਿਣਤੀ ਵਜੋਂ ਅਲੱਗ-ਥਲੱਗ ਮਹਿਸੂਸ ਕਰ ਰਹੇ ਹਨ। ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਗਠਨਾਂ ਨੇ ਭਾਰਤ ਸਰਕਾਰ ਉੱਤੇ ਟ੍ਰਾਂਸਨੈਸ਼ਨਲ ਰਿਪ੍ਰੈਸ਼ਨ (ਸਰਹੱਦ ਪਾਰ ਦਬਾਅ) ਦੇ ਦੋਸ਼ ਲਾਏ ਹਨ, ਜਦਕਿ ਭਾਰਤ ਸਰਕਾਰ ਇਨ੍ਹਾਂ ਨੂੰ ਰੱਦ ਕਰਦੀ ਹੈ ।

ਸਿੱਖ ਭਾਈਚਾਰੇ ਦੀ ਆਬਾਦੀ ਭਾਰਤ ਵਿੱਚ ਲਗਾਤਾਰ ਘਟ ਰਹੀ ਹੈ। 2011 ਦੀ ਮਰਦਮਸ਼ੁਮਾਰੀ ਅਨੁਸਾਰ, ਸਿੱਖਾਂ ਦੀ ਆਬਾਦੀ 1.72 ਫੀਸਦੀ ਸੀ, ਜੋ 2001 ਵਿੱਚ 1.87 ਫੀਸਦੀ ਸੀ। 2025-26 ਵਿੱਚ ਹੋਣ ਵਾਲੀ ਨਵੀਂ ਮਰਦਮਸ਼ੁਮਾਰੀ ਵਿੱਚ ਇਹ ਅੰਕੜਾ ਹੋਰ ਘਟਣ ਦੀ ਸੰਭਾਵਨਾ ਹੈ, ਖਾਸ ਕਰਕੇ ਪੰਜਾਬ ਵਿੱਚ ਜਿੱਥੇ ਸਿੱਖਾਂ ਦੀ ਪ੍ਰਤੀਸ਼ਤਤਾ 57.69 ਫੀਸਦੀ ਤੋਂ ਹੇਠਾਂ ਆ ਸਕਦੀ ਹੈ। ਇਸ ਦੇ ਪਿੱਛੇ ਕਾਰਨ ਹਨ ਘੱਟ ਜਨਮ ਦਰ, ਵਿਦੇਸ਼ ਪਲਾਇਨ ਅਤੇ ਧਾਰਮਿਕ ਤਬਦੀਲੀਆਂ। ਉਦਾਹਰਨ ਵਜੋਂ, ਪੰਜਾਬ ਵਿੱਚ ਗਰੀਬ ਸਿੱਖ ਭਾਈਚਾਰੇ ਦਾ ਈਸਾਈ ਧਰਮ ਵੱਲ ਵਧਦੇ ਝੁਕਾਅ ਕਾਰਨ ਸਿੱਖ ਆਬਾਦੀ ਘਟ ਰਹੀ ਹੈ। ਵਿਸ਼ਵ ਪੱਧਰ ਉਪਰ, ਸਿੱਖਾਂ ਦੀ ਕੁੱਲ ਆਬਾਦੀ 2.6 ਤੋਂ 3 ਕਰੋੜ ਹੈ, ਜਿਸ ਵਿੱਚੋਂ 90 ਫੀਸਦੀ ਭਾਰਤ ਵਿੱਚ ਵੱਸਦੇ ਹਨ। ਪੰਜਾਬ ਤੋਂ ਬਾਹਰ, ਹਰਿਆਣਾ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਵਿੱਚ ਵੀ ਠੀਕ-ਠਾਕ ਗਿਣਤੀ ਹੈ, ਪਰ ਉੱਥੇ ਉਹ ਘੱਟ ਗਿਣਤੀ ਵਿਚ ਹਨ।

2025 ਵਿੱਚ ਸਿੱਖਾਂ ਦੀ ਸਥਿਤੀ ਚਿੰਤਾਜਨਕ ਰਹੀ ਹੈ। ਖਾਲਿਸਤਾਨ ਮਸਲੇ ਨੂੰ ਲੈ ਕੇ ਸਿਆਸੀ, ਸੋਸ਼ਲ ਮੀਡੀਆ ਅਤੇ ਮੀਡੀਆ ਦਾ ਫਿਰਕੂ ਪ੍ਰਚਾਰ ਵਧਿਆ ਹੈ। ਖਾਲਿਸਤਾਨ ਨੂੰ ਲੈਕੇ ਫਿਰਕੂ ਲੋਕ ਸਿੱਖਾਂ ਵਿਰੁਧ ਨਫ਼ਰਤੀ ਪ੍ਰਚਾਰ ਕਰ ਰਹੇ ਹਨ। ਪੰਜਾਬ ਵਿੱਚ ਸਿੱਖ ਨੌਜਵਾਨਾਂ ਉੱਤੇ ਕਾਲੇ ਕਨੂੰਨਾਂ ਅਧੀਨ ਮਾਮਲੇ ਦਰਜ ਹੋ ਰਹੇ ਹਨ, ਜਿਨ੍ਹਾਂ ਵਿੱਚ ਜ਼ਿਆਦਾਤਰ ਸ਼ਾਂਤੀਪੂਰਨ ਵਿਰੋਧ ਜਾਂ ਸੋਸ਼ਲ ਮੀਡੀਆ ਪੋਸਟਾਂ ਨਾਲ ਜੁੜੇ ਹਨ। 2015 ਤੋਂ 2025 ਤੱਕ ਅਨੇਕਾਂ ਸਿੱਖਾਂ ਨੂੰ ਜਾਸੂਸੀ ਜਾਂ ਵੱਖਵਾਦ ਦੇ ਨਾਂ ਤੇ ਗ੍ਰਿਫ਼ਤਾਰ ਕੀਤਾ ਗਿਆ ਸੀ।

ਇੰਡੀਆ ਹੇਟ ਲੈਬ ਦੀ 2025 ਰਿਪੋਰਟ ਨੇ ਦੱਸਿਆ ਕਿ ਸਾਲ ਭਰ ਵਿੱਚ 1,318 ਨਫ਼ਰਤ ਭਰੇ ਭਾਸ਼ਣਾਂ ਦੀਆਂ ਘਟਨਾਵਾਂ ਦਰਜ ਹੋਈਆਂ ਹਨ, ਜੋ 2024 ਨਾਲੋਂ 13 ਫੀਸਦੀ ਅਤੇ 2023 ਨਾਲੋਂ 97 ਫੀਸਦੀ ਵੱਧ ਹਨ। ਰੋਜ਼ਾਨਾ ਔਸਤਨ ਚਾਰ ਘਟਨਾਵਾਂ ਹੁੰਦੀਆਂ ਹਨ। ਇਨ੍ਹਾਂ ਵਿੱਚੋਂ 98 ਫੀਸਦੀ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਂਦੀਆਂ ਸਨ, ਪਰ ਈਸਾਈਆਂ ਵਿਰੋਧੀ 162 ਘਟਨਾਵਾਂ ਵੀ ਦਰਜ ਹੋਈਆਂ। ਸਿੱਖਾਂ ਵਿਰੋਧੀ ਸਿੱਧੇ ਨਫ਼ਰਤ ਭਰੇ ਭਾਸ਼ਣ ਘੱਟ ਹਨ, ਪਰ ਖਾਲਿਸਤਾਨ ਨੂੰ ਲੈ ਕੇ ਨੈਗੇਟਿਵ ਪ੍ਰਚਾਰ ਵਧਿਆ ਹੈ। ਸੋਸ਼ਲ ਮੀਡੀਆ ਉਪਰ ਖਾਲਿਸਤਾਨ ਨੂੰ ਆਧਾਰ ਬਣਾਕੇ ਸਿੱਖਾਂ ਵਿਰੁਧ ਨਫ਼ਰਤੀ ਪ੍ਰਚਾਰ ਜਾਰੀ ਹੈ।

ਭਾਜਪਾ ਸ਼ਾਸਿਤ ਰਾਜਾਂ ਵਿੱਚ 88 ਫੀਸਦੀ ਘਟਨਾਵਾਂ ਹੋਈਆਂ ਹਨ, ਜਿਵੇਂ ਉੱਤਰ ਪ੍ਰਦੇਸ਼ (266), ਮਹਾਰਾਸ਼ਟਰ (193) ਅਤੇ ਮੱਧ ਪ੍ਰਦੇਸ਼ (172)। "ਲਵ ਜਿਹਾਦ", "ਲੈਂਡ ਜਿਹਾਦ" ਵਰਗੀਆਂ ਸਾਜ਼ਿਸ਼ਾਂ ਨੂੰ 50 ਫੀਸਦੀ ਭਾਸ਼ਣਾਂ ਵਿੱਚ ਵਰਤਿਆ ਗਿਆ ਸੀ। 23 ਫੀਸਦੀ ਵਿੱਚ ਹਿੰਸਾ ਦੀ ਅਪੀਲ ਅਤੇ 10 ਫੀਸਦੀ ਵਿੱਚ ਹਥਿਆਰ ਚੁੱਕਣ ਦੀ ਗੱਲ ਕੀਤੀ ਗਈ ਸੀ। ਸਿੱਖ ਭਾਈਚਾਰੇ ਲਈ ਇਹ ਮਾਹੌਲ ਚਿੰਤਾਜਨਕ ਹੈ, ਕਿਉਂਕਿ ਨਫ਼ਰਤ ਦਾ ਅਸਰ ਸਾਰੀਆਂ ਘੱਟ ਗਿਣਤੀਆਂ ਉਪਰ ਪੈਂਦਾ ਹੈ।

ਅੰਤਰਰਾਸ਼ਟਰੀ ਪੱਧਰ ਤੇ, ਅਮਰੀਕੀ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫਰੀਡਮ ਨੇ 2025 ਵਿੱਚ ਭਾਰਤ ਨੂੰ "ਕੰਟਰੀ ਆਫ ਪਾਰਟੀਕੂਲਰ ਕੰਸਰਨ" ਘੋਸ਼ਿਤ ਕੀਤਾ ਹੈ। "ਕੰਟਰੀ ਆਫ ਪਾਰਟੀਕੂਲਰ ਕੰਸਰਨ" ਅਮਰੀਕਾ ਸਰਕਾਰ ਵੱਲੋਂ ਵਰਤਿਆ ਜਾਣ ਵਾਲਾ ਇੱਕ ਅਧਿਕਾਰਤ ਸ਼ਬਦ ਹੈ, ਜੋ ਧਾਰਮਿਕ ਆਜ਼ਾਦੀ ਨਾਲ ਜੁੜੇ ਮਾਮਲਿਆਂ ਵਿੱਚ ਵਰਤਿਆ ਜਾਂਦਾ ਹੈ। ਇਹ ਉਨ੍ਹਾਂ ਦੇਸ਼ਾਂ ਲਈ ਵਰਤਿਆ ਜਾਂਦਾ ਹੈ ਜਿੱਥੇ ਸਰਕਾਰ ਨੇ ਜਾਂ ਤਾਂ ਖੁਦ ਧਾਰਮਿਕ ਆਜ਼ਾਦੀ ਦੇ ਬਹੁਤ ਗੰਭੀਰ ਉਲੰਘਣ ਕੀਤੇ ਹਨ ਜਾਂ ਉਨ੍ਹਾਂ ਨੂੰ ਸਹਿਣ ਕੀਤਾ ਹੈ।

ਰਿਪੋਰਟ ਵਿੱਚ ਸਿੱਖਾਂ ਸਮੇਤ ਘੱਟ ਗਿਣਤੀਆਂ ਉੱਤੇ ਵਧਦੇ ਦਬਾਅ ਦਾ ਜ਼ਿਕਰ ਹੈ। ਯੂਐਸਸੀਆਈਆਰਐਫ ਨੇ ਕਿਹਾ ਕਿ ਭਾਰਤ ਸਰਕਾਰ ਨੇ ਧਾਰਮਿਕ ਆਜ਼ਾਦੀ ਨੂੰ ਕਮਜ਼ੋਰ ਕੀਤਾ ਹੈ, ਅਤੇ ਸਿੱਖ ਐਕਟਿਵਿਸਟਾਂ ਉੱਤੇ ਟ੍ਰਾਂਸਨੈਸ਼ਨਲ ਰਿਪ੍ਰੈਸ਼ਨ ਕੀਤਾ ਹੈ। ਟ੍ਰਾਂਸਨੈਸ਼ਨਲ ਰਿਪ੍ਰੈਸ਼ਨ ਇੱਕ ਅਜਿਹੀ ਕਾਰਵਾਈ ਹੈ ਜਿਸ ਵਿੱਚ ਕੋਈ ਸਰਕਾਰ ਜਾਂ ਉਸ ਦੇ ਏਜੰਟ/ਪ੍ਰਾਕਸੀ (ਪ੍ਰਤੀਨਿਧੀ) ਆਪਣੀਆਂ ਸਰਹੱਦਾਂ ਤੋਂ ਬਾਹਰ ਜਾ ਕੇ ਵਿਦੇਸ਼ਾਂ ਵਿੱਚ ਰਹਿੰਦੇ ਆਪਣੇ ਨਾਗਰਿਕਾਂ, ਡਾਇਸਪੋਰਾ (ਪ੍ਰਵਾਸੀ ਭਾਈਚਾਰੇ), ਵਿਰੋਧੀਆਂ, ਰਾਜਨੀਤਿਕ ਵਿਰੋਧੀਆਂ ਨੂੰ ਚੁੱਪ ਕਰਵਾਉਣਾ, ਧਮਕਾਉਣਾ, ਨਿਸ਼ਾਨਾ ਬਣਾਉਣਾ ਚਾਹੁੰਦੀ ਹੈ। ਇਹ ਰਾਜਨੀਤਿਕ ਜਾਂ ਧਾਰਮਿਕ ਦਮਨ ਦਾ ਇੱਕ ਰੂਪ ਹੈ ਜੋ ਸਰਹੱਦ ਪਾਰ ਕਰਕੇ ਕੀਤਾ ਜਾਂਦਾ ਹੈ।

ਕੈਨੇਡਾ ਅਤੇ ਅਮਰੀਕਾ ਵਿੱਚ ਸਿੱਖ ਆਗੂਆਂ ਦੀ ਹੱਤਿਆ ਸਬੰਧੀ ਯਤਨਾਂ ਦੇ ਮਾਮਲੇ ਸਾਹਮਣੇ ਆਏ, ਜਿਨ੍ਹਾਂ ਵਿੱਚ ਭਾਰਤੀ ਏਜੰਸੀਆਂ ਉਪਰ ਦੋਸ਼ ਲਗੇ ਹਨ। ਉਦਾਹਰਨ ਵਜੋਂ, ਕੈਨੇਡਾ ਵਿੱਚ ਹਰਦੀਪ ਸਿੰਘ ਨਿੱਜਰ ਦੀ ਹੱਤਿਆ ਅਤੇ ਅਮਰੀਕਾ ਵਿੱਚ ਗੁਰਪਤਵੰਤ ਸਿੰਘ ਪੰਨੂੰ ਉੱਤੇ ਹਮਲੇ ਦੀ ਸਾਜ਼ਿਸ਼।

ਯੂਐਸਸੀਆਈਆਰਐਫ ਨੇ ਸਿਫਾਰਸ਼ ਕੀਤੀ ਕਿ ਅਮਰੀਕਾ ਨੇ ਭਾਰਤ ਨੂੰ ਆਰਥਿਕ ਪਾਬੰਦੀਆਂ ਲਾਉਣ ਅਤੇ ਘੱਟਗਿਣਤੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਦਮ ਚੁੱਕੇ। ਭਾਰਤ ਸਰਕਾਰ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਅਤੇ ਕਿਹਾ ਕਿ ਇਹ ਬੇਬੁਨਿਆਦ ਹਨ।

ਹਿਊਮਨ ਰਾਈਟਸ ਵਾਚ ਦੀ 2026 ਵਰਲਡ ਰਿਪੋਰਟ (ਜੋ 2025 ਦੇ ਘਟਨਾਕ੍ਰਮਾਂ ਤੇ ਅਧਾਰਿਤ ਹੈ) ਵਿੱਚ ਭਾਰਤ ਵਿੱਚ ਘੱਟ ਗਿਣਤੀਆਂ ਵਿਰੋਧੀ ਨਫ਼ਰਤ ਅਤੇ ਵਿਤਕਰੇ ਤੇ ਚਿੰਤਾ ਜਤਾਈ ਗਈ ਹੈ। ਰਿਪੋਰਟ ਵਿੱਚ ਕਿਹਾ ਗਿਆ ਕਿ ਭਾਜਪਾ ਸਰਕਾਰ ਚੋਣਾਂ ਜਿੱਤਣ ਲਈ ਘੱਟ ਗਿਣਤੀਆਂ ਖਿਲਾਫ ਨਫ਼ਰਤ ਫੈਲਾਉਂਦੀ ਹੈ ਅਤੇ ਇਸ ਕਾਰਣ ਘੱਟ ਗਿਣਤੀਆਂ ਉੱਤੇ ਹਮਲੇ ਵਧੇ ਹਨ। ਐਮਨੈਸਟੀ ਇੰਟਰਨੈਸ਼ਨਲ ਨੇ ਧਾਰਮਿਕ ਘੱਟ ਗਿਣਤੀਆਂ ਦੀਆਂ ਜਾਇਦਾਦਾਂ ਢਾਹੁਣ ਅਤੇ ਅੱਤਵਾਦ ਵਿਰੋਧੀ ਕਾਨੂੰਨਾਂ ਦੇ ਦੁਰਵਰਤੋਂ ਉਪਰ ਸਖਤ ਟਿੱਪਣੀ ਕੀਤੀ ਸੀ। ਯੂਐੱਨ ਹਿਊਮਨ ਰਾਈਟਸ ਕੌਂਸਲ ਨੇ ਸਿੱਖ ਐਕਟਿਵਿਸਟਾਂ ਉੱਤੇ ਹਮਲਿਆਂ ਤੇ ਚਿੰਤਾ ਜਤਾਈ ਸੀ ਅਤੇ ਭਾਰਤ ਨੂੰ ਘੱਟ ਗਿਣਤੀਆਂ ਦੀ ਸੁਰੱਖਿਆ ਲਈ ਕਦਮ ਚੁੱਕਣ ਦੀ ਮੰਗ ਕੀਤੀ ਸੀ। ਇਹ ਸੰਗਠਨ ਭਾਰਤ ਨੂੰ ਧਰਮ ਨਿਰਪੱਖਤਾ ਅਤੇ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਕਹਿ ਰਹੇ ਹਨ।

ਸਿੱਖ ਭਾਈਚਾਰੇ ਵਿੱਚ ਬੇਰੁਜ਼ਗਾਰੀ, ਖੇਤੀ ਸੰਕਟ ਅਤੇ ਸਿਆਸੀ ਨੁਮਾਇੰਦਗੀ ਦੀ ਘਾਟ ਵੀ ਵੱਡੇ ਮੁੱਦੇ ਹਨ। ਪੰਜਾਬ ਵਿੱਚ ਨਸ਼ੇ ਅਤੇ ਪਲਾਇਨ ਕਾਰਨ ਨੌਜਵਾਨ ਪੀੜ੍ਹੀ ਪ੍ਰਭਾਵਿਤ ਹੈ। ਸਿੱਖ ਆਗੂ ਕਹਿੰਦੇ ਹਨ ਕਿ ਇਹ ਇੱਕ ਤਰ੍ਹਾਂ ਦੀ ਨਸਲਕੁਸ਼ੀ ਹੈ। ਸਿਆਸੀ ਲੀਡਰ ਤੇ ਭ੍ਰਿਸ਼ਟ ਪੁਲਿਸ ਅਫਸਰ ਰਲੇ ਹੋਏ ਹਨ ਇਸ ਕਾਰਣ ਨਸ਼ਿਆਂ ਨੂੰ ਠੱਲ ਨਹੀਂ ਪੈ ਰਹੀ।

ਸਰਕਾਰ ਅਤੇ ਅਦਾਲਤਾਂ ਨੇ ਨਫ਼ਰਤ ਭਰੇ ਭਾਸ਼ਣਾਂ ਤੇ ਘੱਟ ਕਾਰਵਾਈ ਕੀਤੀ ਹੈ। ਇੰਡੀਆ ਹੇਟ ਲੈਬ ਅਨੁਸਾਰ, ਬਹੁਤੇ ਮਾਮਲੇ ਭਾਜਪਾ ਰਾਜਾਂ ਵਿੱਚ ਹੋਏ ਪਰ ਵੱਡੀ ਕਾਰਵਾਈ ਨਹੀਂ ਹੋਈ। ਸੁਪਰੀਮ ਕੋਰਟ ਨੇ ਜੁਲਾਈ 2025 ਵਿੱਚ ਨਿਰਦੇਸ਼ ਦਿੱਤੇ ਸਨ ਪਰ ਅਮਲ ਘੱਟ ਹੀ ਹੋਇਆ ਹੈ। ਕਰਨਾਟਕ ਨੇ ਦਸੰਬਰ 2025 ਵਿੱਚ ਹੇਟ ਸਪੀਚ ਬਿੱਲ ਪਾਸ ਕੀਤਾ ਸੀ, ਜਿਸ ਵਿੱਚ 7 ਸਾਲ ਕੈਦ ਅਤੇ ਜੁਰਮਾਨੇ ਦਾ ਪ੍ਰਬੰਧ ਹੈ। ਪਰ ਇਸ ਦੇ ਦੁਰਵਰਤੋਂ ਦੀਆਂ ਚਿੰਤਾਵਾਂ ਹਨ। ਸਿੱਖ ਮਾਮਲਿਆਂ ਵਿੱਚ ਅਦਾਲਤਾਂ ਨੇ ਕੁਝ ਗ੍ਰਿਫਤਾਰੀਆਂ ਤੇ ਸੁਣਵਾਈ ਕੀਤੀ ਪਰ ਯੂਏਪੀਏ ਅਧੀਨ ਲੰਮੀ ਜੇਲ੍ਹ ਰਹਿੰਦੀ ਹੈ।

ਸਮੁੱਚੇ ਤੌਰ ਤੇ, ਸਿੱਖਾਂ ਦੀ ਸਥਿਤੀ ਮੁਸਲਮਾਨਾਂ ਜਾਂ ਈਸਾਈਆਂ ਵਾਂਗ ਨਹੀਂ ,ਪਰ ਚੁਣੌਤੀਆਂ ਵਧ ਰਹੀਆਂ ਹਨ। ਭਾਰਤ ਦੀ ਧਰਮ ਨਿਰਪੱਖਤਾ ਅਤੇ ਲੋਕਤੰਤਰ ਲਈ ਇਹ ਚੁਣੌਤੀ ਹੈ। ਸਿੱਖ ਭਾਈਚਾਰਾ ਆਪਣੀ ਪਛਾਣ ਅਤੇ ਸੁਰੱਖਿਆ ਲਈ ਸੰਘਰਸ਼ ਕਰ ਰਿਹਾ ਹੈ। ਅੰਤਰਰਾਸ਼ਟਰੀ ਮੰਚਾਂ ਤੇ ਇਹ ਮਸਲਾ ਉੱਠ ਰਿਹਾ ਹੈ, ਅਤੇ ਭਾਰਤ ਨੂੰ ਘੱਟ ਗਿਣਤੀਆਂ ਨੂੰ ਭਰੋਸਾ ਦੇਣ ਲਈ ਕਦਮ ਚੁੱਕਣੇ ਚਾਹੀਦੇ ਹਨ।

# ਅਮਰੀਕਾ ਵੱਲੋਂ "ਰੋਸਟ ਆਫ ਦੀ ਰੋਸਟ" ਸੂਚੀ ਜਾਰੀ, ਭਾਰਤੀ ਭਾਈਚਾਰੇ ਦੇ ਅਕਸ ਨੂੰ ਨੁਕਸਾਨ ਪੁਜਾ

**✪ 89 ਭਾਰਤੀਆਂ ਸਮੇਤ 25,000 ਅਪਰਾਧੀਆਂ ਦੇ ਨਾਂ ਅਤੇ ਫੋਟੋਆਂ ਪਬਲਿਕ ✪ ਟਰੰਪ ਪ੍ਰਸ਼ਾਸਨ ਦੀ ਸਖਤ ਇਮੀਗ੍ਰੇਸ਼ਨ ਕਾਰਵਾਈ: ਭਾਰਤੀ ਮੂਲ ਦੇ ਅਪਰਾਧੀਆਂ ਨੂੰ ਵੱਡਾ ਝਟਕਾ ✪ 89 ਭਾਰਤੀਆਂ ਤੇ ਗੰਭੀਰ ਦੋਸ਼: ਵਿੱਤੀ ਧੋਖਾਧੜੀ, ਹਿੰਸਾ, ਜਿਨਸੀ ਅਪਰਾਧ ਅਤੇ ਡਰੱਗ ਟ੍ਰੈਫਿਕਿੰਗ**

ਅਮਰੀਕਾ ਵਿੱਚ ਟਰੰਪ ਪ੍ਰਸ਼ਾਸਨ ਨੇ ਇੱਕ ਵੱਡੀ ਕਾਰਵਾਈ ਕਰਦੇ ਹੋਏ ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ ਅਤੇ ਡਿਪਾਰਟਮੈਂਟ ਆਫ ਹੋਮਲੈਂਡ ਸਿਕਿਓਰਿਟੀ ਦੁਆਰਾ ਗ੍ਰਿਫਤਾਰ ਕੀਤੇ ਗਏ "ਰੋਸਟ ਆਫ ਦੀ ਰੋਸਟ" ਅਪਰਾਧੀਆਂ ਦੀ ਜਨਤਕ ਸੂਚੀ ਜਾਰੀ ਕੀਤੀ ਹੈ। ਇਹ ਸੂਚੀ wow.dhs.gov ਵੈੱਬਸਾਈਟ ਤੇ ਉਪਲਬਧ ਹੈ, ਜਿਸ ਵਿੱਚ ਲਗਭਗ 25,000 ਅਪਰਾਧੀ ਵਿਦੇਸ਼ੀਆਂ ਦੇ ਨਾਂ, ਫੋਟੋਆਂ, ਅਪਰਾਧਾਂ ਅਤੇ ਰਾਸ਼ਟਰੀਅਤਾ ਦਾ ਵੇਰਵਾ ਸ਼ਾਮਲ ਹੈ। ਇਸ ਵਿੱਚ ਭਾਰਤੀ ਮੂਲ ਦੇ 89 ਵਿਅਕਤੀਆਂ ਦੇ ਨਾਂ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਅਮਰੀਕਾ ਵਿੱਚ ਗੰਭੀਰ ਅਪਰਾਧਾਂ ਲਈ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਡਿਪੋਰਟੇਸ਼ਨ ਦੀ ਪ੍ਰਕਿਰਿਆ ਚੱਲ ਰਹੀ ਹੈ।

ਇਹ ਸੂਚੀ ਟਰੰਪ ਪ੍ਰਸ਼ਾਸਨ ਦੀ ਮਾਸ ਡਿਪੋਰਟੇਸ਼ਨ ਮੁਹਿੰਮ ਦਾ ਹਿੱਸਾ ਹੈ, ਜਿਸ ਨੂੰ ਪ੍ਰਸ਼ਾਸਨ ਨੇ "ਸਭ ਤੋਂ ਖਤਰਨਾਕ ਅਪਰਾਧੀਆਂ" ਨੂੰ ਪਹਿਲਾਂ ਹਟਾਉਣ ਦੇ ਤੌਰ ਤੇ ਪੇਸ਼ ਕੀਤਾ ਹੈ। ਡਿਪਾਰਟਮੈਂਟ ਆਫ ਹੋਮਲੈਂਡ ਸਿਕਿਓਰਿਟੀ ਦੇ ਅਧਿਕਾਰੀਆਂ, ਜਿਵੇਂ ਅਸਿਸਟੈਂਟ ਸੈਕਟਰੀ ਟ੍ਰਿਸ਼ੀਆ ਮੈਕਲਾਫਲਿਨ ਅਤੇ ਹੋਰਾਂ ਨੇ ਇਸ ਨੂੰ ਪਾਰਦਰਸ਼ਤਾ ਵਧਾਉਣ ਅਤੇ ਅਮਰੀਕੀ ਨਾਗਰਿਕਾਂ ਨੂੰ ਦੱਸਣ ਲਈ ਜਾਰੀ ਕੀਤਾ ਹੈ ਕਿ ਕਿਹੜੇ ਅਪਰਾਧੀਆਂ ਨੂੰ ਅਮਰੀਕੀ ਸਮਾਜ ਤੋਂ ਹਟਾਇਆ ਜਾ ਰਿਹਾ ਹੈ। ਉਹਨਾਂ ਨੇ ਇਹਨਾਂ ਨੂੰ "ਰਾਖਸ਼" ਕਿਹਾ ਹੈ ਜਿਨ੍ਹਾਂ ਨੇ ਅਮਰੀਕੀ ਪਰਿਵਾਰਾਂ ਅਤੇ ਸਮਾਜ ਨੂੰ ਨੁਕਸਾਨ ਪਹੁੰਚਾਇਆ ਹੈ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਸਿਰਫ ਇੱਕ "ਸਨੈਪਸ਼ਾਟ" ਹੈ ਅਤੇ ਅਸਲ ਵਿੱਚ ਹਜ਼ਾਰਾਂ ਹੋਰ ਅਪਰਾਧੀ ਵੀ ਗ੍ਰਿਫਤਾਰ ਕੀਤੇ ਗਏ ਹਨ। ਇਹ ਅਪਰਾਧੀ ਅਮਰੀਕਾ ਨੂੰ ਕਿਹੜਾ ਨੁਕਸਾਨ ਪਹੁੰਚਾਉਂਦੇ ਹਨ?




ਅਮਰੀਕੀ ਅਧਿਕਾਰੀਆਂ ਅਨੁਸਾਰ, ਇਹ ਅਪਰਾਧੀ ਵੱਡੇ ਪੱਧਰ ਤੇ ਅਮਰੀਕੀ ਸਮਾਜ ਨੂੰ ਨੁਕਸਾਨ ਪਹੁੰਚਾਉਂਦੇ ਹਨ। ਉਹਨਾਂ ਵਿੱਚ ਮਰਡਰ, ਰੇਪ, ਬੱਚਿਆਂ ਨਾਲ ਜਿਨਸੀ ਸ਼ੋਸ਼ਣ, ਡਰੱਗ ਟ੍ਰੈਫਿਕਿੰਗ, ਵਾਇਲੈਂਟ ਅਸਾਲਟ, ਡੋਮੈਸਟਿਕ ਵਾਇਲੈਂਸ, ਮਨੀ ਲਾਂਡਰਿੰਗ ਅਤੇ ਹੋਰ ਗੰਭੀਰ ਅਪਰਾਧ ਸ਼ਾਮਲ ਹਨ। ਡਿਪਾਰਟਮੈਂਟ ਆਫ ਹੋਮਲੈਂਡ ਸਿਕਿਓਰਿਟੀ ਦੇ ਬਿਆਨਾਂ ਵਿੱਚ ਇਹਨਾਂ ਦੋਸ਼ੀਆਂ ਨੂੰ ਅਮਰੀਕੀ ਨਾਗਰਿਕਾਂ ਲਈ ਖਤਰਾ ਦੱਸਿਆ ਗਿਆ ਹੈ, ਜਿਵੇਂ ਕਿ ਬੱਚਿਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਪੈਡੋਫਾਈਲਸ, ਗੈਂਗ ਮੈਂਬਰ ਅਤੇ ਵਾਇਲੈਂਟ ਕਰਿਮੀਨਲ। ਇਹ ਅਪਰਾਧ ਅਮਰੀਕੀ ਪਰਿਵਾਰਾਂ ਦੀ ਸੁਰੱਖਿਆ, ਆਰਥਿਕ ਨੁਕਸਾਨ (ਜਿਵੇਂ ਫਰਾਡ ਅਤੇ ਟੈਕਸ ਚੋਰੀ) ਅਤੇ ਸਮਾਜਿਕ ਅਸਥਿਰਤਾ ਵਧਾਉਂਦੇ ਹਨ।

89 ਭਾਰਤੀਆਂ ਦੇ ਨਾਂ ਇਸ ਸੂਚੀ ਵਿੱਚ ਆਉਣ ਨਾਲ ਭਾਰਤੀ ਭਾਈਚਾਰੇ ਤੇ ਨਕਾਰਾਤਮਕ ਅਸਰ ਪੈ ਸਕਦਾ ਹੈ। ਜ਼ਿਆਦਾਤਰ ਮਾਮਲਿਆਂ ਵਿੱਚ ਭਾਰਤੀਆਂ ਤੇ ਵਿੱਤੀ ਧੋਖਾਧੜੀ (ਟੈਕਸ ਫਰਾਡ, ਵਾਇਰ ਫਰਾਡ, ਚੋਰੀ), ਵਾਇਲੈਂਟ ਕਰਾਈਮ (ਮਾਰਕੁਟ, ਲੜਾਈ ਝਗੜਾ), ਜਿਨਸੀ ਅਪਰਾਧ ਅਤੇ ਡਰੱਗ ਟ੍ਰੈਫਿਕਿੰਗ ਵਰਗੇ ਦੋਸ਼ ਹਨ। ਇਹ ਸੂਚੀ ਜਨਤਕ ਹੋਣ ਕਰਕੇ ਲੋਕਾਂ ਦੇ ਮਨ ਵਿੱਚ ਇੱਕ ਨਕਾਰਾਤਮਕ ਧਾਰਨਾ ਬਣ ਸਕਦੀ ਹੈ ਕਿ ਭਾਰਤੀ ਪ੍ਰਵਾਸੀ ਅਪਰਾਧ ਨਾਲ ਜੁੜੇ ਹੋਏ ਹਨ। ਆਲੋਚਕਾਂ ਅਤੇ ਮਾਨਵ ਅਧਿਕਾਰ ਸੰਗਠਨਾਂ ਨੇ ਇਸ ਨੂੰ ਖਤਰਨਾਕ ਦੱਸਿਆ ਹੈ। ਯੂਨੀਵਰਸਿਟੀ ਆਫ ਮੇਨ ਦੀ ਐਨਾ ਵੈਲਚ ਨੇ ਇਸ ਨੂੰ ਸਿਰਫ ਇੱਕ ਕਮਿਊਨੀਕੇਸ਼ਨ ਟੈਕਨੀਕ ਦੱਸਿਆ ਹੈ ਜੋ ਇਮੀਗ੍ਰੇਸ਼ਨ ਨੂੰ ਨਿਸ਼ਾਨਾ ਬਣਾਉਣ ਲਈ ਵਰਤੀ ਜਾ ਰਹੀ ਹੈ। ਇਸ ਨਾਲ ਭਾਰਤੀ ਭਾਈਚਾਰੇ ਵਿੱਚ ਡਰ ਅਤੇ ਅਸੁਰੱਖਿਆ ਵਧ ਸਕਦੀ ਹੈ, ਨੌਕਰੀਆਂ, ਵੀਜ਼ਾ ਉਪਰ ਅਸਰ ਪੈ ਸਕਦਾ ਹੈ। ਹਾਲਾਂਕਿ, ਇਹ ਸਿਰਫ ਅਵੈਧ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾਉਂਦੀ ਹੈ, ਪਰ ਜਨਤਕ ਧਾਰਨਾ ਵਿੱਚ ਸਾਰੇ ਭਾਰਤੀ ਪ੍ਰਵਾਸੀਆਂ ਉਪਰ ਅਸਰ ਪੈ ਸਕਦਾ ਹੈ। ਆਉਣ ਵਾਲੇ ਦਿਨਾਂ ਵਿੱਚ ਇਹ ਕਾਰਵਾਈਆਂ ਹੋਰ ਤੇਜ਼ ਹੋ ਸਕਦੀਆਂ ਹਨ, ਜਿਸ ਨਾਲ ਭਾਰਤੀ ਭਾਈਚਾਰੇ ਨੂੰ ਵਧੇਰੇ ਸਾਵਧਾਨ ਰਹਿਣਾ ਪਵੇਗਾ ਅਤੇ ਆਪਣੀ ਸਕਾਰਾਤਮਕ ਭੂਮਿਕਾ ਨੂੰ ਹੋਰ ਮਜ਼ਬੂਤ ਕਰਨਾ ਪਵੇਗਾ।

### ਮਾਮਲਾ ਵਿਆਹ ਦਾ ਝਾਂਸਾ ਦੇ ਕੇ ਤਲਾਕਸ਼ੁਦਾ ਔਰਤ ਨਾਲ ਸ਼ੋਸ਼ਣ ਦਾ

# ਜ਼ੀਰਕਪੁਰ ਪੁਲਸ ਨੇ ਫੌਜੀ ਹੌਲਦਾਰ ਤੇ ਪਤਨੀ ਖਿਲਾਫ਼ ਕੇਸ ਦਰਜ ਕੀਤਾ

ਜ਼ੀਰਕਪੁਰ-ਵਿਆਹ ਦੇ ਝੂਠੇ ਵਾਅਦੇ ਨਾਲ ਇੱਕ ਤਲਾਕਸ਼ੁਦਾ ਔਰਤ ਨੂੰ ਲੰਬੇ ਸਮੇਂ ਤੱਕ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਬਣਾਉਣ, ਗਰਭਪਾਤ ਕਰਵਾਉਣ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦਾ ਗੰਭੀਰ ਕੇਸ ਸਾਹਮਣੇ ਆਇਆ ਹੈ। ਥਾਣਾ ਜ਼ੀਰਕਪੁਰ ਨੇ ਭਾਰਤੀ ਫੌਜ ਵਿੱਚ ਹੌਲਦਾਰ ਰੋਹਿਤ ਕੁਮਾਰ (ਵਾਸੀ ਪਠਾਨਕੋਟ) ਤੇ ਉਸ ਦੀ ਪਤਨੀ ਮੋਨਿਕਾ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਪੀੜਤਾ ਨੇ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਦਾ ਪਹਿਲਾਂ ਵਿਆਹ 2015 ਵਿੱਚ ਨੋਇਡਾ ਵਿੱਚ ਹੋਇਆ ਸੀ, ਜੋ ਬਾਅਦ ਵਿੱਚ ਤਲਾਕ ਹੋ ਗਿਆ। ਤਲਾਕ ਤੋਂ ਬਾਅਦ ਉਹ ਨੌਕਰੀ ਕਰਕੇ ਆਪਣੀ ਧੀ ਦਾ ਪਾਲਣ-ਪੋਸ਼ਣ ਕਰ ਰਹੀ ਸੀ। 18 ਜੂਨ 2022 ਨੂੰ ਚੰਡੀਗੜ੍ਹ ਵਿੱਚ ਮੁਲਜ਼ਮ ਰੋਹਿਤ ਕੁਮਾਰ ਨਾਲ ਮੁਲਾਕਾਤ ਹੋਈ। ਉਸ ਨੇ ਖੁਦ ਨੂੰ ਤਲਾਕਸ਼ੁਦਾ ਦੱਸ ਕੇ ਵਿਆਹ ਦਾ ਭਰੋਸਾ ਦਿੱਤਾ ਤੇ ਜ਼ਿੰਦਗੀ ਭਰ ਨਾਲ ਨਿਭਾਉਣ ਦਾ ਵਾਅਦਾ ਕੀਤਾ।

ਮੁਲਜ਼ਮ ਨੇ ਪੀੜਤਾ ਨਾਲ ਨੋਇਡਾ, ਚੰਡੀਮੰਦਰ (ਪੰਚਕੂਲਾ) ਵਿੱਚ ਕਿਰਾਏ ਦੇ ਕਮਰੇ ਵਿੱਚ ਰਹਿ ਕੇ ਵਾਰ-ਵਾਰ ਵਿਆਹ ਦਾ ਝਾਂਸਾ ਦੇ ਕੇ ਸਰੀਰਕ ਸਬੰਧ ਬਣਾਏ। ਜਦੋਂ ਵੀ ਵਿਆਹ ਦੀ ਗੱਲ ਕੀਤੀ ਜਾਂਦੀ ਤਾਂ ਉਹ ਟਾਲ ਦਿੰਦਾ ਸੀ। ਇਸ ਦੌਰਾਨ ਉਸ ਨੂੰ ਪਠਾਨਕੋਟ ਤੇ ਸ਼ਿਮਲਾ ਵੀ ਲੈ ਜਾ ਕੇ ਸ਼ੋਸ਼ਣ ਜਾਰੀ ਰੱਖਿਆ। ਪੀੜਤਾ ਗਰਭਵਤੀ ਹੋ ਗਈ ਸੀ ਪਰ ਮੁਲਜ਼ਮ ਨੇ ਉਸ ਦੀ ਮਰਜ਼ੀ ਵਿਰੁੱਧ ਦਵਾਈਆਂ ਖੁਆ ਕੇ ਗਰਭਪਾਤ ਕਰਵਾ ਦਿੱਤਾ। ਪਤਾ ਲੱਗਿਆ ਕਿ ਰੋਹਿਤ ਕੁਮਾਰ ਪਹਿਲਾਂ ਤੋਂ ਵਿਆਹਿਆ ਹੋਇਆ ਹੈ ਤੇ ਫੌਜ ਵਿੱਚ ਹੌਲਦਾਰ ਵਜੋਂ ਪਠਾਨਕੋਟ ਵਿੱਚ ਤਾਇਨਾਤ ਹੈ। ਉਸ ਦੀ ਪਤਨੀ ਮੋਨਿਕਾ ਵੀ ਮਿਲ ਕੇ ਪੀੜਤਾ ਨੂੰ ਧਮਕੀਆਂ ਦਿੰਦੀ ਰਹੀ ਤੇ ਸ਼ਿਕਾਇਤ ਕਰਨ 'ਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ।

ਪਹਿਲਾਂ ਮਹਿਲਾ ਥਾਣਾ ਪੰਚਕੂਲਾ ਵਿੱਚ ਜਨਵਰੀ ਵਿੱਚ ਜ਼ੀਰੋ ਐੱਫਆਈਆਰ ਦਰਜ ਹੋਈ ਸੀ। ਜਾਂਚ ਦੌਰਾਨ ਘਟਨਾ ਜ਼ੀਰਕਪੁਰ ਖੇਤਰ ਵਿੱਚ ਹੋਣ ਕਾਰਨ ਮਾਮਲਾ ਥਾਣਾ ਜ਼ੀਰਕਪੁਰ ਨੂੰ ਟਰਾਂਸਫਰ ਕੀਤਾ ਗਿਆ। ਪੁਲਸ ਜਾਂਚ ਜਾਰੀ ਹੈ ਤੇ ਦੋਸ਼ੀਆਂ ਖਿਲਾਫ਼ ਸਖਤ ਕਾਰਵਾਈ ਦੀ ਤਿਆਰੀ ਹੈ।

# ਜਲੰਧਰ ਵਿਚ ਧਾਰਮਿਕ ਪੋਸਟਰ ਪਾੜਨ 'ਤੇ ਹੰਗਾਮਾ ਲੋਕਾਂ ਨੇ ਮੁਲਜ਼ਮ ਨੂੰ ਫੜ ਕੇ ਪੁਲਿਸ ਹਵਾਲੇ ਕੀਤਾ



ਜਲੰਧਰ-ਇਥੋਂ ਦੇ ਕਪੂਰਥਲਾ ਚੌਕ 'ਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪੋਸਟਰ ਪਾੜਨ ਕਾਰਨ ਸਥਿਤੀ ਤਣਾਅਪੂਰਨ ਹੋ ਗਈ। ਸਥਾਨਕ ਲੋਕਾਂ ਦੀ ਚੌਕਸੀ ਸਦਕਾ ਮੁਲਜ਼ਮ ਅਸ਼ੋਕ ਉਰਫ਼ ਅਸ਼ੋਕਾ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ ਗਿਆ, ਜਿਸ ਨਾਲ ਇੱਕ ਵੱਡਾ ਵਿਵਾਦ ਹੋਣੋਂ ਟਲ ਗਿਆ। ਘਟਨਾ ਤੋਂ ਬਾਅਦ ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੋ ਗਏ ਅਤੇ ਸ਼ਹਿਰ ਦੀ ਫਿਰਕੂ ਸਾਂਝ ਵਿਗਾੜਨ ਦੀ ਸਾਜ਼ਿਸ਼ ਵਿਰੁੱਧ ਨਾਅਰੇਬਾਜ਼ੀ ਕੀਤੀ। ਸੂਚਨਾ ਮਿਲਦੇ ਹੀ ਥਾਣਾ ਨੰਬਰ-2 ਦੇ ਸਬ-ਇੰਸਪੈਕਟਰ ਜਸਵੀਰ ਸਿੰਘ ਪੁਲਿਸ ਟੀਮ ਸਮੇਤ ਮੌਕੇ 'ਤੇ ਪਹੁੰਚੇ ਅਤੇ ਮੁਲਜ਼ਮ ਨੂੰ ਹਿਰਾਸਤ ਵਿੱਚ ਲਿਆ। ਪੁਲਿਸ ਵੱਲੋਂ ਮੁਲਜ਼ਮ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਤਾਂ ਜੋ ਇਸ ਹਰਕਤ ਪਿੱਛੇ ਦੇ ਅਸਲ ਕਾਰਨਾਂ ਦਾ ਪਤਾ ਲਗਾਇਆ ਜਾ ਸਕੇ।


# ਬਲਾਤਕਾਰ ਵਿਚ ਨਾਕਾਮ ਰਹਿਣ 'ਤੇ 55 ਸਾਲਾ ਔਰਤ ਦਾ ਕਤਲ

**✪ ਮਿੱਟੀ ਦੇ ਨਿਸ਼ਾਨਾਂ ਨੇ ਫੜਵਾਇਆ ਕਾਤਲ**

ਜਾਲੌਨ (ਉੱਤਰ ਪ੍ਰਦੇਸ਼)-ਜਾਲੌਨ ਦੇ ਕੋਤਵਾਲੀ ਖੇਤਰ ਵਿੱਚ ਇੱਕ ਦਿਲ ਕੰਬਾਊ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ 30 ਸਾਲਾ ਸ਼ਰਾਬੀ ਨੌਜਵਾਨ ਨੇ ਘਰ ਵਿਚ ਵੜਕੇ ਜਬਰ-ਜ਼ਨਾਹ ਦੀ ਕੋਸ਼ਿਸ਼ ਵਿੱਚ ਅਸਫਲ ਰਹਿਣ 'ਤੇ ਇੱਕ ਬਜ਼ੁਰਗ ਔਰਤ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਪੁਲਿਸ ਨੇ ਮਹਿਜ਼ 48 ਘੰਟਿਆਂ ਵਿੱਚ ਮਾਮਲਾ ਸੁਲਝਾਉਂਦੇ ਹੋਏ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਔਰਤ ਦੀ ਲਾਸ਼ ਘਰ ਦੇ ਨੇੜਲੇ ਸਰ੍ਹੋਂ ਦੇ ਖੇਤ ਵਿੱਚੋਂ ਅਧਨੰਗੀ ਹਾਲਤ ਵਿੱਚ ਮਿਲੀ। ਘਰ ਦੇ ਵਿਹੜੇ ਵਿੱਚ ਖੂਨ ਅਤੇ ਟੁੱਟੀਆਂ ਹੋਈਆਂ ਚੂੜੀਆਂ ਮਿਲੀਆਂ, ਜੋ ਇਸ ਕਾਂਡ ਦੀ ਗਵਾਹੀ ਦੇ ਰਹੀਆਂ ਸਨ। ਫੋਰੈਂਸਿਕ ਟੀਮ ਨੂੰ ਖੇਤ ਦੀ ਗਿੱਲੀ ਮਿੱਟੀ 'ਤੇ ਜੁੱਤੀਆਂ ਦੇ ਨਿਸ਼ਾਨ ਮਿਲੇ ਸਨ। ਜਾਂਚ ਕਰਦੇ ਹੋਏ ਪੁਲਿਸ ਜਦੋਂ ਮੁਲਜ਼ਮ ਦੇ ਘਰ ਪਹੁੰਚੀ, ਤਾਂ ਉਹੀ ਗਿੱਲੀ ਮਿੱਟੀ ਉਸ ਦੇ ਦਰਵਾਜ਼ੇ 'ਤੇ ਵੀ ਲੱਗੀ ਹੋਈ ਪਾਈ ਗਈ। ਸਖ਼ਤੀ ਨਾਲ ਪੁੱਛਗਿੱਛ ਕਰਨ 'ਤੇ ਮੁਲਜ਼ਮ ਨੇ ਆਪਣਾ ਜੁਰਮ ਕਬੂਲ ਕਰ ਲਿਆ। ਪੁਲਿਸ ਨੇ ਉਸ ਦੀ ਨਿਸ਼ਾਨਦੇਹੀ 'ਤੇ ਖੂਨ ਨਾਲ ਲਿਬੜੀ ਪੈਂਟ ਅਤੇ ਵਾਰਦਾਤ ਵੇਲੇ ਪਾਏ ਹੋਏ ਜੁੱਤੇ ਬਰਾਮਦ ਕਰ ਲਏ ਹਨ। ਵਧੀਕ ਪੁਲਿਸ ਕਪਤਾਨ ਪ੍ਰਦੀਪ ਕੁਮਾਰ ਵਰਮਾ ਅਨੁਸਾਰ, ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕਰਨ ਤੋਂ ਬਾਅਦ ਜੇਲ੍ਹ ਭੇਜ ਦਿੱਤਾ ਗਿਆ।

# ਚੋਣਾਂ ਦਾ ਕੌਮੀਕਰਨ ਕਰ ਦੇਣਾ ਚਾਹੀਦਾ-ਟਰੰਪ


ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਰਾਸ਼ਟਰਪਤੀ ਡੋਨਲਡ ਟਰੰਪ ਨੇ ਰਿਪਬਲੀਕਨਾਂ ਨੂੰ ਕਿਹਾ ਹੈ ਕਿ ਵੋਟਿੰਗ ਪ੍ਰਕ੍ਰਿਆ ਦਾ ਸੰਘੀਕਰਨ ਕਰ ਦੇਣਾ ਚਾਹੀਦਾ ਹੈ ਤੇ ਰਾਜਾਂ ਕੋਲ ਕੰਟਰੋਲ ਨਹੀਂ ਹੋਣਾ ਚਾਹੀਦਾ। ਟਰੰਪ ਨੇ 2020 ਵਿਚ ਚੋਣ ਧਾਂਦਲੀ ਤੇ ਪ੍ਰਵਾਸੀਆਂ ਦੀਆਂ ਗੈਰ ਕਾਨੂੰਨੀ ਵੋਟਾਂ ਦਾ ਮੁੱਦਾ ਫਿਰ ਉਠਾਇਆ ਹੈ। 2020 ਵਿੱਚ ਉਹ ਜੋਏ ਬਾਇਡਨ ਕੋਲੋਂ ਚੋਣ ਹਾਰ ਗਏ ਸਨ। ਟਰੰਪ ਡੈਨ ਬੋਨਗਿਨੋ ਦੇ ਪੌਡਕਾਸਟ ਉਪਰ ਗੱਲ ਕਰ ਰਹੇ ਸਨ। ਟਰੰਪ ਦਾ ਇਹ ਬਿਆਨ ਐਫ ਬੀ ਆਈ ਵੱਲੋਂ 2020 ਦੀਆਂ ਆਮ ਚੋਣਾਂ ਸਬੰਧੀ ਜਾਂਚ ਦੇ ਹਿੱਸੇ ਵਜੋਂ ਜਾਰਜੀਆ ਵਿੱਚ ਐਟਲਾਂਟਾ ਨੇੜੇ ਫਲਟੋਨ ਕਾਊਂਟੀ ਇਲੈਕਸ਼ਨ ਸੈਂਟਰ ਵਿਖੇ ਸਰਚ ਵਾਰੰਟਾਂ ਤਹਿਤ ਮਾਰੇ ਛਾਪੇ ਤੋਂ ਬਾਅਦ ਆਇਆ ਹੈ। ਜਾਰਜੀਆ ਉਨਾਂ ਰਾਜਾਂ ਵਿੱਚ ਸ਼ਾਮਿਲ ਹੈ ਜਿਨਾਂ ਵਿਚ ਜੋ ਬਾਇਡਨ ਦੀ ਜਿੱਤ ਹੋਈ ਸੀ। ਟਰੰਪ ਨੇ ਕਿਹਾ " ਕੁਝ ਰਾਜ ਹਨ ਜਿਥੇਂ ਮੈ ਜਿੱਤਿਆ ਸੀ ਬਾਈਡਨ ਨਹੀਂ ਜਿੱਤਿਆ ਸੀ। ਹੁਣ ਤੁਸੀਂ ਵੇਖੋਗੇ ਕਿ ਜਾਰਜੀਆ ਵਿੱਚ ਕੁਝ ਦਿਲਚਸਪ ਚੀਜਾਂ ਸਾਹਮਣੇ ਆਉਣਗੀਆਂ।



# ਮਲਕੀਤ ਸਿੰਘ ਨੇ ਨਾਨ ਸਟਾਪ ਤਿੰਨ ਘੰਟੇ ਗਾ ਕਿ ਨਚਾ ਦਿੱਤਾ ਪੰਜਾਬ

## ✪ ਰਵਨੀਤ ਮੱਲ੍ਹੀ ਦੇ ਵਿਆਹ ਤੇ ਆਏ ਪੰਜਾਬੀ ਸੰਗੀਤ ਸਿਤਾਰੇ

ਇਤਿਹਾਸ ਬਣਾ ਦਿੱਤਾ ਬੰਨੀ ਸ਼ਰਮਾ ਨੇ ਗੋਲਡਨ ਸਟਾਰ ਮਲਕੀਤ ਸਿੰਘ ਤੋਂ ਤਿੰਨ ਘੰਟੇ ਲਗਾਤਾਰ ਨਾਨ ਸਟਾਪ ਗਾਇਕੀ ਨਾਲ ਤੇ ਵਿਆਹ ਕਨੇਡਾ ਵਾਲੇ ਰਵਨੀਤ ਸਿੰਘ ਮੱਲ੍ਹੀ ਦਾ। ਬੰਨੀ ਸ਼ਰਮਾ ਦੀ ਦਾਦ ਕਿ ਤਿੰਨ ਘੰਟੇ ਤੋਂ ਵੱਧ ਲਗਾਤਾਰ ਆਪਣੇ ਸੁਪਰ ਗੀਤਾਂ ਨਾਲ ਗੋਲਡਨ ਸਟਾਰ ਗਾਇਕ ਮਲਕੀਤ ਸਿੰਘ ਨੇ ਹੈਰੀਟੇਜ ਹਵੇਲੀ ਜਲੰਧਰ ਵਿੱਚ ਆਏ ਹਰੇਕ ਇਨਸਾਨ ਦੇ ਪੱਬ ਨੱਚਣ ਲਾ ਦਿੱਤੇ। ਕਨੇਡਾ ਦੇ ਸੁਨੱਖੇ ਨੌਜਵਾਨ ਰਵਨੀਤ ਸਿੰਘ ਮੱਲ੍ਹੀ ਦੇ ਸ਼ੁੱਭ ਵਿਆਹ ਤੇ "ਚਿੱਟੇ ਚੌਲ ਜਿਹਨਾਂ ਪੁੰਨ ਕੀਤੇ" ਤੋਂ "ਤੂਤਕ ਤੂਤਕ ਤੂਤੀਆਂ" ਤੱਕ ਗਾਣੇ ਗਾਂਵਦੇ ਰਹੇ ਮਲਕੀਤ ਸਿੰਘ ਤੇ ਰੀਸੈਪਸ਼ਨ ਪਾਰਟੀ ਵਿੱਚ ਆਏ ਲੋਕ ਨੱਚਦੇ ਰਹੇ। ਰਵਨੀਤ ਸਿੰਘ ਮੱਲ੍ਹੀ ਦੇ ਨਵਨੀਤ ਕੌਰ ਨਾਲ ਵਿਆਹ ਦੀ ਇਸ ਪਾਰਟੀ ਵਿੱਚ ਸੰਗੀਤ ਨਗਰ ਦੇ ਦਿੱਗਜ ਜਰਨੈਲ ਘੁਮਾਣ ਤੇ ਸੰਗੀਤ ਪ੍ਰਮੋਟਰ ਇੰਦਰਜੀਤ ਸਿੰਘ ਬੈਂਸ, ਰਮੇਸ਼ ਨਈਅਰ ਸਭ ਨੂੰ ਜੀ ਆਇਆਂ ਨੂੰ



ਬੰਨੀ ਸ਼ਰਮਾ ਨਾਮਵਰ ਸੰਗੀਤ ਪ੍ਰਮੋਟਰ ਨੇ ਕਿਹਾ ਤੇ ਸਾਰੀ ਪਾਰਟੀ ਵਿੱਚ ਬੰਨੀ ਸ਼ਰਮਾ ਨੇ ਖੂਬ ਅਨੰਦਿਤ ਨੱਚ ਗਾ ਕਿ ਕੀਤਾ। ਵਿਆਹ ਦੀ ਖੂਬੀ ਸ਼ਾਹੀ ਪਕਵਾਨ, ਸੁਚੱਜੇ ਪ੍ਰਬੰਧ ਤੇ ਮੱਲ੍ਹੀ ਪਰਿਵਾਰ ਵੱਲੋਂ ਰੱਜ ਕਿ ਲੁਤਫ਼ ਵਿੱਚ ਖੁਸ਼ੀਆਂ ਮਨਾਉਣਾ ਰਿਹਾ। ਕਮਾਲ ਕਰ ਦਿੱਤੀ ਮਲਕੀਤ ਸਿੰਘ ਨੇ ਜਦ ਫਰਮਾਇਸ਼ਾਂ ਤੇ "ਕਾਲੀ ਐਨਕ ਨਾ ਲਾਇਆ ਕਰ" "ਗੁੜ ਨਾਲੋਂ ਇਸ਼ਕ ਮਿੱਠਾ" ਗੀਤਾਂ ਤੇ ਲਾਹੌਰ ਤੱਕ ਧਮਕ ਪਾਈ। ਨਾਨ ਸਟਾਪ ਮਲਕੀਤ ਸਿੰਘ ਦੀ ਅਦਾਇਗੀ ਓਹਨਾਂ ਦੀ ਫਿੱਟਨੈੱਸ ਤੇ ਸੰਗੀਤ ਮਿਹਨਤ ਦਾ ਪ੍ਰਤੀਕ ਰਹੀ। ਪਤਵੰਤੇ ਤੇ ਸਤਿਕਾਰਤ ਸੱਜਣਾਂ ਦੇ ਨਾਲ ਨਵ ਵਿਆਹੀ ਜੋੜੀ ਨੇ ਗ਼ਜ਼ਬ ਦਾ ਪੰਜਾਬੀ ਡਾਂਸ ਕੀਤਾ। ਜਦ ਬੋਲੀਆਂ ਤੇ ਲਗਾਤਾਰ ਪੰਦਰਾਂ ਗੀਤ ਆਖ਼ਿਰ ਤੇ "ਮਧਾਣੀਆਂ ਹਾਏ ਓਏ ਮੇਰਿਆ ਡਾਹਡਿਆ ਰੱਬਾ ਕਿੰਨਾ ਜੰਮੀਆਂ ਕਿੰਨਾਂ ਲੈ ਜਾਣੀਆਂ" ਗਾਇਆ ਤਾਂ ਫਿਰ ਮਾਨੋ ਕਾਇਨਾਤ ਹੀ ਨੱਚ ਪਈ। ਰਵਨੀਤ ਸਿੰਘ ਮੱਲ੍ਹੀ ਤੇ ਨਵਨੀਤ ਕੌਰ ਮੱਲ੍ਹੀ ਮੁਬਾਰਕਾਂ।

-ਅੰਮ੍ਰਿਤ ਪਵਾਰ

# ਪੰਜਾਬ ਸਰਕਾਰ ਅਧੀਨ ਹੈ ਭਾਈ ਹਵਾਰਾ ਦੀ ਪੈਰੋਲ ਦਾ ਮਾਮਲਾ : ਭਾਈ ਪਾਲ ਸਿੰਘ ਫਰਾਂਸ

## ✪ ਮੁੱਖ ਮੰਤਰੀ ਭਗਵੰਤ ਮਾਨ ਤੇ 'ਆਪ' ਸਰਕਾਰ ਵੱਲੋਂ ਲਟਕਾਇਆ ਜਾ ਰਿਹੈ ਮਸਲਾ

ਸ਼ਾਹਕੋਟ-ਬੰਦੀ ਸਿੰਘਾਂ ਦੀ ਰਿਹਾਈ ਵਿਚ ਪੰਜਾਬ ਦੀ ਭਗਵੰਤ ਮਾਨ ਸਰਕਾਰ ਅੜਿੱਕਾ ਬਣੀ ਹੋਈ ਹੈ। ਪੰਜਾਬ ਸਰਕਾਰ ਵੱਲੋਂ ਜਥੇਦਾਰ ਜਗਤਾਰ ਸਿੰਘ ਹਵਾਰਾ ਦੇ ਮਸਲੇ 'ਤੇ ਕੋਈ ਫੈਸਲਾ ਨਹੀਂ ਲਿਆ ਜਾ ਰਿਹਾ ਅਤੇ ਜਾਣ ਬੁੱਝ ਕੇ ਮਾਮਲੇ ਨੂੰ ਹੋਰ ਲਟਕਾਇਆ ਜਾ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੌਮੀ ਇਨਸਾਫ ਮੋਰਚਾ ਦੇ ਕਨਵੀਨਰ ਭਾਈ ਪਾਲ ਸਿੰਘ ਫਰਾਂਸ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਦਸਤਾਵੇਜ਼ੀ ਸਬੂਤ ਪੇਸ਼ ਕਰਦਿਆਂ ਦਾਅਵਾ ਕੀਤਾ ਕਿ ਬੰਦੀ ਸਿੰਘਾਂ, ਖਾਸਕਰ ਜਥੇਦਾਰ ਹਵਾਰਾ ਦੀ ਰਿਹਾਈ ਵਿਚ ਕੇਂਦਰ ਸਰਕਾਰ ਨਹੀਂ, ਸਗੋਂ ਖ਼ੁਦ ਪੰਜਾਬ ਸਰਕਾਰ ਸਭ ਤੋਂ ਵੱਡਾ ਅੜਿੱਕਾ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਹਵਾਰਾ ਦੀ ਪੈਰੋਲ ਦੀ ਫਾਈਲ ਪਿਛਲੇ ਸਾਲ ਅਕਤੂਬਰ ਮਹੀਨੇ ਹੀ ਪੰਜਾਬ ਸਰਕਾਰ ਨੂੰ ਭੇਜ ਦਿੱਤੀ ਗਈ ਸੀ। ਦਿੱਲੀ ਸਰਕਾਰ ਦੇ ਗ੍ਰਹਿ ਵਿਭਾਗ ਨੇ 9 ਅਕਤੂਬਰ 2025 ਨੂੰ ਸਪੱਸ਼ਟ ਕੀਤਾ ਸੀ ਕਿ ਜਗਤਾਰ ਸਿੰਘ ਹਵਾਰਾ ਨੂੰ ਪੰਜਾਬ ਰਾਜ ਤੋਂ ਸਜ਼ਾ ਹੋਈ ਹੈ, ਇਸ ਲਈ ਪੈਰੋਲ ਦੇਣ ਦਾ ਅਧਿਕਾਰ ਖੇਤਰ ਪੰਜਾਬ ਸਰਕਾਰ ਦਾ ਹੈ। ਇਸ ਹੁਕਮ ਦੇ ਤਹਿਤ ਫਾਈਲ ਵਧੀਕ ਮੁੱਖ ਸਕੱਤਰ (ਗ੍ਰਹਿ ਮਾਮਲੇ), ਪੰਜਾਬ ਸਰਕਾਰ ਨੂੰ ਭੇਜ ਦਿੱਤੀ ਗਈ ਸੀ। ਕੇਂਦਰੀ ਜੇਲ੍ਹ ਮੰਡੋਲੀ ਦੇ ਸੁਪਰਡੈਂਟ ਵੱਲੋਂ 3 ਫਰਵਰੀ ਨੂੰ ਜਾਰੀ ਕੀਤੇ ਗਏ ਤਾਜ਼ਾ ਪੱਤਰ ਵਿਚ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਮਾਮਲਾ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਅਕਸਰ ਸਟੇਜਾਂ ਤੋਂ ਬੰਦੀ ਸਿੰਘਾਂ ਦੇ ਹਮਦਰਦ ਹੋਣ ਦਾ ਡਰਾਮਾ ਕਰਦੇ ਹਨ, ਪਰ ਹਕੀਕਤ ਇਹ ਹੈ ਕਿ ਫਾਈਲ ਪਿਛਲੇ 4 ਮਹੀਨਿਆਂ ਤੋਂ ਉਨ੍ਹਾਂ ਦੇ ਦਫ਼ਤਰ ਵਿਚ ਧੂੜ ਫੱਕ ਰਹੀ ਹੈ। ਜਦੋਂ ਦਿੱਲੀ ਪ੍ਰਸ਼ਾਸਨ ਨੇ ਕਲੀਅਰ ਕਰ ਦਿੱਤਾ ਹੈ ਕਿ ਫੈਸਲਾ ਪੰਜਾਬ ਨੇ ਲੈਣਾ ਹੈ, ਤਾਂ ਹੁਣ ਭਗਵੰਤ ਮਾਨ ਦਸਤਖਤ ਕਰਨ ਤੋਂ ਕਿਉਂ ਭੱਜ ਰਹੇ ਹਨ? ਉਨ੍ਹਾਂ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਵੱਲੋਂ ਸਿੱਖ ਕੌਮ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਦਿੱਲੀ ਹਾਈਕੋਰਟ ਨੇ ਵੀ 22 ਜਨਵਰੀ 2026 ਨੂੰ ਇਸ ਮਾਮਲੇ ਵਿਚ ਨੋਟਿਸ ਲੈਂਦਿਆਂ ਸਬੰਧਤ ਅਥਾਰਟੀ ਨੂੰ 4 ਹਫ਼ਤਿਆਂ ਦੇ ਅੰਦਰ ਜਵਾਬ ਦੇਣ ਲਈ ਕਿਹਾ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਜਲਦ ਤੋਂ ਜਲਦ ਜਥੇਦਾਰ ਹਵਾਰਾ ਦੀ ਪੈਰੋਲ ਅਰਜ਼ੀ 'ਤੇ ਫੈਸਲਾ ਨਾ ਲਿਆ ਗਿਆ ਤੇ ਇਸ ਵਿਚ ਬੇਲੋੜੀ ਦੇਰੀ ਕੀਤੀ ਗਈ, ਤਾਂ ਕੌਮੀ ਇਨਸਾਫ ਮੋਰਚਾ ਪੰਜਾਬ ਸਰਕਾਰ ਵਿਰੁੱਧ ਤਿੱਖਾ ਸੰਘਰਸ਼ ਵਿੱਢੇਗਾ।

# ਰਵਨੀਤ ਤੇ ਰਾਹੁਲ ਦੋਨੋ ਵਾਰਸ ਹਨ ਉਹਨਾਂ ਸ਼ਾਸਕਾਂ ਦੇ ਜਿਨ੍ਹਾਂ ਦੇ ਹੱਥ ਸਿੱਖਾਂ ਦੇ ਖੂਨ ਨਾਲ ਲਿੱਬੜੇ ਹਨ - ਦਲ ਖ਼ਾਲਸਾ



ਦਲ ਖ਼ਾਲਸਾ ਨੇ ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਅਤੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵਿਚਾਲੇ ਪਾਰਲੀਮੈਂਟ ਦੇ ਬਾਹਰ ਹੋਈ ਸ਼ਬਦੀ ਜੰਗ 'ਤੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਸਿੱਖ ਕੌਮ ਦੀ ਨਜ਼ਰਾਂ ਵਿੱਚ ਦੋਨੋ ਇੱਕੋ ਹੀ ਡਾਲ ਦੇ ਪੰਛੀ ਹਨ, ਦੋਨਾਂ ਦੇ ਅੰਦਰ ਸਿੱਖਾਂ ਦੇ ਖ਼ੂਨ ਨਾਲ ਹੋਲੀ ਖੇਡਣ ਵਾਲੇ ਸ਼ਾਸਕਾਂ ਦਾ ਖੂਨ ਦੌੜ ਰਿਹਾ ਹੈ ਅਤੇ ਦੋਨਾਂ ਦੀਆਂ ਰਾਜਨੀਤਕ ਸਫ਼ਰ ਦੀਆਂ ਜੜ੍ਹਾਂ ਕਾਂਗਰਸ ਪਾਰਟੀ ਵਿੱਚ ਮੌਜੂਦ ਹਨ। ਜਥੇਬੰਦੀ ਨੇ ਦੋਨਾਂ 'ਤੇ ਜ਼ੋਰਦਾਰ ਹਮਲਾ ਬੋਲਦਿਆਂ ਕਿਹਾ ਕਿ ਇੱਕ ਦੇ ਦਾਦੇ (ਮੁੱਖ ਮੰਤਰੀ ਬੇਅੰਤ ਸਿੰਘ) ਦੇ ਹੱਥ ਸਿੱਖਾਂ ਦੇ ਖੂਨ ਨਾਲ ਲਿੱਬੜੇ ਸਨ ਤੇ ਦੂਜੇ ਦੀ ਦਾਦੀ (ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ) ਦੇ। ਜਥੇਬੰਦੀ ਦੇ ਵਰਕਿੰਗ ਪ੍ਰਧਾਨ ਪਰਮਜੀਤ ਸਿੰਘ ਮੰਡ ਅਤੇ ਜਨਰਲ ਸਕੱਤਰ ਪਰਮਜੀਤ ਸਿੰਘ ਟਾਂਡਾ ਨੇ ਕਿਹਾ ਕਿ ਰਵਨੀਤ ਕਾਂਗਰਸ ਪਾਰਟੀ ਲਈ ਗ਼ੱਦਾਰ ਹੋ ਸਕਦਾ ਹੈ ਪਰ ਸਿੱਖਾਂ ਨਾਲ ਉਸ ਦੇ ਦਾਦੇ ਨੇ ਦੁਸ਼ਮਣਾਂ ਵਾਂਗ ਸਲੂਕ ਕੀਤਾ ਸੀ। ਦਾਦੇ ਦੇ ਗੁਨਾਹਾਂ ਲਈ ਪੋਤੇ ਨੂੰ ਜਿੰਮੇਵਾਰ ਠਹਿਰਾਇਆ ਜਾਣਾ ਕਿੰਨਾ ਕੁ ਵਾਜਬ ਹੈ ਦੇ ਸੁਆਲ ਦੇ ਜਵਾਬ ਵਿੱਚ ਦਲ ਖ਼ਾਲਸਾ ਆਗੂ ਨੇ ਦਲੀਲ ਦਿੰਦਿਆਂ ਕਿਹਾ ਕਿ ਰਵਨੀਤ ਨੇ ਹਮੇਸ਼ਾ ਆਪਣੀ ਰਾਜਨੀਤੀ ਨੂੰ ਅੱਗੇ ਵਧਾਉਣ ਲਈ ਦਾਦੇ ਦੀ ਵਿਰਾਸਤ ਉੱਤੇ ਮਾਣ ਕਰਨ ਦਾ ਦਾਅਵਾ ਕੀਤਾ ਹੈ ।

ਉਹਨਾਂ ਕਿਹਾ ਕਿ ਰਾਹੁਲ ਨੇ ਵੀ ਗਾਂਧੀ ਪਰਿਵਾਰ ਦੇ ਨਾਮ ਅਤੇ ਵਿਰਾਸਤ ਦਾ ਸਹਾਰਾ ਤੇ ਆਸਰਾ ਲਿਆ ਹੈ ਅਤੇ ਉਸਦੀ ਦਾਦੀ ਜਿੱਥੇ ਦਰਬਾਰ ਸਾਹਿਬ ਹਮਲੇ ਲਈ ਜ਼ਿੰਮੇਵਾਰ ਸੀ ਉਸ ਦਾ ਬਾਪ ਰਾਜੀਵ ਗਾਂਧੀ ਨਵੰਬਰ 1984 ਦੇ ਸਿੱਖ ਕਤਲੇਆਮ ਲਈ ਜ਼ਿੰਮੇਵਾਰ ਸੀ ਤੇ ਦੋਸ਼ੀਆਂ ਦੀ ਕਤਾਰ ਵਿੱਚ ਉਸਦਾ ਨਾਮ ਪਹਿਲੇ ਨੰਬਰ ਤੇ ਹੈ। ਉਹਨਾਂ ਕਿਹਾ ਕਿ ਦੋਨਾਂ ਨੇ ਆਪਣੇ ਖ਼ਾਨਦਾਨ ਦੇ ਬੁਜ਼ੁਰਗਾਂ ਦੇ ਗੁਨਾਹਾਂ ਦੀ ਕਦੇ ਵੀ ਸਿੱਖ ਪੰਥ ਕੋਲੋਂ ਸਪੱਸ਼ਟ ਤੌਰ ਤੇ ਮੁਆਫ਼ੀ ਨਹੀਂ ਮੰਗੀ ਹੈ। ਉਹਨਾਂ ਵਿਅੰਗਮਈ ਢੰਗ ਨਾਲ ਕਿਹਾ ਕਿ ਰਵਨੀਤ ਦਾ ਇਹ ਕਥਨ ਕਿ ਕਾਂਗਰਸ ਨੇ ਗੁਰਦੁਆਰਿਆਂ ਤੇ ਹਮਲੇ ਕੀਤੇ, ਗੁਰੂ ਗ੍ਰੰਥ ਸਾਹਿਬ ਤੇ ਗੋਲੀਆਂ ਚਲਾਈਆਂ ਅਤੇ ਨਿਰਦੋਸ਼ ਸਿੱਖਾਂ ਦੇ ਕਤਲ ਕੀਤੇ, ਇਕ ਤਰ੍ਹਾਂ ਨਾਲ ਰਾਹੁਲ ਦੀ ਦਾਦੀ ਅਤੇ ਬਾਪ ਅਤੇ ਆਪਣੇ ਦਾਦੇ ਦੇ ਗੁਨਾਹਾਂ ਦਾ ਕਬੂਲਨਾਮਾ ਹੈ।

# ਚੀਫ਼ ਆਫ਼ ਸਟਾਫ਼ ਦਾ ਅਸਤੀਫ਼ਾ, ਸਰਕਾਰ ਹਿਲੀ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬਰਤਾਨੀਆ ਦੀ ਰਾਜਨੀਤੀ ਵਿੱਚ ਉਸ ਸਮੇਂ ਵੱਡੀ ਹਲਚਲ ਮਚ ਗਈ, ਜਦੋਂ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਦੇ ਚੀਫ਼ ਆਫ਼ ਸਟਾਫ਼ ਮੋਰਗਨ ਮੈਕਸਵੀਨੀ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਇਹ ਅਸਤੀਫ਼ਾ ਪੀਟਰ ਮੈਨਡਲਸਨ ਨਾਲ ਜੁੜੇ ਵਿਵਾਦ ਦੇ ਚਲਦੇ ਚੜ੍ਹਦੇ ਸਿਆਸੀ ਦਬਾਅ ਤੋਂ ਬਾਅਦ ਆਇਆ ਹੈ, ਜਿਸਨੂੰ ਲੇਬਰ ਸਰਕਾਰ ਲਈ ਗੰਭੀਰ ਝਟਕੇ ਵਜੋਂ ਵੇਖਿਆ ਜਾ ਰਿਹਾ ਹੈ। ਸੂਤਰਾਂ ਮੁਤਾਬਕ, ਪੀਟਰ ਮੈਨਡਲਸਨ ਨੂੰ ਅਮਰੀਕਾ ਵਿੱਚ ਬਰਤਾਨੀਆ ਦਾ ਰਾਜਦੂਤ ਨਿਯੁਕਤ ਕਰਨ ਦੇ ਫ਼ੈਸਲੇ ਤੋਂ ਬਾਅਦ ਲਗਾਤਾਰ ਸਵਾਲ ਖੜ੍ਹੇ ਹੋ ਰਹੇ ਸਨ। ਵਿਰੋਧੀ ਧਿਰ ਵੱਲੋਂ ਇਸ ਨਿਯੁਕਤੀ ਨੂੰ 'ਵਿਵਾਦਿਤ ਅਤੇ ਗਲਤ ਸਿਆਸੀ ਫ਼ੈਸਲਾ' ਕਰਾਰ ਦਿੱਤਾ ਗਿਆ, ਜਦਕਿ ਸਰਕਾਰ ਅੰਦਰੋਂ ਵੀ ਅਸੰਤੋਖ ਦੀਆਂ ਆਵਾਜ਼ਾਂ ਉੱਠਣ ਲੱਗ ਪਈਆਂ ਸਨ। ਇਨ੍ਹਾਂ ਹਾਲਾਤਾਂ ਵਿੱਚ ਮੋਰਗਨ ਮੈਕਸਵੀਨੀ 'ਤੇ ਦਬਾਅ ਲਗਾਤਾਰ ਵਧਦਾ ਗਿਆ।

ਮੋਰਗਨ ਮੈਕਸਵੀਨੀ ਨੂੰ ਪ੍ਰਧਾਨ ਮੰਤਰੀ ਸਟਾਰਮਰ ਦਾ ਭਰੋਸੇਮੰਦ ਅਤੇ ਨੀਤੀ-ਨਿਰਧਾਰਨ ਵਿੱਚ ਮਹੱਤਵਪੂਰਨ ਕਿਰਦਾਰ ਨਿਭਾਉਣ ਵਾਲਾ ਅਧਿਕਾਰੀ ਮੰਨਿਆ ਜਾਂਦਾ ਸੀ। ਉਨ੍ਹਾਂ ਦੇ ਅਸਤੀਫ਼ੇ ਨਾਲ ਡਾਊਨਿੰਗ ਸਟ੍ਰੀਟ ਦੀ ਕਾਰਗੁਜ਼ਾਰੀ ਅਤੇ ਸਰਕਾਰ ਦੀ ਅੰਦਰੂਨੀ ਸਥਿਰਤਾ 'ਤੇ ਸਵਾਲ ਖੜ੍ਹੇ ਹੋ ਗਏ ਹਨ। ਰਾਜਨੀਤਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਹ ਅਸਤੀਫ਼ਾ ਸਿਰਫ਼ ਇੱਕ ਅਹੁਦੇ ਦੀ ਤਬਦੀਲੀ ਨਹੀਂ, ਸਗੋਂ ਸਰਕਾਰ ਲਈ ਚੇਤਾਵਨੀ ਹੈ ਕਿ ਵਿਵਾਦਿਤ ਫ਼ੈਸਲੇ ਸਿਆਸੀ ਨੁਕਸਾਨ ਦਾ ਕਾਰਨ ਬਣ ਸਕਦੇ ਹਨ। ਡਾਊਨਿੰਗ ਸਟ੍ਰੀਟ ਵੱਲੋਂ ਜਾਰੀ ਸੰਖੇਪ ਬਿਆਨ ਵਿੱਚ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਨੇ ਮੈਕਸਵੀਨੀ ਦੀ ਸੇਵਾ ਦੀ ਪ੍ਰਸ਼ੰਸਾ ਕੀਤੀ ਹੈ ਅਤੇ ਉਨ੍ਹਾਂ ਦੇ ਯੋਗਦਾਨ ਨੂੰ ਮਹੱਤਵਪੂਰਨ ਕਰਾਰ ਦਿੱਤਾ ਹੈ। ਨਾਲ ਹੀ ਇਹ ਵੀ ਕਿਹਾ ਗਿਆ ਕਿ ਸਰਕਾਰ ਜਲਦੀ ਹੀ ਨਵੇਂ ਚੀਫ਼ ਆਫ਼ ਸਟਾਫ਼ ਦੀ ਨਿਯੁਕਤੀ ਕਰੇਗੀ ਤਾਂ ਜੋ ਕੰਮਕਾਜ ਵਿੱਚ ਰੁਕਾਵਟ ਨਾ ਆਵੇ।

ਉਧਰ ਵਿਰੋਧੀ ਪਾਰਟੀਆਂ ਨੇ ਇਸ ਅਸਤੀਫ਼ੇ ਨੂੰ ਲੇਬਰ ਸਰਕਾਰ ਦੀ ਨਾਕਾਮੀ ਦੱਸਦਿਆਂ ਕਿਹਾ ਹੈ ਕਿ ਪੀਟਰ ਮੈਨਡਲਸਨ ਦੀ ਨਿਯੁਕਤੀ ਨੇ ਸਰਕਾਰ ਦੀ ਸਾਖ ਨੂੰ ਨੁਕਸਾਨ ਪਹੁੰਚਾਇਆ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਇਹ ਮਾਮਲਾ ਆਉਣ ਵਾਲੇ ਦਿਨਾਂ ਵਿੱਚ ਹੋਰ ਵੀ ਗੰਭੀਰ ਰੂਪ ਧਾਰ ਸਕਦਾ ਹੈ ਅਤੇ ਪ੍ਰਧਾਨ ਮੰਤਰੀ ਲਈ ਰਾਜਨੀਤਿਕ ਮੁਸ਼ਕਲਾਂ ਵਧ ਸਕਦੀਆਂ ਹਨ।

ਰਾਜਨੀਤਿਕ ਮਾਹਿਰਾਂ ਅਨੁਸਾਰ, ਮੋਰਗਨ ਮੈਕਸਵੀਨੀ ਦਾ ਅਸਤੀਫ਼ਾ ਲੇਬਰ ਸਰਕਾਰ ਦੇ ਸ਼ੁਰੂਆਤੀ ਦੌਰ ਲਈ ਵੱਡੀ ਪਰਖ ਹੈ। ਹੁਣ ਸਭ ਦੀ ਨਜ਼ਰ ਇਸ ਗੱਲ 'ਤੇ ਟਿਕੀ ਹੋਈ ਹੈ ਕਿ ਪ੍ਰਧਾਨ ਮੰਤਰੀ ਸਟਾਰਮਰ ਇਸ ਸਥਿਤੀ ਨਾਲ ਕਿਵੇਂ ਨਜਿੱਠਦੇ ਹਨ ਅਤੇ ਕੀ ਇਹ ਵਿਵਾਦ ਸਰਕਾਰ ਦੀ ਨੀਤੀ ਅਤੇ ਦਿਸ਼ਾ 'ਤੇ ਅਸਰ ਪਾਏਗਾ ਜਾਂ ਨਹੀਂ।

# ਰਾਣੀ ਦੇ ਸਿੱਕਿਆਂ 'ਤੇ ਵਿਵਾਦ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਮਰਹੂਮ ਬਰਤਾਨਵੀ ਸਮਰਾਟ੍ਰੀ ਰਾਣੀ ਐਲਿਜ਼ਾਬੈਥ ਦੂਜੀ ਦੀ ਯਾਦ ਵਿੱਚ ਜਾਰੀ ਕੀਤੇ ਨਵੇਂ ਯਾਦਗਾਰੀ ਸਿੱਕਿਆਂ ਨੇ ਆਸਟ੍ਰੇਲੀਆ ਤੇ ਬਰਤਾਨੀਆ ਸਮੇਤ ਕਈ ਦੇਸ਼ਾਂ ਵਿੱਚ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ ਹੈ। ਸੋਸ਼ਲ ਮੀਡੀਆ 'ਤੇ ਲੋਕਾਂ ਨੇ ਇਨ੍ਹਾਂ ਸਿੱਕਿਆਂ 'ਚ ਬਣਾਈ ਗਈ ਰਾਣੀ ਦੀ ਸ਼ਕਲ 'ਤੇ ਕੜੀ ਆਲੋਚਨਾ ਕਰਦਿਆਂ ਕਿਹਾ ਹੈ ਕਿ ਇਹ ਚਿਹਰਾ ਅਸਲ ਨਾਲ ਮੇਲ ਨਹੀਂ ਖਾਂਦਾ ਅਤੇ ਕਈਆਂ ਨੇ ਤਾਂ ਇਸਦੀ ਤੁਲਨਾ ਕਾਰਟੂਨ ਕਿਰਦਾਰ 'ਸ਼੍ਰੈਕ' ਨਾਲ ਤੱਕ ਕਰ ਦਿੱਤੀ ਹੈ। ਇਹ ਦੋ ਯਾਦਗਾਰੀ ਸਿੱਕੇ ਰਾਇਲ ਆਸਟ੍ਰੇਲੀਆਨ ਮਿੰਟ ਵੱਲੋਂ ਜਾਰੀ ਕੀਤੇ ਗਏ ਹਨ, ਜੋ ਰਾਣੀ ਐਲਿਜ਼ਾਬੈਥ ਦੂਜੀ ਦੇ ਜਨਮ ਦੇ 100 ਸਾਲ ਪੂਰੇ ਹੋਣ ਦੀ ਯਾਦ ਵਿੱਚ ਤਿਆਰ ਕੀਤੇ ਗਏ। ਮਿੰਟ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਇਹ ਸਿੱਕੇ ਰਾਣੀ ਦੀ 'ਲੰਮੀ ਸੇਵਾ, ਸਮਰਪਣ ਅਤੇ ਮਨੁੱਖਤਾ ਲਈ ਕੀਤੇ ਗਏ ਅਦਭੁਤ ਯੋਗਦਾਨ' ਨੂੰ ਸਮਰਪਿਤ ਹਨ।



ਹਾਲਾਂਕਿ ਸਿੱਕੇ ਜਾਰੀ ਹੋਣ ਦੇ ਨਾਲ ਹੀ ਸੋਸ਼ਲ ਮੀਡੀਆ 'ਤੇ ਤਸਵੀਰਾਂ ਵਾਇਰਲ ਹੋ ਗਈਆਂ, ਜਿੱਥੇ ਲੋਕਾਂ ਨੇ ਕਿਹਾ ਕਿ ਰਾਣੀ ਦੇ ਚਿਹਰੇ ਦੇ ਨਕਸ਼ ਨਾਹ ਤਾਂ ਸੁਭਾਅਕ ਲੱਗਦੇ ਹਨ ਅਤੇ ਨਾਹ ਹੀ ਉਨ੍ਹਾਂ ਦੀ ਸ਼ਖਸੀਅਤ ਨੂੰ ਦਰਸਾਉਂਦੇ ਹਨ। ਕਈ ਉਪਭੋਗਤਾਵਾਂ ਨੇ ਟਿੱਪਣੀ ਕੀਤੀ ਕਿ ਇਹ ਚਿਹਰਾ 'ਦੀਵਾਰ ਨਾਲ ਟੱਕਰ ਮਾਰ ਕੇ ਆਏ ਵਿਅਕਤੀ ਵਰਗਾ' ਲੱਗਦਾ ਹੈ, ਜਦਕਿ ਕੁਝ ਨੇ ਇਸਨੂੰ ਸਿੱਧੀ ਤੌਰ 'ਤੇ ਅਪਮਾਨਜਨਕ ਕਰਾਰ ਦਿੱਤਾ। ਇਤਿਹਾਸਕਾਰਾਂ ਤੇ ਸ਼ਾਹੀ ਪਰਿਵਾਰ ਨਾਲ ਜੁੜੇ ਮਾਹਿਰਾਂ ਦਾ ਮੰਨਣਾ ਹੈ ਕਿ ਰਾਣੀ ਐਲਿਜ਼ਾਬੈਥ ਦੂਜੀ ਦੁਨੀਆ ਦੀ ਸਭ ਤੋਂ ਪਛਾਣੀ ਜਾਣ ਵਾਲੀ ਸ਼ਖਸੀਅਤਾਂ 'ਚੋਂ ਇੱਕ ਰਹੀ ਹੈ, ਇਸ ਲਈ ਉਨ੍ਹਾਂ ਦੀ ਤਸਵੀਰ ਜਾਂ ਨਕਸ਼ੇਬੰਦੀ ਕਰਦੇ ਸਮੇਂ ਬਹੁਤ ਸੰਵੇਦਨਸ਼ੀਲਤਾ ਦੀ ਲੋੜ ਹੁੰਦੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਯਾਦਗਾਰੀ ਸਿੱਕੇ ਸਿਰਫ਼ ਧਾਤੂ ਨਹੀਂ, ਸਗੋਂ ਇਤਿਹਾਸ ਦਾ ਹਿੱਸਾ ਹੁੰਦੇ ਹਨ। ਉਧਰ ਰਾਇਲ ਆਸਟ੍ਰੇਲੀਆਨ ਮਿੰਟ ਨੇ ਆਲੋਚਨਾ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਹੈ ਕਿ ਸਿੱਕਿਆਂ ਦਾ ਡਿਜ਼ਾਇਨ ਕਲਾਤਮਕ ਸੋਚ ਅਤੇ ਇਤਿਹਾਸਕ ਪ੍ਰਤੀਕਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਗਿਆ ਹੈ। ਮਿੰਟ ਦੇ ਅਧਿਕਾਰੀਆਂ ਅਨੁਸਾਰ, ਹਰ ਵਿਅਕਤੀ ਦੀ ਰਾਏ ਵੱਖਰੀ ਹੋ ਸਕਦੀ ਹੈ ਅਤੇ ਕਲਾ ਸਦਾ ਚਰਚਾ ਦਾ ਵਿਸ਼ਾ ਰਹੀ ਹੈ। ਕਈ ਲੋਕਾਂ ਦਾ ਕਹਿਣਾ ਹੈ ਕਿ ਰਾਣੀ ਵਰਗੀ ਮਹਾਨ ਸ਼ਖਸੀਅਤ ਦੀ ਯਾਦ ਵਿੱਚ ਜਾਰੀ ਸਿੱਕੇ ਹੋਰ ਜ਼ਿਆਦਾ ਸਨਮਾਨ ਅਤੇ ਗੰਭੀਰਤਾ ਨਾਲ ਤਿਆਰ ਹੋਣੇ ਚਾਹੀਦੇ ਸਨ। ਫਿਲਹਾਲ, ਇਹ ਵਿਵਾਦ ਥਮਣ ਦਾ ਨਾਮ ਨਹੀਂ ਲੈ ਰਿਹਾ ਅਤੇ ਇਹ ਦੇਖਣਾ ਬਾਕੀ ਹੈ ਕਿ ਮਿੰਟ ਵੱਲੋਂ ਇਸ ਮਾਮਲੇ 'ਚ ਕੋਈ ਤਬਦੀਲੀ ਜਾਂ ਸਪਸ਼ਟੀਕਰਨ ਦਿੱਤਾ ਜਾਂਦਾ ਹੈ ਜਾਂ ਨਹੀਂ।

# ਦਸਤਾਰ ਤੋਂ ਗੱਦਾਰ ਤੱਕ ਦਾ ਸਫਰ !

ਵੈਸੇ ਤਾਂ ਸਿਆਸੀ ਪਿੜ ਵਿਚ ਰੋਜ ਹੀ ਬਹੁਤ ਅਜੀਬੋ-ਗਰੀਬ ਕਿੱਸੇ ਪੜ੍ਹਨ ਸੁਣਨ ਨੂੰ ਮਿਲ਼ਦੇ ਰਹਿੰਦੇ ਹਨ ਪਰ ਅਜ ਕਲ ਜੋ ਰਾਹੁਲ ਗਾਂਧੀ ਵਲੋਂ ਰਵਨੀਤ ਬਿੱਟੂ ਨੂੰ ਗੱਦਾਰ ਕਹਿਣ ਦਾ ਵਾਵੇਲਾ ਜਿਹਾ ਮਚਿਆ ਹੋਇਆ ਹੈ। ਉਸਨੂੰ ਸੁਣਕੇ ਮੈਂ ਇਹ ਕੁੱਝ ਤਦ ਲਿਖਣ ਲੱਗਾ ਹਾਂ ਕਿਉਂਕਿ ਮੈਨੂੰ ਇਨ੍ਹਾਂ ਦੋਹਾਂ ਬਾਰੇ ਸੰਨ 2009 ਵਿੱਚ ਆਪਣੇ ਵਲੋਂ ਲਿਖੀ ਗਈ ਇਕ ਛੋਟੀ ਜਿਹੀ ਟਿੱਪਣੀ-ਨੁਮਾ ਲਿਖਤ ਚੇਤੇ ਆ ਗਈ-

ਹੋਇਆ ਇੰਜ ਸੀ ਕਿ ਰਵਨੀਤ ਬਿੱਟੂ ਯੂਥ ਕਾਂਗਰਸ ਪੰਜਾਬ ਦਾ ਪ੍ਰਧਾਨ ਬਣਕੇ ਮਠਿਆਈ ਦਾ ਡੱਬਾ ਦੇਣ ਗਿਆ ਸੀ ਰਾਹੁਲ ਗਾਂਧੀ ਨੂੰ ਉਸ ਮੌਕੇ ਅਖਬਾਰਾਂ ਵਿਚ ਫੋਟੋ ਸਮੇਤ ਖਬਰ ਛਪੀ ਸੀ ਕਿ ਰਾਹੁਲ ਗਾਂਧੀ ਨੇ ਰਵਨੀਤ ਬਿੱਟੂ ਨੂੰ ਕਲੀਨਸ਼ੇਵ ਰੂਪ ਵਿਚ ਦੇਖ ਕੇ ਉਸਨੂੰ ਟੋਕਿਆ ਕਿ ਤੇਰੇ ਲਈ ਇਹ ਰੂਪ ਠੀਕ ਨਹੀਂ,ਤੈਨੂੰ ਤਾਂ ਦਸਤਾਰ ਸਜਾਉਣੀ ਚਾਹੀਦੀ ਹੈ !

ਰਵਨੀਤ ਬਿੱਟੂ ਨੇ ਆਪਣੀ ਪਾਰਟੀ ਦੇ ਪ੍ਰਧਾਨ ਦਾ 'ਸਤਿ ਕਰਕੇ' ਕਿਹਾ ਮੰਨ ਲਿਆ ਤੇ ਪੱਗ ਨੂੰ ਆਪਣੇ ਪਹਿਰਾਵੇ ਵਿਚ ਸਦਾ ਲਈ ਸ਼ਾਮਲ ਕਰ ਲਿਆ ! ਹੋਰ ਕਈ ਪੱਤਰਕਾਰਾਂ ਨੇ ਵੀ ਇਸ ਗੱਲ ਦਾ ਖਾਸ ਉਲੇਖ ਕੀਤਾ ਸੀ ਤੇ ਮੈਂ ਵੀ ਇਕ ਅਖਬਾਰੀ ਲਿਖਤ ਲਿਖੀ ਸੀ ਕਿ ਦੇਖੋ ਇਤਿਹਾਸ ਦਾ ਕੈਸਾ ਅਜੀਬ ਮੌਕਾ-ਮੇਲ ! ਜੂਨ ਚੁਰਾਸੀ ਦੇ ਘੱਲੂ-ਘਾਰੇ ਦੀ ਮੁੱਖ ਗੁਨਾਹਗਾਰ ਇੰਦਰਾ ਗਾਂਧੀ ਦੇ ਪੋਤਰੇ ਨੇ ਸਿੱਖ ਜਵਾਨੀ ਦੇ ਕਾਤਲ ਬਿਅੰਤ ਸਿੰਘ ਬੁੱਚੜ ਦੇ ਪੋਤਰੇ ਨੂੰ 'ਦਸਤਾਰ' ਦਾ ਚੇਤਾ ਕਰਾਇਆ !

ਹੁਣ ਸਤਾਰਾਂ ਸਾਲਾਂ ਬਾਅਦ ਸੰਨ 2026 ਵਿਚ ਆ ਕੇ ਰਾਹੁਲ ਗਾਂਧੀ ਨੇ ਉਸੇ ਰਵਨੀਤ ਬਿੱਟੂ ਨੂੰ ਗੱਦਾਰ ਕਿਹਾ ਹੈ ! ... ਤੇ ਰਾਹੁਲ ਦੇ ਕਹੇ ਤੋਂ ਦਸਤਾਰ ਬੰਨ੍ਹਣ ਵਾਲ਼ੇ ਬਿੱਟੂ ਨੂੰ 'ਸਰਦਾਰ' ਦੱਸ ਕੇ ਉਹਦੀ ਤਰਫਦਾਰੀ ਉਹ ਲੋਕ ਕਰ ਰਹੇ ਹਨ ਜਿਨ੍ਹਾਂ ਦੀ ਪਾਰਟੀ ਜੂਨ ਚੁਰਾਸੀ ਵੇਲੇ ਇੰਦਰਾ ਗਾਂਧੀ ਨੂੰ ਦੁਰਗਾ ਕਹਿਣ ਤੱਕ ਚਲੇ ਗਈ ਸੀ !

ਦੇਸ ਦੇ ਸਿਆਸੀ ਪਿੜ ਵਿਚ ਦਸਤਾਰ, ਗੱਦਾਰ ਅਤੇ ਸਰਦਾਰ ਦੇ ਰੌਲ਼ੇ-ਗੌਲ਼ੇ ਬਾਰੇ ਅਸ਼ੋਕ ਅੰਜੁਮ ਦਾ ਸ਼ਿਅਰ-

'ਯੇ ਰਾਜਨੀਤੀ ਭੀ ਤੋ, ਤਵਾਇਫ ਸੇ ਕਮ ਨਹੀਂ
ਪਕੜਾ ਹੈ ਇਸਕਾ ਹਾਥ,ਉਧਰ ਛੋੜ ਰਹੀ ਹੈ।'



ਤਰਲੋਚਨ ਸਿੰਘ ਦੁਪਾਲ ਪੁਰ
001-408-905-5517
tsdupalpuri@yahoo.com

# ਪੰਜਾਬ ਤੇ ਕਨੇਡਾ ਵਿਖੇ ਪੰਜਾਬੀ ਗਾਇਕੀ ਤੇ ਨਾਟਕ ਸ਼ੋ ਨੂੰ ਪ੍ਰਫੁੱਲਿਤ ਕਰ ਰਹੇ ਨੇ ਬੰਨੀ ਸ਼ਰਮਾ

ਅੱਜ ਦੀ ਪੀੜ੍ਹੀ ਨਾਲ ਬੰਨੀ ਸ਼ਰਮਾ ਦੀ ਜਾਣ ਪਹਿਚਾਣ ਤਾਂ ਓਹ ਦੂਰਦਰਸ਼ਨ ਜਲੰਧਰ ਤੇ ਟੋਪ ਨਿੱਜੀ ਐਲਬਮ ਵੀਡੀਓ ਗੀਤਾਂ ਦੇ ਨਿਰਮਾਤਾ ਨਿਰਦੇਸ਼ਕ ਰਹੇ ਨੇ ਤੇ ਨਾਲ ਹੀ ਟੀਸੀਰੀਜ਼ ਤੇ ਖੁਦ ਆਪ ਕਲਾਕਾਰਾਂ ਦੇ ਟਰੈਕ ਰਲੀਜ਼ ਕਰਦੇ ਰਹੇ ਨੇ ਪੇਸ਼ਕਾਰ ਬਣ ਤੇ ਅੱਜ ਕਲ ਓਹ ਪੰਜਾਬੀ ਮਿਊਜਕ ਪ੍ਰਮੋਟਰ ਹਨ। ਹਰ ਹਫ਼ਤੇ ਓਹਨਾਂ ਦੇ ਦੋ ਮਿਊਜ਼ਿਕ ਪ੍ਰੋਜੈਕਟ ਆਰ ਜੇ ਬੀਟਸ ਵਿਚੋਂ ਆਉਂਦੇ ਹਨ। ਬੰਨੀ ਸ਼ਰਮਾ ਇਸ ਦੇ





ਇਲਾਵਾ ਪੰਜਾਬੀ ਮਿਊਜਕ ਇੰਡਸਟਰੀ ਲਈ ਸਰਗਰਮ ਨੇ ਤੇ ਗੀਤਕਾਰ ਮੇਲਾ ਓਹਨਾਂ ਭੱਟੀ ਭੜੀਵਾਲਾ ਨਾਲ ਮਿਲ ਕਰਵਾਇਆ। ਨਾਲ ਹੀ ਗੀਤਕਾਰੀ ਸੈਮੀਨਾਰ ਤੇ ਹੋਰ ਵੀ ਬਹੁਤ ਕੁੱਝ ਕਰਦੇ ਬੰਨੀ ਸ਼ਰਮਾ ਦੇ ਤਕਰੀਬਨ ਕਲਾਕਾਰਾਂ ਨਾਲ ਮਿੱਤਰਤਾ ਵਾਲੇ ਸੰਬੰਧ ਹਨ। ਮਲਕੀਤ ਸਿੰਘ ਗੋਲਡਨ ਸਟਾਰ ਓਹਨਾਂ ਦੇ ਸੱਦੇ ਤੇ ਤਿੰਨ ਘੰਟੇ ਲਗਾਤਾਰ ਨਾਨ ਸਟਾਪ ਸਟੇਜ ਸ਼ੋ ਕਰਦੇ ਨੇ ਤੇ ਗਗਨ ਕੋਕਰੀ ਓਹਨਾਂ ਦਾ ਸਤਿਕਾਰ ਕਰਦੇ ਹਨ ।ਬੰਨੀ ਸ਼ਰਮਾ ਦੀ ਜਰਨੈਲ ਘੁਮਾਣ ਨਾਲ ਭਰਾਵਾਂ ਜਿਹੀ ਸਾਂਝ ਹੈ ਕਰੋਸ ਮਰਜ ਮੀਡੀਆ ਨਾਲ ਓਹ ਪੰਜਾਬੀ ਮਨੋਰੰਜਨ ਨਗਰ ਵਿੱਚ ਸਰਗਰਮ ਹਨ। ਯਾਰਾਂ ਦੇ ਯਾਰ ਤੇ ਅਸੂਲਾਂ ਦੇ ਪੱਕੇ ਬੰਨੀ ਸ਼ਰਮਾ ਦਾ ਪਿਆਰ ਦੀਪਕ ਬਾਲੀ ਨਾਲ ਵੀ ਸੱਕਿਆਂ ਜਿੰਨਾ ਹੈ ਤੇ ਕਨੇਡਾ ਵਿੱਚ ਪੰਜਾਬੀ ਮਿਊਜ਼ਿਕ ਨੂੰ ਓਹ ਦੱਬ ਕਿ ਉਤਸ਼ਾਹ ਦੇ ਰਹੇ ਹਨ। ਮਹਾਰਾਜਾ ਰਣਜੀਤ ਸਿੰਘ ਤੇ "ਸਰਕਾਰ ਏ ਖਾਲਸਾ" ਨਾਟਕ ਕਰਵਾ ਚੁੱਕੇ ਬੰਨੀ ਸ਼ਰਮਾ ਦਾ ਮੰਤਵ ਪੰਜਾਬੀ ਕਲਾਕਾਰਾਂ ਨੂੰ ਮੰਚ ਮੁਹਈਆ ਕਰਵਾਉਣ ਦੇ ਨਾਲ ਪੰਜਾਬੀ ਗਾਇਕੀ, ਫ਼ਿਲਮਾਂ ਤੇ ਨਾਟਕਾਂ ਨੂੰ ਵਿਸ਼ਵ ਪੱਧਰ ਤੇ ਉੱਨਤ ਕਰਨਾ ਹੈ। ਬੰਨੀ ਸ਼ਰਮਾ ਕਨੇਡਾ ਤੇ ਪੰਜਾਬ ਵਿਚਕਾਰ ਸੱਭਿਆਚਾਰਕ ਪੁੱਲ ਬਣ ਕੰਮ ਕਰਦੇ ਰਹਿਣ ਸ਼ੁੱਭ ਕਾਮਨਾਵਾਂ।

-ਅੰਮ੍ਰਿਤ ਪਵਾਰ

# NAVIGATING THE FUTURE DEVELOPMENT OF UK SIKH REPRESENTATION:

## AN INDEPENDENT SUMMIT REPORT

– ਲੇਖਕ –
ਸੁਜਿੰਦਰ ਸਿੰਘ ਸੰਘਾ



**The Council of Sikhs in Law and Sikhs in Academia commissioned a report on the process and effectiveness of the UK Sikh representation in relation to consultation and advocacy with the UK government on key policy issues.**



..Continued from last week

**(Part 3)**

ਵਿਸ਼ੇ ਨਾਲ ਸਬੰਧਿਤ ਖੋਜ-ਪੜਤਾਲ ਕਰਦਿਆਂ ਪ੍ਰਕਾਸ਼ਿਤ ਮਸੌਦੇ ਦਾ ਵਿਸ਼ਲੇਸ਼ਣ ਕੀਤਾ ਗਿਆ। ਇਕੱਤਰਤਾਵਾਂ ਅਤੇ ਵਾਰਤਾਲਾਪਾਂ ਰਾਹੀਂ ਪ੍ਰਾਪਤ ਗਵਾਹੀਆਂ ਨੂੰ ਸਮਝਿਆ ਅਤੇ ਅਨੁਵਾਦਿਆ ਗਿਆ। ਲਿਖਤੀ ਰੂਪ 'ਚ ਪੁਜੀ ਸਮਗਰੀ ਘੋਖੀ ਗਈ। ਟੈਲੀਫੋਨਾਂ ਅਤੇ ਸ਼ੋਸ਼ਲ ਮੀਡੀਏ ਅਦਿ ਸਾਧਨਾਂ ਰਾਹੀਂ ਮਿਲੇ ਸੁਝਾਅ-ਸਨੇਹੇ ਸਮੀਖਿਆ 'ਚ ਲਿਆਂਦੇ ਗਏ। ਇਸ ਸਮੂਹਿਕ ਸਮਗਰੀ ਦਾ ਅਧਿਐਨ ਅਤੇ ਸਿੱਟੇ ਹੀ ਹੇਠਾਂ ਅੰਕਿਤ ਪਹਿਲੂਆਂ ਦਾ ਅਧਾਰ ਬਣੇਂ।

ਪ੍ਰਿੰ. ਡਾ. ਸੁਜਿੰਦਰ ਸਿੰਘ ਸੰਘਾ ਓ.ਬੀ.ਈ,

6. The IRP Summit Report's Findings:

The following findings have emerged from analysis and interpretation of both the written and oral evidence (which is protected as a confidential document together with the list of witnesses reflective of a cross-section of Sikh community) received by and presented to the Independent Select Committee Panel within the terms of reference (Section 5.5):

The following images show reporting back and publishing of the core findings of the IRP Summit Report at Sikh community meeting held in Birmingham in May, 2024:

1-Barrister Baldip Singh MCIArb setting out the reporting framework

2-Dr. Gurnam Singh reporting the outcomes at Sikh community meeting of May, 2024 in Birmingham

3-Academic Nimrita Kaur Bahia outlining the research and anlysis framework followed by the IRP

4-P. Dr Sujinder Singh Sangha OBE FRSA presenting the Summit Report's findings

5-Sikh community meeting of May, 2024 meeting held lin Birmingham

The IRP Summit Report Shared 24 Key Findings:

6.1 UK Sikhs are experiencing challenges on a number of fronts. There is clear frustration about lack of capacity, mechanisms and structures to engage with government, in a systematic and proactive manner. Most of Sikh institutions, most notably Gurdwara committees, which form the backbone of the community and collect the vast amount of financial resources, function largely in a reactive manner. Increasingly, our institutions are alienating younger people and professional class. In short, there is a clear need/demand to attract and involve educated professionals to take co-ordinated approach for conducting Sikh affairs, at local, regional and national level.

6.2 Expert evidence has highlighted a proliferation and higher turnaround of activists-led Sikh organisations. Their number has continued to grow but there is little credible institutional presence of Sikhs with appropriate administrative support at local, regional and national levels. There are linguistic, professional and consultative gaps in dealings with local, regional and national levels of government. It is a topic of further inquiry that how far, where and if, UK Sikhs have taken advantage of government and other funding streams, to build community support infrastructure.

6.3 Some UK born and brought up Sikhs are energetic and vocal in articulating sufferings of Sikhs in history. They identify colonial and post-colonial policies and practices as the root cause of most problems. They see much of Sikh leadership as self-centred, visionless and motivated by narrowly defined vested interests. They have serious concerns about lack of presence and participation of Sikh youth in Gurdwaras and Sikh organisational settings. This area is of deeper and wider interest, which requires on-going seminal work in community and educational settings.

6.4 Many Sikhs do not get the opportunity to express their views by voice, vote or by speaking-out in a safer environment. Many voices and views remain unexpressed and their issues remain unraised. However, some concerns may be over-vocalised suiting those who have influence, particular interests and 'expertise'. Common Sikhs have no means of influencing the agenda and events of Sikh organisations. There is no democratic infrastructure or forum for common Sikhs, to get involved in open dialogue to express their feelings and aspirations.

6.5 Evidence suggests that the current UK Sikh representation looks fragmented, it lacks cohesiveness and accountability. It relies on some self-appointed and self-styled activists and groups supported by a segment of Gurdwara functionaries. In some segments there is a perpetual style, which is indicative of nepotism influenced by reactive hostilities driven by a narrow agenda. This is an impediment to developing open and constructive dialogue. It was asserted that some activities seem patronage driven and many remain reactionary. The underlying motives seem attention or news seeking propaganda, devoid of any substantive objectives, planning and strategies to achieve them.

6.6 Some points were repeatedly raised that why it is that few credible Sikh role models opt to join Gurdwara committees and Sikh organisations. Why is it that many younger Sikhs do not feel inspired by dominant self-styled activist leaders, many of whom



are not perceived as positive role models to be emulated. It was claimed that their organisational approach does not appear rooted in any evident moral, ethical, religious or cultural authority. There was also a view that many of those who are at the forefront of activism, tend to focus on remote geopolitics, they over idealise leadership, organisational and structural reform. But their ideas do not address 'here and now' everyday needs and concerns of UK Sikhs.

6.7 It was sympathetically asserted and constructively expressed that most of our Gurdwara committees and Sikh organisations to a varying degree, display deficits in corporate governance, public accountability and responsiveness. It can be a source of unnecessary conflict and potential for avoidable alienation amongst the congregation. Many needs can be met by some planning and partnership working between Gurdwaras/ Sikhs organisations and public health, social, educational and safeguarding services. It was proposed that development of a better sensibility and sensitivity, can advantage many desperate Sikhs who could benefit from personal and social mental and physical health support.

6.8 Much of the evidence from most of the witnesses inextricably link Gurdwaras, Sikh organisations and communities. Mostly, issues and concerns were conflated as the following sections (6.9, 6.10, 6.11, 6.12, 6.13, 614, 6.15, 6.16, 6.17) show. It was repeatedly asserted that the wider Sikh community and younger generations by and large routinely, are neither attracted nor have much active involvement in Gurdwara and Sikh organisation events. An expert witness pointedly endorsed the evidence suggesting a fragmented nature of UK Sikh representation. It was insightfully highlighted that there was a serious inclusivity and diversity deficit in terms of gender, caste, class, disability and ethnicity/race in dominant 'Sikh representation'.

(To be continued)

**20 ਫਰਵਰੀ ਜਨਮ ਦਿਨ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

# ਪੰਥ ਦਾ ਨਿਸ਼ਕਾਮ ਸੇਵਕ – ਸ: ਤੇਜਾ ਸਿੰਘ ਸਮੁੰਦਰੀ

ਕੌਮੀ ਫਰਜ਼ਾਂ ਨੂੰ ਤਾਅ ਜੀਵਨ ਸਿਦਕ ਦਿਲੀ ਨਾਲ ਨਿਭਾਉਣ ਵਾਲੇ ਸਿੱਖ ਆਗੂਆਂ ਵਿੱਚੋਂ ਪ੍ਰਮੁੱਖ ਆਗੂ ਸਨ, ਸ। ਤੇਜਾ ਸਿੰਘ ਸਮੁੰਦਰੀ । ਜਦੋਂ ਗੁਰਦੁਆਰਾ ਸੁਧਾਰ ਲਹਿਰ ਦੇ ਸਿਦਕੀ ਸਿੱਖ ਆਗੂਆਂ ਦਾ ਜ਼ਿਕਰ ਚੱਲਦਾ ਹੈ, ਤਾਂ ਉਸ ਸਮੇਂ ਨਿਸ਼ਕਾਮ ਸੇਵਕ ਵਜੋਂ ਜਿਹੜਾ ਦਰਦ ਸਿੱਖ ਸਿਧਾਂਤਾਂ ਪ੍ਰਤੀ ਸ। ਸਮੁੰਦਰੀ ਦੇ ਹਿਰਦੇ ਵਿੱਚ ਸੀ, ਉਸ ਨੂੰ ਸਮੁੱਚੀ ਕੌਮ ਕਦੇ ਵੀ ਨਹੀਂ ਭੁੱਲ ਸਕਦੀ । ਉਨ੍ਹਾਂ ਦੇ ਸੁਭਾਅ ਦੀ ਦ੍ਰਿੜਤਾ, ਸਾਦਗੀ ਅਤੇ ਸਿਦਕ ਦਿਲੀ ਦੀ ਕਦਰ ਗੁਰਦੁਆਰਾ ਸੁਧਾਰ ਲਹਿਰ ਵਿੱਚ ਸ਼ਾਮਿਲ ਹਰ ਉਹ ਗੁਰਸਿੱਖ ਕਰਦਾ ਸੀ, ਜਿਸ ਨੇ ਵੀ ਇਸ ਲਹਿਰ ਵਿੱਚ ਸ਼ਮੂਲੀਅਤ ਕੀਤੀ। ਸ। ਤੇਜਾ ਸਿੰਘ ਦਾ ਜਨਮ ਪਿਤਾ ਰਸਾਲਦ-ਾਰ ਮੇਜਰ ਸ। ਦੇਵਾ ਸਿੰਘ ਅਤੇ ਮਾਤਾ ਨੰਦ ਕੌਰ ਦੇ ਗ੍ਰਹਿ ਵਿਖੇ ਉਸ ਸਮੇਂ ਦੇ ਜ਼ਿਲ੍ਹਾ ਅੰਮ੍ਰਿਤਸਰ ਦੀ ਤਹਿਸੀਲ ਤਰਨਤਾਰਨ ਦੇ ਪਿੰਡ ਰਾਇ ਦਾ ਬੁਰਜ ਵਿਖੇ 20 ਫਰਵਰੀ, 1882 ਈ: ਨੂੰ ਹੋਇਆ । ਸ। ਤੇਜਾ ਸਿੰਘ ਦੀ ਬਚਪਨ ਵਿੱਚ ਸਿੱਖ ਧਰਮ ਪ੍ਰਤੀ ਸ਼ਰਧਾ ਤੇ ਪਿਆਰ ਦੀ ਚਰਚਾ ਪਰਿਵਾਰ ਵਿੱਚ ਹੁੰਦੀ ਰਹਿੰਦੀ ਸੀ । ਸਮਾਜਿਕ ਕਾਰਜਾਂ ਵਿੱਚ ਮੂਹਰੀ ਬਣ ਕੇ ਵਿਚਰਨਾ ਵੀ ਸੁਭਾਅ ਦਾ ਵੱਡਾ ਗੁਣ ਸੀ । ਜਵਾਨੀ ਦੇ ਦਿਨਾਂ ਵਿੱਚ ਹੀ ਚੀਫ਼ ਖ਼ਾਲਸਾ ਦੀਵਾਨ ਦੇ ਮੈਂਬਰ ਵਜੋਂ ਧਾਰਮਿਕ ਖੇਤਰ ਵਿੱਚ ਵਿਚਰਨਾ ਸ਼ੁਰੂ ਕੀਤਾ । ਦੀਵਾਨ ਦੇ ਆਗੂਆਂ ਨੂੰ ਕੌਮ ਵਿੱਚ ਅਨਪੜ੍ਹਤਾ ਅਤੇ ਗਰੀਬੀ ਤੋਂ ਛੁਟਕਾਰਾ ਦਿਵਾਉਣ ਦੀ ਵਿਚਾਰਧਾਰਾ ਨੇ ਉਨ੍ਹਾਂ ਨੂੰ ਧੁਰ ਹਿਰਦੇ ਤੋਂ ਪ੍ਰਭਾਵਿਤ ਕੀਤਾ । ਆਪਣੇ ਸ਼ਹਿਰ ਸਮੁੰਦਰੀ ਵਿਖੇ ਸਭ ਤੋਂ ਪਹਿਲਾਂ ਖ਼ਾਲਸਾ ਦੀਵਾਨ ਕਾਇਮ ਕੀਤਾ । ਕੌਮ ਨੂੰ ਜਹਾਲਤ ਵਿੱਚੋਂ ਕੱਢਣ ਲਈ ਵੱਡੀ ਸੋਚ ਦੇ ਧਾਰਨੀ ਹੋਣ ਕਰਕੇ ਹਰ ਕੋਈ ਇਨ੍ਹਾਂ ਦੇ ਵਿਚਾਰਾਂ ਪ੍ਰਤੀ ਹੁੰਗਾਰਾ ਭਰਦਾ ਸੀ । ਇਸੇ ਸਫ਼ਲ ਹੁੰਗਾਰੇ ਕਰਕੇ ਇਨ੍ਹਾਂ ਹੋਰ ਅਨੇਕਾਂ ਛੋਟੀਆਂ ਛੋਟੀਆਂ ਸਿੱਖ ਸੰਸਥਾਵਾਂ ਨੂੰ ਇਕੱਠਾ ਕਰਕੇ ਖ਼ਾਲਸਾ ਦੀਵਾਨ ਬਾਰ ਦੀ ਸਥਾਪਨਾ ਕੀਤੀ।

ਸਿੱਖਿਆ ਦੇ ਖੇਤਰ ਵਿੱਚ ਅਗਵਾਈ ਕਰਦਿਆਂ ਆਪਣੇ ਪਿੰਡ ਵਿੱਚ ਖ਼ਾਲਸਾ ਹਾਈ ਸਕੂਲ ਖੁੱਲ੍ਹਵਾਇਆ । ਸਰਹਾਲੀ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਹਾਈ ਸਕੂਲ ਦੀ ਸਥਾਪਨਾ ਕੀਤੀ । ਲੋਕਾਂ ਵਿੱਚ ਸਿੱਖਿਆ ਪ੍ਰਤੀ ਜਾਗ੍ਰਿਤੀ ਪੈਦਾ ਕਰਨੀ ਵੱਡਾ ਉੱਦਮ ਸੀ । ਇਨ੍ਹਾਂ ਦਿਨਾਂ ਵਿੱਚ ਹੀ ਸ੍ਰੀ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਤੋਂ ਬਾਅਦ ਜਦੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਆਗਮਨ ਅਸਥਾਨ ਲਈ ਪ੍ਰਬੰਧਕ ਕਮੇਟੀ ਦੀ ਸਥਾਪਨਾ ਕੀਤੀ ਗਈ । ਉਸ ਸਮੇਂ ਪ੍ਰਬੰਧਕੀ ਕੰਮਾਂ ਪ੍ਰਤੀ ਯੋਗਤਾ ਨੂੰ ਵੇਖਦਿਆਂ ਸ। ਸਮੁੰਦਰੀ ਨੂੰ ਬਤੌਰ ਮੈਂਬਰ ਸ਼ਾਮਿਲ ਕੀਤਾ ਗਿਆ । ਸਿੱਖਾਂ ਵਿੱਚ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਦੀ ਘਾਟ ਨੂੰ ਵੇਖਦਿਆਂ, ਜਦੋਂ ਅਖ਼ਬਾਰ ਸ਼ੁਰੂ ਕਰਨ ਦੀ ਵਿਚਾਰ ਚੱਲ ਰਹੀ ਸੀ, ਤਾਂ ਸ। ਤੇਜਾ ਸਿੰਘ ਸਮੁੰਦਰੀ ਨੂੰ ਨਵੀਂ ਬਣੀ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਕਰਕੇ ਅਕਾਲੀ ਪੱਤ੍ਰਕਾ ਦੀ ਪ੍ਰਕਾਸ਼ਨਾਂ ਸ਼ੁਰੂ ਕੀਤੀ ਗਈ । ਸ: ਸਮੁੰਦਰੀ ਨੇ ਇਸ ਅਖ਼ਬਾਰ ਲਈ ਮਾਇਕ ਸਹਾਇਤਾ ਵੀ ਖੁੱਲ੍ਹੇ ਦਿਲ ਨਾਲ ਕੀਤੀ ।

ਹੁਣ ਜਦੋਂ ਸ੍ਰੀ ਰਕਾਬਗੰਜ ਦਿੱਲੀ ਲਈ ਮੋਰਚਾ ਆਰੰਭ ਹੋਇਆ, ਤਾਂ ਸ। ਤੇਜਾ ਸਿੰਘ ਸਮੁੰਦਰੀ ਨੇ ਸੌ ਸਿੰਘਾਂ ਦੇ ਵੱਡੇ ਜਥੇ ਸਮੇਤ ਗ੍ਰਿਫ਼ਤਾਰੀ ਲਈ ਪੇਸ਼ ਕੀਤਾ । ਸਮੁੱਚੀ ਗੁਰਦੁਆਰਾ ਸੁਧਾਰ ਲਹਿਰ ਵਿੱਚ ਸਰਗਰਮ ਸਿੱਖ ਆਗੂ ਵਜੋਂ ਹਮੇਸ਼ਾਂ ਮੂਹਰੀ ਆਗੂ ਵਜੋਂ ਵਿਚਰੇ । 13 ਅਕਤੂਬਰ, 1923 ਈ: ਜਥੇ ਸਮੇਤ ਗ੍ਰਿਫ਼ਤਾਰੀ ਦਿੱਤੀ। ਜਦੋਂ 1925 ਵਿੱਚ ਭਾਰਤ ਵਿੱਚ ਹਕੂਮਤ ਕਰ ਰਹੀ ਅੰਗ੍ਰੇਜ਼ ਸਰਕਾਰ ਨੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਲਈ ਗੁਰਦੁਆਰਾ ਐਕਟ ਪਾਸ ਕੀਤਾ । ਇਸ ਐਕਟ ਪ੍ਰਤੀ ਸਾਰੇ ਸੰਘਰਸ਼ਸ਼ੀਲ ਆਗੂ ਇਕ ਜੁੱਟ ਨਹੀਂ ਸਨ, ਇਸ ਦੇ ਵਿਰੋਧ ਵਿੱਚ ਜ਼ੋਰ-ਸ਼ੋਰ ਨਾਲ ਅਵਾਜ਼ ਉਠਾਉਣ ਵਾਲੇ ਸਿੱਖ ਆਗੂਆਂ ਦਾ ਵਿਚਾਰ ਸੀ ਕਿ ਇਸ ਐਕਟ ਦੇ ਬਣਨ ਨਾਲ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਵਿੱਚ ਹਮੇਸ਼ਾਂ ਹਕੂਮਤਾਂ ਦੀ ਦਖਲ-ਅੰਦਾਜ਼ੀ ਬਣੀ ਰਹੇਗੀ। ਸੰਸਾਰ ਦੇ ਦੂਜੇ ਧਰਮਾਂ ਵਿੱਚ ਹਕੂਮਤਾਂ ਕਦੇ ਦਖਲ ਨਹੀਂ ਦਿੰਦੀਆਂ । ਸਿੱਖ ਧਰਮ ਦਾ ਪ੍ਰਬੰਧ ਵੀ ਅਜ਼ਾਦ ਹਸਤੀ ਵਾਲੇ ਪ੍ਰਬੰਧਕਾਂ ਕੋਲ ਹੋਣਾ ਚਾਹੀਦਾ ਹੈ । ਸ। ਤੇਜਾ ਸਿੰਘ ਸਮੁੰਦਰੀ ਵੀ ਵਿਰੋਧੀ ਧੜੇ ਦੇ ਆਗੂਆਂ ਵਿੱਚ ਸ਼ਾਮਿਲ ਸਨ । ਉਸ



ਸਮੇਂ ਸਾਰੇ ਸੰਘਰਸ਼ੀਲ ਆਗੂ ਜੇਲ੍ਹਾਂ ਵਿੱਚ ਬੰਦ ਸਨ, ਵਿਰੋਧ ਕਰਨ ਵਾਲੇ ਆਗੂਆਂ ਨੇ ਜੇਲ੍ਹ ਤੋਂ ਰਿਹਾਅ ਹੋਣ ਤੋਂ ਇਨਕਾਰ ਕਰ ਦਿੱਤਾ, ਜਿਨ੍ਹਾਂ ਵਿੱਚ ਸ। ਸਮੁੰਦਰੀ ਵੀ ਸ਼ਾਮਿਲ ਸਨ। ਦ੍ਰਿੜ ਇਰਾਦੇ ਦੇ ਮਾਲਕ ਹੋਣ ਕਰਕੇ ਸਿਆਣਪ ਤੇ ਸਿਦਕਦਿਲੀ ਕਰਕੇ ਸ। ਤੇਜਾ ਸਿੰਘ ਦਾ ਸਤਿਕਾਰ ਸਾਰਾ ਸਿੱਖ ਜਗਤ ਕਰਦਾ ਸੀ ।

ਅੰਗ੍ਰੇਜ਼ ਹਕੂਮਤ ਵੱਲੋਂ ਜੇਲ੍ਹ ਵਿੱਚ ਤੰਗੀਆਂ-ਤੁਰਸ਼ੀਆਂ ਵਾਲਾ ਜੀਵਨ ਬਤੀਤ ਕਰਦਿਆਂ 17 ਜੁਲਾਈ 1926 ਨੂੰ 44 ਕੁ ਸਾਲ ਦੀ ਆਯੂ ਵਿੱਚ ਦਿਲ ਦਾ ਦੌਰਾ ਪਿਆ । ਇਸ ਮਾਰੂ ਹੱਲੇ ਨਾਲ ਇਸ ਫ਼ਾਨੀ ਸੰਸਾਰ ਨੂੰ ਹਮੇਸ਼ਾਂ ਲਈ ਛੱਡ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ । ਸ। ਤੇਜਾ ਸਿੰਘ ਸਮੁੰਦਰੀ ਦੀ ਯਾਦ ਨੂੰ ਹਮੇਸ਼ਾਂ ਲਈ ਬਰਕਰਾਰ ਰੱਖਣ ਲਈ ਸਾਡੇ ਸੂਝਵਾਨ ਪੁਰਖਿਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਸਕੱਤਰੇਤ ਲਈ ਬਾਅਦ ਵਿੱਚ ਨਵੀਂ ਬਣੀ ਇਮਾਰਤ ਦਾ ਨਾਂਅ ਤੇਜਾ ਸਿੰਘ ਸਮੁੰਦਰੀ ਹਾਲ ਰੱਖਿਆ। 1969 ਈ: ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਆਗਮਨ ਪੁਰਬ ਸਮੇਂ ਨਵੀਂ ਬਣੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪਹਿਲੇ ਬਣੇ ਵਾਈਸ ਚਾਂਸਲਰ ਵੀ ਸ। ਤੇਜਾ ਸਿੰਘ ਸਮੁੰਦਰੀ ਦੇ ਸਪੁੱਤਰ ਸ। ਬਿਸ਼ਨ ਸਿੰਘ ਸਮੁੰਦਰੀ ਨੂੰ ਬਣਾਇਆ ਗਿਆ । ਅੱਜ ਇਸ ਸਿਦਕੀ ਸਿੱਖ ਆਗੂ ਦੀ ਯਾਦ ਹੀ ਬਾਕੀ ਹੈ ।


## ਸ੍ਰੀ ਗੁਰੂ ਰਵਿਦਾਸ ਸਭਾ ਡਰਬੀ ਵਿਖੇ ਇਕ ਧਾਰਮਿਕ ਸੇਵਾਦਾਰ ਦੀ ਲੋੜ

**ਕੰਮ** – ਸ੍ਰੀ ਅਖੰਡ ਪਾਠ, ਵਿਆਹ ਅਤੇ ਹੋਰ ਉਲੀਕੇ ਹੋਏ ਸਮਾਗਮਾਂ ਵਿਚ ਗ੍ਰੰਥੀ ਦਾ ਸਾਥ ਦੇਣਾ, ਕੀਰਤਨ ਕਰਨਾ, ਗੁਰੂ ਮਰਿਆਦਾ ਅਨੁਸਾਰ ਸੰਗਤਾਂ ਨੂੰ ਪ੍ਰਸ਼ਾਦਾ ਛਕਾਉਣਾ ਅਤੇ ਗੁਰਦੁਆਰੇ ਦੀ ਰਾਖੀ ਆਦਿ ਕਰਨੀ ।

**ਤਜ਼ਰਬਾ ਅਤੇ ਸ਼ਰਤਾਂ:** ਗੁਰਮਤਿ ਦਾ ਗਿਆਨ ਹੋਣਾ, ਪੰਜਾਬੀ ਲਿਖਣੀ, ਪੜ੍ਹਨੀ ਆਉਂਦੀ ਹੋਵੇ । ਗੁਰੂ ਘਰ ਵਿਖੇ ਘੱਟੋ-ਘੱਟ 3 ਸਾਲ ਸੇਵਾ ਕਰਨ ਦਾ ਤਜ਼ਰਬਾ ਹੋਵੇ ।

**ਤਨਖਾਹ:** ਯੂ ਕੇ ਦੇ ਕਾਨੂੰਨ ਮੁਤਾਬਕ ਚੰਗੀ ਤਨਖਾਹ, ਕੰਮ ਹਫ਼ਤੇ ਵਿਚ 25 ਘੰਟੇ, ਖਾਣ ਪੀਣ ਅਤੇ ਰਿਹਾਇਸ਼ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਵੱਲੋਂ ਹੋਵੇਗਾ ।

ਉਮੀਦਵਾਰ ਆਪਣੀ ਅਰਜ਼ੀਆਂ ਪੂਰੇ ਵੇਰਵੇ ਸਮੇਤ (ਰੈਫਰੈਂਸ ਨੰਬਰ SGRG23 ਲਿਖ ਕੇ) ਹੇਠਾਂ ਦਿੱਤੇ ਪਤੇ ਉੱਤੇ 6 ਮਾਰਚ 2026 ਤੱਕ ਭੇਜਣ ਦੀ ਕ੍ਰਿਪਾਲਤਾ ਕਰਨ ਜੀ।

## VACANCY for Tier-5 Religious Worker

***1 Religious Worker Required:*** Role includes reciting from Guru Granth Sahib Ji. Perform Keertan (Singing Hymns), Serving Langer within gurmeryadha, Leading prayers at weddings and other special occasions.

***Qualifications and experience required:*** Must have knowledge of Gurmat and Fluent in reading and writing Panjabi. Some English is desirable. Must have 3 years experience.

***Pay and Conditions:*** Required to be residing within the Gurdwara. Work 25 hours per week, pay is national living wage and Statuary holiday pay. ***Closing Date 6th March 2026***

Please apply quoting Ref No. SGRG23 and send your application to Surinder Kumar president,

**Sri Guru Ravidass Sabha Derby**

**DUNCAN ROAD, DERBY DE23 8TR (U.K.)**

For more information please contact : Surinder Kumar 07882 157963
Parkash Singh Ginday 07966 053881



## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ । ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ । ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ । ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ ।

ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:
ਜਾਣਕਾਰੀ ਲਈ ਸੰਪਰਕ: M: 07966 388 388

# ਗੁਰੂ ਬੈਠਾ ਅਮਰੁ ਸਰੂਪ ਹੋਇ


– ਲੇਖਕ –
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743







**ਕਿਸ਼ਤ–25**

ਅਸੀਂ ਸਮਝਦੇ ਹਾਂ ਕਿ ਪਰਮੇਸ਼ਰ ਦੇ ਪੰਥ ਦੀ ਚੜ੍ਹਦੀ ਕਲਾ ਦੀ ਲੋਚਾ ਰੱਖਣ ਵਾਲਿਆਂ ਸੁਰਤਿਆਂ ਨੇ ਇਸ ਪਾਸੇ ਚੱਲਣ ਦਾ ਸੁਝਾਅ ਦਿੱਤਾ, ਗੁਰੂ-ਪਰਮੇਸ਼ਰ ਸੁਰਤੇ ਨੇ ਚੱਲਣ ਦੀ ਆਗਿਆ ਕੀਤੀ ਅਰ ਸੁਰਤਿਆਂ ਨੇ ਇਸ ਕਾਰਜ ਲਈ ਆਪਾ ਭੇਟ ਕਰ ਦਿੱਤਾ।

ਗੁਰਸੰਗਤ ਸੇਵਾ ਦੀ ਨਿਰਾਲੀ ਅਰ ਗੁਰਮੁਖੀ ਚਾਲ ਦੇ ਭੇਤ ਮਹਾਨ-ਸੁਰਤੇ ਸ੍ਰੀ (ਗੁਰੁ) ਰਾਮਦਾਸ ਜੀ ਧੰਨ ਗੁਰੂ ਅਮਰਦਾਸ ਜੀ ਦੀ ਹਜ਼ੂਰੀ ਵਿਚ ਰਹਿ ਕੇ ਜਿਵੇਂ ਸਮਝੇ ਅਰ ਕਮਾਏ, ਆਪ ਜੀ ਨੇ ਇਕ ਦਿਨ ਇਉਂ ਬਿਆਨ ਕੀਤਾ:

ਸਾ ਸੇਵਾ ਕੀਤੀ ਸਫਲ ਹੈ
ਜਿਤੁ ਸਤਿਗੁਰ ਕਾ ਮਨੁ ਮੰਨੇ॥
ਜਾ ਸਤਿਗੁਰ ਕਾ ਮਨੁ ਮੰਨਿਆ
ਤਾ ਪਾਪ ਕਸੰਮਲ ਭੰਨੇ॥
ਉਪਦੇਸੁ ਜਿ ਦਿਤਾ ਸਤਿਗੁਰੂ
ਸੋ ਸੁਣਿਆ ਸਿਖੀ ਕੰਨੇ॥
ਜਿਨ ਸਤਿਗੁਰ ਕਾ ਭਾਣਾ ਮੰਨਿਆ
ਤਿਨ ਚੜੀ ਚਵਗਣਿ ਵੰਨੇ॥
ਇਹ ਚਾਲ ਨਿਰਾਲੀ ਗੁਰਮੁਖੀ
ਗੁਰ ਦੀਖਿਆ ਸੁਣਿ ਮਨ ਭਿੰਨੇ॥25॥
ਗੁ.ਗ੍ਰੰ.ਸਾ. ਪੰਨਾ 314

ਡਾ. ਇਕਬਾਲ ਦਾ ਇਕ ਕਥਨ ਇਥੇ ਸਾਡਾ ਮੰਗਦਾ ਹੈ:
ਅਲਫ਼ਾਜ਼-ਓ ਮਅਨੀ ਮੇਂ ਤਫ਼ਾਵਤਨ ਨਹੀਂ, (ਸ਼ਬਦ ਅਤੇ ਅਰਥਾਂ ਵਿਚ ਕੋਈ ਅੰਤਰ ਨਹੀਂ)
ਲੇਕਿਨ ਮੁਲਾਂ ਕੀ ਅਜ਼ਾਂ ਔਰ ਹੈ ਮੁਜਾਹਦ ਕੀ ਅਜ਼ਾਂ ਔਰ।(ਪਰ ਮੁੱਲਾਂ ਦੀ ਨਮਾਜ਼ ਹੋਰ ਹੈ ਰੱਬੀ ਦਰਵੇਸ਼ ਦੀ ਹੋਰ)
ਪਰਵਾਜ਼ ਹੈ ਦੋਨੋਂ ਕੀ ਉਸੀ ਏਕ ਫ਼ਿਜ਼ਾ ਮੇਂ, (ਉਡਾਣ ਦੋਹਾਂ ਦੀ ਭਾਵੇਂ ਇਕੋ ਹਵਾ ਮੰਡਲ ਵਿਚ ਹੈ)
ਲੇਕਿਨ ਕਿਰਗਸ ਕਾ ਜਹਾਂ ਔਰ ਹੈ ਸ਼ਾਹੀਂ ਕਾ ਜਹਾਂ ਔਰ। (ਪਰ ਗਿੱਧ ਦਾ ਨਿਸ਼ਾਨਾ ਹੋਰ ਹੈ ਬਾਜ਼ ਦਾ ਹੋਰ)

**ਪੰਥ ਦੋਖੀਆਂ ਦੀ ਪ੍ਰੇਸ਼ਾਨੀ**

ਵੈਸਾਖੀ ਦਾ ਜੋੜ-ਮੇਲਾ ਬੀਤਿਆ ਅਰ ਦੂਰ ਦੁਰਾਡਿਓਂ ਆਈਆਂ ਸੰਗਤਾਂ ਵਾਪਸ ਚਲੀਆਂ ਗਈਆਂ, ਨਾਲ ਹੀ ਲੈ ਗਈਆਂ ਗੁਰੂ ਕਾ ਸੰਦੇਸ਼ ਜੋ ਹਜ਼ੂਰ ਨੇ ਸਭਨਾਂ ਨੂੰ ਵਿਸ਼ੇਸ਼ ਤੌਰ ‘ਤੇ ਦਿੱਤਾ। ਉਸ ਸੰਦੇਸ਼ ਦਾ ਚਰਚਾ ਸ਼ੁਰੂ ਹੋ ਗਿਆ। ਜਿਉਂ ਜਿਉਂ ਇਸ ਦੀ ਚਰਚਾ ਖ਼ਾਸ ਤੌਰ ‘ਤੇ ਗ਼ੈਰ ਸਿੱਖਾਂ ਤੱਕ ਪਹੁੰਚੀ, ਉਹ ਪ੍ਰੇਸ਼ਾਨ ਹੋ ਗਏ।

ਸਤਿਗੁਰਾਂ ਨੇ ਸੰਦੇਸ਼ ਵਿਚ ਕੁਝ ਵੀ ਨਵਾਂ ਨਹੀਂ ਕੇਵਲ ਪਰਮ-ਗੁਰੂ ਜੀ ਦਾ ਹੁਕਮ ਹੀ ਦੁਹਰਾਇਆ ਸੀ:
ਸਾਰੇ ਨਾਮ-ਲੇਵਾ ਸਿੱਖ ਅੰਮ੍ਰਿਤ ਵੇਲੇ ਜਾਗ ਕੇ ਨਾਮ-ਬਾਣੀ ਨਾਲ ਜੁੜਨ;
ਸਦਾ ਇਕ ਕਰਤਾਰ ਨੂੰ ਆਪਣੇ ਅੰਗ-ਸੰਗ ਸਮਝਣ;
ਜੀਵਨ ਦੀ ਸੇਧ ਸਦਾ ਗੁਰਬਾਣੀ ਅਥਵਾ ਗੁਰੂ ਸਾਹਿਬ ਦੀ ਸਿਖਿਆ ਤੋਂ ਕੇਵਲ ਲੈਣੀ ਹੈ;
ਸਭਨਾਂ ਦਾ ਜਨਮ ਅਰ ਜੀਵਨ ਦਾਤਾ ਕੇਵਲ ਕਰਤਾਰ ਹੀ ਹੈ ਅਰ ਸਾਰੇ ਸਮਾਨ ਹਨ;
ਸਾਰੇ ਸਿੱਖ ਆਪਸ ਵਿਚ ਭਰਾਵਾਂ ਵਾਲਾ ਵਿਹਾਰ ਕਰਨ;
ਸਿੱਖੀ ਵਿਚ ਵਰਨ-ਵੰਡ ਦੀ ਕੋਈ ਥਾਂ ਨਹੀਂ;
ਸਭਨਾਂ ਨੂੰ ਸਾਮਾਨ ਜਾਣਦਿਆਂ ਸੰਗਤ ਵਿਚ ਅਰ ਪੰਗਤ ਵਿਚ ਬਿਨਾਂ ਵਿਤਕਰਾ ਬੈਠਣ ਦਾ ਹੁਕਮ ਹੈ;
ਸਿੱਖ ਬੀਬੀਆਂ ਬਿਨਾਂ ਝਿਜਕ ਸੰਗਤ ਵਿਚ ਆ ਕੇ ਬਾਣੀ ਸਰਵਣ ਕਰਨ;
ਕਿਸੇ ਨੇ ਘੁੰਡ ਨਹੀਂ ਕੱਢਣਾ ਜਾਂ ਬੁਰਕਾ ਆਦਿ ਦਾ ਪਰਦਾ ਨਹੀਂ ਕਰਨਾ, ਆਦਿ

ਪੰਡਤ ਲੋਕ ਤਾਂ ਅਜਿਹੇ ਸੰਦੇਸ਼ ਕਾਰਨ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਮੁੱਢੋਂ ਹੀ ਵਿਰੋਧ ਕਰਨ ਲੱਗ ਪਏ ਸਨ, ਹੌਲੀ ਹੌਲੀ ਕੁਝ ਜਾਤਿ-ਅਭਿਮਾਨੀ ਖੱਤ੍ਰੀ ਵੀ ਔਖੇ ਹੋਣ ਲੱਗ ਪਏ ਜੋ ਅਖੌਤੀ ਛੋਟੀਆਂ ਜਾਤਾਂ ਵਾਲਿਆਂ ਨਾਲ ਰਲ ਕੇ ਬੈਠਣ ਅਰ ਖਾਣ ਦੇ ਸਖ਼ਤ ਵਿਰੋਧੀ ਸਨ। ਬ੍ਰਾਹਮਣੀ ਪ੍ਰਭਾਵ ਹੇਠ ਉਹ ਵੀ ਸਮਝਣ ਲੱਗ ਪਏ ਸਨ ਕਿ ਸਿੱਖ ਲਹਿਰ ਵੇਦਾਂ-ਸ਼ਾਸਤ੍ਰਾਂ ਦੇ ਹੁਕਮ ਵਿਰੁੱਧ ਵਰਨ-ਵੰਡ ਭਾਵ ਜਾਤਿ-ਪਾਤ ਦਾ ਭੇਦ ਮਿਟਾਉਣ ਵਾਲੀ ਹੈ। ਹੁਣ ਜਦੋਂ ਤੀਜੇ ਪਾਤਸ਼ਾਹ ਜੀ ਦੇ ਹੁਕਮ ਨਾਲ ਸਿੱਖੀ ਦੇ ਕੇਂਦਰ ਗੋਇੰਦਵਾਲ ਵਿਖੇ ਹਜ਼ਾਰਾਂ ਨੂੰ ਗੁਰਮਤ ਮਾਰਗ ‘ਤੇ ਚਲਦਿਆਂ ਵੇਖਿਆ ਤਾਂ ਇਸ ਸੰਗਠਨ ਤੋਂ ਭੈ-ਭੀਤ ਹੋ ਗਏ।

ਅਬ ਦਿਜ ਕੋ ਨਹਿੰ ਮਾਨਹਿ ਕੋਇ।
(ਹੁਣ ਬ੍ਰਹਮਣ ਨੂੰ ਕੋਈ ਨਹੀਂ ਮੰਨੇਗਾ)
ਖਤ੍ਰੀ ਧਰਮ ਨਸ਼ਟ ਸਭਿ ਹੋਇ।31॥
(ਖਤ੍ਰੀ ਧਰਮ ਨਸ਼ਟ ਹੋ ਜਾਏਗਾ)
ਚਤੁਰ ਬਰਨ ਕੋ ਇਕ ਮਤ ਕਰਯੋ।
(ਚਾਰੇ ਵਰਨਾਂ ਨੂੰ ਇਕ ਕਰ ਦਿੱਤਾ ਹੈ)
ਭ੍ਰਿਸ਼ਟ ਹੋਇ ਸਭ ਜਗ ਪਰਹਰਯੋ।
(ਸਾਰਾ ਜਗਤ ਭ੍ਰਸ਼ਟ ਹੋ ਰਿਹਾ ਹੈ)
ਇਕ ਥਲ ਭੋਜਨ ਸਭ ਕੋ ਖਈ।
(ਸਾਰੇ ਇਕੋ ਥਾਂ ਭੋਜਨ ਖਾਂਦੇ ਹਨ)
ਸ਼ੰਕਰ ਬਰਨ ਪ੍ਰਜਾ ਅਬ ਭਈ।32॥
(ਜਾਤ-ਪਾਤ ਕੋਈ ਨਹੀਂ ਮੰਨਦਾ)
ਦੇਵ ਪਿੱਤਰ ਕੀ ਮਨਤਾ ਛੋਰੀ।
(ਦੇਵਤਿਆਂ ਅਤੇ ਪਿੱਤਰਾਂ ਦੀ ਮਾਨਤਾ ਛੱਡ ਦਿੱਤੀ ਹੈ)
ਸਭਿ ਮਿਰਯਾਦ ਜਗਤ ਕੀ ਤੋਰੀ। ..33॥44॥ਰਾਸ 1 (ਬ੍ਰਹਮਣੀ ਮਰਯਾਦਾ ਸਾਰੀ ਤੋੜ ਦਿੱਤੀ ਹੈ)

**ਸਰਕਾਰ ਕੋਲ ਸ਼ਿਕਾਇਤ**

ਮਿਲਗੋਭਾ ਜਿਹੇ ਸਮਾਜ ਦੇ ਗੁਰੂ ਬਣੇ ਹੋਏ ਬ੍ਰਾਹਮਣ ਨੂੰ ਸਿੱਖ ਵਿਚਾਰਧਾਰਾ ਤੋਂ ਪਹਿਲਾਂ ਇਹੀ ਵੱਡੀ ਚਿੜ ਸੀ ਕਿ ਇਹ ਵਿਚਾਰਧਾਰਾ ਉਸ ਨੂੰ -ਗੁਰੂ ਅਰ ਉਸ ਦੀ ਸਿਖਿਆ- ਮੰਨਣ ਤੋਂ ਮੁਨਕਰ ਸੀ, ਇਸ ਲਈ ਉਹ ਗੁਰੂ ਸਾਹਿਬ ਨੂੰ ਕੁਰਾਹੀਆ ਜਾਂ ਬੇਤਾਲਾ ਆਦਿ ਕੁਬੋਲਾਂ ਨਾਲ ਸੰਬੋਧਨ ਕਰ ਕੇ ਸਿੱਖ ਵਿਚਾਰਧਾਰਾ ਨੂੰ ਕਮਜ਼ੋਰ ਕਰਨ ਅਰ ਸਿੱਖਾਂ ਅੰਦਰ ਗੁਰੂ ਸਾਹਿਬ ਪ੍ਰਤੀ ਅਸ਼ਰਧਾ ਪੈਦਾ ਕਰਨ ਤੱਕ ਸੀਮਤ ਸੀ ਪਰ, ਹੁਣ ਸਿੱਖਾਂ ਦੇ ਇਸ ਜਥੇਬੰਦਕ ਉਭਾਰ ਨੂੰ ਵੇਖ ਕੇ ਇਸ ਅੰਦਰਲੀ ਪ੍ਰੇਸ਼ਾਨੀ ਨੇ ਵਿਰੋਧ ਦਾ ਰੂਪ ਧਾਰਨ ਕਰ ਲਿਆ। ਉਸ ਵਿਰੋਧ ਨੂੰ ਸੇਧ ਦੇਣ ਲਈ ਇਨ੍ਹਾਂ ਈਰਖਾਲੂ ਬ੍ਰਾਹਮਣਾਂ ਨੇ ਪਹਿਲਾਂ ਜਾਤ-ਅਭਿਮਾਨੀ ਬਣਾਏ ਹੋਏ ਖੱਤਰੀਆਂ ਨੂੰ ਇਕੱਠੇ ਕਰ ਕੇ ਉਨ੍ਹਾਂ ਨੂੰ ਸਿੱਖ-ਵਿਚਾਰਧਾਰਾ ਦਾ ਭੈ ਵਿਖਾ ਕੇ ਆਪਣੇ ਨਾਲ ਜੋੜਿਆ ਕਿ ਸਿੱਖਾਂ ਦਾ ਪ੍ਰਭਾਵ ਵਧਣ ਨਾਲ ਸਮਾਜ ਵਿਚ ਹਿੰਦੂ-ਖੱਤ੍ਰੀਆਂ ਦੀ ਬਣੀ ਹੋਈ ਪ੍ਰਭੁਤਾ ਸਦਾ ਲਈ ਖਤਮ ਹੋਣ ਜਾ ਰਹੀ ਹੈ। ਸਾਡੀ ਜਾਚੇ, ਇਸ ਤਰਹ ਆਪਣੀ ਸਿਆਣਪ ਨਾਮ ਬ੍ਰਾਹਮਣ-ਗੁਰੂ ਨੇ ਆਪਣੀ ਗੁਰਤਾ, ਖੱਤ੍ਰੀਆਂ ਦੀ ਪ੍ਰਭੁਤਾ ਦੇ ਓਹਲੇ ਵਿਚ ਲੁਕਾ ਕੇ, ਪਹਿਲੀ ਵਾਰ ਹਿੰਦੂ ਬਨਾਮ ਸਿੱਖ ਮਸਲਾ ਬਣਾ ਲਿਆ ਅਰ ਇਸ ਮਸਲੇ ਦੀ ਅਗਵਾਈ ਕਰਦਿਆਂ ਸਰਕਾਰ ਤੱਕ ਪਹੁੰਚ ਕੀਤੀ।

**ਬਾਦਸ਼ਾਹ ਅਕਬਰ**

ਅਕਬਰ ਦਾ ਜਨਮ ਅਮਰਕੋਟ (ਸਿੰਧ) ਦੇ ਇਲਾਕੇ ਵਿਚ ਮਾਂ ਹਮੀਦਾ ਬਾਨੋ ਬੇਗਮ ਦੀ ਕੁੱਖ ਤੋਂ 15 ਅਕਤੂਬਰ 1542 ਨੂੰ ਹੋਇਆ। ਇਸ ਸਮੇਂ ‘ਜਾਨਿ ਸਤਾਨਵੈ’ (ਸੰਮਤ 1597/ ਸੰਨ 1540) ਦੇ ਭਵਿੱਖਤ ਬਚਨਾਂ ਅਨੁਸਾਰ ਰਾਜ-ਭਾਗ ਗੁਆ ਕੇ ਉਸ ਦਾ ਬਾਪ ਹੁਮਾਯੂੰ ਕਾਬੁਲ ਨੂੰ ਨਿਕਲਣ ਦੀ ਭੱਜ-ਦੌੜ ਵਿਚ ਸੀ ਜਿਥੋਂ ਭਾਰੀ ਫ਼ੌਜ ਲੈ ਕੇ ਜੂਨ, ਸੰਨ 1555 ਵਿਚ ਸਿਕੰਦਰ ਸ਼ਾਹ ਸੂਰੀ ਨੂੰ ਸਰਹਿੰਦ ਦੇ ਮੈਦਾਨ ਵਿਚ ਭਾਂਜ ਦੇ ਕੇ, ਇਸ ਨੇ ਫਿਰ ਦਿੱਲੀ ਦਾ ਤਖ਼ਤ ਹਾਸਲ ਕਰ ਲਿਆ। 13 ਸਾਲ ਦੇ ਅਕਬਰ ਨੂੰ ਹਮਾਯੂੰ ਨੇ ਨਵੰਬਰ ਵਿਚ ਲਾਹੌਰ ਦਾ ਸੂਬੇਦਾਰ ਬਣਾ ਕੇ ਆਪਣੇ ਇਕ ਇਤਬਾਰੀ ਬੈਰਮ ਖ਼ਾਂ ਦੀ ਸਰਪ੍ਰਸਤੀ ਹੇਠ ਲਾਹੌਰ ਭੇਜ ਦਿੱਤਾ। ਮੰਦੇ ਭਾਗੀਂ, ਇਸ ਤੋਂ ਦੋ ਮਹੀਨੇ ਬਾਦ ਹੀ, 27 ਜਨਵਰੀ 1556 ਨੂੰ ਪੌੜੀਆਂ ਤੋਂ ਉਤਰਦਾ ਹੋਇਆ ਹਾਦਸੇ ਦਾ ਸ਼ਿਕਾਰ ਹੋ ਕੇ ਇਹ ਸੰਸਾਰ ਤੋਂ ਕੂਚ ਕਰ ਗਿਆ। ਉਸ ਸਮੇਂ ਅਕਬਰ ਲਾਹੌਰ (ਅੱਜ ਕੱਲ ਗੁਰਦਾਸਪੁਰ) ਦੇ ਕੋਲ ਕਲਾਨੌਰ ਦੇ ਇਲਾਕੇ ਵਿਚ ਇਕ ਮੁਹਿੰਮ ‘ਤੇ ਸੀ। ਉਸ ਦੀ ਗ਼ੈਰ-ਹਾਜ਼ਰੀ ਵਿਚ ਹੀ ਦਿੱਲੀ ਤੋਂ ਅਕਬਰ ਦੇ ਅਗਲਾ ਬਾਦਸ਼ਾਹ ਹੋਣ ਦਾ ਰਸਮੀ ਐਲਾਨ ਕਰ ਦਿੱਤਾ ਗਿਆ। ਇਥੇ ਖ਼ਬਰ ਮਿਲਣ ‘ਤੇ ਇਸ ਦੇ ਸਰਪ੍ਰਸਤ ਬੈਰਮ ਖ਼ਾਂ ਨੇ 16 ਫ਼ਰਵਰੀ ਸੰਨ 1556 ਨੂੰ ਕਲਾਨੌਰ ਵਿਚ ਥੜੇ ‘ਤੇ ਬਿਠਾ ਕੇ ਤਿਲਕ ਲਗਾ ਕੇ ਅਕਬਰ ਦੇ ਬਾਦਸ਼ਾਹ ਹੋਣ ਦੀ ਰਸਮ ਪੂਰੀ ਕਰ ਦਿੱਤੀ ਅਰ ਜਲਦੀ ਹੀ ਬਾਦ ਵਿਚ ਅਕਬਰ ਦਿੱਲੀ ਰਵਾਨਾ ਹੋ ਗਿਆ। ਕੁਝ ਸਮੇਂ ਬਾਅਦ ਸਿਕੰਦਰ ਸੂਰੀ ਕਲਾਨੌਰ ਦੇ ਇਲਾਕੇ ਵਿਚ ਫਿਰ ਆ ਧਮਕਿਆ ਜਿਸ ਨੂੰ ਦਬਾਉਣ ਵਾਸਤੇ ਬਾਦਸ਼ਾਹ ਅਕਬਰ ਆਪ ਬੈਰਮ ਖ਼ਾਨ ਦੀ ਸਰਪ੍ਰਸਤੀ ਹੇਠ ਦਿੱਲੀ ਤੋਂ ਫ਼ੌਜ ਲੈ ਕੇ ਬਗ਼ਾਵਤ ਨੂੰ ਦਬਾਉਣ ਵਾਸਤੇ ਪੰਜਾਬ ਆ ਗਿਆ। ਅੰਤ 25 ਜੁਲਾਈ 1557 ਨੂੰ ਸਿਕੰਦਰ ਨੇ ਸਪਰਪਣ ਕਰ ਦਿੱਤਾ। ਇਥੋਂ ਗ੍ਰਿਫ਼ਤਾਰ ਕਰ ਕੇ ਉਸ ਨੂੰ ਬਿਹਾਰ ਭੇਜ ਦਿੱਤਾ ਜਿਥੇ ਕੈਦ ਵਿਚ ਹੀ ਸੰਨ 1559 ਵਿਚ ਉਸ ਦੀ ਮੌਤ ਹੋ ਗਈ।

ਇਸ ਵਿਸਥਾਰਤ ਵੇਰਵੇ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਅਕਬਰ ਲਾਹੌਰ ਦੀ ਸੂਬੇਦਾਰੀ ਦੇ ਦੌਰਾਨ 13 ਨਵੰਬਰ 1555 ਤੋਂ ਲੈ ਕੇ ਜੁਲਾਈ 1557 ਤੱਕ ਬਹੁਤਾ ਸਮਾਂ ਪੰਜਾਬ ਵਿਚ ਹੀ ਰਿਹਾ ਭਾਵੇਂ ਸਿਕੰਦਰ ਦੀ ਮੁਹਿੰਮ ਚਲਦੀ ਹੋਣ ਕਰ ਕੇ ਟਿਕਾਅ ਵਾਲਾ ਸਮਾਂ ਨਹੀਂ ਮੰਨਿਆ ਜਾ ਸਕਦਾ। ਪਰ, ਸਾਡੀ ਜਾਚੇ, ਰਾਜਸੀ ਹਲਚਲ ਦੇ ਇਸ ਸਮੇਂ ਦੌਰਾਨ ਹੀ ਖੱਤ੍ਰੀ, ਬਾਦਸ਼ਾਹ ਅਕਬਰ ਕੋਲ, ਆਪਣੇ ਬ੍ਰਾਹਮਣ-ਗੁਰੂ ਦੀ ਅਗਵਾਈ ਹੇਠ ਫ਼ਰਿਆਦੀ ਹੋਏ।

ਜਿਵੇਂ ਅਸੀਂ ਪਹਿਲਾਂ ਵਿਚਾਰ ਆਏ ਹਾਂ ਕਿ ਗੁਰੂ-ਘਰ ਦੀ ਸੰਗਠਾਤਮਕ ਸ਼ਕਤੀ ਜੋ ਗੁਰਮਤਿ ਵਿਚਾਰਧਾਰਾ ‘ਤੇ ਉਸਰੀ ਸੀ, ਉਸ ਤੋਂ ਆਪ ਭੈ-ਭੀਤ ਹੋਇਆਂ ਨੇ ਬਾਦਸ਼ਾਹ ਨੂੰ ਵੀ ਫ਼ਿਕਰਮੰਦ ਕਰਨਾ ਚਾਹਿਆ।

ਮਿਲ ਖਤ੍ਰੀ ਬ੍ਰਹਮਨ ਮਸਲਤ ਸਾਧੀ।
ਬਾਦਸਾਹ ਪਹਿ ਗਏ ਫਿਰਾਦੀ।
ਯਹ ਬਡੀ ਅਨੀਤ ਜਗਤ ਮੋ ਰਲੀ।
ਮਿਰਜਾਦਾ ਚਾਰ ਬਰਨ ਕੀ ਟਲੀ।32॥
ਗਾਇਤ੍ਰੀ ਮੰਤ੍ਰ ਰਾਮ ਨਹੀਂ ਜਪੈ।
ਵਾਹਿਗੁਰੂ ਕਾ ਥਾਪਨ ਥਪੈ।
ਜੁਗ ਚਾਰੇ ਐਸਾ ਨਹੀਂ ਭਇਆ।
ਸੁਰਤ ਸਿੰਮ੍ਰਤ ਤਜਿ ਅਪਨਾ
ਪੰਥ ਕੀਆ।33॥ ਮ.ਪ੍ਰ.

ਬਾਦਸ਼ਾਹ ਨੇ ਸਾਰਾ ਕੁਝ ਸੁਣ ਕੇ ਬੈਰਮ ਖ਼ਾਂ ਦੀ ਰਾਇ ਅਨੁਸਾਰ ਉੱਤਰ ਦੇਣ ਲਈ ਗੁਰੂ ਸਾਹਿਬ ਨੂੰ ਲਾਹੌਰ ਸੱਦ ਭੇਜਿਆ।

ਚਲਦਾ.....

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 27'ਤੇ ਪੜ੍ਹੋ**

**651. ਕੀ ਦੂਜੇ ਭਾਉ 'ਚ ਪ੍ਰਭੂ ਦੀ ਸੇਵਾ ਹੋ ਸਕਦੀ ਹੈ?**

ਲੇਕਿਨ ਇਹ ਦੂਜਾ ਭਾਉ ਕਰਤੇ ਨੇ ਆਪ ਹੀ ਜੀਵਾਂ ਨੂੰ ਚਮੇੜਿਆ ਹੋਇਆ ਹੈ । "ਦੂਜਾ ਭਾਉ ਆਪਿ ਵਰਤਾਇਆ ॥ ਅੰਗ 1054" । ਮੇਰੇ ਵਰਗਾ ਜੀਵ ਕਰੇ ਵੀ ਕੀ ਜਦੋਂ ਪ੍ਰਭੂ ਨੇ ਮੋਹ ਮਿੱਠਾ ਕਰਕੇ ਜੀਵਾਂ ਨਾ਼ਲ ਲਾ ਦਿੱਤਾ ਹੈ? ਸਤਿਗੁਰੂ ਅਮਰ ਦਾਸ ਜੀ ਫੁਰਮਾਉਂਦੇ ਹਨ ਕਿ ਪ੍ਰਭੂ ਨੇ ਇਹ ਮਾਇਆ ਮਨ ਨੂੰ ਮੋਹਨ ਵਾ਼ਲੀ ਬਣਾਈ ਹੈ, ਜਿਸਨੇ ਜੀਵਾਂ ਨੂੰ ਭਰਮ (ਅਸਤਿ ਨੂੰ ਸਤਿ ਕਰਕੇ ਜਾਨਣਾ) ਵਿਚ ਭੁਲਾ ਕੇ ਠਗ ਰੱਖਿਆ ਹੈ । ਮੈਂ ਉਸ ਪ੍ਰਭੂ ਤੋਂ ਕੁਰਬਾਨ ਜਾਂਦਾ ਹਾਂ ਜਿਸ ਨੇ ਮੋਹ ਮਿੱਠਾ ਕਰਕੇ (ਜੀਵਾਂ ਨਾ਼ਲ) ਲਾ ਦਿੱਤਾ ਹੈ। "ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥ ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ॥ ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥ ਅੰਗ 918" । ਅੰਗ 918" ।

ਹੱਲ ਕੀ ਹੈ? ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਗੁਰੂ ਕਿਰਪਾ ਨਾ਼ਲ ਜਿਹਨਾਂ ਦਾ ਪ੍ਰਭੂ ਨਾ਼ਲ ਅਟੁੱਟ ਪ੍ਰੇਮ ਪੈ ਜਾਂਦਾ ਹੈ, ਉਹ ਮਾਇਆ ਵਿਚ ਰਹਿੰਦਿਆ ਹੀ ਪ੍ਰਭੂ ਦੀ ਪ੍ਰਾਪਤੀ ਕਰ ਲੈਂਦੇ ਹਨ । "ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ ॥29॥ ਅੰਗ 920" । ਹੇ ਨਾਨਕ! ਇਸ ਮਾਇਆ (ਸੰਖੀਏ ਨੂੰ ਕੁਸ਼ਤਾ ਕਰਨ) ਦੀ ਬੂਟੀ ਇੱਕ ਹਰਿ-ਨਾਮ/ਗੁਰੂ ਦਾ ਸ਼ਬਦ ਹੀ ਹੈ ਜੋ ਕਿ ਗੁਰੂ ਅਨੁਸਾਰੀ ਨੂੰ ਹੀ ਮਿਲ ਸਕਦਾ ਹੈ । ਅਰਥਾਤ ਮਾਇਆ ਮੋਹ (ਦੂਜੇ ਭਾਉ) ਨੂੰ ਖਤਮ ਕਰਨ ਦੀ ਦਵਾਈ ਹਰੀ ਨਾਮ/ਗੁਰੂ ਸ਼ਬਦ ਹੀ ਹੈ । "ਨਾਨਕ ਮਾਇਆ ਕਾ ਮਾਰਣੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ ॥1॥ ਅੰਗ 513", "ਨਾਨਕ ਮਾਇਆ ਕਾ ਮਾਰਣੁ ਸਬਦੁ ਹੈ ਗੁਰਮੁਖਿ ਪਾਇਆ ਜਾਇ ॥1॥ ਅੰਗ 853" । ਅਤੇ "ਦੂਜਾ ਭਾਉ ਗੁਰ ਸਬਦਿ ਜਲਾਇਆ॥ ਅੰਗ 129" । ਸੰਤ (ਗੁਰੂ) ਦੀ ਕਿਰਪਾ ਨਾ਼ਲ ਪਰਮਾਤਮਾ ਹਿਰਦੇ ਵਿਚ ਆ ਵਸਦਾ ਹੈ ਤੇ ਦੂਜਾ ਭਾਉ (ਮਾਇਆ ਦਾ ਮੋਹ) ਮਿਟ ਜਾਂਦਾ ਹੈ । "ਸੰਤ ਕ੍ਰਿਪਾ ਤੇ ਹਿਰਦੈ ਵਾਸੈ ਦੂਜਾ ਭਾਉ ਮਿਟਾਵਨਾ ॥2॥ ਅੰਗ 1018" ।

**652. ਦੂਜੇ ਭਾਉ 'ਚ ਲਿਖਣ ਵਾਰੇ ਗੁਰਬਾਣੀ ਦਾ ਕੀ ਫੁਰਮਾਨ ਹੈ?**

ਸੜ ਜਾਏ ਉਹ ਕਲਮ; ਸਮੇਤ ਦਵਾਤ ਦੇ, ਤੇ ਉਹ ਕਾਗਜ਼ ਭੀ ਸੜ ਜਾਏ, ਲਿਖਣ ਵਾ਼ਲਾ ਭੀ ਜਲ ਬਲ ਜਾਏ, ਜਿਸ ਨੇ ਮਾਇਆ ਮੋਹ ਦਾ ਲੇਖ ਲਿਖਿਆ ਹੈ । "ਸਲੋਕ ਮ: 3 ॥ ਕਲਮ ਜਲਉ ਸਣੁ ਮਸਵਾਣੀਐ ਕਾਗਦੁ ਭੀ ਜਲਿ ਜਾਉ ॥ ਲਿਖਣ ਵਾਲਾ ਜਲਿ ਬਲਉ ਜਿਨਿ ਲਿਖਿਆ ਦੂਜਾ ਭਾਉ ॥ ਅੰਗ 84" ।

ਇਸਦੇ ਉਲਟ, ਧੰਨ ਹੈ ਉਹ ਕਾ਼ਗਜ ਤੇ ਕਲਮ, ਧੰਨ ਹੈ ਉਹ ਦਵਾਤ ਤੇ ਸਿਆਹੀ; ਤੇ, ਹੇ ਨਾਨਕ! ਧੰਨ ਹੈ ਉਹ ਲਿਖਣ ਵਾ਼ਲਾ ਜਿਸਨੇ ਪ੍ਰਭੂ ਦਾ ਸੱਚਾ ਨਾਮ ਲਿਖਾਇਆ । "ਸਲੋਕ ਮਃ 1 ॥ ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ ॥ ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ ॥ 1॥ ਅੰਗ 1291" ।

**653. ਰਾਤ ਦਿਨ ਭਗਤੀ ਲਈ ਕੀ ਚਾਹੀਦਾ ਹੈ?**

ਗੁਰੂ ਦੇ ਸ਼ਬਦ ਦੀ ਰਾਹੀਂ ਹੀ ਰਾਤ ਦਿਨ ਪ੍ਰਭੂ ਦੀ ਭਗਤੀ ਹੋ ਸਕਦੀ ਹੈ । "ਅਨਦਿਨੁ ਭਗਤਿ ਗੁਰ ਸਬਦੀ ਹੋਇ ॥ ਅੰਗ 161" ।

**654. ਮਨੁੱਖ ਆਪਣਾ ਜਨਮ ਕਿੱਦਾਂ ਜਿੱਤ ਲੈਂਦਾ ਹੈ ਤੇ ਨਾਮ ਦਾ ਲਾਭ ਕਿੱਦਾਂ ਪ੍ਰਾਪਤ ਕਰਦਾ ਹੈ?**

ਜਿਹੜਾ ਮਨੁੱਖ ਗੁਰੂ ਅਨੁਸਾਰੀ ਹੋ ਕੇ ਪ੍ਰਭੂ ਦੇ ਨਾਮ 'ਚ ਧਿਆਨ ਧਰਦਾ ਹੈ, ਉਹ ਮਨੁੱਖਾ ਜਨਮ ਦੀ ਬਾਜ਼ੀ ਜਿੱਤ ਲੈਂਦਾ ਹੈ ਤੇ ਪ੍ਰਭੂ ਦੇ ਨਾਮ ਧਨ ਦਾ ਲਾਭ ਪ੍ਰਾਪਤ ਕਰ ਲੈਂਦਾ ਹੈ । "ਗੁਰਮੁਖਿ ਪ੍ਰਾਣੀ ਨਾਮੁ ਹਰਿ ਧਿਆਇ ॥ ਜਨਮੁ ਜੀਤਿ ਲਾਹਾ ਨਾਮੁ ਪਾਇ ॥1॥ ਰਹਾਉ ॥ ਅੰਗ 162" ।

**655. ਹਰੀ ਦਰਗਾਹ ਵਿਚ ਕੌਣ ਛੁਡਾਉਂਦਾ ਹੈ?**

ਹੇ ਮੇਰੇ ਮਨ ! ਗੁਰੂ ਦੇ ਚਰਨਾਂ ਵਿਚ ਚਿੱਤ ਜੋੜ । ਗੁਰੂ ਅਨੁਸਾਰੀ ਹੋ ਕੇ ਪ੍ਰਭੂ ਦਾ ਨਾਮ-ਖ਼ਜ਼ਾਨਾ ਇਕੱਠਾ ਕਰ ਲੈ, ਜੋ ਕਿ ਤੈਨੂੰ ਪ੍ਰਭੂ ਦੀ ਦਰਗਾਹ ਵਿਚ (ਲੇਖੇ ਜੋਖੇ ਤੋਂ) ਛੁਡਾ ਲਵੇਗਾ । "ਮੇਰੇ ਮਨ ਗੁਰ ਚਰਣੀ ਚਿਤੁ ਲਾਇ ॥ ਗੁਰਮੁਖਿ ਨਾਮੁ ਨਿਧਾਨੁ ਲੈ ਦਰਗਹ ਲਏ ਛਡਾਇ ॥1॥ ਰਹਾਉ ॥ ਅੰਗ 162" । ਹੇ ਨਾਨਕ! ਜਿਹਨਾਂ ਦੇ ਮਨ ਵਿਚ ਨਾਮ ਵਸ ਜਾਂਦਾ ਹੈ, ਨਾਮ ਉਹਨਾਂ ਨੂੰ ਪ੍ਰਭੂ ਦੀ ਦਰਗਾਹ ਵਿਚੋਂ ਛੁਡਾ ਲੈਂਦਾ ਹੈ । "ਨਾਨਕ ਨਾਮੋ ਮਨਿ ਵਸੈ ਹਰਿ ਦਰਗਹ ਲਏ ਛਡਾਇ ॥57॥ ਅੰਗ 1420" । ਸਰਬ ਵਿਆਪਕ ਪ੍ਰਭੂ ਦਾ ਰੂਪ ਸਤਿਗੁਰੂ ਨਿਰਵੈਰ ਹੈ, ਜਿਸਨੂੰ ਉਸਨੇ ਆਪਣੇ ਨਾ਼ਲ ਲਾਉਣਾ ਹੁੰਦਾ ਹੈ ਆਪੇ ਹੀ ਲਾ ਲੈਂਦਾ ਹੈ । ਹੇ ਨਾਨਕ! ਜਿਹਨਾਂ ਨੂੰ ਸਤਿਗੁਰੂ ਆਪਣਾ ਦਰਸ਼ਨ ਦਿੰਦਾ ਹੈ ਉਹਨਾਂ ਨੂੰ ਉਹ ਹਰੀ ਦਰਗਾਹ ਵਿਚੋਂ ਛੁਡਾ ਲੈਂਦਾ ਹੈ । "ਸਤਿਗੁਰੁ ਪੁਰਖੁ ਨਿਰਵੈਰੁ ਹੈ ਆਪੇ ਲਏ ਜਿਸੁ ਲਾਇ ॥ ਨਾਨਕ ਦਰਸਨੁ ਜਿਨਾ ਵੇਖਾਲਿਓਨੁ ਤਿਨਾ ਦਰਗਹ ਲਏ ਛਡਾਇ।1। ਅੰਗ 314" । ਹੇ ਨਾਨਕ! ਧੁਰ ਦਰਗਾਹ ਤੋਂ ਜਿਸ ਮਨੁੱਖ ਦੇ ਮੱਥੇ ਉਤੇ ਹਰੀ-ਪ੍ਰਭੂ ਦਾ ਲੇਖ ਲਿਖਿਆ ਹੁੰਦਾ ਹੈ, ਉਸਨੂੰ ਗੁਰੂ (ਨਾਨਕ) ਆ ਕੇ ਮਿਲ ਪੈਂਦਾ ਹੈ । ਗੁਰੂ ਜਮਦੂਤਾਂ ਨੂੰ ਮਾਰ ਮੁਕਾ ਦਿੰਦਾ ਹੈ ਤੇ ਪ੍ਰਭੂ ਦੀ ਦਰਗਾਹ ਵਿਚੋਂ ਛੁਡਾ ਲੈਂਦਾ ਹੈ । "ਧੁਰਿ ਮਸਤਕਿ ਹਰਿ ਪ੍ਰਭ ਲਿਖਿਆ ਗੁਰ ਨਾਨਕ ਮਿਲਿਆ ਆਇ ॥ ਜਮਕੰਕਰ ਮਾਰਿ ਬਿਦਾਰਿਅਨੁ ਹਰਿ ਦਰਗਹ ਲਏ ਛਡਾਇ ॥ ਗੁਰਸਿਖਾ ਨੋ ਸਾਬਾਸਿ ਹੈ ਹਰਿ ਤੁਠਾ ਮੇਲਿ ਮਿਲਾਇ ॥27॥ ਅੰਗ 1424" । ਜ਼ਾਹਿਰ ਹੈ ਕਿ ਪ੍ਰਭੂ ਦੀ ਦਰਗਾਹ ਵਿਚੋਂ ਛੁਡਾਉਣ ਵਾ਼ਲਾ ਨਾਮ ਜਾਂ ਨਾਮ ਦਾ ਦਾਤਾ ਸਤਿਗੁਰੂ ਹੈ!

***ਬਾਕੀ ਅਗਲੇ ਹਫ਼ਤੇ ਪੜ੍ਹੋ***

ਪੰਜਾਬ ਟਾਈਮਜ਼

**PANJAB TIMES (EST 1965)**

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

**FOR SUBSCRIPTION**
*(PLEASE TICK ONE RELEVANT BOX)*

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME.......................................................................................
ADDRESS.................................................................................
.............................................POST CODE............................
TEL............................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.

**or call on / WHATSAPP NO : 07966 388 388**
*www.panjabtimes.uk Email: Panjabtimes@aol.com*

**ਗੁਰੂ ਹਰਿਗੋਬਿੰਦ ਸਾਹਿਬ ਗੁਰਦੁਆਰਾ ਡਾਰਟਫੋਰਡ ਕੈਂਟ ਵਿਖੇ**
**ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ**

ਇਸ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ, ਜੋ ਕੀਰਤਨ ਅਤੇ ਤਬਲਾ ਚੰਗੀ ਤਰ੍ਹਾਂ ਜਾਣਦਾ ਹੋਵੇ । ਗੁਰਦੁਆਰਾ ਸਾਹਿਬ ਵਿਖੇ ਚੱਲ ਰਹੀਆਂ ਸੇਵਾਵਾਂ ਜਿਹਨਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ, ਨਿੱਤਨੇਮ ਦੀ ਸੇਵਾ, ਸੁਖਮਨੀ ਸਾਹਿਬ ਦਾ ਪਾਠ, ਸਹਿਜ ਪਾਠ, ਸ੍ਰੀ ਅਖੰਡ ਪਾਠ ਸਾਹਿਬ ਆਦਿ ਸ਼ਾਮਿਲ ਹਨ । ਉਸ ਦੇ ਕੋਲ ਸਿੱਖ ਧਰਮ ਬਾਰੇ ਗਿਆਨ ਹੋਣਾ ਲਾਜ਼ਮੀ ਹੈ । ਕੰਮ ਅਤੇ ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਦੇ ਮੁਤਾਬਕ ਤਨਖਾਹ, ਖਾਣਾ ਤੇ ਰਿਹਾਇਸ਼ ਮੁਫ਼ਤ ਗੁਰਦੁਆਰਾ ਸਾਹਿਬ ਵਿਖੇ ਦਿੱਤੀ ਜਾਵੇਗੀ । ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਆਗਿਆ ਹੋਣੀ ਲਾਜ਼ਮੀ ਹੈ । ਹਫ਼ਤੇ ਦਾ ਘੱਟੋ-ਘੱਟ 23 ਘੰਟੇ ਕੰਮ ਹੋਵੇਗਾ । ਤਨਖਾਹ £12·71 ਪੌਂਡ ਘੰਟੇ ਦੀ ਹੋਵੇਗੀ।

ਆਪਣੇ ਪੂਰੇ ਵੇਰਵੇ ਸਮੇਤ ਅਰਜ਼ੀਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੇਠਾਂ ਦਿੱਤੇ ਪਤੇ 'ਤੇ 26 ਫਰਵਰੀ 2026 ਤੱਕ ਭੇਜੋ ਜੀ ।

**VACANCY for RELIGIOUS WORKER at GURU HARGOBIND SAHIB GURDWARA, DARTFORD, KENT**

Religious worker required at Guru Hargobind Sahib Gurdwara, Dartford, Kent. He Must have sufficient experience to do the Paath reciting Guru Granth Sahib with good command, and also they must know to do Kirtan and play Tabla. He would be performing all the Gurdwara duties as per our requirements. Must have right to work in uk. Accommodation and meals free and Salary £12.71 per hour.

**Minimum hours will be 23hrs. per week.**

**Please send your applications to Gurdwara management committee on address given below or Email: ghsdartford@outlook.com**

**CLOSING DATE: 26th FEBRUARY 2026**

**GURDWARA GURU HARGOBIND SAHIB**
**8-10 Highfield Road, Dartford, Kent, DA1 2JJ (Charity No.1127047)**

ਲੜੀਵਾਰ ਨਾਵਲ



ਸ਼ਿਵਚਰਨ ਜੱਗੀ (ਕੁੱਸਾ)

ਫੋਨ : 07853 317 891


Email: jaggikussa@yahoo.de


ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ 59

# ਇੱਕ ਮੇਰੀ ਅੱਖ ਕਾਸ਼ਣੀ...

**ਮਾਣੋਂ ਸੋਚ ਰਹੀ ਸੀ ਕਿ ਕੀ ਫ਼ਾਇਦਾ ਸੀ ਇਸ ਜਾਇਦਾਦ ਦਾ? ਜੋ ਉਸ ਦੀ ਸੱਸ ਜਤਾ ਰਹੀ ਸੀ? ਸਿਆਣੇ ਐਵੇਂ ਨਹੀਂ ਆਖ ਗਏ ਕਿ ਭੱਠ ਪਿਆ ਸੋਨਾਂ, ਜਿਹੜਾ ਕੰਨਾਂ ਨੂੰ ਖਾਵੇ...। ਜਿਹੜੇ ਘਰ ਵਿੱਚ ਇੱਜ਼ਤਾਂ ਦੇ ਰਾਖੇ ਹੀ ਇੱਜ਼ਤ ਦੇ ਲੁਟੇਰੇ ਬਣ ਜਾਣ, ਉਸ ਘਰ ਵਿੱਚ ਵੀ ਕੀ ਰਹਿਣਾਂ...? ਜਿਸ ਘਰ ਵਿੱਚ ਬੇਸ਼ਰਮ ਬੁੱਢਾ ਸਹੁਰਾ ਹੀ ਆਪਣੀ ਸਕੀ ਨੂੰਹ ਦੀ ਇੱਜ਼ਤ 'ਤੇ ਧਾੜਵੀ ਬਣਿਆਂ ਹੋਵੇ, ਓਸ ਘਰ ਵਿੱਚ ਰਹਿਣ ਦਾ ਕੀ ਹੱਜ...? ਉਸ ਨੂੰ ਆਪਣੀ ਸੱਸ ਮਲਕੀਤ ਕੌਰ ਦੀ ਵੀ ਸਮਝ ਨਹੀਂ ਆ ਰਹੀ ਸੀ ਕਿ ਉਹ ਅਸਲ ਵਿੱਚ ਕੀ ਚਾਹੁੰਦੀ ਸੀ...? ਇੱਕ ਪਾਸੇ ਤਾਂ ਆਪਦੇ ਘਰਵਾਲ਼ੇ ਨੂੰ "ਬੁੱਚੜ" ਅਤੇ "ਕਸਾਈ" ਗਰਦਾਨ ਰਹੀ ਸੀ, ਅਤੇ ਦੂਜੇ ਪਾਸੇ ਉਸ ਨੂੰ ਇੱਥੇ, ਇਸੇ ਘਰ ਵਿੱਚ ਰਹਿਣ ਲਈ ਕਹਿ ਰਹੀ ਸੀ...?**




## ਕਾਂਡ 26

ਉਹ "ਗਪਲ-ਗਪਲ" ਆਪਣਾ ਪੀਜ਼ਾ ਖਾ ਰਿਹਾ ਸੀ ਅਤੇ ਨਾਲ਼ ਕੋਕ ਸੂਤ ਰਿਹਾ ਸੀ।

-"ਬੀਜੀ, ਮੈਂ ਇੱਕ ਗੱਲ ਦੱਸਾਂ...?" ਮਾਣੋਂ ਨੇ ਸੱਸ ਨੂੰ ਆਖਿਆ।

-"ਦੱਸ ਪੁੱਤ...?"

-"ਮੇਰੀ ਜ਼ਿੰਦਗੀ ਬਰਬਾਦ ਕਰਨ ਵਿੱਚ ਇਕੱਲੇ ਮੇਰੇ ਸਹੁਰਾ ਸਾਹਿਬ ਹੀ ਨਹੀਂ, ਮੇਰੇ ਮਾਂ ਤੇ ਬਾਪ ਵੀ ਪੂਰੇ ਭਾਗੀਦਾਰ ਨੇ...। ਕੈਨੇਡਾ ਦੇ ਲਾਲਚ ਨੇ ਉਹਨਾਂ ਨੂੰ ਵੀ ਟਿਕਣ ਨੀ ਦਿੱਤਾ, ਤੇ ਕੈਨੇਡਾ ਦੇ ਲਾਲਚ ਦੀ ਨੋਕ 'ਤੇ ਟੰਗੀ ਮੈਂ ਐਥੇ ਆ ਡਿੱਗੀ...। ਪਹਿਲਾਂ ਇੰਡੀਆ, ਤੇ ਹੁਣ ਐਥੇ, ਆਪਣੀ ਇੱਜ਼ਤ ਤਾਰ-ਤਾਰ ਕਰਵਾਈ...। ਮੇਰਾ ਚਾਰੇ ਪਾਸੇ ਤੋਂ ਦਿਲ ਅੱਕ ਗਿਆ..। ਮੈਂ ਐਥੇ ਨੀ ਰਹਿਣਾ ਚਾਹੁੰਦੀ, ਮੈਂ ਤਾਂ ਇੰਡੀਆ ਜਾਣਾ ਚਾਹੁੰਨੀ ਆਂ..।"

-"..........।" ਡਾਲੀ ਅਤੇ ਉਸ ਦੀ ਮਾਂ ਕੁਛ ਨਾ ਬੋਲੀਆਂ। ਪਰ ਉਹ ਮਾਣੋਂ ਦੇ ਦੁਖੀ ਦਿਲ ਅਤੇ ਉਸ ਦੀ ਮਾਨਸਿਕ ਹਾਲਤ ਸਮਝਦੀਆਂ ਸਨ। ਪਰ ਉਹ ਇਹ ਵੀ ਚਾਹੁੰਦੀਆਂ ਸਨ ਕਿ ਉਹ ਉਹਨਾਂ ਦੇ ਬੁਝੜ ਜਿਹੇ ਹੈਰੀ ਨੂੰ ਸਿੱਧੇ ਰਾਹ ਲੈ ਤੁਰੇ, ਜੋ ਇਤਨਾ ਆਸਾਨ ਨਹੀਂ ਸੀ। ਮਾਣੋਂ ਉਹਨਾਂ ਦੀ ਮਾਨਸਿਕਤਾ, ਦਿਲ ਦਾ ਦਰਦ ਸਮਝਦੀ ਸੀ, ਪਰ ਉਹ ਸੋਚਦੀ ਸੀ ਕਿ ਚਾਰੇ ਪਾਸੇ 'ਬਲੀ' ਦੇਣ ਲਈ ਸਿਰਫ਼ ਮੈਂ ਹੀ ਕਿਉਂ...?

-"ਪੁੱਤ...!" ਉਸ ਦੀ ਸੱਸ ਮਲਕੀਤ ਕੌਰ ਨੇ ਹਾਉਕੇ ਵਰਗਾ ਲੰਮਾਂ ਸਾਹ ਲਿਆ ਅਤੇ ਮੁੜ ਬੋਲਣਾ ਸ਼ੁਰੂ ਕੀਤਾ, "ਸਾਨੂੰ ਨੀ ਪਤਾ ਤੈਨੂੰ ਇਹ ਕੀ ਵਾਅਦੇ ਕਰ ਕੇ ਐਥੇ ਲਿਆਇਐ...। ਸਾਨੂੰ ਪਤਾ ਸੀ ਬਈ ਸਾਡਾ ਮੁੰਡਾ ਵਿਆਹ ਦੇ ਕਾਬਲ ਨੀ...। ਤੈਨੂੰ ਵੀ ਦਿਸੀ ਜਾਂਦੈ...। ਤੈਨੂੰ ਕਿਹੜਾ ਕੁਛ ਭੁੱਲਿਐ ਪੁੱਤ...? ਇਹਨੂੰ ਤਾਂ ਖਾਣ ਜਾਂ ਪੀਣ ਤੋਂ ਬਿਨਾ ਕੋਈ ਸੁਰਤ ਨੀ...। ਦਿਲ ਤਾਂ ਬਥੇਰ੍ਹਾ ਕਰਦੈ ਬਈ ਸਾਡੇ ਵੀ ਪੋਤੇ ਪੋਤੀਆਂ ਹੋਣ, ਪਰ ਅਸੀਂ ਕਿਸੇ ਦੀ ਧੀ ਦੀ ਜ਼ਿੰਦਗੀ ਖਰਾਬ ਨੀ ਸੀ ਕਰਨਾ ਚਾਹੁੰਦੇ ਪੁੱਤ...। ਪਰ ਇਹ ਤਾਂ ਪਤਾ ਨੀ ਇਹਦਾ ਬੁੱਚੜ ਪਿਉ ਤੈਨੂੰ ਕਿਵੇਂ ਲੈ ਆਇਆ...? ਸਾਨੂੰ ਇਹਦੇ ਪਿੱਛੇ ਕਾਰਨ ਦਾ ਨੀ ਪਤਾ...। ਜਿਹੜੀ ਗੱਲ ਤੂੰ ਕੀਤੀ ਐ ਵਾਪਸ ਜਾਣ ਦੀ, ਉਹ ਪੁੱਤ ਤੈਨੂੰ ਇਹਦਾ ਬੁੱਚੜ ਪਿਉ ਲੈ ਕੇ ਆਇਐ, ਤੇ ਜੇ ਅਸੀਂ ਤੈਨੂੰ ਵਾਪਸ ਚੜ੍ਹਾ ਦਿੱਤਾ, ਤਾਂ ਸਾਡੀ ਜਾਨ ਦਾ ਵੈਰੀ ਬਣੂੰ...। ਉਹ ਤਾਂ ਬਾਹਲ਼ਾ ਕਸਾਈ ਐ ਸ਼ੇਰ ਹੋਣਾ...।"

-"..........।" ਮਾਣੋਂ ਦਾ ਕਾਲ਼ਜਾ "ਧੱਕ" ਕਰ ਕੇ ਰਹਿ ਗਿਆ। ਉਹ ਸੋਚ ਰਹੀ ਸੀ ਕਿ ਮੇਰੇ ਨਾਲ਼ ਇਹ ਸਾਰੇ ਰਲ਼ ਕੇ ਤਾਂ ਡਰਾਮਾ ਨਹੀਂ ਖੇਡ ਰਹੇ...? ਪਰ ਜੇ ਇਹ ਡਰਾਮਾ ਖੇਡਦੀਆਂ ਹੁੰਦੀਆਂ, ਤਾਂ ਮੈਨੂੰ ਮਹਿੰਗਾ ਫ਼ੋਨ ਨਹੀਂ ਸੀ ਲਿਆ ਕੇ ਦਿੰਦੀਆਂ...। ਸ਼ਾਇਦ ਫ਼ੋਨ ਲਿਆ ਕੇ ਹੀ ਇਸ ਕਰ ਕੇ ਦਿੱਤਾ ਹੋਵੇ ਕਿ ਮੈਂ ਲਾਲਚ ਵਿੱਚ ਆ ਕੇ ਟਿਕੀ ਰਹਾਂ ਅਤੇ ਇਹਨਾਂ ਦੇ ਬੁੱਡੂ ਪੁੱਤ ਦੇ ਮਨੋਰੰਜਨ ਦਾ ਸਾਧਨ ਬਣਾਂ...? ਮਾਣੋਂ ਦੇ ਦਿਮਾਗ ਵਿੱਚ ਸੋਚਾਂ ਦਾ ਜਿਹਾਦ ਛਿੜਿਆ ਹੋਇਆ ਸੀ। ਉਪਰੋਥਲੀ ਉਸ ਦੇ ਦਿਮਾਗ ਉਪਰ ਸੋਚਾਂ ਦੀ ਬੰਬਾਰੀ ਹੋ ਰਹੀ ਸੀ। ਉਸ ਦੇ ਵਿਚਾਰ ਸੋਚਾਂ ਨਾਲ਼ ਗੁੱਥਮਗੁੱਥਾ ਹੋ ਰਹੇ ਸਨ।

-"ਉਂ ਤਾਂ ਪੁੱਤ ਇੱਕ ਗੱਲ ਹੋਰ ਐ....।" ਮਲਕੀਤ ਕੌਰ ਨੇ ਅਗਲੀ ਗੱਲ ਨੂੰ ਵਾਢਾ ਪਾਇਆ, "ਜੇ ਦੇਖੀਏ, ਸਾਰਾ ਕੁਛ ਤੇਰਾ ਤੇ ਹੈਰੀ ਦਾ ਈ ਐ...। ਅਗਲੇ ਹਫ਼ਤੇ ਇਹਦੀ ਕਲੀਨਿਕ ਦੀ ਅਪਾਇੰਟਮੈਂਟ ਐ, ਕੀ ਐ ਇਹ ਵਿਚਾਰਾ ਠੀਕ ਈ ਹੋਜੇ....?"

ਡਾਲੀ ਚੁੱਪ ਚਾਪ ਆਪਣੇ ਫ਼ੋਨ 'ਤੇ ਕਿਸੇ ਨੂੰ 'ਮੈਸਿਜ' ਕਰਨ ਲੱਗੀ ਹੋਈ ਸੀ।

ਹੈਰੀ ਖਾਣ ਅਤੇ ਪੀਣ ਵਿੱਚ ਮਸਤ ਸੀ।

ਮਾਣੋਂ ਸੋਚ ਰਹੀ ਸੀ ਕਿ ਕੀ ਫ਼ਾਇਦਾ ਸੀ ਇਸ ਜਾਇਦਾਦ ਦਾ? ਜੋ ਉਸ ਦੀ ਸੱਸ ਜਤਾ ਰਹੀ ਸੀ? ਸਿਆਣੇ ਐਵੇਂ ਨਹੀਂ ਆਖ ਗਏ ਕਿ ਭੱਠ ਪਿਆ ਸੋਨਾਂ, ਜਿਹੜਾ ਕੰਨਾਂ ਨੂੰ ਖਾਵੇ...। ਜਿਹੜੇ ਘਰ ਵਿੱਚ ਇੱਜ਼ਤਾਂ ਦੇ ਰਾਖੇ ਹੀ ਇੱਜ਼ਤ ਦੇ ਲੁਟੇਰੇ ਬਣ ਜਾਣ, ਉਸ ਘਰ ਵਿੱਚ ਵੀ ਕੀ ਰਹਿਣਾਂ...? ਜਿਸ ਘਰ ਵਿੱਚ ਬੇਸ਼ਰਮ ਬੁੱਢਾ ਸਹੁਰਾ ਹੀ ਆਪਣੀ ਸਕੀ ਨੂੰਹ ਦੀ ਇੱਜ਼ਤ 'ਤੇ ਧਾੜਵੀ ਬਣਿਆਂ ਹੋਵੇ, ਓਸ ਘਰ ਵਿੱਚ ਰਹਿਣ ਦਾ ਕੀ ਹੱਜ...? ਉਸ ਨੂੰ ਆਪਣੀ ਸੱਸ ਮਲਕੀਤ ਕੌਰ ਦੀ ਵੀ ਸਮਝ ਨਹੀਂ ਆ ਰਹੀ ਸੀ ਕਿ ਉਹ ਅਸਲ ਵਿੱਚ ਕੀ ਚਾਹੁੰਦੀ ਸੀ...? ਇੱਕ ਪਾਸੇ ਤਾਂ ਆਪਦੇ ਘਰਵਾਲ਼ੇ ਨੂੰ "ਬੁੱਚੜ" ਅਤੇ "ਕਸਾਈ" ਗਰਦਾਨ ਰਹੀ ਸੀ, ਅਤੇ ਦੂਜੇ ਪਾਸੇ ਉਸ ਨੂੰ ਇੱਥੇ, ਇਸੇ ਘਰ ਵਿੱਚ ਰਹਿਣ ਲਈ ਕਹਿ ਰਹੀ ਸੀ...?

-"ਪੁੱਤ, ਇੱਕ ਸਲਾਹ ਦੇਵਾਂ...?" ਸੱਸ ਬੋਲੀ।

-".........।" ਮਾਣੋਂ ਨੇ ਚੁੱਪ ਨਜ਼ਰਾਂ ਉਪਰ ਚੁੱਕੀਆਂ। ਪਰ ਹੁਣ ਉਸ ਨੂੰ ਉਹਨਾਂ ਤੋਂ ਕਿਸੇ ਮੱਦਦ ਜਾਂ ਹਮਦਰਦੀ ਦੀ ਆਸ ਨਹੀਂ ਰਹੀ ਸੀ। ਉਸ ਨੂੰ ਸਮਝ ਆ ਗਈ ਸੀ ਕਿ ਸਹਿਆ ਆਪਣੇ ਅਤੇ ਕੁੱਤਾ ਆਪਣੇ "ਦਾਅ" ਨੂੰ ਜਾ ਰਿਹਾ ਸੀ। ਉਹ ਸੋਚ ਰਹੀ ਸੀ ਕਿ ਸ਼ਾਇਦ ਹਰ ਕੋਈ ਮੈਨੂੰ ਆਪਣੇ-ਆਪਣੇ ਮਕਸਦ ਲਈ "ਵਰਤਣਾ" ਚਾਹੁੰਦਾ ਸੀ। ਸੱਸ ਮਲਕੀਤ ਕੌਰ ਜਾਂ ਨਣਾਨ ਡਾਲੀ ਨੇ ਵੀ ਕੋਈ ਐਸੀ ਠੋਸ ਗੱਲ ਨਹੀਂ ਕੀਤੀ ਸੀ, ਜਿਸ ਤੋਂ ਅਨੁਮਾਨ ਲੱਗਦਾ ਹੋਵੇ ਕਿ ਉਹ ਉਸ ਨੂੰ "ਬੁੱਚੜ" ਸਹੁਰੇ ਤੋਂ ਬਚਾਉਣਾ, ਜਾਂ ਨਿਜ਼ਾਤ ਦਿਵਾਉਣਾ ਚਾਹੁੰਦੀਆਂ ਸਨ..?

-"ਤੂੰ ਮ੍ਹੀਨਾਂ ਕੁ ਔਖੀ ਸੌਖੀ ਕੱਟ...। ਫ਼ੇਰ ਤੈਨੂੰ ਅਸੀਂ ਕਿਸੇ ਤਰੀਕੇ ਨਾਲ਼ ਐਥੋਂ ਕੱਢ ਲਵਾਂਗੀਆਂ...।" ਸੱਸ ਨੇ ਮਾਣੋਂ ਨੂੰ ਆਖ ਤਾਂ ਦਿੱਤਾ। ਪਰ ਮਾਣੋਂ ਨੂੰ ਭੋਰਾ ਵੀ ਵਿਸ਼ਵਾਸ ਜਾਂ ਯਕੀਨ ਨਾ ਆਇਆ। ... ਜੇ ਮੈਨੂੰ ਕੱਢਣਾ ਹੀ ਹੈ, ਤਾਂ ਮਹੀਨਾਂ ਕਾਹਦੇ ਵਾਸਤੇ...? ਅੱਜ ਕੱਲ੍ਹ ਦੇ ਵਿੱਚ ਹੀ ਕਿਉਂ ਨਹੀਂ...? ਸੱਸ ਮਲਕੀਤ ਕੌਰ ਵੀ ਉਸ ਨੂੰ ਕੋਈ ਸਤੀ ਸਵਿੱਤਰੀ ਨਹੀਂ ਲੱਗੀ ਸੀ। .... ਇੱਕ ਪਾਸੇ ਤਾਂ ਕਹਿ ਰਹੀ ਹੈ ਕਿ ਮੈਂ ਬਘੇਲ ਸਿਉਂ ਬੁੱਚੜ ਤੋਂ ਤਲਾਕ ਦੇ ਕੇ ਮਸਾਂ ਖਹਿੜਾ ਛੁਡਾਇਆ...। ...ਤੇ ਫ਼ੇਰ ਐਥੇ ਉਸ ਦੇ ਘਰ ਕੀ ਧੱਕੇ ਖਾਣ ਆਉਂਦੀ ਸੀ...? ਆਹ ਗਡੋਡੂ ਜਿਹੇ ਹੈਰੀ ਨੂੰ ਕਿਤੇ ਬਾਹਰ ਨਹੀਂ ਮਿਲ਼ ਸਕਦੀ...? ... ਹੈਰੀ ਗੀਗਾ ਥੋੜ੍ਹੋ ਐ...? ਸਿਨਮਿਆਂ ਵਿੱਚ ਬਥੇਰੇ ਧੱਕੇ ਖਾ ਆਉਂਦੈ....। ਓਦੋਂ ਇਹਦਾ ਕਮਲ਼ਪੁਣਾ ਕਿੱਥੇ ਗਿਆ ਹੁੰਦੈ...? ਖਾਣ ਪੀਣ ਵਾਲ਼ੇ ਸਟੋਰਾਂ 'ਤੇ ਬਥੇਰੇ ਗੇੜੇ ਕੱਢ ਆਉਂਦੈ...। ਓਦੋਂ ਇਹਦਾ ਝੱਲਪੁਣਾਂ ਕਿੱਥੇ ਹੁੰਦੈ...? ਮੈਨੂੰ ਤਾਂ ਇਹ ਮਚਲਾ ਲੱਗਦੈ...। ਸ਼ਾਇਦ ਓਨਾਂ ਬੁੱਡੂ ਹੈ ਨਹੀਂ, ਜਿੰਨਾਂ ਇਹ ਦਿਖਾਵਾ ਕਰਦੈ...। ਮਾਣੋਂ ਸੋਚ ਰਹੀ ਸੀ। ...ਆਹ ਮੇਰੀ ਸੱਸ ਨੂੰ ਪੁੱਛਣਾ ਹੋਵੇ, ਬਈ ਮਹੀਨੇ ਨੂੰ ਰਾਜੇ ਦੀ ਘੋੜੀ ਸੂਅ ਪਊ...? ਫ਼ੇਰ ਕਿੱਕਰਾਂ ਨੂੰ ਪਤਾਸੇ ਲੱਗਣ ਲੱਗ ਪੈਣਗੇ...? ਮਹੀਨੇ ਨੂੰ ਦੱਸ ਕਿਹੜਾ ਯੁੱਗ ਬਦਲ ਜਾਊਗਾ...?

-"ਡਾਲੀ...!"

-"ਜੀ ਮੰਮ...?"

-"ਆਪਦੀ ਭਾਬੀ ਨੂੰ ਸੌ ਡਾਲਰ ਦੇਹ ਪੁੱਤ...!" ਡਾਲੀ ਨੇ ਪਰਸ ਵਿੱਚੋਂ ਕੱਢ ਕੇ ਮਾਣੋਂ ਨੂੰ ਸੌ ਡਾਲਰ ਦੇ ਦਿੱਤਾ।

ਮਾਣੋਂ ਸੌ ਡਾਲਰ ਵੱਲ ਕੋਚਰ ਵਾਂਗ ਝਾਕ ਰਹੀ ਸੀ। ਉਸ ਦਾ ਦਿਲ ਕੀਤਾ ਕਿ ਪੈਸੇ ਫ਼ੜ ਕੇ ਡਾਲੀ ਦੇ ਮੂੰਹ 'ਤੇ ਮਾਰੇ। ਪਰ ਉਸ ਨੇ ਜ਼ਾਬਤਾ ਬਣਾਈ ਰੱਖਿਆ ਅਤੇ ਸੌ ਡਾਲਰ ਚੁੱਪ ਚਾਪ ਫੜ ਲਏ। ਅਜੇ ਜ਼ਿਦ ਅਤੇ ਹਠ ਉਸ ਨੂੰ ਵਾਰਾ ਨਹੀਂ ਖਾਂਦਾ ਸੀ। ਅਜੇ ਤੱਕ ਉਹ ਪ੍ਰੀਵਾਰ ਦੇ ਕਿਸੇ ਵੀ ਮੈਂਬਰ ਦੇ ਸੁਭਾਅ ਤੋਂ ਚੰਗੀ ਤਰ੍ਹਾਂ ਜਾਣੂੰ ਨਹੀਂ ਸੀ। ਤੱਤਾ 'ਲੱਕ' ਕੇ ਉਹ ਆਪਣਾ ਮੂੰਹ ਨਹੀਂ ਸਾੜਨਾ ਚਾਹੁੰਦੀ ਸੀ। ਉਹਦੇ ਵਿੱਚ ਸਬਰ ਸੀ। ਸੰਤੋਖ ਸੀ। ਜਿਸ ਕਰ ਕੇ ਉਹ ਤੇਲ ਦੇਖੋ ਤੇ ਤੇਲ ਦੀ ਧਾਰ ਦੇਖੋ ਵਾਲ਼ੀ ਨੀਤੀ 'ਤੇ ਚੱਲ ਰਹੀ ਸੀ।

ਦੋ ਕੁ ਘੰਟੇ ਰੁਕ ਕੇ ਸੱਸ ਅਤੇ ਨਣਾਨ ਮੁੜ ਫਿਰ ਆਉਣ ਦਾ ਵਾਅਦਾ ਦੇ ਕੇ ਚਾਲੇ ਪਾ ਗਈਆਂ। ਪਿੱਛੇ ਰਹਿ ਗਈ ਮਾਣੋਂ। ਇਸ ਭੂਤ ਬੰਗਲੇ ਵਿੱਚ ਫਾਕੇ ਕੱਟਣ ਅਤੇ ਆਪਣੇ ਉਪਰ ਬਣੀਆਂ ਭਾਵੀਆਂ ਭੁਗਤਣ ਲਈ। ਫਿਰ ਕੁਝ ਸੋਚ ਕੇ ਉਸ ਦਾ ਰੋਣ ਨਿਕਲ਼ ਗਿਆ।

"ਖਾਣ ਸੂਰਾ" ਹੈਰੀ ਹਮੇਸ਼ਾ ਵਾਂਗ ਖਾਣ, ਪੀਣ ਅਤੇ ਟੈਲੀ ਦੇਖਣ ਵਿੱਚ ਮਸ਼ਰੂਫ਼ ਸੀ।

ਉਸ ਦਾ ਦਿਲ ਕੀਤਾ ਕਿ ਰਸੋਈ ਵਿੱਚੋਂ ਚਾਕੂ ਚੁੱਕ ਕੇ ਹੈਰੀ ਦਾ ਕਤਲ ਕਰ ਦੇਵੇ। ਜੇ ਹੈਰੀ ਨਾ ਹੁੰਦਾ ਤਾਂ ਮਾਣੋਂ ਦਾ 'ਨਰੜ' ਨਾ ਹੁੰਦਾ। ਜੇ 'ਨਰੜ' ਨਾ ਹੁੰਦਾ, ਤਾਂ ਉਸ ਦਾ ਬੁਲਡੋਜ਼ਰ ਸਹੁਰਾ ਉਸ ਨਾਲ਼ ਜ਼ਬਰਜਨਾਂਹ ਨਾ ਕਰਦਾ।

ਮਾਣੋਂ ਇਕੱਲੀ ਬੈਠੀ ਰਹਿ ਗਈ।

ਰੋਹੀ ਵਿੱਚ ਖੜ੍ਹੇ ਜੰਡ ਦੀ ਤਰ੍ਹਾਂ। ....ਉਹ ਹੁਣ ਫ਼ਿਰ ਸੋਚਾਂ ਵਿੱਚ ਪੈ ਗਈ। ... ਹੁਣ ਆਪਦੇ ਸਹੁਰੇ ਦੇ ਹੱਥੋਂ ਨਾ ਤਾਂ ਕੁਛ ਲੈ ਕੇ ਪੀਣੈ, ਤੇ ਨਾ ਕੁਛ ਲੈ ਕੇ ਖਾਣੈ...। ਅੱਜ ਕੱਲ੍ਹ ਤਾਂ "ਗੂਗਲ ਬਾਬਾ" ਥੋਨੂੰ ਦੁਨੀਆਂ ਭਰ ਦੀਆਂ ਜਾਣਕਾਰੀਆਂ ਦੇ ਦਿੰਦੈ...! ਮਾਣੋਂ ਦੇ ਕੰਨਾਂ ਵਿੱਚ ਉਸ ਦੇ ਪ੍ਰੋਫ਼ੈਸਰ ਦੇ ਕਹੇ ਬੋਲ ਛਣਕੇ। ਉਸ ਦੇ ਕਪਾਟ ਖੁੱਲ੍ਹ ਗਏ। ...ਜੇ ਨਹੀਂ ਕੋਈ ਮੱਦਦ ਕਰਦਾ ਤਾਂ ਜਾਵੇ ਢੱਠੇ ਖੂਹ 'ਚ...! ਫ਼ੋਨ ਮੈਨੂੰ ਮਿਲ਼ ਹੀ ਗਿਐ...। ਹੁਣ ਆਪਣੀ ਮੱਦਦ ਮੈਂ ਖ਼ੁਦ ਲੱਭੂੰਗੀ...। ਇਹ ਇੰਡੀਆ ਥੋੜ੍ਹੋ ਐ...? ਬਈ ਇੱਥੇ ਇਨਸਾਫ਼ ਨੀ ਮਿਲਣਾ...? ਇਹ ਕੈਨੇਡਾ ਐ, ਐਥੇ ਤਾਂ ਲਿਆ ਦੇਣਗੇ ਅਗਲੇ 'ਨ੍ਹੇਰੀ...! ਕੱਢ ਦੇਣਗੇ ਧੁੱਕੀ ਦੁਸ਼ਟ ਸਹੁਰੇ ਦੀ...।

ਉਹ ਤੂਫ਼ਾਨ ਵਾਂਗ ਆਪਣੇ ਫ਼ੋਨ ਵੱਲ ਗਈ ਅਤੇ ਉਸ ਨੇ ਚਾਰਜ ਹੁੰਦਾ ਫ਼ੋਨ ਲਾਹ ਕੇ ਆਪਣੇ ਕੋਲ਼ ਲੱਗੇ ਪਲੰਘ ਵਿੱਚ ਲਾ ਲਿਆ। ਫ਼ੋਨ ਸਿੱਧਾ ਕਰ ਕੇ ਉਸ ਨੇ 'ਗੂਗਲ' ਉਪਰ ਵੱਖੋ-ਵੱਖਰੀ 'ਸਰਚ' ਮਾਰਨੀ ਸ਼ੁਰੂ ਕਰ ਦਿੱਤੀ। 'ਗਪਲ਼ - ਗਪਲ਼' ਚਰਦਾ ਹੈਰੀ ਤਿਰਛੀ ਅੱਖ ਨਾਲ਼ ਉਸ ਵੱਲ ਵੇਖ ਰਿਹਾ ਸੀ। ਉਸ ਨੂੰ ਹੈਰੀ 'ਕਮਲ਼ਾ' ਘੱਟ ਅਤੇ 'ਮੀਸਣਾ' ਜ਼ਿਆਦਾ ਲੱਗਿਆ।

(ਚਲਦਾ)....

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

# How the Lioness Queen Changed Maharaja Duleep Singh

**Iqbal Singh Lalpura**
**Mobile 9780003333**



On 8 February 1861, inside Calcutta's Spencer Hotel, a meeting took place that quietly unsettled the British belief that Sikh sovereignty had been extinguished forever. What was arranged as a carefully supervised reunion between a mother and her son became a moment of moral awakening—one that altered the inner life of Maharaja Duleep Singh, the last ruler of the Sikh Empire. After thirteen years of enforced separation, Maharani Jindan Kaur met her son not merely as a mother, but as the living conscience of a defeated yet unbroken people.

In 1860, Duleep Singh, then living in England under close British supervision, received distressing news that his mother, exiled to Nepal after years of humiliation and confinement, had lost her eyesight. It was widely believed that her blindness resulted from years of grief and unending tears. Despite sustained efforts by the British to detach him from Sikh faith, memory, and history, the bond between mother and son remained intact. Deeply disturbed, Duleep Singh sought permission to meet her. The British government, confident that he had been fully alienated from Sikhi and absorbed into Christianity, allowed the meeting—but imposed a decisive restriction. He could travel to India, but Punjab remained forbidden.

On arrival in Calcutta, Duleep Singh was lodged at Spencer Hotel. British representatives were sent to Nepal to escort Maharani Jindan Kaur, a woman they continued to fear long after stripping her of power. On 8 February 1861, she arrived. Thirteen years of exile, separation, and suffering culminated in that moment.

When mother and son finally met, emotions overwhelmed both. Duleep Singh bent forward to touch his mother's feet. Instinctively, Maharani Jindan Kaur placed her right hand upon his head to bless him. In that instant, she recoiled sharply. Her hand felt no joora, no unshorn hair—the sacred symbol of Sikh identity and sovereignty. Shocked and devastated, she stepped back as if struck.



Overcome with grief, she cried aloud,

"Shukar hai mere Rab da ke meri ankhaan kho laiyan. Main eh ghon-mon Duleep nahin dekh sakdi. Eh mera Duleep nahin hai."

Duleep Singh, trembling, pleaded through tears,

"Maa, main hi tera Duleep haan. Mainu apne gal naal laa le. Asi dono waqt de maare haan."

But the anguish went far beyond personal sorrow. Maharani Jindan Kaur lamented not only the loss of her husband and kingdom, but the loss of Sikhi itself. With long, trembling breaths she cried,

"Mera sartaj chala gaya, sadda raj chala gaya. Main matthe te shikan nahin paayi, par ajj mera Sikhi da taaj vi chala gaya. Main ajj apne aap nu lutti hoyi mehsoos kar rahi haan."

Her body shook violently as she continued,

"Ajj meri kul vichon jaivein sarbansdani shaheed bachiyan da khoon hi mukk gaya hove."

Witnessing his mother's anguish, Duleep Singh collapsed at her feet and wept openly,

"Maa, main shayad tera raj-bhag wapas na kar saka. Main shayad Koh-i-Noor vi na modh saka. Par ajj tere pavittar charnaan di kasam, main apni kul vich gavaachi Sikhi nu dobara laa ke hi rahunga."

This moment marked a decisive turning point. From that day onwards, Duleep Singh's attitude towards the British changed fundamentally. The obedient ward of the Empire, long showcased as a colonial success story, began to question his dispossession. He demanded the return of his confiscated possessions, raised the issue of the Koh-i-Noor diamond, and refused to return immediately to England. He sought permission to remain in India with his mother.

News of his presence in Calcutta spread rapidly across Punjab. For a people still traumatised by the collapse of their empire, the Maharaja's return to Indian soil carried enormous symbolic weight. Reports reached the British administration that Punjabis were preparing to move towards Calcutta. Equally unsettling was the re-emergence of Maharani Jindan Kaur, a woman whose very presence revived suppressed memories of sovereignty and resistance.

Alarmed, the British sought containment. Duleep Singh was informed that he could live with his mother—but not in India. If he wished to remain with her, it would have to be in England. With no viable alternative, mother and son departed Bombay on 4 May 1861 and reached England on 1 July 1861. Exile once again became the price of togetherness.

Yet the British misjudged the deeper consequence of the Calcutta meeting. Though blind, powerless, and exiled, Maharani Jindan Kaur succeeded in what decades of surveillance and indoctrination had failed to prevent. She awakened in her son a consciousness of injustice, identity, and moral responsibility. Duleep Singh's later estrangement from the British Crown and his attempts—however constrained—to reclaim his dignity can be traced directly to that single encounter.

One painful truth, however, must also be stated. After this awakening of Maharaja Duleep Singh, no serious effort was made by the short-sighted Sikh leadership of the time to raise a banner against the British. Instead of standing with their dispossessed Maharaja and turning this moment into collective resistance, Sikh leadership chose accommodation over courage. Gradually, Sikhs were transformed into the most obedient servants of the British Empire—loyal princes, loyal soldiers, and loyal servants in office. The community that once challenged empires was reduced to guarding one. Sovereignty was exchanged for service, resistance for recruitment, and political vision for imperial loyalty.

Thus, the meeting at Spencer Hotel stands not only as the story of a lioness-queen awakening her son, but also as a silent indictment of leadership that failed to rise when history offered a final moral summons.

**Former Chairman National Commission for Minorities Government of India**

# ਕਰਜੇ ਨਾਲ ਤਰੱਕੀ-ਵਿਸ਼ਵ ਅਰਥ ਵਿਵਸਥਾ ਲਈ ਖਤਰਾ

ਸੰਦੀਪ ਕੁਮਾਰ
7009807121



ਅੱਜ ਦੇ ਸਮੇਂ ਵਿੱਚ ਵਿਸ਼ਵ ਅਰਥ ਵਿਵਸਥਾ ਇੱਕ ਅਜਿਹੇ ਮੋੜ 'ਤੇ ਖੜ੍ਹੀ ਹੈ ਜਿੱਥੇ ਅਮੀਰ ਦੇਸ਼ਾਂ ਵਿੱਚ ਵਧਦਾ ਕਰਜ਼ਾ ਨਾ ਸਿਰਫ਼ ਉਨ੍ਹਾਂ ਦੀ ਆਪਣੀ ਆਰਥਿਕ ਸਥਿਰਤਾ ਨੂੰ ਚੁਣੌਤੀ ਦੇ ਰਿਹਾ ਹੈ ਸਗੋਂ ਪੂਰੀ ਵਿਸ਼ਵ ਅਰਥ ਵਿਵਸਥਾ ਲਈ ਵੱਡਾ ਖਤਰਾ ਬਣ ਰਿਹਾ ਹੈ। ਜਾਪਾਨ, ਅਮਰੀਕਾ, ਇਟਲੀ, ਫਰਾਂਸ ਅਤੇ ਬ੍ਰਿਟੇਨ ਵਰਗੇ ਅਮੀਰ ਦੇਸ਼ਾਂ ਵਿੱਚ ਸਰਕਾਰੀ ਕਰਜ਼ਾ ਆਪਣੇ ਜੀਡੀਪੀ ਦੇ 100 ਤੋਂ 230 ਫੀਸਦੀ ਤੱਕ ਪਹੁੰਚ ਚੁੱਕਾ ਹੈ। ਇਹ ਅੰਕੜੇ ਨਾ ਸਿਰਫ਼ ਚਿੰਤਾਜਨਕ ਹਨ ਸਗੋਂ ਇਹ ਦਰਸਾਉਂਦੇ ਹਨ ਕਿ ਕਰਜ਼ੇ ਨਾਲ ਤਰੱਕੀ ਦਾ ਮਾਡਲ ਹੁਣ ਆਪਣੀਆਂ ਹੱਦਾਂ ਨੂੰ ਛੂਹ ਰਿਹਾ ਹੈ ਅਤੇ ਇਸ ਨਾਲ ਵਿਸ਼ਵ ਪੱਧਰ 'ਤੇ ਵਿੱਤੀ ਅਸਥਿਰਤਾ ਦਾ ਖਦਸ਼ਾ ਵਧ ਰਿਹਾ ਹੈ।

ਅਮੀਰ ਦੇਸ਼ਾਂ ਵਿੱਚ ਕਰਜ਼ੇ ਦਾ ਵਾਧਾ ਕਈ ਦਹਾਕਿਆਂ ਤੋਂ ਚੱਲ ਰਿਹਾ ਹੈ। ਸਾਲ 2008 ਦੀ ਵਿਸ਼ਵ ਵਿੱਤੀ ਸੰਕਟ ਅਤੇ 2020 ਦੀ ਕੋਵਿਡ ਮਹਾਮਾਰੀ ਨੇ ਇਸ ਨੂੰ ਹੋਰ ਤੇਜ਼ ਕਰ ਦਿੱਤਾ। ਇਨ੍ਹਾਂ ਸੰਕਟਾਂ ਵਿੱਚ ਸਰਕਾਰਾਂ ਨੇ ਅਰਬਾਂ ਡਾਲਰਾਂ ਦੀ ਰਾਹਤ ਪੈਕੇਜਾਂ, ਸਬਸਿਡੀਆਂ ਅਤੇ ਬੇਰੁਜ਼ਗਾਰੀ ਭੱਤੇ ਵਰਗੇ ਖਰਚੇ ਕੀਤੇ ਜਿਸ ਨਾਲ ਕਰਜ਼ਾ ਵਧਿਆ ਪਰ ਆਰਥਿਕ ਵਾਧਾ ਉਸ ਅਨੁਪਾਤ ਵਿੱਚ ਨਹੀਂ ਵਧ ਸਕਿਆ। ਜਾਪਾਨ ਵਿੱਚ ਤਾਂ ਕਰਜ਼ਾ ਜੀਡੀਪੀ ਦੇ ਲਗਭਗ 230-236 ਫੀਸਦੀ ਤੱਕ ਪਹੁੰਚ ਚੁੱਕਾ ਹੈ ਜੋ ਵਿਸ਼ਵ ਵਿੱਚ ਸਭ ਤੋਂ ਵੱਧ ਹੈ। ਇਸ ਦੇ ਬਾਵਜੂਦ ਜਾਪਾਨ ਨੇ ਆਪਣੀ ਮੁਦਰਾ ਅਤੇ ਘਰੇਲੂ ਬਚਤਾਂ ਦੇ ਬਲ 'ਤੇ ਇਸ ਨੂੰ ਸੰਭਾਲ ਰੱਖਿਆ ਹੈ ਪਰ ਇਹ ਸਥਿਤੀ ਲੰਬੇ ਸਮੇਂ ਲਈ ਟਿਕਾਊ ਨਹੀਂ ਹੈ। ਅਮਰੀਕਾ ਵਿੱਚ ਵੀ ਕਰਜ਼ਾ 125 ਫੀਸਦੀ ਤੋਂ ਵੱਧ ਹੈ ਅਤੇ ਇਹ ਵਧਦਾ ਜਾ ਰਿਹਾ ਹੈ। ਇਟਲੀ ਅਤੇ ਫਰਾਂਸ ਵਿੱਚ ਵੀ ਇਹ ਅੰਕੜਾ 130-140 ਫੀਸਦੀ ਦੇ ਆਸ-ਪਾਸ ਹੈ। ਇਹ ਅੰਕੜੇ ਦਰਸਾਉਂਦੇ ਹਨ ਕਿ ਅਮੀਰ ਦੇਸ਼ਾਂ ਨੇ ਕਰਜ਼ੇ ਨੂੰ ਆਰਥਿਕ ਵਾਧੇ ਦਾ ਸਾਧਨ ਬਣਾ ਲਿਆ ਹੈ ਪਰ ਹੁਣ ਇਹ ਸਾਧਨ ਖੁਦ ਖਤਰੇ ਵਿੱਚ ਬਦਲ ਰਿਹਾ ਹੈ।

ਕਰਜ਼ੇ ਦਾ ਵੱਧਣਾ ਸਿਰਫ਼ ਅੰਕੜੇ ਨਹੀਂ ਸਗੋਂ ਇਸ ਦੇ ਨਾਲ ਜੁੜੇ ਖਰਚੇ ਵੀ ਵਧਾਉਂਦਾ ਹੈ। ਵਿਆਜ ਦੇ ਭੁਗਤਾਨ ਹੁਣ ਬਹੁਤ ਵੱਡੇ ਹੋ ਗਏ ਹਨ। ਅਮਰੀਕਾ ਵਿੱਚ ਵਿਆਜ ਦੇ ਭੁਗਤਾਨ ਸਾਲਾਨਾ ਇੱਕ ਟ੍ਰਿਲੀਅਨ ਡਾਲਰ ਤੋਂ ਵੱਧ ਹੋ ਸਕਦੇ ਹਨ ਜੋ ਸਿੱਖਿਆ ਜਾਂ ਸਿਹਤ ਸੰਭਾਲ ਵਰਗੇ ਖੇਤਰਾਂ ਨਾਲੋਂ ਵੱਧ ਹੈ। ਜਾਪਾਨ ਵਿੱਚ ਵੀ ਵਿਆਜ ਦੇ ਭੁਗਤਾਨ ਸਿੱਖਿਆ ਬਜਟ ਨਾਲੋਂ ਕਈ ਗੁਣਾ ਵੱਧ ਹੋ ਸਕਦੇ ਹਨ। ਇਹ ਪੈਸਾ ਜੇਕਰ ਵਿਕਾਸ 'ਤੇ ਖਰਚ ਹੁੰਦਾ ਤਾਂ ਆਰਥਿਕ ਵਾਧਾ ਵਧ ਸਕਦਾ ਸੀ ਪਰ ਹੁਣ ਇਹ ਸਿਰਫ਼ ਪੁਰਾਣੇ ਕਰਜ਼ੇ ਦੇ ਵਿਆਜ ਭਰਨ ਵਿੱਚ ਖਰਚ ਹੋ ਰਿਹਾ ਹੈ। ਇਸ ਨਾਲ ਸਰਕਾਰਾਂ



ਨੂੰ ਨਵੇਂ ਖਰਚੇ ਲਈ ਵੀ ਕਰਜ਼ਾ ਲੈਣਾ ਪੈਂਦਾ ਹੈ ਜਿਸ ਨਾਲ ਇੱਕ ਚੱਕਰ ਬਣ ਜਾਂਦਾ ਹੈ ਜਿਸ ਵਿੱਚੋਂ ਬਾਹਰ ਨਿਕਲਣਾ ਮੁਸ਼ਕਲ ਹੈ।

ਇਹ ਸਥਿਤੀ ਵਿਸ਼ਵ ਅਰਥ ਵਿਵਸਥਾ ਲਈ ਖਤਰਨਾਕ ਹੈ ਕਿਉਂਕਿ ਅਮੀਰ ਦੇਸ਼ ਵਿਸ਼ਵ ਦੀ ਅਰਥ ਵਿਵਸਥਾ ਦੇ ਮੁੱਖ ਖੰਭੇ ਹਨ। ਜੇ ਅਮਰੀਕਾ ਜਾਂ ਜਾਪਾਨ ਵਿੱਚ ਵਿੱਤੀ ਸੰਕਟ ਆਇਆ ਤਾਂ ਇਸ ਦਾ ਅਸਰ ਪੂਰੇ ਵਿਸ਼ਵ 'ਤੇ ਪਵੇਗਾ। ਅਮਰੀਕੀ ਡਾਲਰ ਵਿਸ਼ਵ ਦੀ ਰਿਜ਼ਰਵ ਮੁਦਰਾ ਹੈ ਅਤੇ ਯੂਐੱਸ ਟਰੈਜ਼ਰੀ ਬਾਂਡਸ ਸਭ ਤੋਂ ਸੁਰੱਖਿਅਤ ਸੰਪਤੀ ਮੰਨੇ ਜਾਂਦੇ ਹਨ। ਜੇ ਇਨ੍ਹਾਂ 'ਤੇ ਭਰੋਸਾ ਘਟਿਆ ਤਾਂ ਵਿਸ਼ਵ ਭਰ ਵਿੱਚ ਵਿੱਤੀ ਬਾਜ਼ਾਰਾਂ ਵਿੱਚ ਹਲਚਲ ਮਚ ਸਕਦੀ ਹੈ। ਵਿਆਜ ਦਰਾਂ ਵਧਣਗੀਆਂ, ਸਟਾਕ ਮਾਰਕੀਟਾਂ ਡਿੱਗ ਸਕਦੀਆਂ ਹਨ ਅਤੇ ਵਪਾਰ ਘਟ ਸਕਦਾ ਹੈ।

ਯੂਰਪ ਵਿੱਚ ਇਟਲੀ ਵਰਗੇ ਦੇਸ਼ਾਂ ਦਾ ਵੱਡਾ ਕਰਜ਼ਾ ਯੂਰੋਜ਼ੋਨ ਏਰੀਆ ਭਾਵ ਯੂਰਪੀਅਨ ਯੂਨੀਅਨ ਖੇਤਰ ਲਈ ਖਤਰਾ ਬਣ ਸਕਦਾ ਹੈ ਜਿਵੇਂ 2010 ਦੇ ਸੰਕਟ ਵਿੱਚ ਗ੍ਰੀਸ ਨੇ ਬਣਾਇਆ ਸੀ। ਇਸ ਤਰ੍ਹਾਂ ਦਾ ਸੰਕਟ ਅਮੀਰ ਦੇਸ਼ਾਂ ਤੱਕ ਸੀਮਤ ਨਹੀਂ ਰਹੇਗਾ ਸਗੋਂ ਵਿਕਾਸਸ਼ੀਲ ਦੇਸ਼ਾਂ ਨੂੰ ਵੀ ਪ੍ਰਭਾਵਿਤ ਕਰੇਗਾ ਜਿੱਥੇ ਵਿਆਜ ਦਰਾਂ ਵਧਣ ਨਾਲ ਕਰਜ਼ਾ ਚੁਕਾਉਣਾ ਮੁਸ਼ਕਲ ਹੋ ਜਾਵੇਗਾ।

ਇਸ ਤੋਂ ਇਲਾਵਾ ਵੱਡੇ ਕਰਜ਼ੇ ਨਾਲ ਸਰਕਾਰਾਂ ਦੀ ਨੀਤੀਆਂ ਵਿੱਚ ਲਚਕ ਘੱਟ ਜਾਂਦੀ ਹੈ। ਜਦੋਂ ਕੋਈ ਨਵਾਂ ਸੰਕਟ ਆਵੇ ਜਿਵੇਂ ਮਹਾਮਾਰੀ ਜਾਂ ਭੂ-ਰਾਜਨੀਤਕ ਤਣਾਅ ਤਾਂ ਸਰਕਾਰਾਂ ਕੋਲ ਖਰਚ ਕਰਨ ਲਈ ਥਾਂ ਘੱਟ ਰਹਿ ਜਾਂਦੀ ਹੈ। ਇਹ ਆਰਥਿਕ ਵਾਧੇ ਨੂੰ ਰੋਕਦਾ ਹੈ ਅਤੇ ਬੇਰੁਜ਼ਗਾਰੀ ਵਧਾਉਂਦਾ ਹੈ। ਅਮੀਰ ਦੇਸ਼ਾਂ ਵਿੱਚ ਵੱਧ ਰਹੇ ਵਿਆਜ ਦੇ ਭੁਗਤਾਨ ਨਾਲ ਸਿੱਖਿਆ, ਸਿਹਤ ਅਤੇ ਬੁਨਿਆਦੀ ਢਾਂਚੇ ਵਰਗੇ ਖੇਤਰਾਂ ਵਿੱਚ ਨਿਵੇਸ਼ ਘੱਟ ਹੋ ਰਿਹਾ ਹੈ ਜੋ ਲੰਬੇ ਸਮੇਂ ਵਿੱਚ ਉਤਪਾਦਕਤਾ ਅਤੇ ਵਾਧੇ ਨੂੰ ਪ੍ਰਭਾਵਿਤ ਕਰਦਾ ਹੈ। ਇਸ ਨਾਲ ਅਰਥ ਵਿਵਸਥਾ ਦੀ ਬੁਨਿਆਦ ਕਮਜ਼ੋਰ ਹੁੰਦੀ ਜਾਂਦੀ ਹੈ ਅਤੇ ਇੱਕ ਛੋਟਾ ਜਿਹਾ ਸੰਕਟ ਵੀ ਵੱਡੇ ਸੰਕਟ ਵਿੱਚ ਬਦਲ ਸਕਦਾ ਹੈ।

ਵਿਸ਼ਵ ਪੱਧਰ 'ਤੇ ਵੀ ਇਹ ਖਤਰਾ ਵਧ ਰਿਹਾ ਹੈ ਕਿਉਂਕਿ ਅਮੀਰ ਦੇਸ਼ਾਂ ਦਾ ਕਰਜ਼ਾ ਵਿਸ਼ਵ ਦੀ ਕੁੱਲ ਜੀਡੀਪੀ ਦੇ 93-100 ਫੀਸਦੀ ਤੱਕ ਪਹੁੰਚ ਚੁੱਕਾ ਹੈ ਅਤੇ ਇਹ ਵਧਦਾ ਜਾ ਰਿਹਾ ਹੈ। ਇੰਟਰਨੈਸ਼ਨਲ ਮਾਨੀਟਰੀ ਫੰਡ ਅਤੇ ਹੋਰ ਸੰਸਥਾਵਾਂ ਨੇ ਚੇਤਾਵਨੀ ਦਿੱਤੀ ਹੈ ਕਿ ਇਹ ਸਥਿਤੀ ਵਿੱਤੀ ਸਥਿਰਤਾ ਲਈ ਖਤਰਨਾਕ ਹੈ। ਜੇ ਵਿਆਜ ਦਰਾਂ ਵਧੀਆਂ ਜਾਂ ਵਿਸ਼ਵ ਵਿੱਚ ਮੰਦੀ ਆਈ ਤਾਂ ਬਹੁਤ ਸਾਰੇ ਦੇਸ਼ਾਂ ਨੂੰ ਕਰਜ਼ਾ ਰੋਲਓਵਰ ਕਰਨ ਵਿੱਚ ਮੁਸ਼ਕਲ ਆ ਸਕਦੀ ਹੈ ਅਤੇ ਇਹ ਵਿੱਤੀ ਸੰਕਟ ਦਾ ਕਾਰਨ ਬਣ ਸਕਦਾ ਹੈ। ਇਸ ਲਈ ਜ਼ਰੂਰੀ ਹੈ ਕਿ ਅਮੀਰ ਦੇਸ਼ ਆਪਣੇ ਖਰਚੇ ਘਟਾਉਣ, ਟੈਕਸ ਵਧਾਉਣ ਅਤੇ ਫਿਸਕਲ ਸੰਤੁਲਨ ਵੱਲ ਵਧਣ ਭਾਵ ਆਮਦਨ ਅਤੇ ਖਰਚੇ ਵਿਚਕਾਰ ਸੰਤੁਲਨ ਬਣਾਇਆ ਜਾਵੇ। ਪਰ ਰਾਜਨੀਤਿਕ ਕਾਰਨਾਂ ਕਰਕੇ ਇਹ ਕਦਮ ਚੁੱਕਣਾ ਮੁਸ਼ਕਲ ਹੈ ਕਿਉਂਕਿ ਲੋਕ ਖਰਚੇ ਘਟਾਉਣ ਜਾਂ ਟੈਕਸ ਵਧਾਉਣ ਨੂੰ ਪਸੰਦ ਨਹੀਂ ਕਰਦੇ।

ਸਿੱਟੇ ਵਜੋਂ ਕਰਜ਼ੇ ਨਾਲ ਤਰੱਕੀ ਦਾ ਮਾਡਲ ਹੁਣ ਆਪਣੀਆਂ ਸੀਮਾਵਾਂ ਨੂੰ ਪਾਰ ਕਰ ਚੁੱਕਾ ਹੈ। ਅਮੀਰ ਦੇਸ਼ਾਂ ਵਿੱਚ ਵੱਡਾ ਕਰਜ਼ਾ ਨਾ ਸਿਰਫ਼ ਉਨ੍ਹਾਂ ਦੀ ਆਰਥਿਕਤਾ ਨੂੰ ਕਮਜ਼ੋਰ ਕਰ ਰਿਹਾ ਹੈ ਸਗੋਂ ਵਿਸ਼ਵ ਅਰਥ ਵਿਵਸਥਾ ਲਈ ਵੀ ਵੱਡਾ ਖਤਰਾ ਬਣ ਰਿਹਾ ਹੈ। ਜੇ ਸਮੇਂ ਸਿਰ ਇਸ ਨੂੰ ਨਿਯੰਤਰਿਤ ਨਾ ਕੀਤਾ ਗਿਆ ਤਾਂ ਇੱਕ ਵੱਡਾ ਵਿੱਤੀ ਸੰਕਟ ਆ ਸਕਦਾ ਹੈ ਜਿਸ ਦਾ ਅਸਰ ਪੂਰੇ ਵਿਸ਼ਵ 'ਤੇ ਪਵੇਗਾ। ਇਸ ਲਈ ਵਿਸ਼ਵ ਨੂੰ ਨਵੇਂ ਤਰੀਕੇ ਲੱਭਣੇ ਪੈਣਗੇ ਜਿਵੇਂ ਵਧੇਰੇ ਟਿਕਾਊ ਵਿਕਾਸ, ਉਤਪਾਦਕਤਾ ਵਧਾਉਣ ਅਤੇ ਫਿਸਕਲ ਜ਼ਿੰਮੇਵਾਰੀ ਭਾਵ ਆਮਦਨ ਅਤੇ ਖਰਚੇ ਵਿਚਕਾਰ ਸੰਤੁਲਨ ਨੂੰ ਅਪਣਾਉਣਾ ਤਾਂ ਜੋ ਕਰਜ਼ੇ ਦਾ ਇਹ ਪਹਾੜ ਵਿਸ਼ਵ ਅਰਥ ਵਿਵਸਥਾ ਨੂੰ ਢਾਹ ਨਾ ਲਾਵੇ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com

### Tail Piece

## THE PEOPLE GET ONOLY ONE OCCASION TO SEE THE CANDIDATES

In our country, thepeople are the masters, lords and owners of the country and all they elect and appoint are Public /servants. And still they are kept apart ad contesting groups have tken all the resosibilities for them. /they slect the candidates, they nominate the candidats and they hve taken responsibility that they are car3eful while choosing candidates ad after comlete satisfaction they have nominatd the cdandidates. /so peope cdould see their candidates while in rllies o stgs where the nominators come and show the candidates to the people ad take all other resposiilitis to work the pepe/the leading leaders themselves dedlare that these cadidats shall e stregtheing their hands in he Parliamet.

Who is the andidates, what are his merits on which the candidate had been selected by the ontesting groups is the responsibility of the contesting groups and nothing is disclosed to the peple. If these peple cross the floor after their eledtio, no objection is rised by the nominators because the same lierty is available to tem too.

The candidas ae silent and noe of them come on stage and assure the people that he has collected all the problems of the people and shall be tryig to solve those prolems oe by oe. He goes in the House silently and domes back silently ad ever faces the people sayg this ad this prolem h see solved ad if give aother chage, he would solve the remaiing prolem too.Voting system has be adlopted but cadidats are ever allowed to fqce the people, they are kept apart and people are forded to vote and none knows they are voting for the candidate, for the nominators or for the PM designate or the leader of the pposition designate.

And these rehearsals had bee there pdate and after decades the peple could decide tht what they had bee doing, the came forward jut to keep the democracy alive, ad result is this low percentqge And the contesting groups are not having any worry and are just going one. What shall be the percentage next time, they have no worry cause number of members in the Parliamet shall remain the sme and percentage of vot4s may go down, none is worried aout this low perentge because low dow of votes still leaves behid complete strength of MPs in the house.

**Advocate dalip singh wasan,**
**Email dalipsinghwassan@yahoo.co.in**

# ਅਮਰੀਕੀ ਟੈਰਿਫ਼ ਪ੍ਰਭਾਵ ਹੇਠ-ਦੇਸ਼ ਦਾ ਬੇਉਮੀਦਾ ਸੁਸਤ ਬਜਟ

ਗੁਰਮੀਤ ਸਿੰਘ ਪਲਾਹੀ
9815802070



ਦੇਸ਼ ਦਾ ਆਮ ਬਜਟ 2026-27 ਠੰਢੀ ਵਿਕਾਸ ਦਰ, ਗ਼ਰੀਬੀ ਅਤੇ ਵਧਦੀ ਨਾ-ਬਰਾਬਰੀ, ਨਿਵੇਸ਼ ਵਿੱਚ ਠਹਿਰਾਅ, ਵਿਆਪਕ ਬੇਰੁਜ਼ਗਾਰੀ ਤੇ ਕਲਿਆਣਕਾਰੀ ਯੋਜਨਾਵਾਂ ਨੂੰ ਪਿੱਠ ਵਿਖਾਉਣ ਵਾਲਾ ਹੈ। ਰੁਪਏ ਦਾ ਭਾਅ ਡਾਲਰ ਮੁਕਾਬਲੇ ਘਟਣ, ਬੁਨਿਆਦੀ ਢਾਂਚੇ ਅਤੇ ਜ਼ਰੂਰੀ ਸੇਵਾਵਾਂ ਦੀ ਮੰਗ ਤੇ ਪੂਰਤੀ ਦੇ ਵਿਚਕਾਰ ਪੈ ਰਹੇ ਵੱਡੇ ਪਾੜੇ ਪ੍ਰਤੀ ਵੱਧ ਰਹੀ ਚਿੰਤਾ ਪ੍ਰਤੀ ਇਹ ਬਜਟ ਅਣਭਿੱਜ ਹੈ। ਸਰਕਾਰ ਨੇ ਉਪਰੋਕਤ ਵਿਸ਼ਿਆਂ ਪ੍ਰਤੀ ਵੱਧ ਰਹੀਆਂ ਚਿੰਤਾਵਾਂ ਬਾਰੇ ਆਪਣੀ ਨੀਤੀ ਬਜਟ ਵਿੱਚ ਬਿਲਕੁਲ ਵੀ ਸਪਸ਼ਟ ਨਹੀਂ ਕੀਤੀ।

ਸਾਲ 2025-26 ਦੇ ਬਜਟ ਵਿੱਚ ਪੇਂਡੂ ਤੇ ਸ਼ਹਿਰੀ ਵਿਕਾਸ, ਸਿੱਖਿਆ, ਸਿਹਤ ਅਤੇ ਕਈ ਹੋਰ ਮਹਿਕਮਿਆਂ ਦੇ ਬਜਟ ਵਿੱਚ ਕਟੌਤੀ ਕੀਤੀ ਗਈ ਹੈ, ਜਦਕਿ ਰੱਖਿਆ ਬਜਟ 15 ਫ਼ੀਸਦੀ ਵਧਾ ਦਿੱਤਾ ਗਿਆ ਹੈ। ਖੇਤੀ ਅਤੇ ਪੇਂਡੂ ਵਿਕਾਸ ਮਹਿਕਮੇ ਦੇ ਬਜਟ ਵਿੱਚ 60,052 ਕਰੋੜ ਦੀ ਕਟੌਤੀ ਕੀਤੀ ਗਈ ਹੈ।

ਵਿੱਤ ਮੰਤਰੀ ਨੇ ਲੋਕਾਂ ਲਈ ਯੋਜਨਾਵਾਂ, ਸੰਸਥਾਨਾਂ ਅਤੇ ਸੰਮਤੀਆਂ ਦੀ ਝੜੀ ਲਗਾ ਦਿੱਤੀ। ਇਸ ਕਿਸਮ ਦੀਆਂ ਲਗਭਗ 24 ਘੋਸ਼ਣਾਵਾਂ ਕੀਤੀਆਂ ਗਈਆਂ ਹਨ, ਪਰ ਇਹਨਾਂ ਘੋਸ਼ਣਾਵਾਂ ਲਈ ਕੋਈ ਵੱਖਰਾ ਬਜਟ ਨਹੀਂ ਰੱਖਿਆ ਗਿਆ। ਕਿਹਾ ਗਿਆ ਹੈ ਕਿ ਏਆਈ ਦੇ ਖੇਤਰ ਵਿੱਚ ਭਾਰਤ ਨੂੰ ਵਿਸ਼ਵ ਪੱਧਰ 'ਤੇ ਅੱਗੇ ਵਧਣਾ ਹੋਵੇਗਾ। ਇਸ ਵਾਸਤੇ ਸਰਕਾਰ ਵਿਦੇਸ਼ੀ ਕੰਪਨੀਆਂ ਨੂੰ ਕਲਾਊਡ ਸੇਵਾਵਾਂ ਦੇ ਅਧੀਨ ਸਹੂਲਤਾਂ ਦੇਵੇਗੀ। ਪਰ ਨਵੇਂ ਭਾਰਤੀ ਉਦਮੀ, ਜੋ ਦੇਸ਼ ਛੱਡ ਕੇ ਅਮਰੀਕਾ ਜਾ ਵਸੇ ਹਨ ਅਤੇ ਉੱਥੇ ਆਪਣੀਆਂ ਸੇਵਾਵਾਂ ਦੇ ਰਹੇ ਹਨ, ਉਹਨਾਂ ਬਾਰੇ ਚੁੱਪੀ ਸਾਧੀ ਗਈ ਹੈ।

ਕਿਸਾਨਾਂ ਦੀ ਆਮਦਨ ਦੋਗੁਣੀ ਕਰਨ ਦੇ ਦਾਅਵਿਆਂ ਦੇ ਵਿਚਕਾਰ ਕਿਸਾਨਾਂ ਪ੍ਰਤੀ ਬਜਟ ਆਖ਼ਰ ਚੁੱਪ ਕਿਉਂ ਹੈ ? ਸਿਰਫ਼ ਕਾਜੂ ਅਤੇ ਨਾਰੀਅਲ ਦੀ ਖੇਤੀ ਤੋਂ ਬਿਨਾਂ ਕਿਸਾਨਾਂ ਦੀ ਕੋਈ ਗੱਲ ਹੀ ਨਹੀਂ ਕੀਤੀ ਗਈ। ਬਜਟ ਵਿੱਚ ਕਿਸਾਨਾਂ ਦੀਆਂ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਬਾਰੇ ਇਕ ਅੱਖਰ ਵੀ ਕਿਤੇ ਨਹੀਂ ਮਿਲਦਾ।

ਢਾਂਚਾਗਤ ਵਿਕਾਸ ਵਿੱਚ ਸੱਤ ਰੇਲ ਗਲਿਆਰਿਆਂ ਤੋਂ ਬਿਨਾਂ ਕੋਈ ਵੱਡੀ ਘੋਸ਼ਣਾ ਦਿਖਾਈ ਨਹੀਂ ਦਿੰਦੀ। ਦੇਸ਼ ਦੇ ਅਰਥਸ਼ਾਸਤਰੀ ਡਾ. ਸੁਰਜੀਤ ਭੱਲਾ ਕਹਿੰਦੇ ਹਨ, "ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਹੋਣ ਦੀ ਆਤਮ-ਪ੍ਰਸੰਸਾ ਬਜਟ ਵਿੱਚ ਬੇਉਮੀਦੀ ਹੈ।" ਡਾ. ਸ੍ਰੀਰੰਗਾ ਰਾਜਨ ਨੇ ਬਜਟ ਦੀ ਸੁਸਤੀ 'ਤੇ ਸਵਾਲ ਉਠਾਏ ਹਨ। ਡਾ. ਅਸ਼ੋਕ ਗੁਲਾਟੀ ਨੇ ਖੇਤੀ ਖੇਤਰ ਦੇ ਵੱਡੇ ਹਿੱਸੇ ਤੋਂ ਮੁੱਖ ਮੋੜਨ 'ਤੇ ਦੁੱਖ ਪ੍ਰਗਟ ਕੀਤਾ ਹੈ, ਜਦਕਿ ਪ੍ਰੋਫੈਸਰ ਰੋਹਿਤ ਲਾਂਬਾ ਨੇ ਬਜਟ ਨੂੰ ਇੱਕ ਐਸੀ ਅਰਥਵਿਵਸਥਾ ਵਾਲਾ ਬਜਟ ਦੱਸਿਆ ਹੈ ਜੋ ਅਜੇ ਵੀ ਯੋਜਨਾ ਦੀ ਭਾਲ ਵਿੱਚ ਹੈ।

ਦੇਸ਼ ਦੇ ਆਰਥਿਕ ਸਰਵੇਖਣ ਸਬੰਧੀ



ਕੁਝ ਤੱਥ ਸਮਝਣਯੋਗ ਹਨ, ਜੋ ਚੁਣੌਤੀਆਂ ਦੇ ਰੂਪ ਵਿੱਚ ਦੇਸ਼ ਨੂੰ ਦਰਪੇਸ਼ ਹਨ। ਪਹਿਲਾ ਇਹ ਕਿ ਵਿਦੇਸ਼ੀ ਨਿਵੇਸ਼ ਦਾ ਪ੍ਰਵਾਹ ਲਗਾਤਾਰ ਘੱਟ ਰਿਹਾ ਹੈ। ਵਿਦੇਸ਼ੀ ਨਿਵੇਸ਼ਕ ਆਪਣਾ ਨਿਵੇਸ਼ ਵਾਪਸ ਲੈ ਰਹੇ ਹਨ, ਜਿਸ ਦਾ ਸਿੱਟਾ ਇਹ ਹੈ ਕਿ ਜੀਐਫਸੀਐਫ ਜੀਡੀਪੀ ਦੇ ਲਗਭਗ ਤਿੰਨ ਫ਼ੀਸਦੀ 'ਤੇ ਅਟਕਿਆ ਹੋਇਆ ਹੈ।

ਦੂਜਾ ਇਹ ਹੈ ਕਿ ਟਰੰਪ ਵੱਲੋਂ ਸ਼ੁਰੂ ਕੀਤਾ ਗਿਆ ਭਾਰਤੀ ਵਸਤੂਆਂ 'ਤੇ ਟੈਕਸ 50 ਫ਼ੀਸਦੀ ਤੋਂ ਘਟਾ ਕੇ 18 ਫ਼ੀਸਦੀ ਕਰਨ ਦੀ ਘੋਸ਼ਣਾ ਕੀਤੀ ਗਈ ਹੈ। ਪਰ ਇਵੇਂ ਲੱਗਦਾ ਹੈ ਕਿ ਇਹ ਕਟੌਤੀ ਭਾਰਤ ਵੱਲੋਂ ਅਮਰੀਕੀ ਵਸਤੂਆਂ 'ਤੇ ਜ਼ੀਰੋ ਟੈਕਸ ਕਰਨ, ਹੋਰ ਰੁਕਾਵਟਾਂ ਹਟਾਉਣ ਅਤੇ 500 ਅਰਬ ਡਾਲਰ ਦੀ ਅਮਰੀਕੀ ਵਸਤੂਆਂ ਦੀ ਖਰੀਦ ਵਰਗੀਆਂ ਸ਼ਰਤਾਂ 'ਤੇ ਨਿਰਭਰ ਹੈ, ਜਿਨ੍ਹਾਂ ਨੂੰ ਪੂਰਾ ਕਰਨਾ ਭਾਰਤ ਲਈ ਮੁਸ਼ਕਲ ਹੈ।

ਤੀਜਾ ਸੰਕੇਤਕ ਜੀਡੀਪੀ, ਜੋ 2023-24 ਅਤੇ 2024-25 ਵਿੱਚ 12 ਫ਼ੀਸਦੀ ਅਤੇ 9.8 ਫ਼ੀਸਦੀ ਸੀ, ਹੁਣ 2025-26 ਵਿੱਚ ਘਟ ਕੇ 8 ਫ਼ੀਸਦੀ ਰਹਿ ਗਈ ਹੈ, ਜੋ ਲਗਾਤਾਰ ਘਟਦੀ ਜਾ ਰਹੀ ਹੈ। ਚੌਥਾ, ਬੇਰੁਜ਼ਗਾਰੀ ਦੀ ਦਰ ਵੱਧ ਰਹੀ ਹੈ। ਜੂਨ 2024 ਵਿੱਚ ਨੌਜਵਾਨ ਬੇਰੁਜ਼ਗਾਰੀ ਦਰ 15 ਫ਼ੀਸਦੀ ਸੀ। ਲੱਖਾਂ ਨੌਜਵਾਨ ਬੇਰੁਜ਼ਗਾਰ ਹਨ। ਪਿਛਲੇ 10 ਸਾਲਾਂ ਵਿੱਚ ਨਿਰਮਾਣ ਖੇਤਰ ਦਾ ਯੋਗਦਾਨ ਜੀਡੀਪੀ ਵਿੱਚ 15-16 ਫ਼ੀਸਦੀ ਹੀ ਰਿਹਾ ਹੈ। ਇਸ ਤਰ੍ਹਾਂ 'ਮੇਕ ਇਨ ਇੰਡੀਆ', ਜਿਸ ਦੀ ਗੱਲ ਬਜਟ ਵਿੱਚ ਕੀਤੀ ਗਈ ਹੈ, ਪਹਿਲਾਂ ਹੀ ਫੇਲ੍ਹ ਹੋ ਚੁੱਕੀ ਹੈ।

ਅਰਥਵਿਵਸਥਾ ਦੇ ਮੋਰਚੇ 'ਤੇ ਜਿਸ ਤਰ੍ਹਾਂ ਦੀਆਂ ਵਿਸ਼ਵ ਪੱਧਰੀ ਚੁਣੌਤੀਆਂ ਖੜੀਆਂ ਹੋ ਰਹੀਆਂ ਹਨ, ਉਹਨਾਂ ਨੂੰ ਧਿਆਨ ਵਿੱਚ ਰੱਖਦਿਆਂ ਇਹ ਬਜਟ ਪੇਸ਼ ਕਰਨ ਦੀ ਗੱਲ ਕੀਤੀ ਜਾ ਰਹੀ ਹੈ। ਸਰਕਾਰ ਦਾ ਮੰਨਣਾ ਹੈ ਕਿ ਦੇਸ਼ ਹੁਣ ਤੀਜੀ ਅਰਥਵਿਵਸਥਾ ਬਣਨ ਵੱਲ ਅੱਗੇ ਵੱਧ ਰਿਹਾ ਹੈ, ਇਸੇ ਲਈ 2026-27 ਦਾ ਬਜਟ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਬਣਾਇਆ ਗਿਆ ਹੈ। ਪਰ ਕਿਸੇ ਵੀ ਬਜਟ ਦੀ ਉਪਯੋਗਤਾ ਇਸ ਗੱਲ ਤੋਂ ਸਾਬਤ ਹੁੰਦੀ ਹੈ ਕਿ ਉਹ ਦੇਸ਼ ਦੀ ਆਰਥਿਕ ਮਜ਼ਬੂਤੀ ਵਿੱਚ ਕਿੰਨਾ ਸਹਾਇਕ ਸਾਬਤ ਹੋਇਆ ਹੈ ਅਤੇ ਉਸ ਦਾ ਅਸਰ ਆਮ ਲੋਕਾਂ ਦੇ ਜੀਵਨ 'ਤੇ ਕਿੰਨਾ ਪਿਆ ਹੈ।

ਬਜਟ ਵਿੱਚ ਨੌਜਵਾਨਾਂ ਨੂੰ ਰੁਜ਼ਗਾਰਤ ਅਤੇ ਸਵੈ-ਰੁਜ਼ਗਾਰਤ ਕਰਨ ਲਈ 1.35 ਲੱਖ ਕਰੋੜ ਰੁਪਏ ਰੱਖੇ ਗਏ ਹਨ। ਇਸ ਦੇ ਤਹਿਤ 50 ਨਵੇਂ ਆਈ.ਆਈ.ਟੀ ਅਤੇ ਮੈਡੀਕਲ ਕਾਲਜ ਬਣਾਉਣ ਦੀ ਯੋਜਨਾ ਹੈ। ਸਕਿਲ ਇੰਡੀਆ ਲਈ ਪੰਜ ਕਰੋੜ ਨੌਜਵਾਨਾਂ ਨੂੰ ਸਕਾਲਰਸ਼ਿਪ ਦੇਣ ਦੀ ਗੱਲ ਵੀ ਕੀਤੀ ਗਈ ਹੈ। ਇਸ ਤਰ੍ਹਾਂ ਬਜਟ ਵਿੱਚ ਬੇਰੁਜ਼ਗਾਰੀ ਦੀ ਦਰ 8 ਫ਼ੀਸਦੀ ਤੱਕ ਲਿਆਉਣ ਦਾ ਟੀਚਾ ਮਿਥਿਆ ਗਿਆ ਹੈ।

ਪਰ ਸਾਰੇ ਨਿਵੇਸ਼ ਅਤੇ ਯੋਜਨਾਵਾਂ ਨੂੰ ਕਾਮਯਾਬੀ ਨਾਲ਼ ਲਾਗੂ ਕਰਨਾ ਤਦ ਹੀ ਸੰਭਵ ਹੋਵੇਗਾ ਜੇਕਰ ਸ਼ਹਿਰਾਂ ਅਤੇ ਨਗਰਾਂ ਦੇ ਨਾਲ਼-ਨਾਲ਼ ਪੇਂਡੂ ਖੇਤਰ ਵਿੱਚ ਵੀ ਰੁਜ਼ਗਾਰ ਸਿਰਜਿਆ ਜਾਵੇ ਅਤੇ ਉਨ੍ਹਾਂ ਨੂੰ ਬਣਦੀ ਹਿੱਸੇਦਾਰੀ ਮਿਲੇ, ਜਿਸ ਤੋਂ ਆਮ ਤੌਰ 'ਤੇ ਪੇਂਡੂ ਖੇਤਰ ਵਿਰਵਾ ਰਹਿੰਦਾ ਹੈ।

ਦੇਸ਼ ਵਿੱਚ ਜਿਸ ਢੰਗ ਨਾਲ਼ ਅਮੀਰ ਅਤੇ ਗ਼ਰੀਬ ਆਬਾਦੀ ਵਿੱਚ ਪਾੜਾ ਵਧ ਰਿਹਾ ਹੈ, ਡਿਜ਼ੀਟਲ ਯੁੱਗ ਵਿੱਚ ਇਹ ਪਾੜਾ ਹੋਰ ਵੀ ਗੰਭੀਰ ਹੁੰਦਾ ਜਾ ਰਿਹਾ ਹੈ। ਇਸ ਸੰਬੰਧ ਵਿੱਚ ਬਜਟ ਵਿੱਚ ਗੰਭੀਰਤਾ ਨਾਲ਼ ਕੋਈ ਵੀ ਅਜਿਹੀ ਉਮੀਦ ਨਹੀਂ ਦਿਸਦੀ ਜੋ ਇਹ ਪਾੜਾ ਘਟਾ ਸਕੇ। ਇੱਥੋਂ ਤੱਕ ਕਿ ਸਿਹਤ ਖੇਤਰ ਵਿੱਚ ਵੀ ਪੁੱਟੇ ਗਏ ਬਜਟੀ ਕਦਮ ਨਿੱਜੀ ਖੇਤਰ ਵਿੱਚ ਬਿਮਾਰੀਆਂ ਦੀ ਜਾਂਚ, ਜ਼ਰੂਰੀ ਦੇਖਭਾਲ ਅਤੇ ਇਲਾਜ ਵੱਲ ਮੋੜੇ ਗਏ ਹਨ, ਜੋ ਉੱਚ ਵਰਗ ਅਤੇ ਵੱਡੀ ਆਮਦਨ ਵਾਲੇ ਲੋਕਾਂ ਨੂੰ ਤਾਂ ਫ਼ਾਇਦਾ ਦੇ ਸਕਦੇ ਹਨ, ਪਰ ਆਮ ਲੋਕਾਂ ਦੇ ਪੱਲੇ ਕੁਝ ਵੀ ਨਹੀਂ ਪਾਉਂਦੇ।

ਕੈਂਸਰ ਦੀਆਂ 17 ਦਵਾਈਆਂ ਦੇ ਭਾਅ ਘੱਟ ਕਰਨ ਦੀ ਗੱਲ ਬਜਟ ਵਿੱਚ ਕੀਤੀ ਗਈ ਹੈ। ਪੰਜ ਖੇਤਰੀ ਮੈਡੀਕਲ ਹੱਬ ਬਣਾਉਣਾ ਵੀ ਇਸ ਵਿੱਚ ਸ਼ਾਮਲ ਹੈ, ਪਰ ਆਮ ਲੋਕਾਂ ਦੀ ਇਹਨਾਂ ਤੱਕ ਪਹੁੰਚ ਇੱਕ ਵੱਡਾ ਸਵਾਲ ਹੈ।

ਬਜਟ ਵਿੱਚ ਸੋਨੇ-ਚਾਂਦੀ ਦੇ ਭਾਅ ਵਧਣ ਬਾਰੇ ਚੁੱਪੀ ਨਿਰਾਸ਼ਾਜਨਕ ਹੈ। ਕਿਹਾ ਜਾ ਰਿਹਾ ਹੈ ਕਿ ਸੋਨੇ ਦੇ ਮੁੱਲ ਲਗਾਤਾਰ ਵੱਧਣ ਦਾ ਕਾਰਨ ਰਿਜ਼ਰਵ ਬੈਂਕ ਵੱਲੋਂ ਕੀਤੀ ਜਾ ਰਹੀ ਖਰੀਦਦਾਰੀ ਹੈ। ਸਰਕਾਰ ਅਨੁਸਾਰ ਇਹ ਖਰੀਦਦਾਰੀ ਇਸ ਲਈ ਜ਼ਰੂਰੀ ਹੈ ਤਾਂ ਜੋ ਭਵਿੱਖ ਵਿੱਚ ਡਾਲਰ ਦੇ ਮੁੱਲ ਵਿੱਚ ਹੋ ਰਹੇ ਵਾਧੇ 'ਤੇ ਕਾਬੂ ਰੱਖਿਆ ਜਾ ਸਕੇ, ਪਰ ਇਹ ਗੱਲ ਆਮ ਜਨਤਾ ਦੀ ਸਮਝ ਤੋਂ ਬਾਹਰ ਹੈ।

ਸਰਕਾਰ ਇਸ ਬਜਟ ਨੂੰ 'ਨਿਰਮਲ ਧਾਰਾ' ਕਹਿੰਦੀ ਹੈ। ਅਸਲ ਵਿੱਚ ਇਹ ਬਜਟ ਅਮਰੀਕੀ ਟੈਕਸ ਦੇ ਤਨਾਅ ਵਿੱਚ ਪੇਸ਼ ਕੀਤਾ ਗਿਆ ਬਜਟ ਹੈ, ਜਿਸ ਵਿੱਚ ਕਲਿਆਣਕਾਰੀ ਅਤੇ ਲੋਕ-ਲੁਭਾਊ ਯੋਜਨਾਵਾਂ ਤੋਂ ਕਿਨਾਰਾ ਕੀਤਾ ਗਿਆ ਹੈ। ਨੌਕਰੀਪੇਸ਼ਾ ਅਤੇ ਮੱਧ ਵਰਗੀ ਲੋਕਾਂ ਲਈ ਇਹ ਨਿਰਾਸ਼ਾ ਭਰਿਆ ਬਜਟ ਹੈ। ਇਸ ਬਜਟ ਵਿੱਚ ਨਾ ਤਾਂ ਟੈਕਸਾਂ ਵਿੱਚ ਕੋਈ ਰਾਹਤ ਮਿਲੀ ਹੈ ਅਤੇ ਨਾ ਹੀ ਮਹਿੰਗਾਈ ਦੇ ਮੋਰਚੇ ਨੂੰ ਕਾਬੂ ਕਰਨ ਦਾ ਕੋਈ ਸੰਕੇਤ।

ਬਜਟ ਨੇ ਦੇਸ਼ ਦੀ ਮੌਜੂਦਾ ਆਰਥਿਕ ਸਥਿਤੀ, ਸਮੱਸਿਆਵਾਂ ਅਤੇ ਸੰਕਟਾਂ ਵੱਲੋਂ ਅੱਖਾਂ ਮੀਟ ਲਈਆਂ ਹਨ ਅਤੇ "ਭਵਿੱਖੀ ਭਾਰਤ" ਦੇ ਨਿਰਮਾਣ ਨੂੰ ਤਰਜੀਹ ਦਿੱਤੀ ਹੈ। ਭਾਰਤ ਦੇ ਪ੍ਰਧਾਨ ਮੰਤਰੀ ਇਸ ਬਜਟ ਨੂੰ "ਅਨੂਠਾ ਬਜਟ" ਮੰਨਦੇ ਹਨ। ਉਹਨਾਂ ਅਨੁਸਾਰ ਇਸ ਸਾਲ ਭਾਰਤ ਦੀ ਵਿਸ਼ਵ ਵਿਆਪੀ ਭੂਮਿਕਾ ਹੋਰ ਮਜ਼ਬੂਤ ਹੋਵੇਗੀ। ਪਰ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਇਸ ਬਜਟ ਨੂੰ "ਥੱਕੀ ਹੋਈ ਸਰਕਾਰ ਦਾ ਬਜਟ" ਕਿਹਾ ਹੈ।

ਅਸਲ ਵਿੱਚ ਆਮ ਜਨਤਾ ਲਈ ਇਹ ਸੁਸਤ ਬਜਟ ਬੇਉਮੀਦਾ ਸਾਬਤ ਹੋਇਆ ਹੈ, ਜੋ ਭਾਰਤੀ ਪੇਂਡੂ ਆਰਥਿਕਤਾ ਨੂੰ ਖੋਰਾ ਲਗਾਉਣ ਵਾਲਾ ਬਜਟ ਹੈ ਅਤੇ ਜੋ ਅਮਰੀਕੀ ਟੈਰਿਫ਼ ਪ੍ਰਭਾਵ ਹੇਠ ਬਣਾਇਆ ਗਿਆ ਹੈ। ਬਜਟ ਪੇਸ਼ ਕਰਨ ਵੇਲੇ ਅਮਰੀਕੀ ਟੈਰਿਫ਼ ਦਾ ਇੰਨਾ ਪ੍ਰਭਾਵ ਸੀ ਕਿ ਖੇਤੀ, ਇੰਡਸਟਰੀ, ਵਪਾਰ ਦੇ ਖੇਤਰ ਨੂੰ ਬਿਲਕੁਲ ਹੀ ਅਣਗੌਲਿਆਂ ਕਰ ਦਿੱਤਾ ਗਿਆ ਅਤੇ ਆਮ ਆਦਮੀ ਦੇ ਸਰੋਕਾਰਾਂ ਪ੍ਰਤੀ ਵੀ ਲਗਭਗ ਚੁੱਪੀ ਵੱਟ ਲਈ ਗਈ।

ਬਜਟ ਵਿੱਚ ਭਾਰਤੀ ਕਿਸਾਨਾਂ ਦੇ ਹਿੱਤ ਖਾਮੋਸ਼ ਹਨ। ਭਾਰਤ ਦੀ ਕਿਸਾਨੀ, ਜੋ ਪਹਿਲਾਂ ਹੀ ਆਰਥਿਕ ਸੰਕਟ ਦਾ ਸ਼ਿਕਾਰ ਹੈ, ਉਸ ਦੇ ਮੁਕਾਬਲੇ ਅਮਰੀਕੀ ਖੇਤੀ ਪੈਦਾਵਾਰ ਲਈ ਵੱਡੀਆਂ, ਸਸਤੀਆਂ ਸਬਸਿਡੀਆਂ ਵਾਲੀ ਖੇਤੀ ਲਈ ਰਾਹ ਖੋਲ੍ਹਣਾ ਅਤੇ ਜ਼ੀਰੋ ਟੈਕਸ ਤੇ ਖੇਤੀ ਉਤਪਾਦ ਭਾਰਤ ਵਿੱਚ ਲਿਆਉਣਾ ਮੰਦਭਾਗੀ ਗੱਲ ਹੈ। ਇਸ ਨਾਲ਼ ਸਿਰਫ਼ ਕਿਸਾਨ ਹੀ ਨਹੀਂ, ਸਗੋਂ ਆਮ ਵਿਅਕਤੀ ਦਾ ਰੁਜ਼ਗਾਰ ਅਤੇ ਜੀਵਨ-ਨਿਰਬਾਹ ਵੀ ਗੰਭੀਰ ਤੌਰ 'ਤੇ ਪ੍ਰਭਾਵਿਤ ਹੋਵੇਗਾ।

*****

# ਅਹਿਮੀਅਤ : ਬਹੁਤੀਆਂ ਜਗੀਰਾਂ ਵਾਲਿਆ, ਸਾਢੇ ਤਿੰਨ ਹੱਥ ਧਰਤੀ ਤੇਰੀ !

ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ:)



ਕਈ ਲੋਕਾਂ ਨੂੰ ਇਹ ਮੁਗ਼ਾਲਤਾ ਹੋ ਜਾਂਦਾ ਹੈ ਕਿ ਉਹ ਦੂਸਰਿਆਂ ਵਾਸਤੇ ਬਹੁਤ ਅਹਿਮ ਹਨ ਜਦ ਕਿ ਅਜਿਹਾ ਕੁੱਝ ਵੀ ਨਹੀਂ ਹੁੰਦਾ। ਦਰਅਸਲ ਅਹਿਮੀਅਤ ਮਨੁੱਖੀ ਲੋੜ ਨਾਲ ਬੱਝੀ ਹੋਈ ਹੈ, ਜਿਸ ਨੂੰ ਜਿੰਨੀ ਕਿਸੇ ਦੀ ਲੋੜ ਹੈ, ਉਹ ਓਨੀ ਹੀ ਉਸ ਨੂੰ ਅਹਿਮੀਅਤ ਦੇਵੇਗਾ। ਜੇਕਰ ਮੇਰੀ ਗੱਲ 'ਤੇ ਯਕੀਨ ਨਹੀਂ ਤਾਂ ਇਕ ਤਜਰਬਾ ਕਰਕੇ ਦੇਖ ਲਓ । ਕੁੱਝ ਕੁ ਦਿਨ ਰੁਪੋਸ਼ ਹੋ ਜਾਓ, ਰਿਸ਼ਤੇਦਾਰਾਂ, ਦੋਸਤਾਂ ਤੇ ਸਕੇ ਸੰਬੰਧੀਆਂ ਦੀ ਨਜ਼ਰ ਤੋਂ ਓਝਲ ਹੋ ਜਾਓ, ਜੇਕਰ ਸ਼ੋਸ਼ਲ ਮੀਡੀਏ 'ਤੇ ਡੇਰਾ ਜਮੀ ਰੱਖਦੇ ਹੋ ਤਾਂ ਕੁੱਝ ਦਿਨਾਂ ਵਾਸਤੇ ਇਸ ਦਾ ਸਵਿਚ ਬੰਦ ਕਰ ਦਿਓ, ਤੁਸੀਂ ਦੇਖੋਗੇ ਕਿ ਬਹੁਤ ਛੇਤੀਂ ਲੋਕ ਤੁਹਾਡਾ ਨਾਮ ਵੀ ਭੁੱਲ ਜਾਣਗੇ। ਇਹ ਦੁਨੀਆ ਦਰਅਸਲ ਚੜ੍ਹਦੇ ਸੂਰਜ ਨੂੰ ਸਲਾਮ ਕਰਦੀ ਹੈ , ਜਦ ਸੂਰਜ ਸ਼ਾਮ ਨੂੰ ਛਿਪ ਜਾਂਦਾ ਹੈ ਤਾਂ ਰਾਤ ਵੇਲੇ ਕੋਈ ਵੀ ਸੂਰਜ ਦੀਆਂ ਗੱਲਾਂ ਨਹੀਂ ਕਰਦਾ, ਚੰਦ ਸਿਤਾਰਿਆਂ ਦੀ ਬਾਤ ਹੀ ਪਾਈ ਜਾਂਦੀ ਹੈ। ਇਸੇ ਤਰਾਂ ਦਿਨੇ ਹੁੰਦਾ ਹੈ ਅਰਥਾਤ ਜੋ ਸਾਹਮਣੇ ਹੈ, ਸਲਾਮ ਉਸੇ ਨੂੰ ਹੈ।

ਪੰਜਾਬੀ ਵਿੱਚ ਇਕ ਕਹਾਵਤ ਹੈ ਕਿ "ਅੱਜ ਮਰੇ, ਕੱਲ੍ਹ ਦੂਜਾ ਦਿਨ" ਇਹ ਕਹਾਵਤ ਦੇਖਣ ਬੋਲਣ ਨੂੰ ਬਹੁਤ ਸਧਾਰਨ ਜਿਹੀ ਲਗਦੀ ਹੈ, ਪਰ ਅਸਲੀਅਤ ਇਹ ਹੈ ਕਿ ਇਹ ਕਹਾਵਤ ਆਪਣੇ ਅੰਦਰ ਦੁਨੀਆ ਦੀ ਫ਼ਿਤਰਤ ਦਾ ਬਹੁਤ ਕੌੜਾ ਸੱਚ ਲਕੋਈ ਬੈਠੀ ਹੈ। ਇਸ ਦੇ ਅਰਥ ਵੀ ਓਹੀ ਹਨ ਕਿ ਜੋ ਦੁਨੀਆ ਤੋ ਚੱਲ ਗਿਆ, ਉਹ ਸਭਨਾ ਨੂੰ ਬੜੀ ਛੇਤੀ ਭੁੱਲ ਜਾਂਦਾ ਹੈ । ਜਿਸ ਦੀ ਕਦੇ ਇਸ ਜਗਤ ਵਿੱਚ ਪੂਰੀ ਤੂਤੀ ਬੋਲਦੀ ਸੀ, ਉਹ ਬਹੁਤ ਛੇਤੀਂ ਹੀ ਲੋਕਾਂ ਦੇ ਚੇਤਿਆ ਵਿੱਚੋਂ ਵੀ ਵਿੱਸਰ ਜਾਂਦਾ ਹੈ। ਪਰਿਵਾਰਕ ਮੈਂਬਰ, ਰਿਸ਼ਤੇਦਾਰ, ਦੋਸਤ ਮਿੱਤਰ ਤੇ ਸਮਾਜਿਕ ਭਾਈਚਾਰਾ ਕੁੱਝ ਦਿਨਾਂ ਦਾ ਸੋਗ ਮਨਾਉਣ ਤੋ ਬਾਅਦ ਆਪਣੇ ਨਿੱਤ ਦੇ ਕਾਰੋਬਾਰਾਂ ਚ ਰੁੱਝ ਜਾਂਦੇ ਹਨ ਤੇ ਫਿਰ ਪਤਾ ਹੀ ਨਹੀਂ ਲਗਦਾ ਦੁਨੀਆ ਤੋ ਕੂਚ ਕਰ ਜਾਣ ਵਾਲੇ ਦਾ ਸਭਨਾ ਨੂੰ ਚੇਤਾ ਕਦੋਂ ਤੇ ਕਿਵੇਂ ਭੁੱਲ ਜਾਂਦਾ ਹੈ।

ਕਿਸੇ ਨੇ ਸਿਆਣੇ ਨੂੰ ਪੁੱਛਿਆ ਕਿ ਦੁਨੀਆ ਕਿਵੇਂ ਚਲਦੀ ਹੈ ਤਾਂ ਸਿਆਣੇ ਨੇ ਬਹੁਤ ਵਧੀਆ ਉੱਤਰ ਦਿੱਤਾ ਕਿ ਦੁਨੀਆ ਨਾ ਹੀ ਪਿਆਰ ਨਾਲ ਚਲਦੀ ਹੈ ਤੇ ਨਾ ਹੀ ਸਤਿਕਾਰ ਨਾਲ, ਨਾ ਕੋਈ ਦੁਨੀਆ ਨੂੰ ਡੰਡੇ ਨਾਲ ਚਲਾ ਸਕਦਾ ਹੈ ਤੇ ਨਾ ਡਰਾ ਕੇ, ਨਾ ਹੀ ਦੁਨੀਆ ਬੱਝਕੇ ਚੱਲਦੀ ਤੇ ਨਾ ਹੀ ਖੁੱਲੇਆਮ, ਜੇਕਰ ਦੁਨੀਆ ਚਲਦੀ ਹੈ ਤੇ ਉਹ ਸਿਰਫ ਮਤਲਬ ਨਾਲ ਚਲਦੀ ਹੈ, ਲੋੜ ਨਾਲ ਚਲਦੀ ਹੈ, ਇਕ ਦੂਜੇ ਦੀ ਜ਼ਰੂਰਤ ਨਾਲ ਚਲਦੀ ਹੈ ਤੇ ਏਹੀ ਉਹ ਨੁਕਤਾ ਹੈ ਜਿਸ ਨਾਲ ਸਮਾਜ ਬਣਦਾ ਹੈ, ਰਿਸ਼ਤੇ ਨਾਤੇ ਤੇ ਸਾਕ ਸਕੀਰੀਆਂ ਬਣਦੀਆਂ ਹਨ । ਦਰਅਸਲ ਮਨੁੱਖਾ ਸਮਾਜ ਇਕ ਦੂਸਰੇ ਦੀ ਢੂਹੀ ਖੁਰਕਣ ਦਾ ਦੂਸਰਾ ਨਾਮ ਹੈ ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇਕਰ ਬੰਦੇ ਦੀ ਅਹਿਮੀਅਤ ਸਿਰਫ ਮਤਲਬ ਨਾਲ ਬੱਝੀ ਹੋਈ ਹੈ ਤਾਂ ਫਿਰ ਬੰਦਾ ਆਪਣੇ ਆਪ ਨੂੰ ਅਹਿਮ ਕਿਓਂ ਸਮਝਣ ਲੱਗ ਜਾਂਦਾ ਹੈ ? ਇਸ ਤਰਾਂ ਸੋਚ ਕੇ ਫੁੱਲ ਕੇ ਕੁੱਪਾ ਕਿਓਂ ਬਣ ਜਾਂਦਾ ਹੈ ? ਹੰਕਾਰੀ ਕਿਓਂ ਬਣ ਜਾਂਦਾ ਹੈ ? ਤਾਂ ਇਸ ਦਾ ਸਿੱਧਾ ਜਿਹਾ ਉੱਤਰ ਇਹ ਹੈ ਕਿ ਆਪਣੇ ਆਪ ਨੂੰ ਬਹੁਤ ਅਹਿਮ, ਤੀਸ ਮਾਰ ਖਾਨ ਜਾਂ ਫੰਨੇ ਖਾਂ ਸਮਝਣ ਵਾਲਾ ਅਸਲ ਵਿੱਚ ਫੋਕੀ ਈਗੋ ਦਾ ਸ਼ਿਕਾਰ ਹੁੰਦਾ ਹੈ। ਇਸ ਤਰ੍ਹਾਂ ਦੀ ਬਿਰਤੀ ਵਾਲੇ ਮਨੁੱਖ ਦੇ ਸਿਰ ਨੂੰ ਈਗੋ ਵਾਲੇ ਕੁੰਡਲ਼ੀਏ ਸੱਪ ਨੇ ਕੱਸ ਕੇ ਲਪੇਟਾ ਮਾਰ ਰੱਖਿਆ ਹੁੰਦਾ ਹੈ, ਜਿਸ ਕਾਰਨ ਉਹ ਫਿਰ ਛੋਟੀ ਛੋਟੀ ਗੱਲ 'ਤੇ ਈਗੋ ਹਰਟ ਹੋ ਗਈ ਮਹਿਸੂਸ ਕਰਦਾ ਹੈ, ਈਰਖਾ ਦੇ ਫੁੰਕਾਰੇ ਮਾਰਦਾ ਹੈ ਤੇ ਨਿੱਕੀ ਨਿੱਕੀ ਗੱਲੋਂ ਨੱਕੋ ਠੂੰਹੇਂ ਸੁੱਟਦਾ ਹੈ ਜਾਂ ਚਿੜਚਿੜੇਪਨ ਦੀਆਂ ਚੰਗਿਆੜੀਆਂ ਤੇ ਗੁੱਸੇ ਦੀ ਅਗਨੀ ਦੇ ਫੁੰਕਾਰੇ ਛੱਡਣ ਲੱਗ ਜਾਂਦਾ ਹੈ।



ਮਨੁੱਖ ਦੀ ਕਿੰਨੀ ਕੁ ਅਹਿਮੀਅਤ ਹੈ ਇਸ ਦੇ ਅਹਿੰਕਾਰ ਤੋਂ ਬਚਣ ਵਾਸਤੇ ਕਦੇ ਕਦਾ ਮਨੁੱਖ ਨੂੰ ਸ਼ਮਸ਼ਾਨ-ਘਾਟ ਦਾ ਚੱਕਰ ਜ਼ਰੂਰ ਮਾਰਨਾ ਚਾਹੀਦਾ ਹੈ ਤਾਂ ਕਿ ਚੇਤਾ ਰਹੇ ਕਿ ''ਸਾਢੇ ਤਿੰਨ ਹੱਥ ਧਰਤੀ ਤੇਰੀ ਵੱਡੀਆਂ ਜਗੀਰਾਂ ਵਾਲਿਆਂ'' ਇਸ ਦੇ ਨਾਲ ਹੀ ਇਹ ਵੀ ਪਤਾ ਲੱਗ ਸਕੇ ਕਿ ਪਹਿਲਾਂ ਕਿੰਨੇ ਕੁ ਵੱਡੀਆਂ ਵੱਡੀਆਂ ਢੁੱਠਾਂ ਵਾਲਿਆਂ ਤੇ ਤਖਤਾਂ ਤਾਜਾਂ ਵਾਲਿਆਂ ਦੀਆਂ ਆਪਣੀ ਈਗੋ ਅਹਿਮੀਅਤ ਦੇ ਹੰਕਾਰ ਨਾਲ ਭਰੀਆ ਖੋਪੜੀਆਂ ਉੱਥੇ ਰੁਲ਼ ਰਹੀਆਂ ਹਨ ਤੇ ਲੰਘਣ ਵਾਲਿਆਂ ਦੇ ਠੁੱਡੇ ਖਾ ਰਹੀਆਂ ਹਨ।

ਇੱਥੇ ਇਹ ਕਹਿਣਾ ਬਹੁਤ ਹੀ ਮਹੱਤਵ ਪੂਰਨ ਹੈ ਕਿ ਜੋ ਲੋਕ ਆਪਣੀ ਅਹਿਮੀਅਤ ਦੇ ਹੰਕਾਰ ਤੋ ਹਜ਼ਾਰਾਂ ਕੋਹ ਪਰੇ ਵਿਚਰਕੇ ਇਕ ਸਾਦੇ ਮਨੁੱਖ ਦੇ ਕਿਰਦਾਰ ਚ ਲੋਕਾਂ ਦੇ ਭਲੇ ਵਾਸਤੇ ਕੰਮ ਕਰਦੇ ਹੋਏ ਇਸ ਸੰਸਾਰ ਤੋ ਸਦੀਵੀ ਵਿਛੋੜਾ ਪਾ ਜਾਂਦੇ ਹਨ, ਦੁਨੀਆ ਉਹਨਾ ਨੂੰ ਹਮੇਸ਼ਾ ਯਾਦ ਕਰਦੀ ਹੈ ਤੇ ਉਹ ਹਮੇਸ਼ਾ ਲਈ ਅਮਰ ਹੋ ਜਾਂਦੇ ਹਨ।

ਇਹ ਗੱਲ ਵੀ ਹਰ ਮਨੁੱਖ ਨੂੰ ਜ਼ਰੂਰ ਸਮਝਣੀ ਚਾਹੀਦੀ ਹੈ ਕਿ ਉਹ ਕੁਦਰਤ ਦਾ ਇਕ ਬਹੁਤ ਹੀ ਵਿਲੱਖਣ ਅੰਸ਼ ਹੈ ਜੋ ਧਰਤੀ 'ਤੇ ਪੈਦਾ ਹੋ ਕੇ ਧਰਤੀ ਉੱਤੇ ਹੀ ਜੀਵਨ ਭਰ ਵਿਚਰਦਾ ਹੈ। ਇਸ ਕਰਕੇ ਉਸ ਨੂੰ ਜ਼ਮੀਨ ਨਾਲ ਹਮੇਸ਼ਾ ਜੁੜਕੇ ਰਹਿਣਾ ਚਾਹੀਦਾ, ਕੁਦਰਤ ਨਾਲ ਮੋਹ ਰੱਖਣਾ ਚਾਹੀਦਾ ਹੈ ਤੇ ਹਰ ਜੀਵ ਨੂੰ ਆਪਣੇ ਜਿੰਨਾ ਹੀ ਸਤਿਕਾਰ ਦੇਣਾ ਚਾਹੀਦਾ ਹੈ। ਉਸ ਦੇ ਮਨ ਵਿੱਚ ਕਦੇ ਵੀ ਜਾਤ, ਗੋਤ, ਮਜ਼੍ਹਬ ਤੇ ਰੰਗ ਰੂਪ ਦਾ ਅਹਿੰਕਾਰ ਨਹੀਂ ਆਉਣਾ ਚਾਹੀਦਾ ਕਿਉਂਕਿ ਇਹ ਜਨਮਜਾਤ ਨਹੀਂ ਹਨ, ਬਲਕਿ ਸਮਾਜ ਵਿੱਚ ਪੈਦਾ ਹੋ ਕੇ ਆਪਣੇ ਆਪ ਨੂੰ ਲੱਠਮਾਰ ਸਮਝਣ ਜਾਂ ਧਰਮ ਦੇ ਠੇਕੇਦਾਰ ਸਮਝਣ ਵਾਲੇ ਲੋਕਾਂ ਨੇ ਮਨੁੱਖੀ ਨਸਲ ਚ ਵੰਡੀਆ ਪਾ ਕੇ ਉਸ ਨੂੰ ਆਪਣੇ ਹਿੱਤਾਂ ਲਈ ਵਰਤਣ ਵਾਸਤੇ ਖੜ੍ਹੇ ਕੀਤੇ ਹੋਏ ਝਮੇਲੇ ਹਨ ਜਿਹਨਾ ਤੋ ਹਰ ਮਨੁੱਖ ਨੂੰ ਬੇਲਾਗ ਰਹਿਕੇ ਇਸ ਸੰਸਾਰ ਨੂੰ ਸੁੰਦਰ ਬਣਾਉਣ ਚ ਯੋਗਦਾਨ ਪਾਉਣਾ ਚਾਹੀਦਾ ਹੈ।

ਮੁੱਕਦੀ ਗੱਲ ਇਹ ਕਿ ਅਹਿਮਤੀਅਤ ਮਨੁੱਖ ਦੀ ਨਹੀਂ ਸਗੋਂ ਲੋੜ ਦੀ ਹੁੰਦੀ ਹੈ, ਜਿਸ ਨੂੰ ਕਿਸੇ ਨਾਲ ਜਿੰਨਾ ਕੁ ਮਤਲਬ ਹੈ, ਉਹ ਉਨਾ ਕੁ ਹੀ ਉਸ ਵਾਸਤੇ ਅਹਿਮ ਹੁੰਦਾ ਹੈ। ਜੇਕਰ ਬਹੁਤਿਆਂ ਨੂੰ ਇਕ ਮਨੁੱਖ ਨਾਲ ਮਤਲਬ ਹੈ ਤਾਂ ਉਹ ਬਹੁਤਿਆਂ ਲਈ ਅਹਿਮ ਹੋਵੇਗਾ ਤੇ ਉਨਾ ਚਿਰ ਹੀ ਅਹਿਮ ਬਣਿਆ ਰਹੇਗਾ, ਜਿੰਨਾਂ ਚਿਰ ਲੋੜ ਪੂਰਤੀ ਦਾ ਸਾਧਨ ਬਣਿਆ ਰਹਿੰਦਾ ਹੈ ਤੇ ਜਦੋਂ ਉਹ ਲੋੜ ਪੂਰਤੀ ਦਾ ਸਾਧਨ ਨਹੀਂ ਰਹਿੰਦਾ, ਫਿਰ ਲੋੜਵੰਦ ਕਿਸੇ ਹੋਰ ਅਜਿਹੇ ਸ਼ਖਸ਼ ਦੀ ਤਲਾਸ਼ ਕਰਕੇ ਉਸ ਨੂੰ ਅਹਿਮ ਬਣਾ ਦੇਂਦੇ ਹਨ, ਤੇ ਉਹ ਉਹਨਾ ਲੋਕਾਂ ਦਾ ਉੱਲੂ ਸਿੱਧਾ ਕਰਨ ਦਾ ਜਰੀਆ ਬਣ ਜਾਂਦਾ ਹੈ ਤੇ ਇਹ ਸਿਲਸਿਲਾ ਨਿਰੰਤਰ ਚੱਲਦਾ ਰਹਿੰਦਾ ਹੈ। ਹੁਣ ਇਸ ਮਤਲਬਖੋਰੀ ਨੂੰ ਅਹਿਮੀਅਤ ਕਹਿ ਲਓ ਜਾਂ ਬੱਲੇ ਬੱਲੇ ਛਾਵਾ ਛਾਵਾ, ਉੱਚਾ ਛਮਲਾ ਕਹਿ ਲਓ ਜਾਂ ਵੱਡੀ ਢੁੱਠ, ਇਹ ਸਾਡੀ ਸੋਚ 'ਤੇ ਮੁਨੱਸਰ ਹੈ। ਆਪਣੇ ਆਲੇ ਦੁਆਲੇ ਨਜ਼ਰ ਮਾਰਕੇ ਦੱਸਿਓ ਕਿ ਕੀ ਇਹ ਸਭ ਸਹੀ ਹੈ !

* * * * * *

**Tail Piece**

## CONTESTING GROUPS MUT TRY TO BRING A BETTER GOVERNMENT

Last time our votes percentage had been low and we have notesd that the contesting groups could not try to bring a better government. The work in Parliament has come slow and nothing better shall come in this tenure. Still there is time with the contesting groups to do something more becase the people had been told that our days are better and in few decades, our people shall be stnding in line with peope of the developed countries

We are now in period of science and tecknology and we have got corporate houses and we are also in internatonal trade and our products are beig sold in other countries and there are chances of increasing these traes.

Materially we are a flourishing country and there is no shortage ofmaterils in our country. We can provide education, training, jobvs, reasonable pay to all and much is available in our country and each family here can be living a flourishing life. And reasonable life is our goal and we are not running a race to bring life style of others. We are a different society having social life of its own kind and let it continue.

Much plans are available in our country and we are conducting elections regularly and none is turning dicttor in our country. All the members elected too are interested to do something for the people provided they too are given opportunity to use their conscience, will, wisdom and discretion and none is there to keep them uner standing whips.

The people too must become competent voters and must come forward and ensure tht atleast ninety per cent come to cast votes and ensure a group must get absolute majority so tht there should be no floor crossing without concent of the voters and floor crossing should be illegal and must mean resignation from the House.

**Advocate dalip singh wasan,**
**Email dalipsinghwassan@yahoo.co.in**

(ਫ਼ਿਲਮੀ ਸਮੀਖਿਆ)

ਸ਼ਿਵਚਰਨ ਜੱਗੀ ਕੁੱਸਾ

# ਬੇਬੇ ਮੈਂ ਬਦਮਾਸ਼ ਬਣੂੰਗਾ



ਇੱਕ ਵਾਰ ਮੇਰਾ ਇੱਕ ਮਿੱਤਰ ਇੰਗਲੈਂਡ ਆਇਆ। ਮੇਰਾ ਉਸ ਦੇ ਬਾਪੂ ਜੀ ਨਾਲ ਬਹੁਤ ਪ੍ਰੇਮ ਸੀ। ਬਾਪੂ ਵੀ ਮੈਨੂੰ ਆਪਣੇ ਪੁੱਤਰਾਂ ਨਾਲੋਂ ਵੱਧ ਮੋਹ ਕਰਦਾ ਸੀ। ਜਦ ਉਹ ਮਿੱਤਰ ਇੰਡੀਆ ਨੂੰ ਵਾਪਸ ਜਾਣ ਲੱਗਿਆ ਤਾਂ ਮੈਂ ਉਸ ਦੇ ਹੱਥ ਬਲੈਕ ਲੇਬਲ ਵਿਸਕੀ ਦੀ ਇੱਕ ਲੀਟਰ ਦੀ ਬੋਤਲ ਦੇ ਦਿੱਤੀ, "ਇਹ ਬਾਪੂ ਜੀ ਵਾਸਤੇ ਐ, ਤੇ ਜਾਣ ਸਾਰ ਬਾਪੂ ਦੇ ਹੱਥ ਫੜਾ ਦੇਵੀਂ!" ਉਹ ਮਿੱਤਰ ਬੜਾ ਖੁਸ਼ ਹੋਇਆ ਅਤੇ ਬੋਤਲ ਫੜ ਕੇ ਬੈਗ ਵਿੱਚ ਪਾ ਲਈ। ਉਸ ਦੀ ਖੁਸ਼ੀ ਦਾ ਅੰਦਾਜ਼ਾ ਲਾ ਕੇ ਮੈਂ ਉਸ ਨੂੰ ਫਿਰ ਕਿਹਾ, "ਇਹਨੂੰ ਰਾਹ ਵਿੱਚ ਹੀ ਨਾ ਸੜ੍ਹਾਕ ਜਾਈਂ! ਇਹ ਬੋਤਲ ਬਾਪੂ ਜੀ ਵਾਸਤੇ ਐ!!" ...ਤਾਂ ਉਹ "ਸਮਝ ਗਿਆ ਬਾਈ...!" ਆਖ ਕੇ ਏਅਰਪੋਰਟ ਦੇ ਅੰਦਰ ਤੁਰ ਗਿਆ। ਤੀਜੇ ਦਿਨ ਮਿੱਤਰ ਦਾ ਠੀਕ-ਠਾਕ ਪਹੁੰਚਣ ਦਾ ਫ਼ੋਨ ਆਇਆ, "ਬਾਪੂ ਦੀ ਅਮਾਨਤ ਬਾਪੂ ਨੂੰ ਫੜਾ ਦਿੱਤੀ ਸੀ?" ਮੈਂ ਬੋਤਲ ਬਾਰੇ ਪੁੱਛਿਆ, ਤਾਂ ਉਹ ਬੜੇ ਮਿਜਾਜ਼ ਨਾਲ ਵਿਅੰਗਮਈ ਬੋਲਿਆ, "ਉਹ ਤਾਂ ਬਾਈ ਮੈਂ ਜਾਹਜ਼ ਵਿੱਚ ਹੀ ਖਿੱਚਤੀ ਸੀ...। ਨਾਲੇ ਬਾਪੂ ਅੱਗੇ ਕਿਹੜਾ ਬਲੈਕ ਲੇਬਲ ਹੀ ਪੀਂਦਾ ਸੀ? ਮੈਂ ਉਹਨੂੰ ਮੋਟੇ ਸੰਤਰੇ ਦੀ ਬੋਤਲ ਲਿਆ ਕੇ ਦੇ ਦਿੱਤੀ ਸੀ।" ਅਚਾਨਕ ਉਹ ਹੱਡਬੀਤੀ "ਬੇਬੇ ਮੈਂ ਬਦਮਾਸ਼ ਬਣੂੰਗਾ" ਫ਼ਿਲਮ ਦੇਖ ਕੇ ਦੁਬਾਰਾ ਮਹਿਸੂਸ ਕੀਤੀ। ਜਦ ਮੈਂ ਸਿਨੇਮਾਂ ਹਾਲ ਵਿੱਚ ਦਾਖਲ ਹੋਇਆ, ਤਾਂ ਓਥੇ ਵੀਹ-ਪੱਚੀ ਕੁ ਦਰਸ਼ਕ ਸਨ। ਕਰੀਬ ਪੌਣਾਂ ਹਾਲ ਖਾਲੀ ਪਿਆ ਸੀ। ਮੈਂ ਸੋਚਿਆ ਸਾਡੇ ਲੋਕ "ਮੋਟੇ ਸੰਤਰੇ" ਦੇ ਸ਼ੌਕੀਨ ਹਨ, ਭਾਵ ਕੱਚੀ-ਪੱਕੀ ਕੌਮੇਡੀ ਮੂਵੀਆਂ ਦੇ। ਜਿਹੜੇ ਵਾਰ-ਵਾਰ ਸਾਗ ਨਾਲ ਡਬਲਰੋਟੀ ਖਾਈ ਜਾਂਦੇ ਹਨ।

ਇਸ ਫ਼ਿਲਮ ਦਾ ਲੇਖਕ ਅਤੇ ਡਾਇਰੈਕਟਰ ਸੁਖਮਿੰਦਰ ਧੰਜਲ ਮੇਰਾ ਪੁਰਾਣਾ ਜਿਗਰੀ ਯਾਰ ਹੈ। ਸਾਡੀ ਯਾਰੀ ਨੂੰ ਤਾਂ ਕੋਈ ਕਬਾੜੀਆ ਵੀ ਚੁੱਕਣ ਲਈ ਤਿਆਰ ਨਹੀਂ। ਇਸ ਲਈ ਇਹ ਗੱਲ ਸਭ ਤੋਂ ਪਹਿਲਾਂ ਕਹਾਂਗਾ ਕਿ ਹਰ ਬੰਦੇ ਦੀ ਆਪਣੀ-ਆਪਣੀ ਪਸੰਦ ਹੈ। ਹੋ ਸਕਦਾ ਹੈ ਕਿਸੇ ਮਿੱਤਰ ਨੂੰ ਇਹ ਫ਼ਿਲਮ ਨਾ ਪਸੰਦ ਆਈ ਹੋਵੇ। ਪਰ ਇਸ ਫ਼ਿਲਮ ਵਿੱਚ ਕਮਾਲ ਦੇ ਕਟਾਕਸ਼ ਕੀਤੇ ਹੋਏ ਹਨ ਅਤੇ ਭ੍ਰਿਸ਼ਟ ਸਿਸਟਮ ਉੱਪਰ ਮਿਰਜ਼ੇ ਦੀਆਂ ਕਾਨੀਆਂ ਵਰ੍ਹਾਈਆਂ ਗਈਆਂ ਹਨ। ਕਿਤੇ-ਕਿਤੇ ਜੱਟ ਦੀ ਕੁਤਕੁਤੀ ਵਾਲੀ ਸਲੰਘ ਵੱਖੀ ਵਿੱਚ ਦੀ ਕੱਢੀ ਹੋਈ ਹੈ। ਇੱਥੇ ਮੈਂ ਫ਼ਿਲਮ ਦੀ ਕਹਾਣੀ ਦਾ ਜ਼ਿਕਰ ਨਹੀਂ ਕਰਾਂਗਾ, ਪਰ ਇਤਨੀ ਗੱਲ ਦਾਅਵੇ ਨਾਲ ਕਹਾਂਗਾ, ਕਿ ਜੇ ਆਪਣੇ ਲੋਕ ਨਾਮ ਉੱਪਰ ਨਾ ਜਾ ਕੇ, ਇਸ ਦੇ ਵਿਸ਼ੇ ਅਤੇ ਫ਼ਿਲਮ ਬਣਾਉਣ ਦੇ ਮਕਸਦ ਉੱਪਰ ਆਪਣਾ ਧਿਆਨ ਇਕਾਗਰ ਕਰਨ, ਤਾਂ ਇਹ ਫ਼ਿਲਮ ਕਿਸੇ ਵੱਡੇ ਇਨਾਮ ਦੀ ਹੱਕਦਾਰ ਹੋਵੇਗੀ। ਇਸ ਫ਼ਿਲਮ ਵਿੱਚ ਮੈਨੂੰ ਇੱਕ ਵੀ ਸੀਨ ਵਾਧੂ ਜਾਂ ਫ਼ਾਲਤੂ ਨਜ਼ਰ ਨਹੀਂ ਆਇਆ ਅਤੇ ਹਰ ਕਲਾਕਾਰ ਨੇ ਆਪਣਾ ਬਣਦਾ ਯੋਗਦਾਨ ਪਾਇਆ ਅਤੇ ਆਪਣੇ ਕਿਰਦਾਰ ਨੂੰ ਬਾਖੂਬੀ ਨਿਭਾਇਆ।

ਕਿਸੇ ਨੂੰ ਮਾਂਹ ਬਾਦੀ ਅਤੇ ਕਿਸੇ ਨੂੰ ਮਾਫ਼ਕ ਹੁੰਦੇ ਨੇ। ਜ਼ਰੂਰੀ ਨਹੀਂ ਕਿ ਜੋ ਫ਼ਿਲਮ ਮੈਨੂੰ ਪਸੰਦ ਹੈ, ਉਹ ਹਰ ਇੱਕ ਨੂੰ ਹੀ ਪਸੰਦ ਆਵੇਗੀ। ਜਦ ਕੈਨੇਡਾ ਵੱਸਦੇ ਮੇਰੇ ਦੋਸਤ ਗੁਰਪ੍ਰੀਤ ਸਿੰਘ ਨੇ "ਬੇਬੇ ਮੈਂ ਤਾਂ ਸੰਤ ਬਣੂੰਗਾ" ਗੀਤ ਗਾਇਆ, ਤਾਂ ਸਾਧ ਲਾਣਾ ਬੜਾ ਟੱਪਿਆ ਸੀ। ਪਰ ਉਸ ਦਾ ਉਦੇਸ਼ ਕਿਸੇ ਨੂੰ 'ਸੰਤ' ਬਣਾਉਣਾ ਨਹੀਂ ਸੀ ਅਤੇ ਨਾ ਹੀ ਉਸ ਗੀਤ ਕਾਰਨ ਅੱਜ ਤੱਕ ਕੋਈ ਸੰਤ ਬਣਿਆਂ। ਉਸ ਦਾ ਮਕਸਦ ਤਾਂ ਉਹਨਾਂ ਦੇ ਕਾਰਿਆਂ ਉੱਪਰ ਚੋਟ ਕਰਨ ਦਾ ਸੀ। ਉਹੀ ਹਾਲ ਇਸ ਫ਼ਿਲਮ ਦੇ ਨਾਮ ਤੋਂ ਕਈ ਲੋਕਾਂ ਦਾ ਹੋਇਆ ਹੈ। ਇਸ ਫ਼ਿਲਮ ਵਿੱਚ ਲੇਖਕ ਅਤੇ ਡਾਇਰੈਕਟਰ ਸੁਖਮਿੰਦਰ ਧੰਜਲ ਦਾ ਮਕਸਦ ਉਹਨਾਂ ਕਾਲੇ ਕਾਰਨਾਮਿਆਂ ਤੋਂ ਪਰਦਾ ਚੁੱਕਣਾ ਸੀ, ਜੋ ਸਾਡੇ ਸਮਾਜ ਵਿੱਚ ਕੋਹੜ ਵਾਂਗ ਫ਼ੈਲ ਚੁੱਕੇ ਹਨ। ਜੇ ਕਿਸੇ ਦੇ ਕਹਿਣ 'ਤੇ ਕੋਈ ਸਾਧ, ਜਾਂ ਬਦਮਾਸ਼ ਬਣਦਾ ਹੁੰਦਾ ਤਾਂ ਅੱਜ ਦੁਨੀਆਂ ਦਾ ਮੂੰਹ-ਮੁਹਾਂਦਰਾ ਹੀ ਕੁਝ ਹੋਰ ਹੋਣਾ ਸੀ। ਸਿਆਣੇ ਆਖਦੇ ਹਨ ਕਿ ਜੇ ਕਿਸੇ 'ਸਿਆਣੇ' ਦੇ ਹੱਥ ਜ਼ਹਿਰ ਵੀ ਆ ਜਾਵੇ, ਤਾਂ ਉਹ ਜ਼ਹਿਰ ਨੂੰ 'ਮਾਰ ਕੇ' ਔਸ਼ਧੀ ਬਣਾ ਕੇ ਸੌ ਰੋਗੀ ਨੂੰ ਤੰਦਰੁਸਤ ਕਰ ਦਿੰਦਾ ਹੈ। ਪਰ ਜੇ ਕਿਸੇ ਮੂਰਖ ਦੇ ਹੱਥ ਸ਼ਹਿਦ ਵੀ ਲੱਗ ਜਾਵੇ, ਤਾਂ ਉਹ ਕਿਸੇ ਨੂੰ ਅੰਨ੍ਹੇਵਾਹ ਪਿਆ ਕੇ 'ਮੋਕ' ਵੀ ਲਾ ਦਿੰਦਾ ਹੈ। ਮੇਰਾ ਕਹਿਣ ਦਾ ਮਤਲਬ ਸਾਨੂੰ ਹਰ ਵਿਸ਼ੇ ਵਿੱਚੋਂ ਕੰਮ ਦੀਆਂ ਗੱਲਾਂ ਚੁਣਨੀਆਂ ਅਤੇ ਗ੍ਰਹਿਣ ਕਰਨੀਆਂ ਚਾਹੀਦੀਆਂ ਹਨ। ਅਸੀਂ ਵਾਰ-ਵਾਰ ਦੁਹਾਈ ਦਿੰਦੇ ਹਾਂ, ਕਿ ਜੀ ਚੰਗੀਆਂ ਫ਼ਿਲਮਾਂ ਨਹੀਂ ਬਣਦੀਆਂ...ਸਾਨੂੰ 'ਚੀਪ ਕੌਮੇਡੀ' ਪਰੋਸੀ ਜਾ ਰਹੀ ਹੈ... ਅਤੇ ਪੰਜਾਬੀ ਸਿਨੇਮਾਂ ਨਿਘਾਰ ਵੱਲ ਧੱਕਿਆ ਜਾ ਰਿਹਾ ਹੈ...। ਪਰ ਜੇ ਕੋਈ ਲੇਖਕ ਅਤੇ ਡਾਇਰੈਕਟਰ ਕੋਈ ਨਵਾਂ ਵਿਸ਼ਾ ਲੈ ਕੇ ਫ਼ਿਲਮ ਬਣਾਉਂਦਾ ਹੈ, ਤਾਂ ਅਸੀਂ ਉਸ ਉੱਪਰ ਵੀ ਨੱਕ-ਬੁੱਲ੍ਹ ਮਾਰਦੇ ਹਾਂ। ਫਿਰ ਪੰਜਾਬੀ ਸਿਨੇਮੇਂ ਦੇ ਭਵਿੱਖ ਪ੍ਰਤੀ ਅਸੀਂ ਦੱਸੋ




ਕਿੰਨੇ ਕੁ ਸੰਜੀਦਾ ਹਾਂ?

ਮੈਂ ਖ਼ੁਦ ਇੱਕ ਨਾਵਲਕਾਰ ਹੋਣ ਦੇ ਨਾਤੇ ਇਹ ਗੱਲ ਦਾਅਵੇ ਅਤੇ ਨਿੱਜੀ ਤਜ਼ਰਬੇ ਤੋਂ ਕਹਾਂਗਾ, ਕਿ ਇਸ ਭ੍ਰਿਸ਼ਟ ਸਿਸਟਮ ਅਤੇ ਸਮੇਂ-ਸਮੇਂ ਦੇ ਹਾਕਮਾਂ ਦੇ ਖ਼ਿਲਾਫ਼ ਲਿਖਣਾ, ਜਾਂ ਫ਼ਿਲਮ ਬਣਾਉਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ, ਸ਼ੇਰ ਦੀ ਅਸਵਾਰੀ ਕਰਨ ਦੇ ਬਰਾਬਰ ਹੈ। ਇਸ ਲਈ ਸਾਨੂੰ ਫ਼ਿਲਮ ਦੇ ਲੇਖਕ, ਡਾਇਰੈਕਟਰ ਅਤੇ ਪ੍ਰੋਡਿਊਸਰ ਦੇ ਪੱਖ ਵਿੱਚ ਖੜ੍ਹਨਾ ਅਤੇ ਬਣਦਾ ਸਹਿਯੋਗ ਦੇਣਾ ਬਣਦਾ ਹੈ। ਸਮਾਜਿਕ ਮਸਲਿਆਂ ਦੀ ਗੱਲ ਕਰਨ ਵਾਲੇ ਹਿੰਮਤੀ ਬੰਦਿਆਂ ਦੇ ਗਿੱਟੇ 'ਤੇ ਸੋਟੀ ਮਾਰਨਾ ਸਾਡੇ ਲਈ ਕੋਈ ਸ਼ੋਭਾ ਵਾਲੀ ਗੱਲ ਨਹੀਂ ਹੋਵੇਗੀ। ਅੰਤ ਵਿੱਚ ਮੈਂ ਸਾਡੇ ਮਿੱਤਰ ਸੁਖਮਿੰਦਰ ਧੰਜਲ ਅਤੇ ਉਸ ਦੀ ਸਮੁੱਚੀ ਟੀਮ ਨੂੰ ਇਸ ਉਸਾਰੂ ਵਿਸ਼ੇ ਉੱਪਰ ਬਣਾਈ ਫ਼ਿਲਮ ਲਈ ਹਾਰਦਿਕ ਮੁਬਾਰਕਬਾਦ ਪੇਸ਼ ਕਰਦਾ ਹਾਂ ਅਤੇ ਦਰਸ਼ਕਾਂ ਨੂੰ "ਬੇਬੇ ਮੈਂ ਬਦਮਾਸ਼ ਬਣੂੰਗਾ" ਫ਼ਿਲਮ ਦੇਖਣ ਦੀ ਪੁਰਜ਼ੋਰ ਅਪੀਲ ਕਰੂੰਗਾ।

# ਵੇਲਜ਼ 'ਚ ਲੁਕਿਆ ਦਹਿਸ਼ਤਗਰਦ ਕਾਬੂ, ਅਮਰੀਕਾ ਭੇਜੇ ਜਾਣ ਦੀ ਮਨਜ਼ੂਰੀ



ਲੈਸਟਰ– (ਸੁਖਜਿੰਦਰ ਸਿੰਘ ਢੱਡੇ)–ਬਰਤਾਨੀਆ ਦੇ ਵੇਲਜ਼ ਸੂਬੇ ਵਿੱਚ ਪਿਛਲੇ ਦੋ ਦਹਾਕਿਆਂ ਤੋਂ ਲੁਕ ਕੇ ਰਹਿ ਰਹੇ ਇੱਕ ਦਹਿਸ਼ਤਗਰਦ ਨੂੰ ਆਖ਼ਰਕਾਰ ਕਾਨੂੰਨੀ ਏਜੰਸੀਆਂ ਵੱਲੋਂ ਕਾਬੂ ਕਰ ਲਿਆ ਗਿਆ ਹੈ। ਅਦਾਲਤ ਵੱਲੋਂ ਇਸ ਵਿਅਕਤੀ ਨੂੰ ਸੰਯੁਕਤ ਰਾਜ ਅਮਰੀਕਾ ਭੇਜੇ ਜਾਣ ਦੀ ਮਨਜ਼ੂਰੀ ਦੇ ਦਿੱਤੀ ਗਈ ਹੈ, ਜਿੱਥੇ ਉਸ ਫ਼ਰਸਤੋਤੇ ਗੰਭੀਰ ਦੋਸ਼ਾਂ ਸਬੰਧੀ ਮੁਕੱਦਮਾ ਚਲਾਇਆ ਜਾਵੇਗਾ। ਪ੍ਰਾਪਤ ਜਾਣਕਾਰੀ ਅਨੁਸਾਰ, ਇਹ ਵਿਅਕਤੀ ਪਿਛਲੇ 21 ਸਾਲਾਂ ਤੋਂ ਅਮਰੀਕੀ ਜਾਂਚ ਏਜੰਸੀ ਤੋਂ ਬਚਦਾ ਫਿਰ ਰਿਹਾ ਸੀ ਅਤੇ ਵੇਲਜ਼ ਦੇ ਇੱਕ ਸ਼ਾਂਤ ਇਲਾਕੇ ਵਿੱਚ ਝੂਠੀ ਪਛਾਣ ਹੇਠ ਜੀਵਨ ਬਿਤਾ ਰਿਹਾ ਸੀ। ਅਧਿਕਾਰੀਆਂ ਮੁਤਾ-ਬਕ ਉਹ ਆਪਣੇ ਆਪ ਨੂੰ ਆਮ ਨਾਗਰਿਕ ਵਜੋਂ ਪੇਸ਼ ਕਰਦਾ ਰਿਹਾ ਅਤੇ ਲੰਮੇ ਸਮੇਂ ਤੱਕ ਕਿਸੇ ਨੂੰ ਵੀ ਉਸ ਦੀ ਅਸਲੀ ਪਛਾਣ ਬਾਰੇ ਕੋਈ ਸ਼ੱਕ ਨਹੀਂ ਹੋਇਆ। ਜਾਂਚ ਏਜੰਸੀਆਂ ਵੱਲੋਂ ਕੀਤੀ ਗਈ ਗੁਪਤ ਤਹਿਕੀਕਾਤ ਤੋਂ ਬਾਅਦ ਆਖ਼ਰਕਾਰ ਉਸ ਦੀ ਸਥਿਤੀ ਦਾ ਪਤਾ ਲਗਾਇਆ ਗਿਆ ਅਤੇ ਉਸ ਨੂੰ ਕਾਬੂ ਕਰ ਲਿਆ ਗਿਆ। ਗ੍ਰਿਫ਼ਤਾਰੀ ਤੋਂ ਬਾਅਦ ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੇ ਕਾਨੂੰਨੀ ਕਾਰਵਾਈ ਪੂਰੀ ਹੋਣ ਉਪਰੰਤ ਉਸ ਦੀ ਹਵਾਲਗੀ ਸੰਯੁਕਤ ਰਾਜ ਅਮਰੀਕਾ ਨੂੰ ਕਰਨ ਦੀ ਮਨਜ਼ੂਰੀ ਦਿੱਤੀ ਗਈ। ਦੱਸਿਆ ਜਾ ਰਿਹਾ ਹੈ ਕਿ ਇਹ ਵਿਅਕਤੀ ਦਹਿਸ਼ਤਗਰਦੀ ਨਾਲ ਜੁੜੀਆਂ ਗੰਭੀਰ ਸਰਗਰਮੀਆਂ ਵਿੱਚ ਸ਼ਾਮਲ ਰਹਿ ਚੁੱਕਾ ਹੈ ਅਤੇ ਉਸ ਫ਼ਰਸਤੋਤੇ ਰਾਸ਼ਟਰੀ ਸੁਰੱਖਿਆ ਨੂੰ ਖਤਰੇ ਵਿੱਚ ਪਾਉਣ ਦੇ ਦੋਸ਼ ਹਨ। ਅਮਰੀਕੀ ਅਧਿਕਾਰੀਆਂ ਵੱਲੋਂ ਲੰਮੇ ਸਮੇਂ ਤੋਂ ਉਸ ਦੀ ਭਾਲ ਕੀਤੀ ਜਾ ਰਹੀ ਸੀ ਅਤੇ ਆਖ਼ਰਕਾਰ ਵੇਲਜ਼ ਵਿੱਚ ਉਸ ਦੀ ਗ੍ਰਿਫ਼ਤਾਰੀ ਨੂੰ ਵੱਡੀ ਕਾਮਯਾਬੀ ਮੰਨਿਆ ਜਾ ਰਿਹਾ ਹੈ।ਸਥਾਨਕ ਵਸਨੀਕਾਂ ਨੇ ਹੈਰਾਨੀ ਜਤਾਈ ਹੈ ਕਿ ਇੰਨੇ ਸਾਲਾਂ ਤੱਕ ਇੱਕ ਖ਼ਤਰਨਾਕ ਵਿਅਕਤੀ ਉਨ੍ਹਾਂ ਦੇ ਵਿਚਕਾਰ ਰਹਿੰਦਾ ਰਿਹਾ ਅਤੇ ਕਿਸੇ ਨੂੰ ਵੀ ਇਸ ਦੀ ਭਿਣਕ ਤੱਕ ਨਹੀਂ ਪਈ। ਲੋਕਾਂ ਦਾ ਕਹਿਣਾ ਹੈ ਕਿ ਇਹ ਘਟਨਾ ਸੁਰੱਖਿਆ ਪ੍ਰਬੰਧਾਂ ਬਾਰੇ ਕਈ ਸਵਾਲ ਖੜੇ ਕਰਦੀ ਹੈ। ਕਾਨੂੰਨੀ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਅੰਤਰਰਾਸ਼ਟਰੀ ਸਹਿਯੋਗ ਨਾਲ ਹੀ ਅਜਿਹੇ ਖ਼ਤਰਨਾਕ ਅਪਰਾਧੀਆਂ ਨੂੰ ਕਾਬੂ ਕੀਤਾ ਜਾ ਸਕਦਾ ਹੈ ਅਤੇ ਇਹ ਮਾਮਲਾ ਇਸ ਗੱਲ ਦੀ ਮਿਸਾਲ ਹੈ ਕਿ ਕਾਨੂੰਨ ਤੋਂ ਬਚ ਕੇ ਕੋਈ ਵੀ ਵਿਅਕਤੀ ਸਦਾ ਲਈ ਨਹੀਂ ਰਹਿ ਸਕਦਾ।


## ਸ੍ਰੀ ਗੁਰੂ ਗੋਬਿੰਦ ਸਿੰਘ ਗੁਰਦੁਆਰਾ, ਮਾਨਚੈਸਟਰ ਵਿਖੇ 3 ਗ੍ਰੰਥੀ ਸਿੰਘਾਂ (ਰਾਗੀ ਜਥੇ) ਦੀ ਲੋੜ

**ਮੁੱਖ ਕੰਮ:–** ਸ੍ਰੀ ਗੁਰੂ ਗੋਬਿੰਦ ਸਿੰਘ ਗੁਰਦੁਆਰਾ ਐਜੂਕੇਸ਼ਨਲ ਐਂਡ ਕਲਚਰਲ ਸੈਂਟਰ ਮਾਨਚੈਸਟਰ ਵਿਖੇ ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ, ਸੁਖਮਨੀ ਸਾਹਿਬ ਦਾ ਪਾਠ ਅਤੇ ਅਖੰਡ ਪਾਠ ਅਤੇ ਮੁੱਖ ਗ੍ਰੰਥੀ ਦੇ ਨਾਲ ਗੁਰਦੁਆਰਾ ਸਾਹਿਬ ਵਿਖੇ ਲੋੜੀਂਦੀਆਂ ਸੇਵਾਵਾਂ ਵਿੱਚ ਮਦਦ ਕਰਨੀ।

**ਸਮਾਂ:–** ਛੇ ਮਹੀਨਿਆਂ ਤੋਂ ਲੈ ਕੇ ਇੱਕ ਸਾਲ ਲਈ ਕੰਮ, ਯੂ ਕੇ ਦੇ ਇੰਪਲਾਈਮੈਂਟ ਕਾਨੂੰਨ ਮੁਤਾਬਕ ਚੰਗੀ ਤਨਖਾਹ ਅਤੇ ਗੁਰਦੁਆਰਾ ਸਾਹਿਬ ਵਿਖੇ ਰਿਹਾਇਸ਼ ਦਾ ਪ੍ਰਬੰਧ ਹੈ।

**ਸ਼ਰਤਾਂ:–** ਕੀਰਤਨ ਕਰਨ ਦੇ ਯੋਗ ਹੋਵੇ ਅਤੇ ਧਾਰਮਿਕ ਕਾਰਜਾਂ ਸਬੰਧੀ ਹੋਰ ਡਿਊਟੀਆਂ ਵੀ ਕਰ ਸਕਦਾ ਹੋਵੇ, ਲੰਗਰ ਦੀਆਂ ਸੇਵਾਵਾਂ ਵੀ ਨਿਭਾਅ ਸਕਦਾ ਹੋਵੇ। ਪੰਜਾਬੀ ਜ਼ਰੂਰ ਪੜ੍ਹ ਅਤੇ ਬੋਲ ਸਕਦਾ ਹੋਵੇ। ਤਜ਼ਰਬਾ ਹੋਣਾ ਜ਼ਰੂਰੀ ਹੈ। ਜੇ ਕੋਈ ਸਿੰਘ ਪਹਿਲਾਂ ਹੀ ਯੂ ਕੇ ਵਿਚ ਪੱਕਾ ਰਹਿੰਦਾ ਹੋਵੇ ਤਾਂ ਉਸ ਨੂੰ ਪਹਿਲ ਦਿੱਤੀ ਜਾਵੇਗੀ। ਯੂ ਕੇ ਵਿੱਚ ਕਾਨੂੰਨੀ ਤੌਰ 'ਤੇ ਕੰਮ ਕਰਨ ਦਾ ਅਧਿਕਾਰ ਹੋਣਾ ਜ਼ਰੂਰੀ ਹੈ।

**ਬੰਦ ਹੋਣ ਦੀ ਤਾਰੀਕ:–** ਬਿਨੈਕਾਰ ਆਪਣੀਆਂ ਅਰਜ਼ੀਆਂ 6 ਮਾਰਚ 2026 ਤੋਂ ਪਹਿਲਾਂ ਭੇਜਣ

## JOB TITLE: KEERTANI JATHA OF 3 REQUIRED at Sri Guru Gobind Singh Gurdwara Manchester, U.K.

Keertani Jatha of 3 people required to work in a busy and demanding Manchester Gurdwara Sahib with a minimum weekly congregation of up to 650 people.

**Duties:** Should be able to perform Kirtan and carry out other religious activities as listed in main duties, as; Parkash of Sri Guru Granth Sahib, Nitnem, Sukhmani Sahib, Sehaj Paath, Recite Katha Vichar in the morning and evening, Rehras Sahib, Sukhasan Sahib etc.

**Requirements:** Must have Previous experience is essential, Vast knowledge of Sri Guru Granth Sahib and Sikh history, fluent in writing, reading and speaking Punjabi. Must have clean character and able to provide references of previous experience.

**Duration:** Fixed term contract, 6 months to 1 year.

**Benefits:** Excellent salary, Accommodation will be provided and Access to Gurdwara Sahib's food pantry.

**Must have right to work in U.K.**

Please contact: Parkash Singh on 07909 517494 or Tel: 0161 2267233

**Closing Date : Please Apply before 6th March 2026**

SRI GURU GOBIND SINGH GURDWARA Educational & Cultural Centre,
57 UPPER CHORLTON ROAD, WHALLEY RANGE, MANCHESTER, M16 7RQ.

www.manchestergurdwara.co.uk - Email:info@manchestergurdwara.co.uk

Charity Registration No. 1104110

# ਆਪਸੀ ਦੁਸ਼ਣਬਾਜ਼ੀ, ਇਲਜ਼ਾਮ ਅਤੇ ਕਿਰਦਾਰ-ਕੁਸ਼ੀ - ਸਿੱਖ ਤਾਕਤ ਦੀ ਸਭ ਤੋਂ ਵੱਡੀ ਦੁਸ਼ਮਣ

**ਬਘੇਲ ਸਿੰਘ ਧਾਲੀਵਾਲ**



ਸਿੱਖ ਕੌਮ ਅੱਜ ਕਿਸੇ ਇੱਕ ਦੁਸ਼ਮਣ ਨਾਲ ਨਹੀਂ ਲੜ ਰਹੀ। ਉਹ ਆਪਣੀ ਹੀ ਪਰਛਾਈਂ ਨਾਲ ਵੀ ਭਿੜ ਰਹੀ ਹੈ। ਦੁੱਖ ਦੀ ਗੱਲ ਇਹ ਨਹੀਂ ਕਿ ਵਿਰੋਧੀ ਤਾਕਤਾਂ ਸਾਜ਼ਿਸ਼ਾਂ ਕਰ ਰਹੀਆਂ ਹਨ, ਸਗੋਂ ਇਸ ਤੋਂ ਵੱਡੇ ਦੁੱਖ ਦੀ ਗੱਲ ਇਹ ਹੈ ਕਿ ਹੁਣ ਉਨ੍ਹਾਂ ਨੂੰ ਸਾਜ਼ਿਸ਼ ਕਰਨ ਦੀ ਲੋੜ ਹੀ ਨਹੀਂ ਰਹਿ ਗਈ। ਸਿੱਖ ਆਪਸ ਵਿੱਚ ਇੰਨੇ ਉਲਝ ਚੁੱਕੇ ਹਨ ਕਿ ਵਿਰੋਧੀ ਸਿਰਫ਼ ਦੂਰੋਂ ਬੈਠ ਕੇ ਸਿੱਖਾਂ ਦਾ ਤਮਾਸ਼ਾ ਵੇਖ ਰਹੇ ਹਨ।

ਅੱਜ ਸਿੱਖ ਕੌਮ ਦੇ ਅੰਦਰ ਫੁੱਟ ਦੀ ਦਰਾਰ ਇੰਨੀ ਗਹਿਰੀ ਹੋ ਚੁੱਕੀ ਹੈ ਕਿ ਹਰ ਤੀਜਾ ਬੰਦਾ ਸ਼ੱਕੀ ਜਾਪਦਾ ਹੈ। ਸਿੱਖ ਇੱਕ-ਦੂਜੇ ’ਤੇ ਵਿਕਿਆ ਹੋਇਆ, ਏਜੰਸੀਆਂ ਦੇ ਹੱਥਾਂ ਵਿੱਚ ਖੇਡਣ ਵਾਲਾ ਅਤੇ ਹੋਰ ਪਤਾ ਨਹੀਂ ਕੀ-ਕੀ ਇਲਜ਼ਾਮ ਬਿਨਾਂ ਮਤਲਬ ਲਾਏ ਜਾਣ ਦਾ ਕੋਈ ਮੌਕਾ ਨਹੀਂ ਛੱਡ ਰਹੇ। ਜਿਹੜਾ ਵੀ ਸਿੱਖ ਕੌਮੀ ਹਿਤਾਂ ਦੀ ਗੱਲ ਕਰਨ ਦੀ ਕੋਸ਼ਿਸ਼ ਕਰਦਾ ਹੈ, ਉਸ ’ਤੇ ਬੇਗਾਨਿਆਂ ਨਾਲੋਂ ਪਹਿਲਾਂ ਆਪਣੇ ਹੀ ਦੂਸ਼ਣ ਲਾਉਣੇ ਸ਼ੁਰੂ ਕਰ ਦਿੰਦੇ ਹਨ। ਸੱਚ ਇਹ ਹੈ ਕਿ ਸਿੱਖ ਅਸਲ ਮੁੱਦੇ ਭੁੱਲ ਗਏ ਹਨ ਅਤੇ ਮੋਰਚੇ ਆਪਸ ਵਿੱਚ ਖੋਲ੍ਹ ਲਏ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਵੇ ਜਾਂ ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ, ਨੌਜਵਾਨਾਂ ਦਾ ਨਸ਼ਿਆਂ ਵਿੱਚ ਡੁੱਬਣਾ ਹੋਵੇ ਜਾਂ ਬਰਬਾਦੀ ਦੀ ਕਗਾਰ ’ਤੇ ਖੜ੍ਹੀ ਕਿਸਾਨੀ - ਹਰ ਥਾਂ ਸਿੱਖ ਇਕਸੁਰ ਹੋਣ ਦੀ ਥਾਂ ਧੜਿਆਂ ਵਿੱਚ ਵੰਡੇ ਨਜ਼ਰ ਆਉਂਦੇ ਹਨ। ਇੱਕ ਧੜਾ ਦੂਜੇ ਨੂੰ ਗੱਦਾਰ ਕਹਿੰਦਾ ਹੈ, ਦੂਜਾ ਪਹਿਲੇ ਦੀ ਕਿਰਦਾਰ-ਕੁਸ਼ੀ ਵਿੱਚ ਸਾਰੀਆਂ ਹੱਦਾਂ ਪਾਰ ਕਰ ਜਾਂਦਾ ਹੈ। ਭਾਵ, ਆਪਸ ਵਿੱਚ ਲੜਨ ਤੋਂ ਬਿਨਾਂ ਵਿਹਲ ਨਹੀਂ ਹੈ, ਮਸਲੇ ਤਾਂ ਪਏ ਢੱਠੇ ਖੂਹ ਵਿੱਚ ਹਨ।

ਬੀਤੇ ਦਿਨੀਂ ਸ੍ਰੀ ਸਿਮਰਨਜੀਤ ਸਿੰਘ ਮਾਨ ਦੇ ਦੋਹਤੇ ਵੱਲੋਂ ਵਿਆਹ ਦੀਆਂ ਰਸਮਾਂ ਵਿੱਚ ਆਪਣੇ ਉੱਤੇ ਚੌਰ ਸਾਹਿਬ ਝੁਲਾਉਣ ਦਾ ਮਸਲਾ ਸਾਹਮਣੇ ਆਇਆ ਸੀ। ਬਿਨਾਂ ਸ਼ੱਕ ਅੱਜ ਦੇ ਸੰਦਰਭ ਵਿੱਚ ਇਸ ਨੂੰ ਅਵੱਗਿਆ ਵਜੋਂ ਨਹੀਂ ਛੱਡਿਆ ਜਾ ਸਕਦਾ। ਉਹ ਸਮੇਂ



ਹੁਣ ਲੱਦ ਚੁੱਕੇ ਹਨ ਜਦੋਂ ਰਾਜੇ-ਮਹਾਰਾਜਿਆਂ ਦੇ ਸਿਰਾਂ ’ਤੇ ਚੌਰ ਝੁਲਾਏ ਜਾਂਦੇ ਸਨ। ਹੁਣ ਜਦੋਂ ਰਾਜਸ਼ਾਹੀ ਜਾਂ ਰਿਆਸਤਾਂ ਦਾ ਦੌਰ ਹੀ ਨਹੀਂ ਰਿਹਾ, ਤਾਂ ਉਨ੍ਹਾਂ ਪੁਰਾਣੀਆਂ ਪਰੰਪਰਾਵਾਂ ਨੂੰ ਨਿਭਾਉਣ ਦਾ ਕੀ ਅਰਥ, ਜੋ ਸਾਡੇ ਗੁਰੂ ਦੀ ਬਰਾਬਰੀ ਕਰਨ ਦਾ ਗੁਨਾਹਗਾਰ ਬਣਾਉਂਦੀਆਂ ਹੋਣ ਜਾਂ ਸਿੱਖ ਵਿਚਾਰਧਾਰਾ ਨਾਲ ਟਕਰਾਉਂਦੀਆਂ ਹੋਣ?

ਪਰ ਇਹ ਸੱਚ ਹੈ ਕਿ ਇਸ ਮਸਲੇ ਦਾ ਭਾਵਨਾਤਮਕ ਵਿਰੋਧ ਘੱਟ ਪਰ ਰਾਜਨੀਤੀ ਜ਼ਿਆਦਾ ਅਤੇ ਨੀਵੇਂ ਪੱਧਰ ਦੀ ਹੋ ਰਹੀ ਹੈ। ਜਦਕਿ ਮੁਆਫ਼ੀ ਮੰਗੇ ਜਾਣ ਤੋਂ ਬਾਅਦ ਅਜਿਹੇ ਸੰਵੇਦਨਸ਼ੀਲ ਮਸਲਿਆਂ ਨੂੰ ਤੂਲ ਦੇਣਾ ਸਿਆਣਪ ਨਹੀਂ। ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਿਚਾਰਨ ਦਾ ਮਸਲਾ ਹੈ, ਪਰ ਸਿੱਖ ਤਾਂ ਇਸ ਸਰਬ-ਉੱਚ ਸੰਸਥਾ ਦੇ ਵਿਰੋਧ ਦਾ ਵੀ ਮੌਕਾ ਨਹੀਂ ਛੱਡਦੇ। ਵਿਰੋਧੀ ਅਜਿਹੇ ਮੌਕਿਆਂ ਨੂੰ ਹੋਰ ਦਲੀਲਾਂ ਨਾਲ ਉਛਾਲਦੇ ਹਨ, ਜਦਕਿ ਕੌਮ ਦੇ ਵੱਡੇਰੇ ਹਿਤਾਂ ਨੂੰ ਪਹਿਲ ਦੇਣਾ ਹਰ ਸਿੱਖ ਦਾ ਇਖਲਾਕੀ ਅਤੇ ਨੈਤਿਕ ਫਰਜ਼ ਬਣਦਾ ਹੈ।

ਨਾਭਾ ਰਿਆਸਤ ਦੇ ਵਾਰਸ ਵੱਲੋਂ ਆਪਣੇ ਮਹਿਲ ਵਿੱਚ ਪ੍ਰਵੇਸ਼ ਕਰਨ ਨੂੰ ਲੈ ਕੇ ਵੀ ਸਕਾਰਾਤਮਕ ਅਤੇ ਨਕਾਰਾਤਮਕ ਵਿਰੋਧ ਸੋਸ਼ਲ ਮੀਡੀਆ ਦੀ ਸ਼ਾਨ ਬਣਿਆ ਹੋਇਆ



ਹੈ। ਇੱਥੇ ਵੀ ਚਾਹੀਦਾ ਇਹ ਸੀ ਕਿ ਸਾਰੀਆਂ ਧਿਰਾਂ ਉਸ ਸਿੱਖ ਰਾਜਕੁਮਾਰ ਦੀ ਹੌਸਲਾ-ਅਫਜ਼ਾਈ ਲਈ ਅੱਗੇ ਆਉਂਦੀਆਂ। ਅੱਜ ਦੇ ਯੁੱਗ ਵਿੱਚ 124 ਸਾਲ ਪੁਰਾਣੀ ਪਰੰਪਰਾ ਨੂੰ ਬਹਾਲ ਕਰਨਾ - ਜਦੋਂ ਸਿੱਖੀ ਸਿਧਾਂਤਾਂ ’ਤੇ ਚਾਰੇ ਪਾਸੇ ਤੋਂ ਹਮਲੇ ਹੋ ਰਹੇ ਹਨ, ਸਿੱਖੀ ਨੂੰ ਖਤਮ ਕਰਨ ਦੇ ਟੀਚੇ ਮਿੱਥੇ ਜਾ ਰਹੇ ਹਨ - ਤਾਂ ਉਸ ਮੌਕੇ ਕੋਈ ਆਪਣੀ ਮਿੱਟੀ, ਆਪਣੀ ਧਰਤੀ ਤੋਂ ਦੂਰ ਬੈਠਾ ਸਿੱਖ ਰਾਜਕੁਮਾਰ ਆਪਣੇ ਅੰਦਰ ਪੁਰਖਿਆਂ ਦੀਆਂ ਧਾਰਮਿਕ ਪਰੰਪਰਾਵਾਂ ਨੂੰ ਜਿਉਂਦਾ ਕਰਨ ਦੀ ਤੜਪ ਰੱਖਦਾ ਹੈ, ਤਾਂ ਉਸ ਨੂੰ ਕੌਮ ਵੱਲੋਂ “ਜੀ ਆਇਆਂ ਨੂੰ” ਕਹਿਣਾ ਬਣਦਾ ਹੈ। ਪਰ ਅਫ਼ਸੋਸ ਨਾਲ ਲਿਖਣਾ ਪੈਂਦਾ ਹੈ ਕਿ ਬਹੁਤ ਸਾਰੇ ਸਿੱਖ ਵਿਦਵਾਨ ਆਪਣੀ ਈਰਖਾਲੂ ਸੋਚ ਹੇਠ ਦਬ ਚੁੱਕੀ ਵਿਦਵਤਾ ਦਾ ਸਾਰਾ ਨਜ਼ਰਾਨਾ ਅਜਿਹੇ ਮੌਕਿਆਂ ’ਤੇ ਕੱਢਣ ਵਿੱਚ ਕੋਈ ਕਸਰ ਨਹੀਂ ਛੱਡਦੇ।

ਉਸ ਅਣਦਾਹੜੀਏ ਸਿੱਖ ਰਾਜਕੁਮਾਰ ਨੇ ਦੱਸਿਆ ਹੈ ਕਿ 124 ਸਾਲ ਪਹਿਲਾਂ ਨਾਭਾ ਰਿਆਸਤ ਦੇ ਮਹਾਰਾਜਾ ਹੀਰਾ ਸਿੰਘ ਦੇ ਰਿਹਾਇਸ਼ੀ ਮਹਿਲ ਵਿੱਚ ਇੱਕ ਨਿਰੰਜਣ ਸਿੰਘ (ਨਰੈਣ ਸਿੰਘ) ਨਾਮ ਦੇ ਗੁਰੂ ਦੇ ਵਰੋਸਾਏ ਸਿੱਖ ਨੇ ਇੱਕੋ ਚੌਕੜੇ ਵਿੱਚ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ੍ਰੀ ਅਖੰਡ ਪਾਠ ਸਾਹਿਬ ਸੰਪੂਰਨ ਕੀਤਾ ਸੀ ਅਤੇ ਮਹਾਰਾਜਾ ਹੀਰਾ ਸਿੰਘ ਨੇ ਗੁਰਬਾਣੀ ਦਾ ਪਾਠ ਬੈਠ ਕੇ ਸਰਵਣ ਕੀਤਾ ਸੀ। ਉਸੇ ਪਰੰਪਰਾ ਨੂੰ ਮੁੜ ਸੁਰਜੀਤ ਕਰਦਿਆਂ ਨਾਭਾ ਖਾਨਦਾਨ ਦੇ ਵਾਰਸ ਰਾਜਕੁਮਾਰ ਅਭੀ ਉਦੇ ਪ੍ਰਤਾਪ ਸਿੰਘ ਨੇ ਆਪਣੀ ਦਸਤਾਰਬੰਦੀ ਕਰਵਾਉਣ ਲਈ ਗੁਰੂ ਦਾ ਓਟ-ਆਸਰਾ ਲਿਆ ਅਤੇ ਠੀਕ ਉਸੇ ਤਰ੍ਹਾਂ ਅਖੰਡ ਪਾਠ ਸਾਹਿਬ ਕਰਵਾਏ ਗਏ, ਜਿਨ੍ਹਾਂ ਦੀ ਸੰਪੂਰਨਤਾ ਵੀ ਗੁਰੂ ਸਾਹਿਬ ਦੀ ਕਿਰਪਾ ਨਾਲ ਬਾਬਾ ਰਾਜਾ ਸਿੰਘ ਹੁਣਾਂ ਕੋਲੋਂ ਇੱਕੋ ਚੌਕੜੇ ਵਿੱਚ ਕਰਵਾਈ ਗਈ।

ਇਤਿਹਾਸ ਨੂੰ ਦੁਹਰਾਉਣ ਵਾਲੀ ਘਟਨਾ ਕਦੇ ਵੀ ਆਮ ਨਹੀਂ ਹੁੰਦੀ, ਸਗੋਂ ਅਜਿਹੇ ਮਹੱਤਵਪੂਰਨ ਘਟਨਾਵਾਂ ਜਿਉਂਦੀਆਂ ਕੌਮਾਂ ਦੀ ਨਿਸ਼ਾਨੀ ਹੁੰਦੀਆਂ ਹਨ। ਅਜਿਹੇ ਮੌਕੇ ਕਿਸੇ ਇੱਕ ਖਾਨਦਾਨ ਦੇ ਨਹੀਂ, ਸਗੋਂ ਕੌਮੀ ਸਵੈ-ਮਾਣ ਦੇ ਪਲ ਹੁੰਦੇ ਹਨ, ਜਿਨ੍ਹਾਂ ਨੂੰ ਮਾਨਣਾ ਗੁਰੂ ਸਾਹਿਬ ਦੀ ਕਿਰਪਾ ਨਾਲ ਵਿਰਲਿਆਂ ਦੇ ਹਿੱਸੇ ਹੀ ਆਉਂਦਾ ਹੈ। ਬਹੁਤੇ ਬਦਨਸੀਬ ਤਾਂ ਵਿਰੋਧ ਕਰਨ ਵਿੱਚ ਹੀ ਸਾਰੀ ਤਾਕਤ ਲਾ ਕੇ ਸੁਹਾਵਾਂ ਸਮਾਂ ਗੁਆ ਦਿੰਦੇ ਹਨ।

ਬੇਸ਼ੱਕ ਇਹ ਇੱਕ ਸ਼ਾਹੀ ਖਾਨਦਾਨ ਦੀ ਗੱਲ ਹੈ, ਪਰ ਅਜਿਹੇ ਇਤਿਹਾਸਕ ਘਟਨਾਵਾਂ ਕੌਮ ਦੀ ਮੁੜ-ਉਸਾਰੀ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਬਣ ਜਾਂਦੀਆਂ ਹਨ। ਅਜਿਹੇ ਪਲ ਅਚੇਤ ਸਿੱਖ ਮਨਾਂ ਵਿੱਚ ਆਪਣੇ ਰਾਜ-ਭਾਗ ਦੀ ਤੜਪ ਪੈਦਾ ਕਰਨ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਹਨ।

ਕੌਮ ਦੀ ਇਹ ਤਰਾਸਦੀ ਹੈ ਕਿ ਜਿਨ੍ਹਾਂ ਨੇ ਪੰਥ ਦੀ ਲਾਜ ਬਣਨਾ ਸੀ, ਕੌਮ ਦੀ ਮੁੜ-ਉਸਾਰੀ ਵਿੱਚ ਸੇਵਾਵਾਂ ਨਿਭਾਉਣੀਆਂ ਸਨ, ਉਹ ਆਪਣੇ ਸਵਾਰਥਾਂ ਦੀਆਂ ਕੰਧਾਂ ਖੜ੍ਹੀਆਂ ਕਰਕੇ ਬੈਠੇ ਹਨ। ਆਜ਼ਾਦ ਸਿੱਖ ਪ੍ਰਭੂ-ਸੱਤਾ ਦਾ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ ਵਰਗੀ ਮਹਾਨ ਸੰਸਥਾ ਦੀ ਮਰਿਆਦਾ ਵੀ ਆਏ ਦਿਨ ਆਪਸੀ ਟਕਰਾਅ ਦੀ ਭੇਟ ਚੜ੍ਹਦੀ ਹੈ। ਵਿਰੋਧੀ ਤਾਕਤਾਂ ਲਈ ਇਹ ਸਭ ਤੋਂ ਸੁਖਾਲੀ ਸਥਿਤੀ ਹੈ - ਨਾ ਗੋਲੀ ਚਲਾਉਣੀ, ਨਾ ਲਾਠੀ ਵਰਤਣੀ। ਸਿੱਖ ਆਪ ਹੀ ਆਪਣੇ ਬਿਆਨਾਂ, ਵੀਡੀਓਆਂ ਅਤੇ ਗਾਲ੍ਹਾਂ ਨਾਲ ਆਪਣੇ ਕੌਮੀ ਹਿਤਾਂ ਦੀ ਲੜਾਈ ਨੂੰ ਕਮਜ਼ੋਰ ਕਰ ਰਹੇ ਹਨ।

ਇਹ ਵੀ ਸੱਚ ਹੈ ਕਿ ਸਿੱਖ ਦੀ ਆਵਾਜ਼ ਖਾਮੋਸ਼ ਨਹੀਂ ਹੋਈ, ਪਰ ਉਹ ਆਪਸ ਵਿੱਚ ਫੁੱਟ ਪੈਣ ਕਾਰਨ ਬਿਖਰ ਗਈ ਹੈ। ਇਤਿਹਾਸ ਦੀ ਇਹ ਚੇਤਾਵਨੀ ਹੈ ਕਿ ਜਦੋਂ ਵੀ ਸਿੱਖ ਕੌਮ ਵੰਡੀ ਗਈ, ਪਾਟੋ-ਧਾੜ ਹੋਈ, ਉਸ ਨੇ ਭਾਰੀ ਮੁੱਲ ਚੁਕਾਇਆ ਹੈ। ਗੁਰੂ ਸਾਹਿਬਾਨ ਨੇ ਸ਼ਸਤਰਾਂ ਦੇ ਨਾਲ ਇਕਜੁੱਟ ਰਹਿਣ ਦੀ, ਸੱਚ ਨਾਲ ਖੜ੍ਹਨ ਦੀ ਅਤੇ ਹਉਮੈ ਨੂੰ ਤਿਆਗਣ ਦੀ ਸੋਝੀ ਵੀ ਦਿੱਤੀ ਸੀ।

ਇਹ ਸਵਾਲ ਬੜਾ ਮਹੱਤਵਪੂਰਨ ਹੈ ਕਿ ਕੀ ਸਿੱਖ ਬੁੱਧੀਜੀਵੀ, ਰਾਜਨੀਤਕ ਅਤੇ ਧਾਰਮਿਕ ਸੰਸਥਾਵਾਂ ਕੌਮ ਦੇ ਵੱਡੇਰੇ ਹਿਤਾਂ ਲਈ ਆਪਣੇ ਹੰਕਾਰ ਅਤੇ ਹਉਮੈ ਦਾ ਤਿਆਗ ਕਰਨ ਨੂੰ ਤਿਆਰ ਹੋ ਸਕਣਗੀਆਂ? ਜੇ ਜਵਾਬ “ਨਹੀਂ” ਹੈ ਤਾਂ ਦੁਨੀਆਂ ਦੀ ਇਸ ਬਹਾਦਰ ਕੌਮ ਨੂੰ ਇਹ ਵੀ ਯਾਦ ਰੱਖਣਾ ਪਵੇਗਾ ਕਿ ਜਿਸ ਪਾਟੋ-ਧਾੜ ਅਤੇ ਨਿੱਜ-ਪ੍ਰਸਤੀ ਕਾਰਨ 1849 ਵਿੱਚ ਖੁੱਸਿਆ ਰਾਜ-ਭਾਗ ਸਿੱਖਾਂ ਦੇ ਨਸੀਬਾਂ ਤੋਂ ਦੂਰ ਜਾ ਚੁੱਕਾ ਹੈ, ਹੁਣ ਉਹੀ ਪਾਟੋ-ਧਾੜ ਕੌਮ ਨੂੰ ਅੱਜ ਵੀ ਨਮੋਸ਼ੀ ਦੇ ਆਲਮ ਵਿੱਚ ਧੱਕ ਰਹੀ ਹੈ।

ਸਿੱਖਾਂ ਨੂੰ ਆਪਣੀ ਮਾਨਸਿਕਤਾ ਵਿੱਚੋਂ ਈਰਖਾਵਾਦੀ ਸੋਚ ਤਿਆਗਣ ਦੇ ਨਾਲ-ਨਾਲ ਇੱਕ-ਦੂਜੇ ਨੂੰ ਨੀਵਾਂ ਦਿਖਾਉਣ ਅਤੇ ਕਿਰਦਾਰ-ਕੁਸ਼ੀ ਵਾਲੀ ਮਾਨਸਿਕਤਾ ਨੂੰ ਬਦਲਣਾ ਹੋਵੇਗਾ। ਜੇਕਰ ਇੰਨੀ ਅਧੋਗਤੀ ਅਤੇ ਜਗ-ਹੱਸਾਈ ਤੋਂ ਬਾਅਦ ਵੀ ਨਾ ਸੰਭਲੇ ਤਾਂ ਆਪਣਾ ਧਰਮ, ਆਪਣੀ ਪਛਾਣ ਅਤੇ ਆਪਣੀ ਹੋਂਦ ਨੂੰ ਬਣਾਈ ਰੱਖਣਾ ਸੁਖਾਲਾ ਨਹੀਂ ਹੋਵੇਗਾ।


# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

– ਲੇਖਕ –
ਗਿਆਨੀ
ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
**ਕਿਸ਼ਤ–29**

**ਰਾਮਾਨੰਦ ਜੀ ਪਹਿਲਾਂ ਹਨੂਮਾਨ ਜੀ ਦੇ ਅਰਾਧਕ ਕਿਉਂ ਸਨ ? ਸ੍ਰੀ ਸੰਪਰਦਾਏ ਦੇ ਅਚਾਰਯ ਹੋਣ ਦੇ ਨਾਤੇ ਸੀਤਾ ਜੀ ਨੂੰ ਜਗਤ-ਜਨਣੀ ਮੰਨਣ ਦੀ ਪੱਧਤੀ ਦੇ ਅਚਾਰਯ ਸਨ ਰਾਮ ਤਾਰਕ ਮੰਤਰ ਦੀ ਦੀਖਿਆ ਤੇ ਸਿੱਖਿਆ ਉੱਤੇ ਚੱਲਦੇ ਸੀ, ਵਿਅਕਤੀਆਂ ਦੀ ਅਰਾਧਨਾ ਛੱਡ ਕੇ ਰਾਮਾਨੰਦ ਜੀ ਵੱਲੋਂ ਨਿਰੰਕਾਰੀ ਨਿਰਗੁਣ ਬ੍ਰਹਮ ਪ੍ਰਤੀ ਭਾਵਾਂ ਦਾ ਉਨ੍ਹਾਂ ਦੀ ਰਚਨਾ ਵਿੱਚ ਆਉਣਾ ਖਾਸ ਅਰਥ ਰੱਖਦਾ ਹੈ । ਦੇਖਣ ਵਾਲੀ ਗੱਲ ਹੈ, ਪਹਿਲਾਂ ਰਾਮਾਨੰਦ ਜੀ, ਜੇ ਰਾਮ ਭਗਤ ਹੀ ਨਹੀਂ, ਇਕ ਹੋਰ ਰਾਮ ਭਗਤ ਹਨੂਮਾਨ ਦੀ ਭੀ ਆਰਤੀ ਉਤਾਰਦੇ ਸਨ, ਫਿਰ ਬ੍ਰਹਮਾ ਵਿਸ਼ਨੂੰ ਅਤੇ ਚੌਵੀ ਅਵਤਾਰਾਂ ਦੇ ਕਿਵੇਂ ਵਿਰੋਧੀ ਹੋਏ ?**




ਪਹਿਲੇ ਤੋਰਕੀ ਸੀ, ਭੀ, ਫਿਰ ਗੁਰਮੁਖੀ ਲਿਖੀ। ਪ੍ਰਾਣ ਸੰਗਲੀ ਦਾ ਇਕ ਅਧਿਆਇ, ਭਾਈ ਬੰਨੋ ਜੀ ਨੇ ਰਤਨਮਾਲਾ ਦੇ ਨਾਮ ਹੇਠਾਂ ਮੁੰਦਾਵਣੀ ਪਿੱਛੋਂ ਲਿਖੀਆਂ ਵਾਧੂ ਬਾਣੀਆਂ ਦੇ ਨਾਲ ਆਪਣੀ ਨਕਲ ਕੀਤੀ, ਬੀੜ ਵਿੱਚ ਚੜ੍ਹਾ ਲਿਆ ਸੀ। ਜਿਸ ਦੇ ਹੇਠਾਂ, ਉਪਰ ਦੱਸੀ ਗਈ ਸੂਚਨਾ ਲਿਖੀ ਜਾਂਦੀ ਰਹੀ ਹੈ। ਉਥੋ ਇਹ ਹੋਰ ਬੀੜਾਂ ਵਿੱਚ ਨਕਲ ਹੁੰਦੀ ਰਹੀ ਹੈ। ਭਾਈ ਪੈਂਧੇ ਵਾਲੀ ਬੀੜ (ਰਾਵਲਪਿੰਡੀ) ਦਾ ਕਾਫੀ ਭਾਗ ਇਸ ਰਚਨਾ ਪ੍ਰਾਣ ਸੰਗਲੀ ਨੇ ਮੱਲਿਆ ਹੋਇਆ ਹੈ। ਇਹ ਬੀੜ ਹੁਣ ਦਿੱਲੀ ਪੁੱਜ ਚੁੱਕੀ ਹੈ। ਜਿੰਨੀਆਂ ਵੀ ਪੁਰਾਣੀਆਂ ਪੱਤਰੀਆਂ ਪ੍ਰਾਣ ਸੰਗਲੀ ਗ੍ਰੰਥ ਦੀਆਂ ਮਿਲਦੀਆਂ ਹਨ, ਉਨ੍ਹਾਂ ਵਿੱਚੋਂ ਸੰਨ ਸੰਮਤ ਵਾਲੀ ਬੀੜ ਜਾਂ ਪਹਿਲੀ ਪੋਥੀ ਵਾਲੀ ਰਚਨਾ ਕਿਹੜੀ ਹੈ? ਇਹ ਪੱਖ ਹੁਣ ਤੱਕ ਨਿਰਣੈ ਨਹੀਂ ਹੋ ਸਕਿਆ। ਕੁਝ ਵੀ ਹੋਵੇ ਇਹ ਰਚਨਾ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਰਕੀ ਤੋਂ, ਗੁਰਮੁਖੀ ਅੱਖਰਾਂ ਵਿੱਚ ਲਿਖਤੀ ਰੂਪ ਧਾਰਨ ਕਰ ਚੁੱਕੀ ਸੀ। ਗੋਸ਼ਟੀ; ਇਕ ਹੋਈ ਵਰਤੀ ਘਟਨਾ ਨੂੰ ਬਿਆਨ ਕਰਦੀ ਹੈ। ਇੰਝ ਨਹੀਂ ਜਿਵੇਂ ਰਾਮਾਨੰਦੀ ਪੰਥੀਆਂ ਨੇ ਅਗਸਤ ਸੰਘਿਤਾ ਗ੍ਰੰਥ ਵਿੱਚ ਆਪਣੇ ਕੋਲੋਂ ਹੀ ਕਈ ਅਧਿਆਇ ਸ਼ਾਮਿਲ ਕਰਕੇ ਭਵਿੱਖ ਵਿੱਚ ਹੋਣ ਵਾਲੇ ਮਹਾਂਪੁਰਖਾਂ ਦੀ ਕਲਪਨਾ ਦਰਸਾਕੇ ਰਾਮਾਨੰਦ ਜੀ ਨੂੰ ਅਵਤਾਰ ਸਿੱਧ ਕਰਨ ਦਾ ਨਿਰਾਰਥਕ ਯਤਨ ਕੀਤਾ ਹੈ। ਇਹ ਭੀ ਲਿਖ ਮਾਰਿਆ ਹੈ, ਰਾਮਾਨੰਦ ਦੇ ਚੇਲੇ ਕਬੀਰ ਜੀ ਅੱਗੋਂ ਗਾਂਧੀ ਦਾ ਅਵਤਾਰ ਧਾਰਨਗੇ। ਵਿੱਚੇ ਹੀ ਗੁਰੂ ਨਾਨਕ ਜੀ ਦਾ ਨਾਮ ਵੀ ਸ਼ਾਮਿਲ ਕਰ ਦਿੱਤਾ ਹੈ। ਕਬੀਰ-ਰਵਿਦਾਸ ਆਦਿ ਭਗਤਾਂ ਨੂੰ ਇਸ ਦੇ ਸ਼ਿਸ਼ ਦੱਸਦਿਆਂ ਨਾਲ ਹੀ ਰਾਮਾਨੰਦ ਜੀ ਦੀ ਦੋ ਸੌ ਸਾਲ ਤੱਕ ਦੀ ਉਮਰ ਭੀ ਮਿੱਥ ਛੱਡੀ ਹੈ। ਇਨ੍ਹਾਂ ਕਲਪਨਾ ਦੀ ਕਲਈ, ਰਾਮ ਚੰਦਰ ਸ਼ੁਕਲ ਨੇ ਖੋਲ੍ਹ ਕੇ ਰਾਮਾਨੰਦ ਜੀ ਦਾ ਦਿਹਾਂਤ 1580 (ਪੰਦਰਾਂ ਸੌ ਅੱਸੀ) ਦੇ ਆਸ ਪਾਸ ਹੋਣਾ ਸਾਬਤ ਕੀਤਾ ਹੈ।

ਭਵਿਸ਼ ਪੁਰਾਣ ਦੇ ਪਹਿਲੇ ਛਾਪਿਆਂ ਵਾਲੇ ਭਾਗ ਨੂੰ ਕੁਝ ਵਿਦਵਾਨਾਂ ਦੇ ਕਥਨ ਮੁਤਾਬਕ ਰਾਮਾਇਣ ਦੇ ਲੇਖਕ ਤੁਲਸੀ ਜੀ ਦੇ ਸਮੇਂ, ਕੁਝ ਭਾਗਾਂ ਨੂੰ ਹੋਰ ਪਿੱਛੋਂ ਇਸ ਗ੍ਰੰਥ ਵਿੱਚ ਘੁਸੇੜਿਆ ਗਿਆ ਹੈ। ਉਸ ਵਿੱਚ ਇਹ ਲਿਖ ਮਾਰਿਆ ਹੈ ਕਿ ਰਾਮਾਨੰਦ ਜੀ ਦੇ ਚੇਲਿਆਂ ਵਿੱਚ ਕਬੀਰ, ਧੰਨਾ, ਪੀਪਾ ਸਨ ਅਤੇ ਗੁਰੂ ਨਾਨਕ ਦੇ ਗੁਰੂ ਵੀ ਰਾਮਾਨੰਦ ਹੋਣਗੇ (ਅਧਿਆਇ 13 ਸਲੋਕ 86, 87) ਪ੍ਰੰਤੂ ਨਾਲ ਹੀ ਭਗਤ ਰਾਮਾਨੰਦ ਜੀ ਦੇ ਸੱਤ ਚੇਲਿਆਂ ਦਾ (ਸਲੋਕ 26, 27) ਅਕਬਰ ਦੇ ਦਰਬਾਰ ਵਿੱਚ ਸੁਸ਼ੋਭਿਤ ਹੋਣ ਦਾ ਵਿਰਤਾਂਤ ਦਰਜ ਕਰ ਦਿੱਤਾ ਹੈ। ਕੀ ਗੁਰੂ ਨਾਨਕ ਜੀ ਅਤੇ ਕਬੀਰ ਜੀ ਅਕਬਰ ਦੇ ਸਮਕਾਲੀ ਸਨ? ਜਦ ਏਨੀਆਂ ਨਿਰਅਧਾਰ ਘਾੜਤਾਂ ਘੜੀਆਂ ਗਈਆਂ। ਪ੍ਰਾਣ ਸੰਗਲੀ, ਉਸ ਵੇਲੇ ਲਿਖਤੀ ਰੂਪ ਦੀ ਧਾਰਨੀ ਹੋਕੇ ਕਈ ਪੋਥੀਆਂ ਤੇ ਬੀੜਾਂ ਵਿੱਚ ਨਕਲ ਹੋ ਚੁੱਕੀ ਸੀ। ਇਹ ਰਚਨਾ ਸ੍ਰੀ ਮੁੱਖ ਵਾਕ ਹੋਵੇ ਜਾਂ ਕਿਸੇ ਹਜ਼ੂਰੀ ਸਿੱਖ ਦੀ ਰਚਨਾ, ਪੁਰਾਤਨ ਸੋਮਾਂ ਅਤੇ ਮਹੱਤਵਪੂਰਨ ਦਸਤਾਵੇਜ਼ ਅਵੱਸ਼ ਹੈ। ਗੁਰੂ ਨਾਨਕ ਜੀ ਦੀ ਪ੍ਰਸਿੱਧੀ ਉਸ ਸਮੇਂ ਸਿੱਖਰਾਂ ਛੋਹ ਰਹੀ ਸੀ, ਜਿਸ ਕਾਰਨ ਰਾਮਾਨੰਦੀਆਂ ਵੱਲੋਂ ਇਸ ਗ੍ਰੰਥ ਵਿੱਚ ਗੁਰੂ ਜੀ ਦਾ ਨਾਮ ਭੀ ਲਿਖਿਆ ਗਿਆ। ਕੀ ਗੁਰੂ ਨਾਨਕ ਜੀ ਰਾਮਾਨੰਦ ਜੀ ਦੇ ਚੇਲੇ ਬਣੇ ਜਾਂ ਰਾਮਾਨੰਦ ਜੀ ਗੁਰੂ ਨਾਨਕ ਦੇ, ਇਸ ਦਾ ਪ੍ਰਮਾਣ ਰਾਮਾਨੰਦ ਜੀ ਦਾ ਸ਼ਬਦ ਹੈ ਜਿਸ ਵਿੱਚ ਖੁਦ ਰਾਮਾਨੰਦ ਜੀ ਪੂਰੇ ਗੁਰੂ ਦੀ ਪ੍ਰਾਪਤੀ ਪਿੱਛੋਂ ਹੁਲਾਸ ਨਾਲ ਭਰ ਕੇ ਗੁਰ ਕੇ ਸ਼ਬਦ (ਨਾਮ) ਦੀ ਪ੍ਰਾਪਤੀ ਤੋਂ ਰਹੱਸ ਭਰੀ ਮਸਤੀ ਵਿੱਚ ਝੂਮਕੇ ਆਖ ਰਹੇ ਹਨ:

ਗੁਰੂ ਕਾ ਸਬਦੁ ਕਾਟੈ ਕੋਟਿ ਕਰਮ ॥
ਸਤਿਗੁਰ ਮੈਂ ਬਲਿਹਾਰੀ ਤੋਰ ॥
ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥
(ਬਸੰਤ ਰਾਮਾਨੰਦ – 1195)

ਜਿਸ ਗੁਰੂ ਕਾਰਨ ਇਹ ਪਲਟਾ ਆਇਆ ਕੀ ਇਹ ਗੁਰੂ ਨਾਨਕ ਜੀ ਤੋਂ ਬਿਨਾਂ, ਕੋਈ ਹੋਰ ਗੁਰੂ ਕਲਪਿਆ ਜਾ ਸਕਦਾ ਹੈ? ਆਪਣੇ ਪਰੰਪਰਾਵਾਦੀ ਆਰੰਭਕ ਗੁਰੂ, ਰਾਘਵਾ ਨੰਦ ਤੋਂ ਤਾਂ, ਉਹ ਜਿਊਂਦੇ ਜੀਅ ਹੀ ਵਿਦਰੋਹੀ ਹੋ ਗਏ ਸਨ। ਦੂਜਾ ਮੱਤ ਹੈ ਰਾਘਵਾ ਨੰਦ ਜੀ ਆਪਣੀ ਉਮਰ ਰਾਮਾਨੰਦ ਜੀ ਨੂੰ ਦੇ ਕੇ ਉਂਝ ਵੀ ਪਹਿਲਾਂ ਸਮਾ ਚੁੱਕੇ ਸਨ। ਜਿਸ ਗੁਰੂ ਨੇ ਰਾਮਾਨੰਦ ਜੀ ਨੂੰ ਘਰ ਜਾ ਕੇ ਸ਼ਾਂਤੀ ਬਖ਼ਸ਼ੀ ਨਿਸ਼ਚੇ ਹੀ ਇਹ ਗੁਰੂ ਨਾਨਕ ਜੀ ਸਨ, ਜਿਨ੍ਹਾਂ ਬਾਰੇ ਪ੍ਰਾਣ ਸੰਗਲੀ ਅਤੇ ਹੋਰ ਜਨਮ ਸਾਖੀਆਂ ਤੋਂ ਬੀੜਾਂ ਵਿੱਚ ਆਈ ਗੋਸ਼ਟੀ, ਅਤੇ ਰਾਮਾਨੰਦ ਜੀ ਦੀ ਰਚਨਾ ਅਤੇ ਸਾਧਨਾ ਪੱਧਤੀ ਵਿੱਚ ਆਇਆ ਪ੍ਰੀਵਰਤਨ ਪ੍ਰਮਾਣ ਹੈ।

ਉਹੋ ਗੁਰੂ ਨਾਨਕ ਦੇਵ ਜੀ ਹੀ ਸਨ, ਜਿਨ੍ਹਾਂ ਪ੍ਰਤੀ ਰਾਮਾਨੰਦ ਜੀ ਨੇ ਆਪਣੀ ਰਚਨਾ ਵਿੱਚ ਧੰਨਵਾਦੀ ਭਾਵ ਪ੍ਰਗਟ ਕੀਤੇ। ਰਾਮਾਨੰਦ ਜੀ ਦੇ ਹੁਣ ਤੱਕ ਸਾਧ ਭਾਸ਼ਾ ਅਰਥਾਤ ਹਿੰਦੀ ਪ੍ਰਭਾਵੀ, ਭਾਸ਼ਾ ਵਿੱਚ ਤਿੰਨ ਚਾਰ ਪ੍ਰਾਪਤ ਹੋਏ ਪਦੇ, ਉਨ੍ਹਾਂ ਦੀ ਰਚਨਾ ਮੰਨੇ ਜਾਂਦੇ ਸਨ, ਇਨ੍ਹਾਂ ਵਿੱਚੋਂ ਇਕ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਇਆ ਹੈ, ਦੂਜਾ ਦਾਦੂ ਪੰਥੀਆਂ ਦੇ ਸਰਬਾਂਗੀ ਗ੍ਰੰਥ ਵਿੱਚ ਹੈ, ਤੀਜਾ ਪਦਾ ਹਿੰਦੀ ਸਾਹਿਤ ਦੇ ਖੋਜੀਆਂ ਨੇ ਹਨੂਮਾਨ ਦੀ ਆਰਤੀ ਵਾਲਾ ਲੱਭਿਆ ਹੈ। ਸੰਸਕ੍ਰਿਤ ਦੇ ਵਿਦਵਾਨ ਰਾਮਾਨੰਦ ਜੀ, ਲੋਕਾਂ ਦੀ ਭਾਸ਼ਾ ਵਿੱਚ ਆਪਣੀ ਮਨੋਭਾਵਨਾ ਪ੍ਰਗਟਾਉਣ ਲਈ ਆਪਣੇ ਅਸਲ ਲਕਸ਼ ਵੱਲ ਪ੍ਰੇਰਤ ਹੋਏ, ਇਨ੍ਹਾਂ ਪਦਿਆਂ ਤੋਂ ਪ੍ਰਤੱਖ ਦਿਸਦੇ ਹਨ। ਬਾਹਰਲੀ ਬਾਣੀ ਦੇ ਇਹ ਪਦੇ ਦੱਸਦੇ ਹਨ, ਉਸ ਪਿੱਛੋਂ ਉਹ ਰਾਮ ਚੰਦਰ ਤੇ ਹਨੂਮਾਨ ਦੇ ਆਰਾਧਕ ਨਹੀਂ ਰਹਿ ਗਏ ਸੀ, ਉਹ ਨਿਰਾਕਾਰ ਬ੍ਰਹਮ ਦੇ ਉਪਾਸ਼ਕ ਬਣ ਗਏ ਸਨ।

ਰਾਮਾਨੰਦ ਜੀ ਪਹਿਲਾਂ ਹਨੂਮਾਨ ਜੀ ਦੇ ਅਰਾਧਕ ਕਿਉਂ ਸਨ? ਸ੍ਰੀ ਸੰਪਰਦਾਏ ਦੇ ਅਚਾਰਯ ਹੋਣ ਦੇ ਨਾਤੇ ਸੀਤਾ ਜੀ ਨੂੰ ਜਗਤ-ਜਨਣੀ ਮੰਨਣ ਦੀ ਪੱਧਤੀ ਦੇ ਅਚਾਰਯ ਸਨ ਰਾਮ ਤਾਰਕ ਮੰਤਰ ਦੀ ਦੀਖਿਆ ਤੇ ਸਿੱਖਿਆ ਉੱਤੇ ਚੱਲਦੇ ਸੀ, ਵਿਅਕਤੀਆਂ ਦੀ ਅਰਾਧਨਾ ਛੱਡ ਕੇ ਰਾਮਾਨੰਦ ਜੀ ਵੱਲੋਂ ਨਿਰੰਕਾਰੀ ਨਿਰਗੁਣ ਬ੍ਰਹਮ ਪ੍ਰਤੀ ਭਾਵਾਂ ਦਾ ਉਨ੍ਹਾਂ ਦੀ ਰਚਨਾ ਵਿੱਚ ਆਉਣਾ ਖਾਸ ਅਰਥ ਰੱਖਦਾ ਹੈ। ਦੇਖਣ ਵਾਲੀ ਗੱਲ ਹੈ, ਪਹਿਲਾਂ ਰਾਮਾਨੰਦ ਜੀ, ਜੇ ਰਾਮ ਭਗਤ ਹੀ ਨਹੀਂ, ਇਕ ਹੋਰ ਰਾਮ ਭਗਤ ਹਨੂਮਾਨ ਦੀ ਭੀ ਆਰਤੀ ਉਤਾਰਦੇ ਸਨ, ਫਿਰ ਬ੍ਰਹਮਾ ਵਿਸ਼ਨੂੰ ਅਤੇ ਚੌਵੀ ਅਵਤਾਰਾਂ ਦੇ ਕਿਵੇਂ ਵਿਰੋਧੀ ਹੋਏ?

ਗੁਰੁਗਮ-ਗੁਰੂ ਤੋਂ ਗੰਮਤਾਂ ਪਾ ਕੇ ਅਖੰਡ ਰਸ ਵਾਲੀ ਅਵਸਥਾ ਵਿੱਚ ਕਿਵੇਂ ਪੁੱਜੇ? ਇਹ ਪਰਿਵਰਤਨ ਗੁਰੂ ਕ੍ਰਿਪਾ ਕਾਰਨ ਆਇਆ। ਗੁਰੂ ਗ੍ਰੰਥ ਸਾਹਿਬ ਜੀ ਨਾਲੋਂ ਵੱਖਰੀਆਂ ਲਿਖਤਾਂ ਵਿੱਚ ਮਿਲਦੇ ਪਦਿਆਂ ਦੇ ਅਸ਼ੁੱਧ ਜਿਹੇ ਰੂਪ ਵਿੱਚ ਭੀ ਜੋ ਗੋਇੰਦਵਾਲ ਵਾਲੀਆਂ ਪੋਥੀਆਂ ਵਿੱਚ ਮਿਲਦੀ ਹੈ ਵਰਣਨ ਉਨ੍ਹਾਂ ਇਸ ਤਰ੍ਹਾਂ ਕੀਤਾ ਹੈ:

ਕਹਾਂ ਜਾਈਏ ਘਰ ਹੀ ਲਾਗੋ ਰੰਗ।
ਮੋਰੋ ਚਿਤ ਨਾ ਚਲੇ ਮਨ ਭਇਓ ਅਪਨਾਟਿਕ।
ਜਹਾਂ, ਜਾਉ ਤਹਾਂ ਜਲ ਪ੍ਰਮਾਣ।
ਪੂਰ ਰਹੇ ਰਹਿ ਜਲਿ ਸਮਾਨ।
ਬੇਦ ਸਿਮ੍ਰਿਤ ਸਬਿ ਦੇਖੇ ਜੋਈ।
ਉਹਾਂ ਜਾਈਏ ਜੋ ਹਰਿ ਈਹਾ ਨਾ ਹੋਈ।
ਏਕ ਬੇਰ ਮਨ ਭਇਓ ਉਮੰਗ।
ਘਸ ਚੋਆ ਚੰਦਨ ਚਰਜ ਅੰਗ।
ਪੂਜਨ ਚਾਲੀ ਠਾਈ ਠਾਈ।
ਸੁ ਗੁਰ ਬ੍ਰਹਮ ਦਿਖਾਇਓ ਆਪ ਮਾਹਿ।
ਸਤਿਗੁਰੂ ਮੈਂ ਬਲਿਹਾਰੀ ਤੇਰ।
ਜਿਨ ਸਕਲ ਵਿਕਲ ਭਰਮ ਜਾਰੇ ਮੋਰ।
ਰਾਮਾਨੰਦ ਰਮੈ ਏਕ ਬ੍ਰਹਮ।
ਗੁਰ ਕੋ ਏਕ ਸ਼ਬਦ ਕਾਟੇ ਕੋਟ ਕਰਮ।

ਇਹ ਪਦਾ ਗੁਰੂ ਗ੍ਰੰਥ ਵਾਲੇ ਪਦੇ ਨਾਲ ਮਿਲਦਾ ਜੁਲਦਾ ਹੈ, ਜੋਧਪੁਰ ਤੋਂ ਮਿਲੇ ਰਾਮਾਨੰਦ ਜੀ ਦੇ ਦੂਜੇ ਪਦਿਆਂ ਨਾਲ ਲਿਖਿਆ ਹੈ। ਇਸ ਪਦੇ ਦੀ ਇਸ ਲਿਖਤ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਪਦੇ ਵਿੱਚ ਪਾਠਾਂਤਰ ਦੀ ਹੱਦ ਲੰਘ ਕੇ ਲਫ਼ਜ਼ੀ ਗਲਤੀਆਂ ਭੀ ਹਨ। ਗੁਰੂ ਸਾਹਿਬ ਜੀ ਦੇ ਰਾਗ ਬਸੰਤ ਦੇ ਪਦੇ ਪਿੱਛੋਂ ਜੋਧਪੁਰ ਦੀ ਹੱਥ ਲਿਖਤ ਪੋਥੀ ਵਿੱਚ ਏਸੇ ਰਾਗ ਦਾ ਹੀ ਦੂਜਾ ਸ਼ਬਦ- ਸਹਿਜ ਧੁੰਨ ਮੈਂ ਨਿਤ ਬਸੰਤ ਵਿੱਚ ਉਸੇ ਹੀ ਅਧਿਆਤਮਕ ਅਵਸਥਾ ਦਾ ਵਰਣਨ ਹੈ, ਰਾਗ ਸੋਰਠ ਵਿੱਚ ਮਿਲੇ ਸ਼ਬਦ ਵਿੱਚ ਫਿਰ ਏਹੋ ਨਿਰਗੁਣਵਾਦੀ, ਅਵਤਾਰ ਪ੍ਰਸਤੀ ਵਿਰੋਧੀ ਸੁਰ ਚੱਲਦੀ ਹੈ।

ਦੋਵੇਂ ਪਦੇ ਇੰਝ ਹਨ:

**ਰਾਗ ਬਸੰਤ:**
ਸਹਿਜ ਧੁੰਨ ਮੈ (ਚਿਤ) ਨਿਤ ਬਸੰਤ (ਆਬਰਿ ਅਸਰ) ਸਹਿਜ ਜਾਏ (ਜਾਈ) ਅਨੰਤ ਨੰਤ।
ਨਾ ਤਹਾਂ ਨ ਇਛਿਆ ਨ ਅਕਾਰ।
ਨ ਤਹ ਨਾਤੀ ਨ ਨਾਲੀ ਤਾਰ॥1॥
ਨ ਤਹਾਂ ਬ੍ਰਹਿਮਾ ਸ਼ਿਵ ਬਿਸਨ।
ਨ ਤਹਾਂ ਚੋਬੀਸੋ ਬਪੁ ਬਰਨ।
ਨਾ ਤਹਾਂ ਦੀਸੈ ਮਾਇਆ ਮੰਡ।
ਰਾਮਾਨੰਦ ਸਵਾਮੀ ਰਮੈ ਅਖੰਡ॥3॥2॥

**ਰਾਗ ਸੋਰਠ:**
ਤਾਂ (ਬੈ) ਕੈ ਕਛੁ ਰੇ ਸੰਸਾਰਾ। ਹਮਾਰੇ ਰਾਮ ਕੋ ਨਾਵ (ਨਾਉ) ਅਧਾਰਾ।ਟੇਕ।
ਗੁੜ ਕਾ ਚੀਟਾ ਗੁੜ ਖਾਈ।
ਗੁੜ ਮਹਿ ਰਹਿਉ ਉਰਝਾਈ।
ਗੁੜ ਰਤੀ ਏਕ ਮੀਠਾ ਹੋਈ।
ਪੀਛੈ ਦੁਖ ਪਾਵੈ ਸੋਈ॥1॥
ਸੁਪਨੇ ਤੇ (ਸੁਪਨੰਤਰ) ਰਾਜਾ ਹੋਈਐ।
ਨਾਨਾ ਬਿਧ (ਕੋ) ਸੁਖ ਜੋਈਐ॥
ਐਸੇ ਸੁਖ, ਕਿਉਂ ਸੁਖ ਹੋਈ।
ਜਾਣੂ (ਜਾਮੂ) ਤੋ ਝੂਠਾ ਸੋਈ॥2॥
ਮੈਂ ਮੇਰੀ, ਗਿਆਨ ਨਸਾਵੈ।
ਤਾਥੇ ਆਤਮਾ ਸਮਾਧ ਨਾ ਪਾਵੈ।
ਰਾਮਾਨੰਦ ਗੁਰ ਗੰਮ ਗਾਵੈ।
ਤਾਂ ਬੇ ਭਿੰਨ ਭਿੰਨ ਸਮਝਾਵੈ॥3॥2॥

*ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ*

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

## ਸੁਨਾਮ

ਪੰਜਾਬ ਦੇ ਜ਼ਿਲ੍ਹਾ ਸੰਗਰੂਰ ਦਾ ਇਕ ਪੁਰਾਤਨ ਸ਼ਹਿਰ ਸੁਨਾਮ ਹੈ। ਸੁਨਾਮ ਦਾ ਅਕਸ਼ਾਂਸ਼ 300-7 ਅਤੇ ਰੇਖਾਂਸ਼ ਦੇਸ਼ਾਂਤਰ 750-48 ਹੈ। ਗੁਰੂ ਨਾਨਕ ਸਾਹਿਬ ਆਪਣੇ ਮਾਲਵੇ ਖਿੱਤੇ ਦੀ ਫ਼ੇਰੀ ਸਮੇਂ ਇਸ ਸ਼ਹਿਰ ਆਏ ਸਨ।

ਮੁਕਾਮੀ ਰਿਵਾਇਤ ਅਨੁਸਾਰ ਗੁਰੂ ਸਾਹਿਬ ਪਹਿਲਾਂ ਸਰਹਿੰਦ ਨਦੀ ਦੇ ਕੰਢੇ, ਜਿਸ ਨੂੰ ਅੱਜ ਕੱਲ੍ਹ ਸੀਤਾਸਰ ਆਖਿਆ ਜਾਂਦਾ ਹੈ, ਠਹਿਰੇ ਸਨ। ਇਥੋਂ ਹੀ ਇਕ ਸ਼ਰਧਾਲੂ ਗੁਰੂ ਸਾਹਿਬ ਨੂੰ ਆਪਣੇ ਘਰ ਲੈ ਗਿਆ, ਜਿਥੋਂ ਬਾਅਦ ਵਿੱਚ ਗੁਰਦੁਆਰਾ ਸਾਹਿਬ ਬਣਾਇਆ ਗਿਆ। ਇਹ ਇਤਿਹਾਸਕ ਗੁਰਦੁਆਰਾ ਪਹਿਲੀ ਪਾਤਸ਼ਾਹੀ ਦੇ ਨਾਂ ਨਾਲ ਪ੍ਰਸਿੱਧ ਹੈ ਅਤੇ ਗੁਰਦੁਆਰਾ ਮਹੱਲੇ ਵਿੱਚ ਸਥਿਤ ਹੈ। ਪਹਿਲਾਂ ਗੁਰਦੁਆਰਾ 1919 ਵਿੱਚ ਅਤੇ ਹੁਣ ਦੁਬਾਰਾ 1966 ਵਿੱਚ ਬਣਿਆ ਹੈ। ਇਹ ਇਕ ਚਕੋਰ ਸ਼ਕਲ ਦੇ ਹਾਲ ਜਿਸ ਦੀ ਇਕ ਨੁੱਕਰ ਵਿੱਚ ਗੈਲਰੀ ਅਤੇ ਸਾਹਮਣੇ ਵਰਾਂਡਾ ਹੈ। ਪ੍ਰਕਾਸ਼ ਅਸਥਾਨ ਹਾਲ ਦੇ ਕੇਂਦਰ ਵਿੱਚ ਸੁਸ਼ੋਭਿਤ ਹੈ। ਹਾਲ ਨੂੰ ਰੰਗ-ਬਰੰਗੀਆਂ ਫੁੱਲ-ਪੱਤੀਆਂ ਅਤੇ ਰੇਖਾ-ਗਣਿਤ ਚਿੱਤਰਾਂ ਨਾਲ ਸ਼ਿੰਗਾਰਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦੀਆਂ ਤਿੰਨ ਬੀੜਾਂ ਪਿੱਪਲ ਪੱਤਿਆਂ ਵਾਲੇ ਮਹਿਰਾਬੀ ਗੁੰਬਦ ਦੇ ਪਿੱਛੇ ਰੱਖੀਆਂ ਹੋਈਆਂ ਹਨ। ਵਰਾਂਡੇ ਦੇ ਸਾਹਮਣੇ ਗੁੰਬਦ ਟਾਵਰ ਹੈ। ਗ੍ਰੰਥੀ ਸਿੰਘ ਦੇ ਕਮਰੇ ਅਤੇ ਗੁਰੂ ਕਾ ਲੰਗਰ ਇਕ ਤੰਗ ਇੱਟਾਂ ਦੇ ਅਹਾਤੇ ਲਾਗੇ ਸਥਿਤ ਹੈ। ਗੁਰਦੁਆਰੇ ਦਾ ਪ੍ਰਬੰਧ ਮੁਕਾਮੀ ਸੰਗਤ ਕਰਦੀ ਹੈ।

ਪੁਸਤਕ ਸੂਚੀ:-
1. ਕਾਨ੍ਹ ਸਿੰਘ ਨਾਭਾ- ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990
2. ਗਿਆਨ ਸਿੰਘ ਗਿਆਨੀ- ਤਵਾਰੀਖ ਗੁਰੂ ਖ਼ਾਲਸਾ, ਪਟਿਆਲਾ, 1970

## ਸੁਲਤਾਨਵਿੰਡ (ਅਟਾਰੀ ਸਾਹਿਬ)

ਪੰਜਾਬ ਦੇ ਜ਼ਿਲ੍ਹਾ ਅੰਮ੍ਰਿਤਸਰ ਦਾ ਇਕ ਪਿੰਡ ਸੁਲਤਾਨਵਿੰਡ ਹੈ ਜੋ ਅੰਮ੍ਰਿਤਸਰ ਤੋਂ ਦੱਖਣ-ਪੂਰਵ ਵੱਲ ਚਾਰ ਕਿਲੋਮੀਟਰ ਦੂਰ ਹੈ। ਇਸ ਪਿੰਡ ਵਿੱਚ ਦੋ ਇਤਿਹਾਸਕ ਗੁਰਦੁਆਰੇ ਗੁਰੂ ਅਰਜਨ ਸਾਹਿਬ ਅਤੇ ਦੂਜਾ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਹਨ।

### (ੳ) ਗੁਰਦੁਆਰਾ ਤੂਤ ਸਾਹਿਬ:

ਇਹ ਉਹ ਥਾਂ ਹੈ ਜਿਥੇ ਗੁਰੂ ਅਰਜਨ ਸਾਹਿਬ ਤੂਤ ਦੇ ਦਰੱਖ਼ਤ ਹੇਠਾਂ ਬੈਠ ਕੇ ਆਰਾਮ ਕਰਦੇ ਸਨ। ਇਹ ਤੂਤ ਹੁਣ ਮੌਜੂਦ ਨਹੀਂ। ਅਜੋਕੀ ਇਮਾਰਤ ਮੁਰੱਬਾ ਆਕਾਰ ਦੀ, ਵੱਡੇ ਕਮਰੇ ਦੀ ਸ਼ਕਲ ਦੀ ਹੈ, ਜੋ 1983 ਵਿੱਚ ਬਣੀ ਹੈ। ਗੁਰਦੁਆਰੇ ਦਾ ਪ੍ਰਬੰਧ ਮੁਕਾਮੀ ਸੰਗਤ ਕਰਦੀ ਹੈ।

### (ਅ) ਗੁਰਦੁਆਰਾ ਅਟਾਰੀ ਸਾਹਿਬ ਪਾਤਸ਼ਾਹੀ ਛੇਵੀਂ:

ਇਹ ਇਤਿਹਾਸਕ ਗੁਰਦੁਆਰਾ ਉਸ ਥਾਂ ਹੈ, ਜਿਥੇ ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਤੋਂ ਡੱਲਾ ਜਾਣ ਸਮੇਂ (ਵਿਆਹ ਸਮੇਂ) ਠਹਿਰੇ ਸਨ। ਅਜੋਕੀ ਇਮਾਰਤ ਚਾਰ ਦੀਵਾਰੀ ਅਹਾਤੇ ਵਿੱਚ ਹੈ, ਜੋ ਇਕ ਡਿਉਢੀ ਵਾਂਗ ਨਜ਼ਰੀਂ ਪੈਂਦੀ ਹੈ। ਇਹ ਇਮਾਰਤ 1950 ਵਿੱਚ ਬਣੀ ਹੈ। ਕੇਂਦਰੀ ਇਮਾਰਤ ਵਿੱਚ ਇਕ ਹਾਲ ਹੈ, ਜਿਸ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਪ੍ਰਕਾਸ਼ ਅਸਥਾਨ ਦੇ ਉਪਰ ਦੋ ਮੰਜ਼ਲਾ ਮੁਰੱਬਾ ਆਕਾਰ ਦੇ ਕਮਰੇ ਹਨ, ਜਿਨ੍ਹਾਂ ਉਪਰ ਗੁੰਬਦ ਅਤੇ ਸੋਨੇ ਦੇ ਕਲਸ ਨਜ਼ਰੀਂ ਪੈਂਦੇ ਹਨ। ਹਾਲ ਦੇ ਸਾਹਮਣੇ ਛੋਟਾ ਜਿਹਾ ਸਰੋਵਰ ਹੈ। ਗੁਰਦੁਆਰੇ ਦਾ ਸਮੁੱਚਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਮਜ਼ਦ ਕਮੇਟੀ ਰਾਹੀਂ ਕਰਦੀ ਹੈ। ਇਹ ਅਸਥਾਨ ਗੁਰਦੁਆਰਾ ਪਾਤਸ਼ਾਹੀ ਨੌਂਵੀ ਕੋਠਾ ਸਾਹਿਬ ਵੱਲਾ ਨਾਲ ਪ੍ਰਬੰਧਕੀ ਤੌਰ 'ਤੇ ਸੰਬੰਧਿਤ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

ਸੁਲਤਾਨਵਿਡ ਵਿੱਚ ਹੀ ਇਕ ਪੁਰਾਤਨ ਖੂਹ ਪਿੰਡ ਤੋਂ ਦੋ ਕਿਲੋਮੀਟਰ ਦੱਖਣ-ਪੱਛਮ ਵੱਲ ਹੈ। ਇਸ ਨੂੰ ਭਾਈ ਮੰਝ ਵਾਲਾ ਖੂਹ ਆਖਿਆ ਜਾਂਦਾ ਹੈ। ਗੁਰੂ ਅਰਜਨ ਸਾਹਿਬ ਦੇ ਸਿਦਕੀ ਸਿੱਖ ਭਾਈ ਮੰਝ ਜੀ ਇਕ ਵੇਰ ਸਿਰ 'ਤੇ ਲੱਕੜਾਂ ਦਾ ਗੱਠਾ, ਗੁਰੂ ਕੇ ਲੰਗਰ ਵਾਸਤੇ ਲਿਆ ਰਹੇ ਸਨ ਕਿ ਇਸੇ ਖੂਹ ਵਿੱਚ ਡਿੱਗ ਪਏ ਸਨ। ਭਾਈ ਮੰਝ ਜੀ ਰਾਤ ਭਰ ਲੱਕੜਾਂ ਦਾ ਗੱਠਾ ਸਿਰ 'ਤੇ ਚੁੱਕੀ ਡੂੰਘੇ ਪਾਣੀ ਵਿੱਚ ਰਹੇ ਸਨ ਅਤੇ ਦੂਜੇ ਦਿਨ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਬਾਹਰ ਕੱਢਿਆ।

ਪੁਸਤਕ ਸੂਚੀ:
1. ਗਿਆਨ ਸਿੰਘ, ਗਿ.- ਤਵਾਰੀਖ ਸ੍ਰੀ ਅੰਮ੍ਰਿਤਸਰ, ਅੰਮ੍ਰਿਤਸਰ, 1977
2. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਚੌਥੀ, ਪਟਿਆਲਾ, 1998

## ਸੁਲਤਾਨਪੁਰ ਲੋਧੀ

ਪੰਜਾਬ ਦੇ ਜ਼ਿਲ੍ਹਾ ਕਪੂਰਥਲਾ ਦਾ ਇਕ ਪੁਰਾਤਨ ਸ਼ਹਿਰ ਸੁਲਤਾਨਪੁਰ ਲੋਧੀ ਹੈ। ਇਸ ਦਾ ਅਕਸ਼ਾਂਸ਼ 310-13 ਅਤੇ ਰੇਖਾਂਸ਼ ਦੇਸ਼ਾਂਤਰ 750-12 ਹੈ। ਗੁਰੂ ਨਾਨਕ ਸਾਹਿਬ ਉਦਾਸੀਆਂ 'ਤੇ ਜਾਣ ਤੋਂ ਪਹਿਲਾਂ ਕਈ ਵਰ੍ਹੇ ਇਥੇ ਰਹੇ। ਇਸੇ ਸ਼ਹਿਰ ਵਿੱਚ ਗੁਰੂ ਸਾਹਿਬ ਦੀ ਭੈਣ ਬੇਬੇ ਨਾਨਕੀ ਜੀ ਅਤੇ ਉਨ੍ਹਾਂ ਦਾ ਧਰਮਪਤੀ ਜੈ ਰਾਮ ਜੀ ਰਹਿੰਦੇ ਸਨ। ਨਵਾਬ ਦੌਲਤ ਖਾਂ ਲੋਧੀ (ਜੋ ਬਾਅਦ ਵਿੱਚ ਲਾਹੌਰ ਦਾ ਗਵਰਨਰ ਸੋਲ੍ਹਵੀਂ ਸਦੀ ਦੇ ਪਹਿਲੇ ਅੱਧ ਵਿੱਚ ਬਣਿਆ) ਵੀ ਇਸੇ ਸ਼ਹਿਰ ਵਿੱਚ ਰਹਿੰਦਾ ਸੀ। ਜੈ ਰਾਮ ਜੀ ਦੇ ਕਹਿਣ 'ਤੇ ਨਵਾਬ ਦੌਲਤ ਖਾਂ ਲੋਧੀ ਨੇ ਗੁਰੂ ਨਾਨਕ ਸਾਹਿਬ ਨੂੰ ਮੋਦੀ ਖਾਨੇ ਦਾ ਇੰਚਾਰਜ ਥਾਪ ਦਿੱਤਾ। ਇਸ ਸਮੇਂ ਦੌਰਾਨ ਕਾਫੀ ਸੰਗਤ ਹੋ ਗਈ, ਜਿਸ ਦੀ ਪੁਸ਼ਟੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਵੀ ਕਰਦੀਆਂ ਹਨ। ਗੁਰੂ ਸਾਹਿਬ ਦੀ ਯਾਦ ਵਿੱਚ ਕਈ ਇਤਿਹਾਸਕ ਗੁਰਦੁਆਰੇ ਵੀ ਬਣੇ ਹੋਏ ਹਨ। ਇਹ ਨਗਰ ਸੁਲਤਾਨਪੁਰ ਲੋਧੀ ਨੇ ਬਾਰ੍ਹਵੀਂ ਸਦੀ ਵਿੱਚ ਵਸਾਇਆ ਸੀ।

### (ੳ) ਗੁਰਦੁਆਰਾ ਬੇਰ ਸਾਹਿਬ:

ਇਹ ਪ੍ਰਮੁੱਖ ਗੁਰਦੁਆਰਾ ਸੁਲਤਾਨਪੁਰ ਵਿੱਚ ਕਾਲੀ ਬੈਣ ਨਦੀ ਦੇ ਕੋਲ ਪੁਰਾਣੇ ਸ਼ਹਿਰ ਤੋਂ ਪੱਛਮ ਵੱਲ ਅੱਧਾ ਕਿਲੋਮੀਟਰ ਦੂਰ ਹੈ। ਇਸ ਨਦੀ ਨੂੰ ਵੇਈਂ ਨਦੀ ਵੀ ਆਖਦੇ ਹਨ। ਗੁਰੂ ਨਾਨਕ ਸਾਹਿਬ ਅੰਮ੍ਰਿਤ ਵੇਲੇ ਇਸ਼ਨਾਨ ਇਸੇ ਵੇਈਂ ਨਦੀ ਵਿੱਚ ਕਰਕੇ ਬੇਰ (zizyphus jujube) ਦੇ ਦਰੱਖ਼ਤ ਹੇਠ ਬੈਠ ਕੇ ਨਾਮ ਸਿਮਰਨ ਕਰਦੇ ਸਨ। ਜਨਮ ਸਾਖੀਆਂ ਅਨੁਸਾਰ ਇਥੇ ਹੀ ਇਕ ਵੇਰ ਗੁਰੂ ਨਾਨਕ ਸਾਹਿਬ ਟੁੱਬੀ ਮਾਰ ਕੇ ਅਲੋਪ ਹੋ ਗਏ ਸਨ, ਫਿਰ ਤੀਜੇ ਦਿਨ ਨਿਕਲ ਕੇ ਉਦਾਸੀ ਭੇਸ ਧਾਰਨ ਕੀਤਾ ਸੀ। ਗੁਰੂ ਸਾਹਿਬ ਇਸ ਦੋ ਕਿਲੋਮੀਟਰ ਡੂੰਘੀ ਨਦੀ ਵਿੱਚੋਂ ਜਦ ਬਾਹਰ ਆਏ ਤਾਂ ਉਨ੍ਹਾਂ ਦੇ ਮੁਖਾਰਬਿੰਦ ਤੋਂ ਇਹ ਸ਼ਬਦ ਨਿਕਲੇ ਨਾ ਕੋਈ ਹਿੰਦੂ, ਨਾ ਮੁਸਲਮਾਨ। ਗੁਰੂ ਸਾਹਿਬ ਨੇ ਇਥੋਂ ਹੀ ਆਪਣੀਆਂ ਲੰਮੀਆਂ ਉਦਾਸੀਆਂ ਦਾ ਸਫ਼ਰ ਸ਼ੁਰੂ ਕੀਤਾ। ਇਹ ਥਾਂ ਹੁਣ ਸੰਤਘਾਟ ਦੇ ਨਾਂ ਨਾਲ ਪ੍ਰਸਿੱਧ ਹੈ। ਗੁਰਦੁਆਰਾ ਬੇਰ ਸਾਹਿਬ ਉਸੇ ਥਾਂ ਬਣਿਆ ਹੈ, ਜਿਥੇ ਗੁਰੂ ਸਾਹਿਬ ਬੈਠ ਕੇ ਨਾਮ-ਸਿਮਰਨ ਕਰਦੇ ਸਨ।



ਗੁਰਦੁਆਰਾ ਬੇਰ ਸਾਹਿਬ
ਸੁਲਤਾਨਪੁਰ ਲੋਧੀ

ਅਜੋਕੀ ਗੁਰਦੁਆਰਾ ਸਾਹਿਬ ਦੀ ਇਮਾਰਤ ਮਹਾਰਾਜਾ ਜਗਜੀਤ ਸਿੰਘ ਆਫ਼ ਕਪੂਰਥਲਾ ਨੇ ਬਣਾਈ ਹੈ। ਇਸ ਇਮਾਰਤ ਦਾ ਨੀਂਹ ਪੱਥਰ 25 ਫ਼ਰਵਰੀ 1937 ਨੂੰ ਭਾਈ ਅਰਜਨ ਸਿੰਘ ਬਾਗੜੀਆਂ ਨੇ ਰੱਖਿਆ ਅਤੇ ਤਿਆਰ ਹੋਣ ਬਾਅਦ 26 ਜਨਵਰੀ 1941 ਨੂੰ ਮਹਾਰਾਜਾ ਯਾਦਵਿੰਦਰ ਸਿੰਘ ਆਫ਼ ਪਟਿਆਲਾ ਨੇ ਸਿੱਖ ਸੰਗਤਾਂ ਨੂੰ ਭੇਟਾ ਕੀਤਾ। ਇਹ ਗੁਰਦੁਆਰਾ ਉਚੀ ਕੁਰਸੀ 'ਤੇ ਬਣਿਆ ਹੈ ਅਤੇ ਹਾਲ ਦੇ ਅੰਦਰ ਸੰਗਮਰਮਰ ਵਿਛਿਆ ਹੋਇਆ ਹੈ। ਹਾਲ ਦੇ ਇਕ ਨੁੱਕਰ ਵਿੱਚ ਪ੍ਰਕਾਸ਼ ਅਸਥਾਨ ਹੈ, ਜਿਸ ਉਪਰ ਫੁੱਲਪੱਤੀਆਂ ਵਾਲੇ ਚਿੱਤਰ ਸ਼ਿੰਗਾਰਿਆਂ ਖ਼ੂਬ ਫੱਬਦੇ ਹਨ। ਰੋਜ਼ ਕੀਰਤਨ ਦਾ ਪ੍ਰਵਾਹ ਚੱਲਦਾ ਹੈ। ਪ੍ਰਮੁੱਖ ਗੁਰਪੁਰਬਾਂ 'ਤੇ ਦੀਵਾਨ ਸਜਦੇ ਹਨ। ਇਕ ਭਾਰੀ ਜੋੜ-ਮੇਲਾ ਹਰ ਸਾਲ ਗੁਰੂ ਨਾਨਕ ਸਾਹਿਬ ਦੇ ਜਨਮ 'ਤੇ ਨਵੰਬਰ ਵਿੱਚ ਹੁੰਦਾ ਹੈ। ਇਸ ਗੁਰਦੁਆਰੇ ਨਾਲ ਰਿਆਸਤ ਵੱਲੋਂ 30 ਏਕੜ ਜ਼ਮੀਨ ਲੱਗੀ ਹੋਈ ਹੈ।

### (ਅ) ਗੁਰਦੁਆਰਾ ਹੱਟ ਸਾਹਿਬ:

ਇਹ ਗੁਰਦੁਆਰਾ ਪੁਰਾਣੇ ਕਿਲ੍ਹੇ ਨੁਮਾ ਸਰਾਂ ਦੇ ਦੱਖਣ ਵੱਲ ਹੈ, ਜਿਥੇ ਗੁਰੂ ਨਾਨਕ ਸਾਹਿਬ, ਨਵਾਬ ਦੌਲਤ ਖਾਂ ਲੋਧੀ ਦੇ ਮੋਦੀਖਾਨੇ ਦੇ ਇੰਚਾਰਜ ਸਨ। ਇਸ ਇਮਾਰਤ ਵਿਚ ਇਕ ਹਾਲ ਅਤੇ ਪ੍ਰਕਾਸ਼ ਅਸਥਾਨ ਕੇਂਦਰ ਵਿੱਚ ਹੈ। ਪ੍ਰਕਾਸ਼ ਅਸਥਾਨ ਦੇ ਉਪਰ ਮੁਰੱਬਾ ਕਮਰਾ ਹੈ ਜਿਸ ਉਪਰ ਕੰਵਲ ਗੁੰਬਦ ਅਤੇ ਸੋਨੇ ਦੇ ਕਲਸ ਚਮਕ ਮਾਰਦੇ ਹਨ। ਵੱਖ-ਵੱਖ ਅਕਾਰ ਦੇ ਤੇਰ੍ਹਾਂ ਪੱਥਰ ਹਨ ਜਿਨ੍ਹਾਂ 'ਤੇ ਪਾਲਸ਼ ਹੋਈ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਨ੍ਹਾਂ ਪੱਥਰਾਂ ਨਾਲ ਗੁਰੂ ਜੀ ਤੋਲਿਆ ਕਰਦੇ ਸਨ। ਇਹ ਪੱਥਰ ਹੁਣ ਸ਼ੀਸ਼ੇ ਦੇ ਕੇਸ ਵਿੱਚ ਰੱਖੇ ਹੋਏ ਹਨ। 20 ਏਕੜ ਜ਼ਮੀਨ ਰਿਆਸਤ ਕਪੂਰਥਲਾ ਵੱਲੋਂ ਲੱਗੀ ਹੋਈ ਹੈ।

### (ੲ) ਗੁਰਦੁਆਰਾ ਅੰਤਰ ਯਾਮਤਾ ਸਾਹਿਬ:

ਇਹ ਇਕ ਵੱਡੀ ਕਮਰਾਨੁਮਾ ਇਮਾਰਤ ਹੈ। ਅਸਲੋਂ ਇਥੇ ਮਸੀਤ ਸੀ, ਜਿਸ ਵਿੱਚ ਨਵਾਬ ਦੌਲਤ ਖ਼ਾਂ ਨੇ ਗੁਰੂ ਨਾਨਕ ਸਾਹਿਬ ਨੂੰ ਨਮਾਜ਼ ਵਿੱਚ ਸ਼ਾਮਿਲ ਹੋਣ ਲਈ ਦਾਅਵਤ ਦਿੱਤੀ ਸੀ। ਗੁਰੂ ਸਾਹਿਬ ਨੇ ਵੇਖਿਆ ਕਿਵੇਂ ਨਵਾਬ ਅਤੇ ਕਾਜ਼ੀ ਦਾ ਮਨ ਨਮਾਜ਼ ਤੋਂ ਦੂਰ ਉਡਾਰੀਆਂ ਮਾਰ ਰਿਹਾ ਹੈ, ਤਾਂ ਗੁਰੂ ਸਾਹਿਬ ਨਮਾਜ਼ ਤੋਂ ਦੂਰ ਖੜ੍ਹੇ ਹੋਏ। ਜਦੋਂ ਨਵਾਬ ਨੇ ਪੁੱਛਿਆ ਗੁਰੂ ਸਾਹਿਬ ਤੋਂ ਕਿ ਤੁਸੀਂ ਨਮਾਜ਼ ਵਿੱਚ ਹਿੱਸਾ ਕਿਉਂ ਨਹੀਂ ਲਿਆ ਤਾਂ ਗੁਰੂ ਸਾਹਿਬ ਨੇ ਸਾਫ਼-ਸਾਫ਼ ਕਹਿ ਦਿੱਤਾ ਕਿ ਤੁਹਾਡਾ ਅਤੇ ਕਾਜ਼ੀ ਦਾ ਮਨ ਨਮਾਜ਼ ਵਿੱਚ ਨਹੀਂ ਸੀ। ਜਨਮਸਾਖੀ ਅਨੁਸਾਰ ਦੋਵੇਂ ਗੁਰੂ ਸਾਹਿਬ ਦੇ ਪੈਰਾਂ ਵਿੱਚ ਢਹਿ ਗਏ। ਮਸੀਤ ਹੁਣ ਨਹੀਂ ਹੈ, ਪਰ ਕੇਵਲ ਅੰਦਰਲਾ ਦਰਵਾਜ਼ਾ ਅਜੇ ਵੀ ਸੁਰੱਖਿਅਤ ਹੈ।

ਬਾਕੀ ਅਗਲੇ ਹਫ਼ਤੇ ਪੜ੍ਹੋ

# ਪੰਜਾਬ ਵਿੱਚ ਯੂਰੇਨੀਅਮ ਪ੍ਰਦੂਸ਼ਣ ਦੀ ਵੱਧਦੀ ਸਮੱਸਿਆ ਅਤੇ ਸੀਜੀਡਬਲਯੂਬੀ 2025 ਦੀ ਰਿਪੋਰਟ

## ✪ ਸਭ ਤੋਂ ਵੱਧ ਪ੍ਰਭਾਵਿਤ ਖੇਤਰ ਕਿਹੜੇ ਅਤੇ ਕੀ ਹੈ ਯੂਰੇਨੀਅਮ ਵਧਣ ਦੇ ਕਾਰਨ

## ✪ ਸਿਹਤ ਉੱਤੇ ਪੈ ਰਹੇ ਨੇ ਖਤਰਨਾਕ ਪ੍ਰਭਾਵ ਅਤੇ ਵਧ ਰਹੀਆਂ ਬਿਮਾਰੀਆਂ





ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਵਿੱਚ ਯੂਰੇਨੀਅਮ ਦੀ ਮਾਤਰਾ ਵਧਣ ਨਾਲ ਸਿਹਤ ਲਈ ਵੱਡੀ ਚੁਣੌਤੀ ਬਣ ਗਈ ਹੈ। ਹਾਲ ਹੀ ਵਿੱਚ ਕੇਂਦਰੀ ਭੂਮੀ ਜਲ ਬੋਰਡ (ਸੀਜੀਡਬਲਯੂਬੀ) ਦੀ 2025 ਦੀ ਰਿਪੋਰਟ ਨੇ ਇਹ ਖੁਲਾਸਾ ਕੀਤਾ ਹੈ ਕਿ ਪੰਜਾਬ ਵਿੱਚ ਮੌਨਸੂਨ ਤੋਂ ਬਾਅਦ 62.5 ਫੀਸਦੀ ਧਰਤੀ ਹੇਠਲੇ ਪਾਣੀ ਦੇ ਨਮੂਨੇ ਯੂਰੇਨੀਅਮ ਨਾਲ ਪ੍ਰਦੂਸ਼ਿਤ ਹਨ। ਇਹ ਮਾਤਰਾ ਵਿਸ਼ਵ ਸਿਹਤ ਸੰਗਠਨ ਵੱਲੋਂ ਨਿਰਧਾਰਤ ਸੁਰੱਖਿਅਤ ਸੀਮਾ 30 ਪੀਪੀਬੀ ਤੋਂ ਵੱਧ ਹੈ। ਇਸ ਨਾਲ ਨਾ ਸਿਰਫ਼ ਪੀਣ ਵਾਲਾ ਪਾਣੀ ਜ਼ਹਿਰ ਬਣ ਰਿਹਾ ਹੈ ਬਲਕਿ ਲੋਕਾਂ ਦੀ ਸਿਹਤ ਵੀ ਖ਼ਤਰੇ ਵਿੱਚ ਪੈ ਗਈ ਹੈ ।ਪੰਜਾਬ, ਵਿਚ ਧਰਤੀ ਹੇਠਲਾ ਪਾਣੀ ਇੱਥੇ ਖੇਤੀਬਾੜੀ ਅਤੇ ਪੀਣ ਲਈ ਮੁੱਖ ਸਰੋਤ ਹੈ। ਪਰ ਹਾਲੀਆ ਅਧਿਐਨਾਂ ਨੇ ਇਹ ਸਾਬਤ ਕੀਤਾ ਹੈ ਕਿ ਇਸ ਪਾਣੀ ਵਿੱਚ ਯੂਰੇਨੀਅਮ ਵਰਗੇ ਖ਼ਤਰਨਾਕ ਤੱਤ ਵਧ ਰਹੇ ਹਨ। ਮੌਨਸੂਨ ਤੋਂ ਬਾਅਦ ਹੁਣ ਤਕ ਯੂਰੇਨੀਅਮ 62.5 ਫੀਸਦੀ ਤੱਕ ਵਧ ਗਿਆ ਹੈ। ਇਹ ਵਾਧਾ ਹੜ੍ਹਾਂ ਤੇ ਭਾਰੀ ਬਾਰਿਸ਼ ਕਾਰਨ ਹੋਇਆ ਸੀ।

### ਇਹ ਸੰਕਟ ਕਿਵੇਂ ਵਧਿਆ ?

ਮਾਲਵਾ ਖੇਤਰ ਵਿੱਚ ਇਹ ਸਮੱਸਿਆ ਸਭ ਤੋਂ ਵੱਧ ਹੈ। ਬਠਿੰਡਾ, ਫਿਰੋਜ਼ਪੁਰ, ਮਾਨਸਾ, ਫਰੀਦਕੋਟ, ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ ਅਤੇ ਪਟਿਆਲਾ ਜ਼ਿਲ੍ਹੇ ਸਭ ਤੋਂ ਵੱਧ ਪ੍ਰਭਾਵਿਤ ਹਨ। ਇੱਥੇ ਵੱਡੀ ਗਿਣਤੀ ਪਿੰਡਾਂ ਵਿੱਚ ਪਾਣੀ ਦੇ ਨਮੂਨੇ ਜਾਂਚੇ ਗਏ ਅਤੇ ਯੂਰੇਨੀਅਮ ਦੀ ਮਾਤਰਾ ਖ਼ਤਰਨਾਕ ਪੱਧਰ ਤੱਕ ਪਹੁੰਚ ਗਈ ਹੈ। ਵਿਸ਼ਵ ਸਿਹਤ ਸੰਸਥਾ ਤੇ ਭਾਰਤੀ ਮਿਆਰਾਂ ਅਨੁਸਾਰ ਪੀਣ ਵਾਲੇ ਪਾਣੀ 'ਚ ਯੂਰੇਨੀਅਮ ਦੀ ਮਾਤਰਾ ਇਕ ਨਿਰਧਾਰਤ ਹੱਦ (30 ਪੀਪੀਬੀ) ਤੋਂ ਵੱਧ ਨਹੀਂ ਹੋਣੀ ਚਾਹੀਦੀ, ਪਰ ਮਾਲਵੇ ਦੇ ਕਈ ਪਿੰਡਾਂ 'ਚ ਇਹ ਮਾਤਰਾ ਇਸ ਹੱਦ ਤੋਂ ਕਈ ਗੁਣਾ ਵੱਧ ਪਾਈ ਗਈ ਹੈ। ਸਰਕਾਰੀ, ਕੇਂਦਰੀ ਭੂਮੀਗਤ ਪਾਣੀ ਬੋਰਡ ਦੀ ਸਾਲਾਨਾ ਗਰਾਊਂਡ ਵਾਟਰ ਗੁਣਵੱਤਾ ਰਿਪੋਰਟ 2025 ਤੇ ਕੁਝ ਗ਼ੈਰ-ਸਰਕਾਰੀ ਅਧਿਐਨਾਂ ਤੋਂ ਸਪੱਸ਼ਟ ਹੋ ਚੁੱਕਾ ਹੈ ਕਿ ਮਾਲਵੇ ਦੇ ਬਹੁਤ ਸਾਰੇ ਨਮੂਨਿਆਂ ਵਿਚ ਯੂਰੇਨੀਅਮ ਦੀ ਮਾਤਰਾ ਖ਼ਤਰਨਾਕ ਪੱਧਰ 'ਤੇ ਹੈ, ਜਦਕਿ ਜ਼ਮੀਨੀ ਪਾਣੀ ਦੀਆਂ ਉੱਪਰੀ ਪਰਤਾਂ 'ਚ ਯੂਰੇਨੀਅਮ ਦੇ ਨਾਲ-ਨਾਲ ਹੋਰ ਭਾਰੀ ਧਾਤਾਂ ਆਰਸੇਨਿਕ, ਫਲੋਰਾਈਡ, ਸੀਸਾ, ਕ੍ਰੋਮਿਯਮ ਤੇ ਕੈਡਮਿਯਮ ਵੀ ਮਿਲ ਰਹੀਆਂ ਹਨ। ਇਹ ਸਭ ਧਾਤਾਂ ਸਰੀਰ ਲਈ ਬਹੁਤ ਨੁਕਸਾਨਦਾਇਕ ਹਨ। ਪੰਜਾਬ ਵਿੱਚ ਗਰੀਬ ਅਤੇ ਮੱਧ ਵਰਗੀ ਆਬਾਦੀ ਇਸ ਪਾਣੀ ਨੂੰ ਪੀਣ ਲਈ ਮਜਬੂਰ ਹੈ, ਜਿਸ ਨਾਲ ਮਜ਼ਦੂਰ ਅਤੇ ਕਿਸਾਨ ਵੱਡੇ ਪੱਧਰ ਤੇ ਪ੍ਰਭਾਵਿਤ ਹੋ ਰਹੇ ਹਨ। ਫਲੋਰਾਈਡ ਦੀ ਵੱਧ ਮਾਤਰਾ ਨਾਲ ਦੰਦਾਂ ਤੇ ਹੱਡੀਆਂ ਦੀ ਬਿਮਾਰੀ 'ਫਲੋਰੋਸਿਸ' ਹੋ ਜਾਂਦੀ ਹੈ। ਮਾਲਵੇ ਦੇ ਕਈ ਪਿੰਡਾਂ 'ਚ ਲੋਕਾਂ ਦੇ ਦੰਦ ਪੀਲੇ ਹੋ ਜਾਣਾ, ਹੱਡੀਆਂ 'ਚ ਦਰਦ ਤੇ ਸਰੀਰ ਦਾ ਝੁਕ ਜਾਣਾ ਆਮ ਗੱਲ ਹੋ ਚੁੱਕੀ ਹੈ। ਆਰਸੇਨਿਕ ਨੂੰ ਚਮੜੀ ਦੇ ਰੋਗਾਂ ਤੇ ਕੈਂਸਰ ਨਾਲ ਜੋੜਿਆ ਜਾਂਦਾ ਹੈ, ਜਦਕਿ ਸੀਸਾ ਖ਼ਾਸ ਕਰਕੇ ਬੱਚਿਆਂ ਦੇ ਦਿਮਾਗੀ ਵਿਕਾਸ 'ਤੇ ਮਾੜਾ ਅਸਰ ਪਾਉਂਦਾ ਹੈ। ਕ੍ਰੋਮਿਯਮ ਤੇ ਕੈਡਮਿਯਮ ਗੁਰਦਿਆਂ ਤੇ ਜਿਗਰ ਨੂੰ ਨੁਕਸਾਨ ਪਹੁੰਚਾਉਂਦੇ ਹਨ। ਜਦੋਂ ਕੋਈ ਵਿਅਕਤੀ ਲੰਬੇ ਸਮੇਂ ਤੱਕ ਯੂਰੇਨੀਅਮ ਵਾਲਾ ਪਾਣੀ ਪੀਂਦਾ ਰਹਿੰਦਾ ਹੈ ਤਾਂ ਸਭ ਤੋਂ ਪਹਿਲਾਂ ਇਸ ਦਾ ਗੁਰਦਿਆਂ 'ਤੇ ਮਾੜਾ ਅਸਰ ਪੈਣ ਲੱਗਦਾ ਹੈ।

ਪੰਜਾਬ ਵਿੱਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਲੰਘੇ ਵਰ੍ਹੇ ਦੇ ਅਧਿਐਨ ਵਿੱਚ ਇਹ ਪਤਾ ਲੱਗਾ ਹੈ ਕਿ 60 ਸਾਲ ਤੋਂ ਵੱਧ ਉਮਰ ਵਾਲੇ ਲੋਕਾਂ ਵਿੱਚ ਕੈਂਸਰ ਦੀ ਦਰ ਵੱਧ ਹੈ। ਔਰਤਾਂ ਵਿੱਚ ਛਾਤੀ ਅਤੇ ਬੱਚੇਦਾਨੀ ਦੇ ਕੈਂਸਰ ਦੀ ਦਰ 14 ਫੀਸਦੀ ਹੈ। ਮਰਦਾਂ ਅਤੇ ਔਰਤਾਂ ਵਿੱਚ ਖੂਨ ਨਾਲ ਜੁੜੇ ਕੈਂਸਰ 23 ਫੀਸਦੀ ਅਤੇ ਪਾਚਣ ਤੰਤਰ ਦੇ ਕੈਂਸਰ 12 ਫੀਸਦੀ ਹਨ। ਇਹ ਬਿਮਾਰੀਆਂ ਪੰਜਾਬ ਦੀ ਸਿਹਤ ਪ੍ਰਣਾਲੀ ਲਈ ਵੱਡੀ ਚੁਣੌਤੀ ਬਣ ਗਈਆਂ ਹਨ।

ਵਾਤਾਵਰਣ ਮਾਹਿਰਾਂ ਅਨੁਸਾਰ ਉਦਯੋਗਿਕ ਸਰਗਰਮੀਆਂ ਵੀ ਇਸ ਸਮੱਸਿਆ ਨੂੰ ਵਧਾਉਂਦੀਆਂ ਹਨ। ਥਰਮਲ ਬਿਜਲੀ ਘਰਾਂ ਦੀ ਰਾਖ, ਉਦਯੋਗਿਕ ਕਚਰਾ ਤੇ ਉਸ ਦੀ ਠੀਕ ਸੰਭਾਲ ਨਾ ਹੋਣਾ ਵੀ ਜ਼ਮੀਨੀ ਪਾਣੀ ਨੂੰ ਦੂਸ਼ਿਤ ਕਰਦਾ ਹੈ। ਇਸ ਤਰ੍ਹਾਂ ਕੁਦਰਤੀ ਪ੍ਰਕਿਰਿਆ ਤੇ ਮਨੁੱਖੀ ਦਖ਼ਲ ਮਿਲ ਕੇ ਸਮੱਸਿਆ ਨੂੰ ਹੋਰ ਭਿਆਨਕ ਬਣਾ ਦਿੰਦੇ ਹਨ। ਇਹ ਇਕ ਚੁੱਪਚਾਪ ਚੱਲਣ ਵਾਲੀ ਪ੍ਰਕਿਰਿਆ ਹੈ, ਜਿਸ ਦਾ ਅਸਰ ਤੁਰੰਤ ਨਹੀਂ ਪਰ ਸਾਲਾਂ ਬਾਅਦ ਗੁਰਦਿਆਂ, ਹੱਡੀਆਂ ਤੇ ਹੋਰ ਅੰਗਾਂ 'ਤੇ ਗੰਭੀਰ ਰੂਪ 'ਚ ਸਾਹਮਣੇ ਆਉਂਦਾ ਹੈ।

ਸਰਕਾਰਾਂ ਨੇ ਸਮੇਂ-ਸਮੇਂ 'ਤੇ ਇਸ ਸਮੱਸਿਆ ਨਾਲ ਨਜਿੱਠਣ ਲਈ ਕਈ ਥਾਵਾਂ 'ਤੇ ਸਾਫ਼ ਪਾਣੀ ਮੁਹੱਈਆ ਕਰਵਾਉਣ ਲਈ ਆਰ.ਓ. ਪ੍ਰਣਾਲੀ ਵਾਲੇ ਪਲਾਂਟ ਲਗਾਏ ਹਨ। ਪਰ ਇਸ ਪ੍ਰਕਿਰਿਆ ਦੌਰਾਨ ਬਹੁਤ ਸਾਰਾ ਪਾਣੀ ਬਰਬਾਦ ਹੋ ਜਾਂਦਾ ਹੈ ਤੇ ਜੋ ਗੰਦਾ ਪਾਣੀ ਬਚਦਾ ਹੈ, ਉਸ ਦੀ ਸਹੀ ਸੰਭਾਲ ਨਾ ਹੋਣ ਕਰਕੇ ਉਸ ਨੂੰ ਮੁੜ ਧਰਤੀ ਹੇਠ ਜਾਣ ਲਈ ਛੱਡ ਦਿੱਤਾ ਜਾਂਦਾ ਹੈ। ਸਾਫ਼ ਨਹਿਰੀ ਪਾਣੀ ਹਰ ਥਾਂ ਨਹੀਂ ਪਹੁੰਚ ਸਕਦਾ। ਇਸ ਸਮੱਸਿਆ ਦਾ ਹੱਲ ਸਿਰਫ਼ ਤਕਨੀਕੀ ਨਹੀਂ, ਸਗੋਂ ਨੀਤੀਗਤ ਤੇ ਸਮਾਜਿਕ ਵੀ ਹੈ। ਜ਼ਮੀਨੀ ਪਾਣੀ ਦੀ ਬੇਹਿਸਾਬ ਵਰਤੋਂ 'ਤੇ ਰੋਕ ਲਗਾਉਣ ਲਈ ਕੇਂਦਰ ਵਲੋਂ ਪੰਜਾਬ ਸਰਕਾਰ ਨਾਲ ਸਹਿਯੋਗ ਕਰਕੇ ਬਿਹਤਰ ਖੇਤੀ ਨੀਤੀਆਂ ਨੂੰ ਲਾਗੂ ਕਰਵਾਉਣਾ ਸਮੇਂ ਦੀ ਮੰਗ ਹੈ।

### ਕੇਂਦਰੀ ਰਿਪੋਰਟਾਂ ਕੀ ਕਹਿੰਦੀਆਂ ਹਨ ?

ਸੀਜੀਡਬਲਯੂਬੀ ਦੀ ਰਿਪੋਰਟ ਵਿੱਚ ਪੰਜਾਬ ਨੂੰ ਸਭ ਤੋਂ ਵੱਧ ਪ੍ਰਭਾਵਿਤ ਸੂਬਾ ਦੱਸਿਆ ਗਿਆ ਹੈ। ਇੱਥੇ ਯੂਰੇਨੀਅਮ ਦੀ ਮਾਤਰਾ ਹਰਿਆਣਾ, ਦਿੱਲੀ ਅਤੇ ਹੋਰ ਰਾਜਾਂ ਨਾਲੋਂ ਵੱਧ ਹੈ। ਰਿਪੋਰਟ ਅਨੁਸਾਰ, ਖਾਦਾਂ ਦੀ ਵੱਧ ਵਰਤੋਂ ਨੇ ਇਸ ਨੂੰ ਵਧਾਇਆ ਹੈ। ਵਿਸ਼ਵ ਪੱਧਰ ਤੇ ਡਬਲਯੂਐੱਚਓ ਨੇ ਯੂਰੇਨੀਅਮ ਦੀ ਸੀਮਾ 30 ਯੂਜੀ/ਲਿੱਟਰ ਨਿਰਧਾਰਤ ਕੀਤੀ ਹੈ। ਵਿਸ਼ਵ ਅਖ਼ਬਾਰਾਂ ਵਿੱਚ ਵੀ ਇਸ ਬਾਰੇ ਚਰਚਾ ਹੋ ਰਹੀ ਹੈ। ਟਾਈਮਜ਼ ਆਫ਼ ਇੰਡੀਆ ਅਤੇ ਹਿੰਦੋਸਤਾਨ ਟਾਈਮਜ਼ ਨੇ ਲਿਖਿਆ ਹੈ ਕਿ ਪੰਜਾਬ ਵਿੱਚ ਇਹ ਸੰਕਟ ਵਧ ਰਿਹਾ ਹੈ ਅਤੇ ਸਰਕਾਰ ਨੂੰ ਕਾਰਵਾਈ ਕਰਨੀ ਚਾਹੀਦੀ ਹੈ।

ਅੰਤਰਰਾਸ਼ਟਰੀ ਅਧਿਐਨਾਂ ਨੇ ਵੀ ਇਸ ਨੂੰ ਗੰਭੀਰ ਮੰਨਿਆ ਹੈ। ਡਬਲਯੂਐੱਚਓ ਦੀਆਂ ਰਿਪੋਰਟਾਂ ਵਿੱਚ ਯੂਰੇਨੀਅਮ ਨੂੰ ਗੁਰਦੇ ਅਤੇ ਕੈਂਸਰ ਲਈ ਖ਼ਤਰਨਾਕ ਦੱਸਿਆ ਗਿਆ ਹੈ। ਭਾਰਤ ਵਿੱਚ ਵੀ ਇਸ ਬਾਰੇ ਚੇਤਾਵਨੀ ਦਿੱਤੀ ਗਈ ਹੈ।

ਅੰਮ੍ਰਿਤਸਰ ਦੇ ਪਲਮੋਨਰੀ ਮੈਡੀਸਨ ਵਿਭਾਗ ਦੇ ਮੁਖੀ ਪ੍ਰੋਫੈਸਰ ਡਾ. ਅਨੰਤ ਮੋਹਨ ਦੱਸਦੇ ਹਨ ਕਿ ਯੂਰੇਨੀਅਮ ਸਭ ਤੋਂ ਪਹਿਲਾਂ ਕਿਡਨੀ ਨੂੰ ਨੁਕਸਾਨ ਪਹੁੰਚਾਉਂਦਾ ਹੈ, ਪਰ ਇਸ ਦਾ ਗਹਿਰਾ ਅਸਰ ਦਿਮਾਗੀ ਕਾਰਜਪ੍ਰਣਾਲੀ 'ਤੇ ਪੈਂਦਾ ਹੈ। ਲੰਬੇ ਸਮੇਂ ਤਕ ਅਜਿਹਾ ਪਾਣੀ ਪੀਣ ਨਾਲ ਬ੍ਰੇਨ ਸੈੱਲਜ਼ ਦੀ ਕਾਰਜਕੁਸ਼ਲਤਾ ਹੌਲੀ ਹੋ ਜਾਂਦੀ ਹੈ।

### ਪੰਜਾਬ ਸਰਕਾਰ ਅਤੇ ਰਾਜਨੀਤਿਕ ਪਾਰਟੀਆਂ ਇਸ ਬਾਰੇ ਚੁੱਪ ਕਿਉਂ ਹਨ ?

ਵਿਰੋਧੀ ਪਾਰਟੀਆਂ ਨੇ ਇਸ ਨੂੰ ਵੱਡਾ ਮੁੱਦਾ ਬਣਾਇਆ ਹੈ, ਪਰ ਸੱਤਾਧਾਰੀ ਪਾਰਟੀਆਂ ਨੇ ਕੋਈ ਵੱਡੀ ਕਾਰਵਾਈ ਨਹੀਂ ਕੀਤੀ। ਰਾਜ ਸਭਾ ਵਿੱਚ ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਨੇ ਇਹ ਮੁੱਦਾ ਉਠਾਇਆ ਅਤੇ ਕੇਂਦਰ ਨੂੰ ਅਪੀਲ ਕੀਤੀ ਕਿ ਆਰਓ ਪਲਾਂਟ ਲਗਾਏ ਜਾਣ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਇਹ ਪੁਰਾਣੀ ਸਮੱਸਿਆ ਹੈ ਅਤੇ ਕੇਂਦਰ ਨਾਲ ਗੱਲ ਕੀਤੀ ਜਾਵੇਗੀ। ਪਰ ਲੋਕਾਂ ਨੂੰ ਲੱਗਦਾ ਹੈ ਕਿ ਸਰਕਾਰ ਚੁੱਪ ਹੈ ਕਿਉਂਕਿ ਇਹ ਵੋਟ ਬੈਂਕ ਨਾਲ ਜੁੜਿਆ ਮੁੱਦਾ ਨਹੀਂ ਹੈ। ਐੱਕਸ (ਟਵਿੱਟਰ) ਤੇ ਵੀ ਲੋਕ ਇਸ ਬਾਰੇ ਚਰਚਾ ਕਰ ਰਹੇ ਹਨ ਅਤੇ ਸਰਕਾਰ ਨੂੰ ਜਗਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਮਾਲਵਾ ਖੇਤਰ ਦੇ ਜ਼ਿਲ੍ਹੇ ਸਭ ਤੋਂ ਵੱਧ ਪ੍ਰਭਾਵਿਤ ਹਨ। ਇਹ ਸੰਕਟ ਵੱਡਾ ਹੈ ਅਤੇ ਤੁਰੰਤ ਕਾਰਵਾਈ ਦੀ ਲੋੜ ਹੈ। ਸਰਕਾਰ ਨੂੰ ਆਰਓ ਪਲਾਂਟ ਲਗਾਉਣੇ ਚਾਹੀਦੇ ਹਨ, ਪਾਣੀ ਦੀ ਨਿਗਰਾਨੀ ਵਧਾਉਣੀ ਚਾਹੀਦੀ ਹੈ ਅਤੇ ਖੇਤੀ ਵਿੱਚ ਰਸਾਇਣਿਕ ਖਾਦਾਂ ਦੀ ਵਰਤੋਂ ਘਟਾਉਣੀ ਚਾਹੀਦੀ ਹੈ। ਨਹੀਂ ਤਾਂ ਪੰਜਾਬ ਦੇ ਲੋਕਾਂ ਨੂੰ ਵੱਡਾ ਨੁਕਸਾਨ ਹੋਵੇਗਾ।

# ਕਾਂਗਰਸ ਨੇ ਨਵਜੋਤ ਕੌਰ ਸਿੱਧੂ ਨੂੰ ਕੱਢਿਆ ਬਾਹਰ

## ✪ ਭਾਜਪਾ ਵਾਪਸੀ ਦੀਆਂ ਅਟਕਲਾਂ ਤੇਜ਼



ਪਟਿਆਲਾ-ਕਾਂਗਰਸ ਨੇ ਡਾ. ਨਵਜੋਤ ਕੌਰ ਸਿੱਧੂ ਨੂੰ ਪਾਰਟੀ ਤੋਂ ਬਾਹਰ ਕਰ ਦਿੱਤਾ ਹੈ। ਰਾਹੁਲ ਗਾਂਧੀ ਨੂੰ 'ਪੱਪੂ' ਕਹਿਣ ਅਤੇ ਪਾਰਟੀ ਲੀਡਰਸ਼ਿਪ 'ਤੇ ਤਿੱਖੇ ਹਮਲਿਆਂ ਤੋਂ ਬਾਅਦ ਇਹ ਕਾਰਵਾਈ ਹੋਈ। ਚਰਨਜੀਤ ਸਿੰਘ ਚੰਨੀ ਵਾਪਸੀ ਲਈ ਯਤਨ ਕਰ ਰਹੇ ਸਨ ਪਰ ਹਾਈਕਮਾਂਡ ਨੇ ਸਖ਼ਤ ਰੁਖ਼ ਅਪਣਾਇਆ। ਬੀਬੀ ਸਿੱਧੂ ਨੇ ਭਾਜਪਾ ਦੀ ਤਾਰੀਫ਼ ਕੀਤੀ ਪਰ ਵਾਪਸੀ ਤੋਂ ਇਨਕਾਰ ਕੀਤਾ। ਸਿੱਧੂ ਜੋੜੇ ਦੀ ਭਾਜਪਾ ਵਿੱਚ ਵਾਪਸੀ ਦੀਆਂ ਚਰਚਾਵਾਂ ਜਾਰੀ, ਪਰ ਅਜੇ ਕੋਈ ਪੱਕਾ ਐਲਾਨ ਨਹੀਂ। 2027 ਚੋਣਾਂ ਤੋਂ ਪਹਿਲਾਂ ਪੰਜਾਬ ਕਾਂਗਰਸ ਵਿੱਚ ਫੁਟ ਵਧ ਗਈ ਹੈ।

# ਪੰਜਾਬੀ ਸੰਗੀਤ ਦਾ ਗਲੋਬਲ ਜਾਦੂ ਪੂਰੇ ਸੰਸਾਰ ਉਪਰ ਛਾਇਆ: ਧੁਨਾਂ ਨੇ ਤੋੜੀਆਂ ਸਰਹੱਦਾਂ

**ਖਾਸ ਖਬਰ** ✪ ਦਿਲਜੀਤ ਤੋਂ ਏ.ਪੀ. ਢਿੱਲਨ ਤੱਕ ਮਹਾਨ ਕਲਾਕਾਰਾਂ ਨੇ ਪਾਇਆ ਯੋਗਦਾਨ ✪ 2022 ਤੋਂ 2025 ਤੱਕ ਪੰਜਾਬੀ ਸੰਗੀਤ ਦਾ ਜਾਦੂ ਛਾਇਆ : ਕਲਾਕਾਰਾਂ ਨੇ ਕੀਤੀ ਰਿਕਾਰਡ ਤੋੜ ਕਮਾਈ ✪ ਦੁਨੀਆਂ ਕਿਉਂ ਪਸੰਦ ਕਰ ਰਹੀ ਹੈ ਪੰਜਾਬੀ ਬੀਟਸ ?



ਪੰਜਾਬੀ ਗਾਣਿਆਂ ਦੇ ਸੰਗੀਤ ਦੀਆਂ ਧੁਨਾਂ ਨੇ ਦੁਨੀਆਂ ਭਰ ਵਿੱਚ ਆਪਣਾ ਜਾਦੂ ਚਲਾਇਆ ਹੈ। ਇਹ ਨਹੀਂ ਕਿ ਸਿਰਫ ਪੰਜਾਬ ਜਾਂ ਭਾਰਤ ਵਿੱਚ ਹੀ ਇਹਨਾਂ ਧੁਨਾਂ ਨੂੰ ਸੁਣਿਆ ਜਾਂਦਾ ਹੈ, ਬਲਕਿ ਪਾਕਿਸਤਾਨ, ਅਮਰੀਕਾ, ਕੈਨੇਡਾ, ਯੂਕੇ, ਯੂਰਪ ,ਅਮਰੀਕਾ ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਵਿੱਚ ਵੀ ਇਹਨਾਂ ਨੂੰ ਬਹੁਤ ਪਸੰਦ ਕੀਤਾ ਜਾ ਰਿਹਾ ਹੈ। ਪਿਛਲੇ ਕੁਝ ਸਾਲਾਂ ਵਿੱਚ ਪੰਜਾਬੀ ਸੰਗੀਤ ਨੇ ਗਲੋਬਲ ਪੱਧਰ ਤੇ ਵੱਡੀ ਛਾਲ ਮਾਰੀ ਹੈ, ਜਿਸ ਨਾਲ ਨਾ ਸਿਰਫ ਪੰਜਾਬੀ ਕਲਾਕਾਰਾਂ ਦੀ ਪਛਾਣ ਵਧੀ ਹੈ ਬਲਕਿ ਪੰਜਾਬੀ ਸਭਿਆਚਾਰ ਨੂੰ ਵੀ ਵਿਸ਼ਵ ਪੱਧਰ ਤੇ ਮਾਣ ਮਿਲਿਆ ਹੈ। ਪੰਜਾਬੀ ਗਾਣਿਆਂ ਦੀ ਸਫਲਤਾ ਦਾ ਇੱਕ ਵੱਡਾ ਕਾਰਨ ਉਹਨਾਂ ਦੀਆਂ ਹਾਈ-ਬਜਟ ਵੀਡੀਓਜ਼ ਹਨ।

ਹੁਣ ਵੀਡੀਓਜ਼ ਦੀ ਸ਼ੂਟਿੰਗ ਦੁਬਈ, ਲੰਡਨ, ਅਤੇ ਮਿਆਮੀ ਵਰਗੀਆਂ ਥਾਵਾਂ 'ਤੇ ਹਾਲੀਵੁੱਡ ਪੱਧਰ ਦੇ ਕੈਮਰਿਆਂ ਅਤੇ ਤਕਨੀਕ ਨਾਲ ਕੀਤੀ ਜਾਂਦੀ ਹੈ, ਜੋ ਨੌਜਵਾਨਾਂ ਨੂੰ ਆਕਰਸ਼ਿਤ ਕਰਦੀ ਹੈ। ਇੰਸਟਾਗ੍ਰਾਮ ਰੀਲਜ਼ ਅਤੇ ਟਿਕ ਟਾਕ ਨੇ ਪੰਜਾਬੀ ਗਾਣਿਆਂ ਨੂੰ ਉਹਨਾਂ ਦੇਸ਼ਾਂ ਵਿੱਚ ਵੀ ਪਹੁੰਚਾਇਆ ਹੈ ਜਿੱਥੇ ਪੰਜਾਬੀ ਸਮਝੀ ਨਹੀਂ ਜਾਂਦੀ। ਕਈ ਵਾਰ ਗਾਣੇ ਦੇ ਰਿਲੀਜ਼ ਹੋਣ ਤੋਂ ਪਹਿਲਾਂ ਹੀ ਉਸ ਦੀ 'ਆਡੀਓ ਕਲਿੱਪ' ਵਾਇਰਲ ਹੋ ਜਾਂਦੀ ਹੈ, ਜੋ ਗਲੋਬਲ ਹਿੱਟ ਹੋਣ ਦਾ ਮੁੱਖ ਕਾਰਨ ਬਣਦੀ ਹੈ।

ਪੰਜਾਬੀ ਸੰਗੀਤ ਦੀ ਗਲੋਬਲ ਪ੍ਰਸਿੱਧੀ ਦੀ ਸ਼ੁਰੂਆਤ ਨੂੰ ਵੇਖੀਏ ਤਾਂ ਇਹ ਪਿਛਲੇ ਦਹਾਕੇ ਵਿੱਚ ਵੱਡੀ ਤੇਜ਼ੀ ਨਾਲ ਵਧੀ ਹੈ। ਸਪੋਟੀਫਾਈ ਅਤੇ ਯੂਟਿਊਬ ਵਰਗੇ ਪਲੇਟਫਾਰਮਾਂ ਨੇ ਇਸ ਨੂੰ ਵਿਸ਼ਵ ਪੱਧਰ ਤੇ ਪਹੁੰਚਾਉਣ ਵਿੱਚ ਵੱਡੀ ਭੂਮਿਕਾ ਨਿਭਾਈ ਹੈ। 2022 ਵਿੱਚ ਪੰਜਾਬੀ ਗੀਤਾਂ ਨੇ ਭਾਰਤ ਵਿੱਚ ਸਭ ਤੋਂ ਵੱਧ ਸਟ੍ਰੀਮ ਕੀਤੇ ਗਏ ਗੀਤਾਂ ਵਿੱਚ ਆਪਣੀ ਜਗ੍ਹਾ ਬਣਾਈ। ਉਦਾਹਰਨ ਵਜੋਂ, ਏਪੀ ਢਿੱਲਨ ਦਾ ਗੀਤ 'ਐਕਸਕਿਊਜ਼' ਨੇ ਭਾਰਤ ਵਿੱਚ ਸਭ ਤੋਂ ਵੱਧ ਸਟ੍ਰੀਮ ਕੀਤੇ ਗਏ ਗੀਤ ਵਜੋਂ ਨਾਮ ਕਮਾਇਆ। ਇਸ ਤੋਂ ਇਲਾਵਾ, ਸਿਧੂ ਮੂਸੇ ਵਾਲੇ ਦਾ ਐਲਬਮ 'ਮੂਸਟੇਪ' ਨੇ ਵੀ ਰਿਕਾਰਡ ਤੋੜੇ ਹਨ। ਇਹਨਾਂ ਗੀਤਾਂ ਨੇ ਨਾ ਸਿਰਫ ਭਾਰਤ ਵਿੱਚ ਬਲਕਿ ਵਿਦੇਸ਼ਾਂ ਵਿੱਚ ਵੀ ਧੂਮ ਮਚਾਈ ਹੈ। 2023 ਵਿੱਚ ਕੋਚੇਲਾ ਫੈਸਟੀਵਲ ਵਿੱਚ ਦਿਲਜੀਤ ਦੋਸਾਂਝ ਨੇ ਪਹਿਲੀ ਵਾਰ ਪੂਰੀ ਤਰ੍ਹਾਂ ਪੰਜਾਬੀ ਵਿੱਚ ਪ੍ਰਦਰਸ਼ਨ ਕੀਤਾ, ਜਿਸ ਨੇ ਵਿਸ਼ਵ ਭਰ ਵਿੱਚ ਪੰਜਾਬੀ ਸੰਗੀਤ ਨੂੰ ਨਵੀਂ ਪਛਾਣ ਦਿੱਤੀ।

2024 ਅਤੇ 2025 ਵਿੱਚ ਪੰਜਾਬੀ ਸੰਗੀਤ ਦੀ ਵਿਕਾਸ ਗਤੀ ਹੋਰ ਵੀ ਤੇਜ਼ ਹੋ ਗਈ। ਸਪੋਟੀਫਾਈ ਦੇ ਅਨੁਸਾਰ, ਪੰਜਾਬੀ ਸੰਗੀਤ ਨੇ ਭਾਰਤ ਵਿੱਚ ਹਿੰਦੀ ਅਤੇ ਅੰਗਰੇਜ਼ੀ ਸੰਗੀਤ ਨਾਲ ਮੁਕਾਬਲਾ ਕੀਤਾ ਅਤੇ ਵਿਦੇਸ਼ਾਂ ਵਿੱਚ ਵੀ ਟੌਪ ਚਾਰਟਸ ਵਿੱਚ ਜਗ੍ਹਾ ਬਣਾਈ ਹੈ। ਬਿਲਬੋਰਡ ਕੈਨੇਡਾ ਨੇ ਪੰਜਾਬੀ-ਕੈਨੇਡੀਅਨ ਕਲਾਕਾਰਾਂ ਨੂੰ ਆਪਣੇ ਕਵਰ ਤੇ ਫੀਚਰ ਕੀਤਾ, ਜਿਸ ਵਿੱਚ ਉਹਨਾਂ ਨੂੰ ਗਲੋਬਲ ਪ੍ਰਭਾਵ ਵਾਲੇ ਕਲਾਕਾਰ ਵਜੋਂ ਮਾਨਤਾ ਦਿੱਤੀ ਗਈ। ਇਸ ਨਾਲ ਪੰਜਾਬੀ ਸੰਗੀਤ ਨੇ ਲੈਟਿਨ ਅਤੇ ਕੇ-ਪੌਪ ਵਰਗੇ ਜੈਨਰਾਂ ਨਾਲ ਮੁਕਾਬਲਾ ਕੀਤਾ। 2025 ਵਿੱਚ ਪੰਜਾਬੀ ਹਿੱਪ-ਹੌਪ ਅਤੇ ਪੌਪ ਸੰਗੀਤ ਨੇ ਸਪੋਟੀਫਾਈ ਭਾਰਤ ਦੇ ਟੌਪ 30 ਸਭ ਤੋਂ ਵੱਧ ਮਸ਼ਹੂਰ ਹੋਏ ਗੀਤਾਂ ਵਿੱਚ 57% ਦਾ ਹਿੱਸਾ ਬਣਾਇਆ, ਜੋ ਪਿਛਲੇ ਸਾਲ (2024) ਨਾਲੋਂ ਵਧੇਰੇ ਸੀ।

ਕਲਾਕਾਰਾਂ ਦੇ ਯੋਗਦਾਨ ਬਾਰੇ ਗੱਲ ਕਰੀਏ ਤਾਂ ਦਿਲਜੀਤ ਸਿੰਘ ਦੋਸਾਂਝ ਨੇ ਪੰਜਾਬੀ ਸੰਗੀਤ ਨੂੰ ਗਲੋਬਲ ਪੱਧਰ ਤੇ ਲੈ ਕੇ ਗਿਆ ਹੈ। ਉਸ ਨੇ ਕੋਚੇਲਾ ਤੇ ਪ੍ਰਦਰਸ਼ਨ ਕੀਤਾ ਅਤੇ ਜਿੰਮੀ ਫੈਲਨ ਦੇ ਸ਼ੋਅ ਤੇ ਵੀ ਗਾਇਆ। ਉਸ ਦੇ ਗੀਤਾਂ ਜਿਵੇਂ 'ਵਾਟਰ' ਅਤੇ 'ਟੈਨਸ਼ਨ' ਨੇ ਅੰਤਰਰਾਸ਼ਟਰੀ ਚਾਰਟਸ ਵਿੱਚ ਜਗ੍ਹਾ ਬਣਾਈ। ਕਰਨ ਔਜਲਾ ਨੇ ਪੀ-ਪੌਪ ਕਲਚਰ ਨੂੰ ਨਵੀਂ ਉਚਾਈਆਂ ਦਿੱਤੀਆਂ ਅਤੇ ਉਸ ਨੇ ਇੱਕ ਮਸ਼ਹੂਰ ਕੈਨੇਡੀਅਨ ਪੰਜਾਬੀ ਮਿਊਜ਼ਿਕ ਪ੍ਰੋਡਿਊਸਰ ਇੱਕੀ ਨਾਲ ਮਿਲ ਕੇ ਪੰਜਾਬੀ ਬੀਟਾਂ ਨੂੰ ਗਲੋਬਲ ਹਿੱਟ ਬਣਾਇਆ। ਏਪੀ ਢਿੱਲਨ ਨੇ ਕੈਨੇਡਾ ਤੋਂ ਨਿਕਲ ਕੇ ਪੰਜਾਬੀ ਸੰਗੀਤ ਨੂੰ ਨਵਾਂ ਫਿਊਜ਼ਨ ਦਿੱਤਾ ਅਤੇ ਉਸ ਦੇ ਗੀਤਾਂ ਜਿਵੇਂ 'ਅਫਸੋਸ' ਨੇ ਟੌਪ ਚਾਰਟਸ ਵਿੱਚ ਨਾਮ ਕਮਾਇਆ। ਸਿਧੂ ਮੂਸੇ ਵਾਲੇ ਨੇ ਪੰਜਾਬੀ ਰੈਪ ਨੂੰ ਨਵੀਂ ਪਛਾਣ ਦਿੱਤੀ ਅਤੇ ਉਸ ਦੇ ਗੀਤਾਂ ਜਿਵੇਂ '295' ਅਤੇ 'ਬਰਾਊਨ ਮੁੰਡੇ' ਨੇ ਵਿਸ਼ਵ ਭਰ ਵਿੱਚ ਪ੍ਰਸਿੱਧੀ ਹਾਸਲ ਕੀਤੀ। ਯੋ ਯੋ ਹਨੀ ਸਿੰਘ ਨੇ ਪੰਜਾਬੀ ਰੈਪ ਨੂੰ ਬੌਲੀਵੁੱਡ ਨਾਲ ਜੋੜਿਆ ਅਤੇ ਗਲੋਬਲ ਟ੍ਰੈਂਡ ਸੈੱਟ ਕੀਤੇ।

ਬਾਕੀ ਹਿਸਾ ਸਫਾ 40 ਤੇ ਪੜ੍ਹੋ →

## ਗਲੋਬਲ ਪੰਜਾਬੀ ਸੰਗੀਤ ਵਿਚ ਸਤਿੰਦਰ ਸਿਰਤਾਜ ਦੀ ਭੂਮਿਕਾ



ਸਤਿੰਦਰ ਸਰਤਾਜ ਦਾ ਪੰਜਾਬੀ ਸੰਗੀਤ ਦੇ ਗਲੋਬਲ ਹੋਣ ਵਿੱਚ ਇੱਕ ਬਹੁਤ ਹੀ ਵੱਖਰਾ ਅਤੇ ਸਤਿਕਾਰਯੋਗ ਰੋਲ ਹੈ। ਜਿੱਥੇ ਦਿਲਜੀਤ ਅਤੇ ਏ.ਪੀ. ਢਿੱਲੋਂ ਵਰਗੇ ਕਲਾਕਾਰ ਆਪਣੀਆਂ ਬੀਟਾਂ ਅਤੇ ਪੌਪ ਸਟਾਈਲ ਲਈ ਜਾਣੇ ਜਾਂਦੇ ਹਨ, ਉੱਥੇ ਸਰਤਾਜ ਨੇ ਪੰਜਾਬੀ ਸ਼ਾਇਰੀ, ਸੂਫ਼ੀਵਾਦ ਅਤੇ ਸੱਭਿਆਚਾਰਕ ਸਾਦਗੀ ਨੂੰ ਵਿਸ਼ਵ ਪੱਧਰ 'ਤੇ ਸਥਾਪਿਤ ਕੀਤਾ ਹੈ। ਸਰਤਾਜ ਨੇ ਸਾਬਤ ਕੀਤਾ ਕਿ ਪੰਜਾਬੀ ਸੰਗੀਤ ਸਿਰਫ਼ ਸ਼ੋਰ ਜਾਂ ਉੱਚੀਆਂ ਬੀਟਾਂ ਤੱਕ ਸੀਮਿਤ ਨਹੀਂ ਹੈ। ਉਸ ਨੇ ਪੰਜਾਬੀ ਭਾਸ਼ਾ ਦੀ ਸ਼ੁੱਧਤਾ ਅਤੇ ਗੰਭੀਰਤਾ ਨੂੰ ਵਿਦੇਸ਼ੀ ਸਰੋਤਿਆਂ ਤੱਕ ਪਹੁੰਚਾਇਆ। ਉਸ ਦੇ ਲਿਖੇ ਸ਼ਬਦ ਪੰਜਾਬ ਦੀ ਰੂਹ ਅਤੇ ਇਤਿਹਾਸ ਦੀ ਗੱਲ ਕਰਦੇ ਹਨ। ਸਤਿੰਦਰ ਸਰਤਾਜ ਉਹਨਾਂ ਚੋਣਵੇਂ ਭਾਰਤੀ ਕਲਾਕਾਰਾਂ ਵਿੱਚੋਂ ਇੱਕ ਹੈ ਜਿਸ ਨੇ ਦੁਨੀਆ ਦੇ ਸਭ ਤੋਂ ਵੱਕਾਰੀ ਸਟੇਜਾਂ 'ਤੇ ਪ੍ਰਦਰਸ਼ਨ ਕੀਤਾ ਹੈ:

ਲੰਡਨ ਦੇ ਰਾਇਲ ਅਲਬਰਟ ਹਾਲ ਵਿੱਚ ਉਸ ਦਾ ਕੰਸਰਟ ਇੱਕ ਇਤਿਹਾਸਕ ਘਟਨਾ ਸੀ। ਉਸ ਨੇ ਸਿਡਨੀ ਓਪੇਰਾ ਹਾਊਸ ਵਰਗੀਆਂ ਥਾਵਾਂ 'ਤੇ ਪੰਜਾਬੀ ਕਵਿਤਾ ਅਤੇ ਗਾਇਕੀ ਪਹੁੰਚਾਈ, ਜਿੱਥੇ ਸਿਰਫ਼ ਚੋਟੀ ਦੇ ਗਲੋਬਲ ਕਲਾਕਾਰ ਹੀ ਪਹੁੰਚ ਸਕਦੇ ਹਨ। ਸਰਤਾਜ ਨੇ ਹਾਲੀਵੁੱਡ ਫਿਲਮ The Black Prince ਵਿੱਚ ਮਹਾਰਾਜਾ ਦਲੀਪ ਸਿੰਘ ਦਾ ਕਿਰਦਾਰ ਨਿਭਾ ਕੇ ਪੰਜਾਬੀ ਇਤਿਹਾਸ ਨੂੰ ਵਿਸ਼ਵ ਸਿਨੇਮਾ ਤੱਕ ਪਹੁੰਚਾਇਆ। ਇਸ ਨਾਲ ਪੰਜਾਬੀ ਕਲਾਕਾਰ ਦੀ ਪਛਾਣ ਇੱਕ ਗਲੋਬਲ ਐਕਟਰ ਵਜੋਂ ਵੀ ਬਣੀ। ਗਲੋਬਲ ਪੱਧਰ 'ਤੇ ਪੰਜਾਬੀ ਸੰਗੀਤ 'ਤੇ ਅਕਸਰ 'ਗੰਨ ਕਲਚਰ' ਜਾਂ 'ਸ਼ਰਾਬ' ਦੇ ਇਲਜ਼ਾਮ ਲੱਗਦੇ ਹਨ, ਪਰ ਸਰਤਾਜ ਨੇ ਇੱਕ ਅਜਿਹਾ ਸਾਫ਼-ਸੁਥਰਾ ਅਕਸ ਪੇਸ਼ ਕੀਤਾ ਜਿਸ ਨੂੰ ਪੂਰਾ ਪਰਿਵਾਰ ਇਕੱਠੇ ਬੈਠ ਕੇ ਸੁਣ ਸਕਦਾ ਹੈ। ਉਸ ਦੇ ਗੀਤ 'ਸਾਈਂ', 'ਉਡਾਰੀ' ਅਤੇ 'ਤੇਰੇ ਵਾਸਤੇ' ਰੂਹਾਨੀਅਤ ਦੀ ਮਿਸਾਲ ਹਨ।

## ਫੀਮੇਲ ਆਰਟਿਸਟਾਂ ਦਾ ਉਭਾਰ



ਪੰਜਾਬੀ ਸੰਗੀਤ ਦੇ ਗਲੋਬਲ ਹੋਣ ਦੀ ਕਹਾਣੀ ਮਹਿਲਾ ਕਲਾਕਾਰਾਂ ਦੇ ਜ਼ਿਕਰ ਤੋਂ ਬਿਨਾਂ ਅਧੂਰੀ ਹੈ। ਨਿਮਰਤ ਖਹਿਰਾ ਦੀ ਸਾਦਗੀ ਤੋਂ ਲੈ ਕੇ ਜੈਸਮੀਨ ਸੈਂਡਲਸ ਦੇ ਬੋਲਡ ਅੰਦਾਜ਼ ਤੱਕ, ਇਹਨਾਂ ਧੀਆਂ ਨੇ ਸਾਬਤ ਕੀਤਾ ਹੈ ਕਿ ਪੰਜਾਬੀ ਸੰਗੀਤ ਦੀ ਗੂੰਜ ਵਿੱਚ ਔਰਤਾਂ ਦੀ ਆਵਾਜ਼ ਵੀ ਬਰਾਬਰ ਦੀ ਹਿੱਸੇਦਾਰ ਹੈ। ਇਹਨਾਂ ਕਲਾਕਾਰਾਂ ਨੇ ਪੰਜਾਬੀ ਸੱਭਿਆਚਾਰ ਅਤੇ ਫੈਸ਼ਨ ਨੂੰ ਸੱਤ ਸਮੁੰਦਰੋਂ ਪਾਰ ਇੱਕ ਨਵੀਂ 'ਗਲੋਬਲ ਆਈਡੈਂਟੀਟੀ' ਦਿੱਤੀ ਹੈ। ਮਹਿਲਾ ਕਲਾਕਾਰਾਂ ਨੇ ਸੋਸ਼ਲ ਮੀਡੀਆ ਦੀ ਵਰਤੋਂ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਹੈ। ਅੱਜ ਪੰਜਾਬੀ ਫੀਮੇਲ ਸਿੰਗਰਜ਼ ਸਿਰਫ਼ ਗਾਇਕਾਵਾਂ ਹੀ ਨਹੀਂ, ਸਗੋਂ ਫੈਸ਼ਨ ਆਈਕਨ ਵੀ ਬਣ ਚੁੱਕੀਆਂ ਹਨ, ਜੋ ਪੰਜਾਬੀ ਪਹਿਰਾਵੇ (ਸੂਟ ਅਤੇ ਫੁਲਕਾਰੀ) ਨੂੰ ਵਿਸ਼ਵ ਪੱਧਰ 'ਤੇ ਪ੍ਰਮੋਟ ਕਰ ਰਹੀਆਂ ਹਨ। ਸਪੋਟੀਫਾਈ (ਸ਼ਪੋਟਿਡੇ) ਦੀ ਰਿਪੋਰਟ ਅਨੁਸਾਰ, ਪਿਛਲੇ 3 ਸਾਲਾਂ ਵਿੱਚ ਪੰਜਾਬੀ ਮਹਿਲਾ ਕਲਾਕਾਰਾਂ ਦੇ ਸਟ੍ਰੀਮਿੰਗ ਨੰਬਰਾਂ ਵਿੱਚ 150% ਤੋਂ ਵੱਧ ਦਾ ਵਾਧਾ ਹੋਇਆ ਹੈ। ਉਹਨਾਂ ਦੀ ਸੁਣਨ ਵਾਲੀ ਆਡੀਅੰਸ ਵਿੱਚ ਹੁਣ ਭਾਰਤ ਤੋਂ ਇਲਾਵਾ ਕੈਨੇਡਾ, ਆਸਟ੍ਰੇਲੀਆ ਅਤੇ ਯੂਕੇ ਦੇ ਸਰੋਤੇ ਮੁੱਖ ਹਨ।

ਨਿਮਰਤ ਖਹਿਰਾ, ਜੈਸਮੀਨ ਸੈਂਡਲਸ, ਸੁਨੰਦਾ ਸ਼ਰਮਾ ਅਤੇ ਜੈਸਮੀਨ ਅਖ਼ਤਰ ਵਰਗੀਆਂ ਗਾਇਕਾਵਾਂ ਨੇ ਵੀ ਗਲੋਬਲ ਚਾਰਟਸ ਵਿੱਚ ਆਪਣੀ ਜਗ੍ਹਾ ਬਣਾਈ ਹੈ। ਨਿਮਰਤ ਖਹਿਰਾ ਦੀ ਐਲਬਮ 'ਸ਼ਿਕਵਾ' ਅਤੇ ਹੋਰ ਗੀਤਾਂ ਨੇ ਵਿਸ਼ਵ ਪੱਧਰ 'ਤੇ ਪ੍ਰਸਿੱਧੀ ਖੱਟੀ। ਨਿਊਯਾਰਕ ਦੇ ਟਾਈਮ ਸਕੁਏਅਰ ਦੇ ਬਿਲਬੋਰਡ 'ਤੇ ਫੀਚਰ ਹੋਣਾ ਉਹਨਾਂ ਦੀ ਵੱਡੀ ਪ੍ਰਾਪਤੀ ਸੀ। 'ਪਟਾਕੇ' ਅਤੇ 'ਮੁਮੀ' ਵਰਗੇ ਗੀਤਾਂ ਰਾਹੀਂ ਸੁਨੰਦਾ ਸ਼ਰਮਾ ਨੇ ਪੰਜਾਬੀ ਫੀਮੇਲ ਪੌਪ ਕਲਚਰ ਨੂੰ ਗਲੋਬਲ ਪੱਧਰ 'ਤੇ ਪਛਾਣ ਦਿਵਾਈ। ਉਹ ਲੰਡਨ ਅਤੇ ਕੈਨੇਡਾ ਵਿੱਚ ਸਭ ਤੋਂ ਵੱਧ ਪਸੰਦ ਕੀਤੀ ਜਾਣ ਵਾਲੀ ਫੀਮੇਲ ਪਰਫਾਰਮਰ ਬਣ ਕੇ ਉਭਰੀ ਹੈ। 'ਗੁਲਾਬੀ ਕੁਈਨ' ਦੇ ਨਾਮ ਨਾਲ ਮਸ਼ਹੂਰ ਜੈਸਮੀਨ ਨੇ ਪੰਜਾਬੀ ਸੰਗੀਤ ਵਿੱਚ ਇੱਕ ਨਵਾਂ ਅਤੇ ਬੋਲਡ ਸਟਾਈਲ ਲਿਆਂਦਾ। ਉਹਨਾਂ ਦੇ ਗੀਤਾਂ ਵਿੱਚ ਪੱਛਮੀ ਸੰਗੀਤ ਅਤੇ ਪੰਜਾਬੀ ਰੂਹ ਦਾ ਸੁਮੇਲ ਹੁੰਦਾ ਹੈ, ਜੋ ਡਾਇਸਪੋਰਾ (ਵਿਦੇਸ਼ਾਂ ਵਿੱਚ ਬੈਠੇ ਨੌਜਵਾਨਾਂ) ਨੂੰ ਬਹੁਤ ਆਕਰਸ਼ਿਤ ਕਰਦਾ ਹੈ।

ਕੌਰ ਬੀ ਨੇ ਆਪਣੀ ਭਾਰੀ ਅਤੇ ਪਰੰਪਰਾਗਤ ਆਵਾਜ਼ ਰਾਹੀਂ ਪੰਜਾਬੀ ਲੋਕ-ਤੱਤਾਂ ਨੂੰ ਜਿਉਂਦਾ ਰੱਖਿਆ ਅਤੇ ਅੰਤਰਰਾਸ਼ਟਰੀ ਸਟੇਜਾਂ 'ਤੇ ਪੇਸ਼ ਕੀਤਾ ਹੈ।

ਜੈਸਮੀਨ ਅਖ਼ਤਰ ਨੇ ਦੁਗਾਣਾ ਗਾਇਕੀ ਅਤੇ ਪੰਜਾਬੀ ਅਖਾੜਿਆਂ ਦੀ ਰਵਾਇਤ ਨੂੰ ਗਲੋਬਲ ਪਲੇਟਫਾਰਮਾਂ (ਜਿਵੇਂ ਕਿ ਸਪੋਟੀਫਾਈ ਅਤੇ ਯੂ ਟਿਊਬ) 'ਤੇ ਮੁੜ ਸੁਰਜੀਤ ਕੀਤਾ ਹੈ। ਸੂਫ਼ੀ ਗਾਇਕੀ ਦੇ ਖੇਤਰ ਵਿੱਚ ਨੂਰਾਂ ਸਿਸਟਰਜ਼ ਦੀ ਵਿਲੱਖਣ ਸ਼ੈਲੀ ਨੇ ਹਾਲੀਵੁੱਡ ਅਤੇ ਬੌਲੀਵੁੱਡ ਤੱਕ ਪਹੁੰਚ ਬਣਾਈ ਹੈ।

# ਚੜ੍ਹਦੇ ਪੰਜਾਬ ਦੀ ਗਲੋਬਲ ਸੰਗੀਤ ਵਿਚ ਭੂਮਿਕਾ

ਪੰਜਾਬੀ ਸੰਗੀਤ ਨੂੰ "ਗਲੋਬਲ ਬ੍ਰਾਂਡ" ਬਣਾਉਣ ਵਿੱਚ ਸਰਹੱਦ ਦੇ ਉਸ ਪਾਰ, ਯਾਨੀ ਚੜ੍ਹਦੇ ਪੰਜਾਬ (ਪਾਕਿਸਤਾਨ) ਦੇ ਗਾਇਕਾਂ ਦਾ ਯੋਗਦਾਨ ਬਹੁਤ ਵੱਡਾ ਹੈ। ਪੰਜਾਬੀ ਸੰਗੀਤ ਦੀ ਖ਼ੂਬਸੂਰਤੀ ਇਹ ਹੈ ਕਿ ਇਸ ਦੀਆਂ ਧੁਨਾਂ ਨੇ ਕਦੇ ਸਰਹੱਦਾਂ ਨੂੰ ਨਹੀਂ ਮੰਨਿਆ। ਜਿੱਥੇ ਨੁਸਰਤ ਫ਼ਤਿਹ ਅਲੀ ਖ਼ਾਨ ਦੀਆਂ ਕੱਵਾਲੀਆਂ ਨੇ ਪੱਛਮ ਦੇ ਬੂਹੇ ਖੜਕਾਏ, ਉੱਥੇ ਹੀ ਅਜੋਕੇ ਦੌਰ ਵਿੱਚ 'ਪਸੂਰੀ' ਵਰਗੇ ਗੀਤਾਂ ਨੇ ਸਾਬਤ ਕਰ ਦਿੱਤਾ ਕਿ ਪੰਜਾਬੀ ਧੁਨਾਂ ਸਰਹੱਦਾਂ ਦੀਆਂ ਵਲਗਣਾਂ ਤੋਂ ਮੁਕਤ ਹਨ। ਕੋਕ ਸਟੂਡੀਓ ਪਾਕਿਸਤਾਨ ਨੇ ਪੰਜਾਬੀ ਲੋਕ-ਸੰਗੀਤ ਨੂੰ ਅਧੁਨਿਕ ਰੰਗ ਵਿੱਚ ਪੇਸ਼ ਕਰਕੇ ਦੁਨੀਆ ਭਰ ਦੇ ਸੰਗੀਤ ਪ੍ਰੇਮੀਆਂ ਦੇ ਦਿਲ ਜਿੱਤੇ ਹਨ।"

ਨੁਸਰਤ ਫ਼ਤਿਹ ਅਲੀ ਖ਼ਾਨ: ਉਨ੍ਹਾਂ ਨੇ ਪੰਜਾਬੀ ਕੱਵਾਲੀ ਅਤੇ ਸੂਫ਼ੀਵਾਦ ਨੂੰ ਪੱਛਮੀ ਦੇਸ਼ਾਂ ਤੱਕ ਪਹੁੰਚਾਇਆ। ਅੱਜ ਵੀ ਉਨ੍ਹਾਂ ਦੇ ਗੀਤਾਂ ਦੇ ਰੀਮਿਕਸ ਗਲੋਬਲ ਚਾਰਟਸ 'ਤੇ ਰਾਜ ਕਰਦੇ ਹਨ।



ਆਬਿਦਾ ਪਰਵੀਨ: ਉਨ੍ਹਾਂ ਦੀ ਆਵਾਜ਼ ਨੇ ਪੰਜਾਬੀ ਸੂਫ਼ੀ ਕਲਾਮਾਂ ਨੂੰ ਇੱਕ ਅੰਤਰਰਾਸ਼ਟਰੀ ਦਰਜਾ ਦਿਵਾਇਆ ਹੈ।

ਕੋਕ ਸਟੂਡੀਓ ਦਾ ਜਾਦੂ-ਪਿਛਲੇ ਕੁਝ ਸਾਲਾਂ ਵਿੱਚ ਪੰਜਾਬੀ ਸੰਗੀਤ ਨੂੰ ਗਲੋਬਲ ਪੱਧਰ 'ਤੇ "ਕੂਲ" ਬਣਾਉਣ ਵਿੱਚ ਕੋਕ ਸਟੂਡੀਓ ਪਾਕਿਸਤਾਨ ਦਾ ਵੱਡਾ ਹੱਥ ਹੈ। ਨਸੀਬੋ ਲਾਲ: 'ਟੁਟਕ ਟੁਟਕ' ਤੋਂ ਲੈ ਕੇ ਕੋਕ ਸਟੂਡੀਓ ਦੇ 'ਤੂ ਝੂਮ' ਤੱਕ, ਨਸੀਬੋ ਲਾਲ ਦੀ ਆਵਾਜ਼ ਨੇ ਯੂਰਪ ਅਤੇ ਅਮਰੀਕਾ ਵਿੱਚ ਬੈਠੇ ਸਰੋਤਿਆਂ ਨੂੰ ਵੀ ਕੀਲ ਲਿਆ। ?ਅਲੀ ਸੇਠੀ ਦੇ ਗੀਤ 'ਪਸੂਰੀ' ਨੇ 2022-23 ਵਿੱਚ ਗਲੋਬਲ ਰਿਕਾਰਡ ਤੋੜੇ ਹਨ। ਇਹ ਗੂਗਲ 'ਤੇ ਦੁਨੀਆ ਦਾ ਸਭ ਤੋਂ ਵੱਧ ਸਰਚ ਕੀਤਾ ਜਾਣ ਵਾਲਾ ਗੀਤ ਬਣਿਆ, ਜਿਸ ਨੇ ਸਾਬਤ ਕੀਤਾ ਕਿ ਪੰਜਾਬੀ ਬੋਲੀ ਦੀ ਖਿੱਚ ਸਰਬਵਿਆਪੀ ਹੈ।

ਪੰਜਾਬੀ ਰੈਪ ਅਤੇ ਅਰਬਨ ਮਿਊਜ਼ਿਕ

ਬੋਹੇਮੀਆ : ਪੰਜਾਬੀ ਰੈਪ ਦਾ ਮੋਢੀ ਮੰਨੇ ਜਾਣ ਵਾਲੇ ਬੋਹੇਮੀਆ ਨੇ ਪਾਕਿਸਤਾਨੀ ਮੂਲ ਦੇ ਹੋਣ ਦੇ ਬਾਵਜੂਦ ਪੂਰੇ ਵਿਸ਼ਵ ਵਿੱਚ ਪੰਜਾਬੀ 'ਦੇਸੀ ਹਿੱਪ-ਹੌਪ' ਦੀ ਨੀਂਹ ਰੱਖੀ। ਨਵੀਂ ਪੀੜ੍ਹੀ ਦੀ ਗਾਇਕਾ ਸ਼ੇ ਗਿੱਲ ਨੇ ਪੰਜਾਬੀ ਸੰਗੀਤ ਨੂੰ ਇੱਕ ਨਵਾਂ ਅਤੇ ਮਾਡਰਨ ਅੰਦਾਜ਼ ਦਿੱਤਾ ਹੈ ਜੋ ਗਲੋਬਲ ਪੌਪ ਚਾਰਟਸ ਨਾਲ ਮੇਲ ਖਾਂਦਾ ਹੈ।

39 ਸਫ਼ੇ ਦੀ ਬਾਕੀ

2022 ਤੋਂ 2025 ਤੱਕ ਪੰਜਾਬੀਆਂ ਦੀ ਸਥਿਤੀ ਬਹੁਤ ਮਜ਼ਬੂਤ ਰਹੀ ਹੈ। ਪੰਜਾਬੀ ਸੰਗੀਤ ਦਾ ਕਾਰੋਬਾਰ ਲਗਾਤਾਰ ਵਧਿਆ ਹੈ। ਅੰਕੜਿਆਂ ਅਨੁਸਾਰ, 2017-18 ਵਿੱਚ 48 ਕਰੋੜ ਰੁਪਏ ਦਾ ਕਾਰੋਬਾਰ ਸੀ ਜੋ 2024 ਵਿੱਚ 677 ਕਰੋੜ ਤੱਕ ਪਹੁੰਚ ਗਿਆ। 2025 ਵਿੱਚ ਨਵੰਬਰ ਤੱਕ 358 ਕਰੋੜ ਦਾ ਕਾਰੋਬਾਰ ਹੋ ਚੁੱਕਾ ਹੈ ਅਤੇ ਇਹ 700 ਕਰੋੜ ਤੋਂ ਪਾਰ ਜਾਣ ਦੀ ਸੰਭਾਵਨਾ ਹੈ। ਇਸ ਨਾਲ ਪੰਜਾਬੀ ਫਿਲਮਾਂ ਦੀ ਕਮਾਈ ਵੀ 2100 ਕਰੋੜ ਤੋਂ ਵੱਧ ਗਈ ਹੈ। ਪੰਜਾਬੀ ਕਲਾਕਾਰਾਂ ਨੇ ਸਿਆਸੀ ਖੇਤਰ ਵਿੱਚ ਵੀ ਪ੍ਰਵੇਸ਼ ਕੀਤਾ ਹੈ, ਜਿਵੇਂ ਭਗਵੰਤ ਮਾਨ ਮੁੱਖ ਮੰਤਰੀ ਬਣੇ ਅਤੇ ਹੋਰ ਕਈ ਵਿਧਾਇਕ ਬਣੇ। ਇਹ ਅੰਕੜੇ ਜੀਐਸਟੀ ਅਤੇ ਸੂਬਾ ਸਰਕਾਰ ਦੇ ਖਜ਼ਾਨੇ ਤੋਂ ਆਏ ਹਨ, ਜੋ ਪੰਜਾਬੀ ਸੰਗੀਤ ਦੀ ਆਰਥਿਕ ਮਜ਼ਬੂਤੀ ਨੂੰ ਦਰਸਾਉਂਦੇ ਹਨ।

## ਵਿਸ਼ਵ ਦੇ ਲੋਕ ਪੰਜਾਬੀ ਗਾਣੇ ਕਿਉਂ ਪਸੰਦ ਕਰ ਰਹੇ ਹਨ?

ਇਸ ਦਾ ਕਾਰਨ ਇਸ ਦੀਆਂ ਊਰਜਾਵਾਨ ਬੀਟਾਂ, ਫਿਊਜ਼ਨ ਅਤੇ ਯੂਨੀਵਰਸਲ ਅਪੀਲ ਹੈ। ਤੁਹਾਨੂੰ ਪੰਜਾਬੀ ਭਾਸ਼ਾ ਨਹੀਂ ਆਉਣੀ ਚਾਹੀਦੀ, ਬੱਸ ਬੀਟਾਂ ਨੂੰ ਮਹਿਸੂਸ ਕਰੋ। ਇਹ ਜੀਵਨ, ਪਿਆਰ ਅਤੇ ਜਸ਼ਨ ਨੂੰ ਸੈਲੀਬ੍ਰੇਟ ਕਰਦਾ ਹੈ। ਡਾਇਸਪੋਰਾ ਨੇ ਇਸ ਨੂੰ ਨੌਜਵਾਨ ਪੀੜ੍ਹੀ ਲਈ ਪਛਾਣ ਤੇ ਸਭਿਆਚਾਰਕ ਪਛਾਣ ਬਣਾਇਆ ਹੈ। ਇਹ ਹਿੱਪ-ਹੌਪ, ਆਰ ਐਂਡ ਬੀ ਨਾਲ ਮਿਲ ਕੇ ਨਵਾਂ ਸਾਊਂਡ ਬਣਾਉਂਦਾ ਹੈ ਜੋ ਗਲੋਬਲ ਸਰੋਤਿਆਂ ਨੂੰ ਆਕਰਸ਼ਿਤ ਕਰਦਾ ਹੈ।

### ਕਿਹੜੇ ਦੇਸ਼ ਪੰਜਾਬੀ ਗਾਣੇ ਪਸੰਦ ਕਰਦੇ ਹਨ?

ਕੈਨੇਡਾ ਵਿੱਚ ਪੰਜਾਬੀ ਡਾਇਸਪੋਰਾ ਸਭ ਤੋਂ ਵੱਡਾ ਹੈ ਅਤੇ ਇਹਨਾਂ ਨੇ ਪੰਜਾਬੀ ਸੰਗੀਤ ਨੂੰ ਨਵਾਂ ਸਾਊਂਡ ਦਿੱਤਾ ਹੈ। ਯੂਕੇ ਵਿੱਚ ਬ੍ਰਿਟਿਸ਼ ਪੰਜਾਬੀ ਬ੍ਰਿਟਿਸ਼ ਇੰਡੀਅਨ ਪੌਪੂਲੇਸ਼ਨ ਦਾ 45% ਹਿੱਸਾ ਹੈ। ਇਸੇ ਕਰਕੇ ਯੂਕੇ ਵਿਚ ਪੰਜਾਬੀ ਸੰਗੀਤ ਫੈਲਿਆ ਹੈ। ਅਮਰੀਕਾ ਵਿੱਚ ਨਿਊਯਾਰਕ ਅਤੇ ਨਿਊ ਜਰਸੀ ਵਿੱਚ ਪੰਜਾਬੀ ਈਨਕਲੇਵ ਨੇ ਇਸ ਨੂੰ ਪੌਪੂਲਰ ਬਣਾਇਆ। ਆਸਟ੍ਰੇਲੀਆ ਅਤੇ ਜਰਮਨੀ ਵਿੱਚ ਵੀ ਇਹ ਟ੍ਰੈਂਡ ਕਰ ਰਿਹਾ ਹੈ। ਭਾਰਤ ਵਿੱਚ ਤਾਂ ਇਹ ਪਹਿਲਾਂ ਹੀ ਟੌਪ ਤੇ ਹੈ।

## ਵਿਸ਼ਵ ਦੀਆਂ ਅਖ਼ਬਾਰਾਂ ਅਤੇ ਮੀਡੀਆ ਕੀ ਕਹਿੰਦੇ ਹਨ?

ਸਪੋਟੀਫਾਈ ਨੇ ਕਿਹਾ ਕਿ ਪੰਜਾਬੀ ਸੰਗੀਤ ਨੇ ਵਿਸ਼ਵ ਭਰ ਵਿੱਚ ਆਪਣੀ ਪਹੁੰਚ ਵਧਾਈ ਹੈ ਅਤੇ ਇਹ ਭਾਰਤ ਵਿੱਚ ਸਭ ਤੋਂ ਵੱਧ ਸਟ੍ਰੀਮ ਕੀਤੀ ਜਾਣ ਵਾਲੀ ਭਾਸ਼ਾ ਹੈ। ਬਿਲਬੋਰਡ ਨੇ ਕਿਹਾ ਕਿ ਕੈਨੇਡੀਅਨ ਪੰਜਾਬੀ ਕਲਾਕਾਰ ਗਲੋਬਲ ਪ੍ਰਭਾਵ ਪਾ ਰਹੇ ਹਨ। ਸੀਟੀਵੀ ਨਿਊਜ਼ ਨੇ ਕਿਹਾ ਕਿ ਪੰਜਾਬੀ ਸੰਗੀਤ ਦੁਨੀਆਂ ਨੂੰ ਤੂਫਾਨ ਵਿੱਚ ਲੈ ਰਿਹਾ ਹੈ। ਇੰਡੀਆ ਟੂਡੇ ਨੇ ਕਿਹਾ ਕਿ ਪੰਜਾਬੀ ਕਲਾਕਾਰ ਭਾਰਤ ਦੇ ਪਾਸਪੋਰਟ ਵਾਂਗ ਹਨ ਕਿਉਂਕਿ ਬੀਟਾਂ ਸਰਹੱਦਾਂ ਤੋੜਦੀਆਂ ਹਨ। ਇਸ ਨਾਲ ਪੰਜਾਬੀ ਸੰਗੀਤ ਨੇ ਨਾ ਸਿਰਫ ਆਰਥਿਕ ਵਿਕਾਸ ਕੀਤਾ ਬਲਕਿ ਸਭਿਆਚਾਰਕ ਪ੍ਰਭਾਵ ਵੀ ਵਧਾਇਆ ਹੈ। ਨੌਜਵਾਨ ਪੀੜ੍ਹੀ ਇਸ ਨੂੰ ਆਪਣੀ ਆਈਡੈਂਟੀਟੀ ਵਜੋਂ ਅਪਣਾ ਰਹੀ ਹੈ ਅਤੇ ਇਹ ਭਵਿੱਖ ਵਿੱਚ ਹੋਰ ਵੀ ਵਧੇਗਾ। ਪੰਜਾਬੀ ਗਾਣਿਆਂ ਦੀਆਂ ਧੁਨਾਂ ਨੇ ਸੱਚ ਮੁਚ ਦੁਨੀਆਂ ਨੂੰ ਜਿੱਤ ਲਿਆ ਹੈ।

# ਨਿਊਜ਼ੀਲੈਂਡ ਵਿੱਚ ਸਿੱਖ ਨਗਰ ਕੀਰਤਨ 'ਤੇ ਵਿਘਨ ਦਾ ਮਾਮਲਾ

## ✪ ਭਾਰਤ ਨੇ ਉਠਾਇਆ ਮੁੱਦਾ, ਨਿਊਜ਼ੀਲੈਂਡ ਪੁਲਿਸ ਨੇ ਸਿੱਖ ਭਾਈਚਾਰੇ ਨੂੰ ਸਹਿਯੋਗ ਦਾ ਦਿੱਤਾ ਭਰੋਸਾ



ਨਿਊਜ਼ੀਲੈਂਡ ਵਿੱਚ ਸਿੱਖ ਭਾਈਚਾਰੇ ਵੱਲੋਂ ਆਯੋਜਿਤ ਨਗਰ ਕੀਰਤਨਾਂ ਨੂੰ ਦੋ ਵਾਰ ਵਿਘਨ ਪਾਉਣ ਦੇ ਮਾਮਲੇ ਨੇ ਵਿਵਾਦ ਖੜ੍ਹਾ ਕਰ ਦਿੱਤਾ ਹੈ। ਭਾਰਤ ਸਰਕਾਰ ਨੇ ਇਸ ਮੁੱਦੇ ਨੂੰ ਨਿਊਜ਼ੀਲੈਂਡ ਸਰਕਾਰ ਨਾਲ ਡਿਪਲੋਮੈਟਿਕ ਤੌਰ 'ਤੇ ਉਠਾਇਆ ਹੈ। ਵਿਦੇਸ਼ ਰਾਜ ਮੰਤਰੀ ਪਬਿੱਤਰਾ ਮਾਰਗਰੀਟਾ ਨੇ ਸੰਸਦ ਵਿੱਚ ਲਿਖਤੀ ਜਵਾਬ ਵਿੱਚ ਦੱਸਿਆ ਕਿ ਭਾਰਤੀ ਵਿਦੇਸ਼ ਮੰਤਰਾਲੇ ਨੂੰ ਟੌਰੰਗਾ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਆਯੋਜਿਤ ਨਗਰ ਕੀਰਤਨ 'ਤੇ ਵਿਘਨ ਪਾਉਣ ਦੀ ਜਾਣਕਾਰੀ ਮਿਲੀ ਹਸੀ। ਇਹ ਵਿਘਨ 'ਦ ਟਰੂ ਪੈਟਰੀਅਟਸ ਆਫ ਨਿਊਜ਼ੀਲੈਂਡ' ਨਾਂ ਦੇ ਸਮੂਹ ਨੇ ਪਾਇਆ ਸੀ, ਜੋ ਆਪਣੀ ਨਸਲਵਾਦੀ ਸੋਚ ਲਈ ਜਾਣਿਆ ਜਾਂਦਾ ਹੈ ਅਤੇ ਡੈਸਟਨੀ ਚਰਚ ਨਾਲ ਜੁੜਿਆ ਹੋਇਆ ਦੱਸਿਆ ਜਾਂਦਾ ਹੈ। ਇਹ ਸਮੂਹ ਆਪਣੇ ਆਪ ਨੂੰ 'ਕਿਵੀ ਜੀਵਨ ਸ਼ੈਲੀ ਦੇ ਰੱਖਵਾਲੇ, ਵਿਸ਼ਵਾਸ, ਝੰਡੇ ਅਤੇ ਪਰਿਵਾਰ ਦੇ ਰੱਖਿਅਕ' ਵਜੋਂ ਪੇਸ਼ ਕਰਦਾ ਹੈ।

ਘਟਨਾ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਹਾਕਾ (ਮਾਓਰੀ ਵਿਰੋਧ ਪ੍ਰਦਰਸ਼ਨ) ਕੀਤਾ ਅਤੇ ਬੈਨਰ ਲਗਾਏ ਜਿਨ੍ਹਾਂ 'ਤੇ ਲਿਖਿਆ ਸੀ "ਇਹ ਨਿਊਜ਼ੀਲੈਂਡ ਹੈ, ਭਾਰਤ ਨਹੀਂ"। ਨਗਰ ਕੀਰਤਨ ਨੂੰ ਟੌਰੰਗਾ ਸਿਟੀ ਕੌਂਸਲ ਦੀ ਪਹਿਲਾਂ ਮਨਜ਼ੂਰੀ ਮਿਲ ਚੁੱਕੀ ਸੀ ਅਤੇ ਪੁਲਿਸ ਨੂੰ ਸੂਚਿਤ ਕੀਤਾ ਗਿਆ ਸੀ। ਨਿਊਜ਼ੀਲੈਂਡ ਪੁਲਿਸ ਮੌਕੇ 'ਤੇ ਮੌਜੂਦ ਸੀ ਅਤੇ ਬਿਨਾਂ ਕਿਸੇ ਟਕਰਾਅ ਦੇ ਪ੍ਰੋਸੈਸ਼ਨ ਜਾਰੀ ਰਿਹਾ। ਇਹ ਘਟਨਾ ਦਸੰਬਰ 2025 ਵਿੱਚ ਸਾਊਥ ਆਕਲੈਂਡ (ਮਨੁਰੇਵਾ) ਵਿੱਚ ਨਾਨਕਸਰ ਗੁਰਦੁਆਰਾ ਵੱਲੋਂ ਆਯੋਜਿਤ ਨਗਰ ਕੀਰਤਨ 'ਤੇ ਵਿਘਨ ਪਾਉਣ ਤੋਂ ਬਾਅਦ ਦੂਜੀ ਵਾਰ ਵਾਪਰੀ ਹੈ, ਜਿੱਥੇ ਵੀ ਇਸੇ ਸਮੂਹ ਨੇ ਹਾਕਾ ਕੀਤਾ ਸੀ ਅਤੇ ਲਗਭਗ 50 ਵਿਅਕਤੀ ਸ਼ਾਮਲ ਸਨ।

ਭਾਰਤੀ ਹਾਈ ਕਮਿਸ਼ਨ ਵੈਲਿੰਗਟਨ ਵਿੱਚ ਸਥਾਨਕ ਸਿੱਖ ਭਾਈਚਾਰੇ ਦੇ ਆਗੂਆਂ ਨਾਲ ਨੇੜਲੇ ਸੰਪਰਕ ਵਿੱਚ ਹੈ ਤਾਂ ਜੋ ਉਨ੍ਹਾਂ ਦੀ ਸੁਰੱਖਿਆ ਅਤੇ ਭਲਾਈ ਯਕੀਨੀ ਬਣਾਈ ਜਾ ਸਕੇ। ਦੋਵੇਂ ਘਟਨਾਵਾਂ ਤੋਂ ਬਾਅਦ ਨਿਊਜ਼ੀਲੈਂਡ ਪੁਲਿਸ ਨੇ ਨਗਰ ਕੀਰਤਨ ਆਯੋਜਕਾਂ, ਸਿੱਖ ਨੇਤਾਵਾਂ ਅਤੇ ਭਾਰਤੀ ਹਾਈ ਕਮਿਸ਼ਨ ਨਾਲ ਮੀਟਿੰਗਾਂ ਕੀਤੀਆਂ ਅਤੇ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਹੈ। ਪੁਲਿਸ ਨੇ ਸੁਰੱਖਿਆ ਵਧਾਈ ਸੀ ਅਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਤੋਂ ਬਚਾਅ ਲਈ ਕਦਮ ਚੁੱਕਣ ਦਾ ਵਾਅਦਾ ਕੀਤਾ ਸੀ।

ਨਿਊਜ਼ੀਲੈਂਡ ਸਰਕਾਰ ਦਾ ਰੁਖ ਸਪੱਸ਼ਟ ਤੌਰ 'ਤੇ ਧਾਰਮਿਕ ਆਜ਼ਾਦੀ ਅਤੇ ਸਮਾਜਿਕ ਸਦਭਾਵਨਾ ਨੂੰ ਬਣਾਈ ਰੱਖਣ ਵੱਲ ਹੈ। ਪੁਲਿਸ ਨੇ ਕਿਸੇ ਵੀ ਟਕਰਾਅ ਤੋਂ ਬਚਾਅ ਕੀਤਾ ਸੀ ਤੇ ਨਸਲਵਾਦੀ ਪ੍ਰਦਰਸ਼ਨਕਾਰੀਆਂ ਨੂੰ ਖੇਤਰ ਤੋਂ ਬਾਹਰ ਕੱਢਿਆ ਸੀ। ਇਸ ਦੌਰਾਨ ਕੋਈ ਹਿੰਸਾ ਨਹੀਂ ਹੋਈ ਸੀ। ਸਿੱਖ ਸੰਗਠਨਾਂ ਅਤੇ ਭਾਰਤੀ ਨੇਤਾਵਾਂ ਨੇ ਚਿੰਤਾ ਜ਼ਾਹਰ ਕੀਤੀ ਸੀ ਕਿ ਅਜਿਹੇ ਕੰਮ ਧਾਰਮਿਕ ਆਜ਼ਾਦੀ ਅਤੇ ਭਾਰਤੀ ਡਾਇਸਪੋਰਾ ਦੀ ਸੁਰੱਖਿਆ ਲਈ ਖਤਰਾ ਪੈਦਾ ਕਰ ਸਕਦੇ ਹਨ। ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਆਗੂਆਂ ਨੇ ਨਿਊਜ਼ੀਲੈਂਡ ਅਤੇ ਭਾਰਤ ਸਰਕਾਰਾਂ ਤੋਂ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।

ਨਿਊਜ਼ੀਲੈਂਡ ਵਿੱਚ ਸਿੱਖ ਭਾਈਚਾਰਾ ਵੱਡੀ ਗਿਣਤੀ ਵਿੱਚ ਹੈ ਅਤੇ ਉਹ ਆਪਣੇ ਧਾਰਮਿਕ ਅਯੋਜਨਾਂ ਨੂੰ ਸ਼ਾਂਤੀਪੂਰਨ ਢੰਗ ਨਾਲ ਮਨਾਉਂਦਾ ਰਿਹਾ ਹੈ। ਇਹ ਘਟਨਾਵਾਂ ਨਸਲੀ ਤਣਾਅ ਅਤੇ ਇਮੀਗ੍ਰੇਸ਼ਨ ਵਿਰੋਧ ਨੂੰ ਦਰਸਾਉਂਦੀਆਂ ਹਨ, ਪਰ ਪੁਲਿਸ ਅਤੇ ਸਰਕਾਰ ਨੇ ਸਹਿਯੋਗ ਅਤੇ ਸੁਰੱਖਿਆ 'ਤੇ ਜ਼ੋਰ ਦਿੱਤਾ ਹੈ।

ਭਾਰਤ ਸਰਕਾਰ ਨੇ ਇਸ ਨੂੰ ਗੰਭੀਰਤਾ ਨਾਲ ਲੈ ਕੇ ਨਿਊਜ਼ੀਲੈਂਡ ਨਾਲ ਗੱਲਬਾਤ ਜਾਰੀ ਰੱਖੀ ਹੈ ਤਾਂ ਜੋ ਅਜਿਹੀਆਂ ਘਟਨਾਵਾਂ ਦਾ ਦੁਬਾਰਾ ਨਾ ਵਾਪਰਨ ਅਤੇ ਸਿੱਖ ਭਾਈਚਾਰੇ ਨੂੰ ਪੂਰੀ ਸੁਰੱਖਿਆ ਮਿਲੇ।

# ਪਾਸਪੋਰਟ ਅਰਜ਼ੀਆਂ ਵਿੱਚ ਤੇਜ਼ ਗਿਰਾਵਟ ਅਤੇ ਉਲਟ ਪ੍ਰਵਾਸ ਦਾ ਨਵਾਂ ਰੁਝਾਨ ਛਾਇਆ

**ਨਿਊਜ਼ ਵਿਸ਼ਲੇਸ਼ਣ**

## ✪ ਵਿਦੇਸ਼ਾਂ ਵਿੱਚ ਵਧਦੀਆਂ ਮੁਸ਼ਕਲਾਂ, ਬੇਰੁਜ਼ਗਾਰੀ ਉਲਟ ਪ੍ਰਵਾਸ ਦੇ ਮੁੱਖ ਕਾਰਨ
## ✪ ਵਤਨ ਵਾਪਸ ਪਰਤੇ ਬੇਰੁਜ਼ਗਾਰ ਨੌਜਵਾਨਾਂ ਲਈ ਜ਼ਰੂਰੀ ਕਦਮ ਉਠਾਏ ਸਰਕਾਰ

ਪੰਜਾਬ ਦੇ ਨੌਜਵਾਨਾਂ ਵਿੱਚ ਵਿਦੇਸ਼ ਜਾਣ ਦਾ ਸੁਪਨਾ ਹੁਣ ਫਿੱਕਾ ਪੈ ਰਿਹਾ ਹੈ। ਵਿਦੇਸ਼ੀ ਮੁਲਕਾਂ ਵਿੱਚ ਵਧਦੇ ਚੁਣੌਤੀਆਂ, ਸਖ਼ਤ ਇਮੀਗ੍ਰੇਸ਼ਨ ਨਿਯਮਾਂ ਅਤੇ ਆਰਥਿਕ ਅਸਥਿਰਤਾ ਨੇ ਪੰਜਾਬੀ ਨੌਜਵਾਨਾਂ ਨੂੰ ਵਤਨ ਵਾਪਸ ਮੋੜ ਦਿੱਤਾ ਹੈ। ਯੂਨੀਅਨ ਮਿਨਿਸਟਰੀ ਆਫ ਐਕਸਟਰਨਲ ਅਫੇਅਰਜ਼ ਦੇ ਤਾਜ਼ਾ ਅੰਕੜਿਆਂ ਅਨੁਸਾਰ, ਪੰਜਾਬ ਵਿੱਚ ਪਾਸਪੋਰਟ ਜਾਰੀ ਹੋਣ ਦੀ ਗਿਣਤੀ ਵਿੱਚ ਲਗਾਤਾਰ ਗਿਰਾਵਟ ਆ ਰਹੀ ਹੈ, ਜੋ ਵਿਦੇਸ਼ ਮੋਹ ਵਿੱਚ ਘਾਟ ਨੂੰ ਸਾਫ਼ ਦਰਸਾਉਂਦੀ ਹੈ। 2023 ਵਿੱਚ ਰਿਕਾਰਡ 11.94 ਲੱਖ ਪਾਸਪੋਰਟ ਜਾਰੀ ਹੋਏ ਸਨ, ਜੋ 2024 ਵਿੱਚ ਘਟ ਕੇ 10.60 ਲੱਖ ਰਹਿ ਗਏ ਅਤੇ 2025 ਵਿੱਚ ਹੋਰ ਘਟ ਕੇ 7.08 ਲੱਖ ਤੱਕ ਪਹੁੰਚ ਗਏ। ਇਹ ਲਗਭਗ 40 ਫ਼ੀਸਦੀ ਦੀ ਗਿਰਾਵਟ ਹੈ, ਜੋ ਪੰਜਾਬੀਆਂ ਦੇ ਉਲਟ ਪ੍ਰਵਾਸ (ਰਿਵਰਸ ਮਾਈਗਰੇਸ਼ਨ) ਦੇ ਨਵੇਂ ਰੁਝਾਨ ਨੂੰ ਉਜਾਗਰ ਕਰਦੀ ਹੈ। ਭਾਵੇਂ ਪੰਜਾਬ ਅਤੇ ਕੇਂਦਰ ਸਰਕਾਰਾਂ ਇਸ ਨੂੰ "ਵਤਨ ਵਾਪਸੀ" ਦੀ ਸਫਲਤਾ ਵਜੋਂ ਪੇਸ਼ ਕਰ ਰਹੀਆਂ ਹਨ, ਪਰ ਅਸਲ ਕਾਰਨ ਵਿਦੇਸ਼ਾਂ ਵਿੱਚ ਵਧਦੇ ਅਪਰਾਧ, ਨੌਕਰੀਆਂ ਦੀ ਘਾਟ, ਬੇਰੁਜ਼ਗਾਰੀ ,ਰਹਿਣ-ਸਹਿਣ ਦੇ ਉੱਚੇ ਖਰਚੇ ਅਤੇ ਸਖ਼ਤ ਨਿਯਮ ਹਨ।




### ਉਲਟ ਪ੍ਰਵਾਸ ਦੀ ਸ਼ੁਰੂਆਤ ਅਤੇ ਕਾਰਨ

ਇਸ ਰੁਝਾਨ ਦੀ ਸ਼ੁਰੂਆਤ ਕੋਵਿਡ-19 ਮਹਾਂਮਾਰੀ ਤੋਂ ਬਾਅਦ ਹੋਈ। 2020 ਵਿੱਚ ਵਿਦੇਸ਼ਾਂ ਵਿੱਚ ਆਰਥਿਕ ਅਸਥਿਰਤਾ ਅਤੇ ਨੌਕਰੀਆਂ ਦੀ ਘਾਟ ਨੇ ਕਈ ਪੰਜਾਬੀਆਂ ਨੂੰ ਵਾਪਸ ਆਉਣ ਲਈ ਮਜਬੂਰ ਕੀਤਾ ਸੀ। 2021 ਤੋਂ ਬਾਅਦ ਵਿਦੇਸ਼ੀ ਸਰਕਾਰਾਂ ਨੇ ਇਮੀਗ੍ਰੇਸ਼ਨ ਨਿਯਮ ਸਖ਼ਤ ਕੀਤੇ ਸਨ। ਕੈਨੇਡਾ ਵਿੱਚ ਇਮੀਗ੍ਰੇਸ਼ਨ ਟਾਰਗੇਟ ਘਟਾਏ ਗਏ ਸਨ ਅਤੇ ਅਸਥਾਈ ਵਿਦੇਸ਼ੀ ਵਰਕਰਾਂ ਦੀ ਗਿਣਤੀ 3,67,750 ਤੋਂ ਘਟਾ ਕੇ 2,30,000 ਕੀਤੀ ਗਈ ਸੀ। ਇਸ ਤੋਂ ਇਲਾਵਾ, 2025-2026 ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਟੱਡੀ ਪਰਮਿਟ ਟਾਰਗੇਟ 305,900 ਤੋਂ ਘਟਾ ਕੇ 155,000 ਕੀਤਾ ਗਿਆ ਸੀ। ਭਾਰਤੀ ਵਿਦਿਆਰਥੀਆਂ (ਖਾਸ ਕਰ ਪੰਜਾਬੀ) ਦੀਆਂ ਅਰਜ਼ੀਆਂ 'ਤੇ ਰਿਜੈਕਸ਼ਨ ਰੇਟ 74 ਫ਼ੀਸਦੀ ਤੱਕ ਪਹੁੰਚ ਗਈ ਸੀ।

ਕੈਨੇਡਾ ਵਿੱਚ ਉੱਚ ਰਹਿਣ-ਸਹਿਣ ਖਰਚੇ, ਹਾਊਸਿੰਗ ਸੰਕਟ ਅਤੇ ਨੌਕਰੀਆਂ ਦੀ ਘਾਟ ਨੇ ਕਈ ਪੰਜਾਬੀਆਂ ਨੂੰ ਵਾਪਸ ਭੇਜ ਦਿੱਤਾ। ਬੀਬੀਸੀ ਅਤੇ ਹੋਰ ਰਿਪੋਰਟਾਂ ਅਨੁਸਾਰ, ਕੈਨੇਡਾ ਹੁਣ "ਸੁਪਨਾ" ਨਹੀਂ ਬਲਕਿ "ਡਰਾਵਣਾ ਸੁਪਨਾ" ਬਣ ਰਿਹਾ ਹੈ। ਅਮਰੀਕਾ ਵਿੱਚ ਡੋਨਾਲਡ ਟਰੰਪ ਦੀ ਵਾਪਸੀ ਨੇ ਪ੍ਰਵਾਸੀਆਂ ਦੀ ਜਬਰੀ ਕਢਣ ਦੀ ਗਿਣਤੀ ਵਧਾ ਦਿੱਤੀ ਸੀ। 2025 ਵਿੱਚ ਹਜ਼ਾਰਾਂ ਭਾਰਤੀ (ਜਿਨ੍ਹਾਂ ਵਿੱਚੋਂ ਜ਼ਿਆਦਾਤਰ ਪੰਜਾਬ ਅਤੇ ਗੁਜਰਾਤ ਤੋਂ) ਡਿਪੋਰਟ ਹੋਏ, ਜਿਨ੍ਹਾਂ ਵਿੱਚੋਂ ਕਈ ਮਿਲਟਰੀ ਫਲਾਈਟਾਂ ਰਾਹੀਂ ਅੰਮ੍ਰਿਤਸਰ ਪਹੁੰਚੇ। ਅਮਰੀਕਾ ਵਿੱਚ ਅਸਥਾਈ ਵੀਜ਼ਾ, ਐੱਚ-1ਬੀ ਅਤੇ ਗਰੀਨ ਕਾਰਡ ਨੂੰ ਸੀਮਤ ਕੀਤੇ ਜਾਣ ਨੇ ਵੀ ਰੁਝਾਨ ਵਧਾਇਆ।

ਯੂਕੇ ਵਿੱਚ ਵੀਜ਼ਾ ਨਿਯਮ ਸਖ਼ਤ ਹੋਏ ਸਨ, ਸੈਟਲਮੈਂਟ ਪੀਰੀਅਡ 5 ਤੋਂ 10 ਸਾਲ ਕੀਤਾ ਗਿਆ ਸੀ ਅਤੇ ਅੰਗਰੇਜ਼ੀ ਟੈਸਟ ਸਖ਼ਤ ਹੋਏ ਸਨ। ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿੱਚ ਵੀ ਵਿਦਿਆਰਥੀ ਵੀਜ਼ਾ ਅਨਿਸ਼ਚਿਤਤਾ ਅਤੇ ਪੱਕੇ ਰਹਿਣ ਦੇ ਘੱਟ ਮੌਕੇ ਨੇ ਉਲਟ ਪ੍ਰਵਾਸ ਵਧਾਇਆ ਸੀ। ਇਹ ਸਭ ਮਿਲ ਕੇ ਪੰਜਾਬੀ ਨੌਜਵਾਨਾਂ ਨੂੰ ਵਤਨ ਵੱਲ ਮੋੜ ਰਹੇ ਹਨ, ਜਿੱਥੇ ਉਹ ਨਵੇਂ ਕਾਰੋਬਾਰ ਜਾਂ ਨੌਕਰੀਆਂ ਲੱਭ ਰਹੇ ਹਨ।

### ਵਤਨ ਵਾਪਸ ਪਰਤੇ ਨੌਜਵਾਨਾਂ ਦਾ ਕੀ ਬਣੇਗਾ?

ਵਿਦੇਸ਼ਾਂ ਤੋਂ ਵਾਪਸ ਆਉਣ ਵਾਲੇ ਨੌਜਵਾਨਾਂ ਵਿੱਚ ਜ਼ਿਆਦਾਤਰ ਉਹ ਹਨ ਜੋ ਵਿਦੇਸ਼ ਵਿੱਚ ਪੜ੍ਹਾਈ ਜਾਂ ਨੌਕਰੀ ਲਈ ਗਏ ਸਨ ਪਰ ਹੁਣ ਵਾਪਸ ਆ ਕੇ ਨਵੇਂ ਮੌਕੇ ਲੱਭ ਰਹੇ ਹਨ। ਕੁਝ ਨੇ ਕੈਨੇਡਾ ਵਿੱਚ ਪੀਆਰ ਲੈ ਲਿਆ ਸੀ ਪਰ ਉੱਚ ਖਰਚੇ ਅਤੇ ਨੌਕਰੀ ਘਾਟ ਕਾਰਨ ਵਾਪਸ ਆ ਗਏ ਸਨ। ਪਰ ਪੰਜਾਬ ਵਿੱਚ ਬੇਰੁਜ਼ਗਾਰੀ ਪਹਿਲਾਂ ਹੀ ਚਿੰਤਾਜਨਕ ਹੈ। 2025-2026 ਵਿੱਚ ਯੂਥ ਬੇਰੁਜ਼ਗਾਰੀ (15-29 ਸਾਲ) ਉੱਚ ਪੱਧਰ 'ਤੇ ਹੈ, ਅਤੇ ਰਿਵਰਸ ਮਾਈਗਰੇਸ਼ਨ ਨਾਲ ਇਹ ਹੋਰ ਵਧ ਸਕਦੀ ਹੈ।

ਪੰਜਾਬ ਵਿੱਚ ਬੇਰੁਜ਼ਗਾਰੀ ਦਰ ਰਾਸ਼ਟਰੀ ਔਸਤ ਨਾਲੋਂ ਵੱਧ ਹੈ, ਖਾਸ ਕਰ ਪੇਂਡੂ ਖੇਤਰ ਵਿੱਚ। ਖੇਤੀਬਾੜੀ ਵਿੱਚ ਮਕੈਨਾਈਜ਼ੇਸ਼ਨ ਨੇ ਨੌਕਰੀਆਂ ਘਟਾ ਦਿੱਤੀਆਂ ਹਨ ਅਤੇ ਨੌਜਵਾਨ ਖੇਤੀ ਨੂੰ ਕਰੀਅਰ ਵਜੋਂ ਨਹੀਂ ਵੇਖਦੇ। ਵਾਪਸ ਆਉਣ ਵਾਲੇ ਨੌਜਵਾਨਾਂ ਕੋਲ ਅਕਸਰ ਵਿਦੇਸ਼ੀ ਡਿਗਰੀਆਂ ਜਾਂ ਹੁਨਰ ਹੁੰਦੇ ਹਨ, ਪਰ ਪੰਜਾਬ ਵਿੱਚ ਉਹਨਾਂ ਨੂੰ ਮੁਤਾਬਕ ਨੌਕਰੀਆਂ ਨਹੀਂ ਮਿਲਦੀਆਂ। ਇਸ ਨਾਲ ਬੇਰੁਜ਼ਗਾਰੀ ਵਧਣ ਅਤੇ ਸਮਾਜਿਕ ਤਣਾਅ ਵਧਣ ਦਾ ਖਤਰਾ ਹੈ। ਕੁਝ ਰਿਪੋਰਟਾਂ ਅਨੁਸਾਰ, ਵਾਪਸ ਆਉਣ ਵਾਲੇ ਨੌਜਵਾਨ ਛੋਟੇ ਕਾਰੋਬਾਰ ਜਾਂ ਸਟਾਰਟਅੱਪ ਸ਼ੁਰੂ ਕੀਤੇ ਹਨ, ਪਰ ਇਹ ਕਾਫੀ ਨਹੀਂ ਹਨ।

### ਸਰਕਾਰ ਕੀ ਕਰ ਰਹੀ ਹੈ ਅਤੇ ਕੀ ਕਰਨਾ ਚਾਹੀਦਾ ਹੈ

ਪੰਜਾਬ ਸਰਕਾਰ (ਭਗਵੰਤ ਮਾਨ ਸਰਕਾਰ) ਇਸ ਨੂੰ "ਰਿਵਰਸ ਮਾਈਗਰੇਸ਼ਨ" ਵਜੋਂ ਪੇਸ਼ ਕਰ ਰਹੀ ਹੈ ਅਤੇ ਦਾਅਵਾ ਕਰ ਰਹੀ ਹੈ ਕਿ ਨੌਜਵਾਨ ਵਾਪਸ ਆ ਕੇ ਸਰਕਾਰੀ ਨੌਕਰੀਆਂ ਜੁਆਇਨ ਕਰ ਰਹੇ ਹਨ। ਸਰਕਾਰ ਨੇ ਸਕਿੱਲ ਅਪਗ੍ਰੇਡ ਪ੍ਰੋਗਰਾਮ ਅਤੇ ਰੁਜ਼ਗਾਰ ਮੇਲੇ ਚਲਾਏ ਹਨ। ਪਰ ਵੱਡੇ ਪੱਧਰ 'ਤੇ ਉਪਰਾਲੇ ਦੀ ਘਾਟ ਹੈ।

ਮਾਹਿਰਾਂ ਅਨੁਸਾਰ, ਸਰਕਾਰ ਨੂੰ ਇਹ ਕਦਮ ਚੁੱਕਣੇ ਚਾਹੀਦੇ ਹਨ:

ਨੌਜਵਾਨਾਂ ਲਈ ਸਕਿੱਲ ਡਿਵੈਲਪਮੈਂਟ: ਵਿਦੇਸ਼ੀ ਹੁਨਰ ਨੂੰ ਮਾਨਤਾ ਦੇ ਕੇ ਉਹਨਾਂ ਨੂੰ ਉੱਚ ਤਨਖਾਹ ਵਾਲੀਆਂ ਨੌਕਰੀਆਂ ਵਿੱਚ ਫਿੱਟ ਕਰਨਾ ਚਾਹੀਦਾ ਹੈ।

ਇੰਡਸਟਰੀ ਅਤੇ ਸਟਾਰਟਅੱਪ ਪ੍ਰਮੋਸ਼ਨ: ਨਵੇਂ ਉਦਯੋਗਾਂ ਨੂੰ ਆਕਰਸ਼ਿਤ ਕਰਨ ਲਈ ਟੈਕਸ ਛੋਟ ਅਤੇ ਇਨਸੈਂਟਿਵ ਦੇਣਾ ਚਾਹੀਦਾ।

ਖੇਤੀ ਵਿੱਚ ਵਿਭਿੰਨਤਾ: ਵਾਟਰ-ਇੰਟੈਂਸਿਵ ਫਸਲਾਂ ਤੋਂ ਹਟ ਕੇ ਹਾਈ-ਵੈਲਿਊ ਕ੍ਰਾਪਸ ਅਤੇ ਐਗਰੋ-ਬਿਜ਼ਨੈੱਸ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਰੁਜ਼ਗਾਰ ਸ੍ਰੋਤ ਵਧਾਉਣਾ: ਆਈਟੀ, ਟੂਰਿਜ਼ਮ ਅਤੇ ਸਰਵਿਸ ਸੈਕਟਰ ਵਿੱਚ ਨਿਵੇਸ਼।

ਸੋਸ਼ਲ ਸੁਰੱਖਿਆ: ਵਾਪਸ ਆਉਣ ਵਾਲਿਆਂ ਲਈ ਲੋਨ ਅਤੇ ਰਹਿਣ ਸਹਿਣ ਦੀ ਸਹੂਲਤ ਹੋਣੀ ਚਾਹੀਦੀ ਹੈ।

ਜੇਕਰ ਇਹ ਉਪਰਾਲੇ ਨਾ ਕੀਤੇ ਗਏ ਤਾਂ ਬੇਰੁਜ਼ਗਾਰੀ ਵਧ ਕੇ ਸਮਾਜਿਕ ਸਮੱਸਿਆਵਾਂ ਜਿਵੇਂ ਨਸ਼ੇ ਅਤੇ ਅਪਰਾਧ ਵਧ ਸਕਦੇ ਹਨ। ਉਲਟ ਪ੍ਰਵਾਸ ਇੱਕ ਮੌਕਾ ਵੀ ਹੈ - ਜੇ ਨੌਜਵਾਨਾਂ ਦੇ ਹੁਨਰ ਨੂੰ ਸਹੀ ਵਰਤਿਆ ਜਾਵੇ ਤਾਂ ਪੰਜਾਬ ਦੀ ਅਰਥਵਿਵਸਥਾ ਨੂੰ ਨਵੀਂ ਊਰਜਾ ਮਿਲ ਸਕਦੀ ਹੈ। ਪਰ ਇਸ ਲਈ ਤੁਰੰਤ ਅਤੇ ਵੱਡੇ ਪੱਧਰ ਦੇ ਉਪਰਾਲੇ ਜ਼ਰੂਰੀ ਹਨ।

# ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਕਿਸਾਨਾਂ ਦਾ ਵੱਡਾ ਐਲਾਨ

## ✪ ਅਕਾਲ ਤਖ਼ਤ ਸਾਹਿਬ ਤੋਂ ਆਰ-ਪਾਰ ਦੀ ਲੜਾਈ ਦਾ ਬਿਗਲ ਵਜਾਇਆ



ਅੰਮ੍ਰਿਤਸਰ-ਅੰਮ੍ਰਿਤਸਰ ਵਿੱਚ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਅਤੇ ਹੋਰ ਪ੍ਰਮੁੱਖ ਜਥੇਬੰਦੀਆਂ ਨੇ ਪੰਜਾਬ ਦੇ ਜਲ ਸਰੋਤਾਂ ਦੀ ਰਾਖੀ ਅਤੇ ਬਿਜਲੀ ਸੋਧ ਬਿੱਲ ਦੇ ਵਿਰੋਧ ਵਿੱਚ ਇੱਕ ਵੱਡੀ ਮੁਹਿੰਮ ਦਾ ਐਲਾਨ ਕੀਤਾ ਹੈ। ਕਿਸਾਨ ਆਗੂਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਤਮਸਤਕ ਹੋ ਕੇ ਇਸ ਸੰਘਰਸ਼ ਦੀ ਸਫਲਤਾ ਲਈ ਅਰਦਾਸ ਕੀਤੀ। 5 ਬਲਬੀਰ ਸਿੰਘ ਰਾਜੇਵਾਲ ਅਤੇ ਹਰਜਿੰਦਰ ਸਿੰਘ ਲੱਖੋਵਾਲ ਨੇ ਕੇਂਦਰ ਅਤੇ ਪੰਜਾਬ ਸਰਕਾਰ ਦੋਵਾਂ ਨੂੰ ਸੂਬੇ ਦੀ ਮੌਜੂਦਾ ਗੰਭੀਰ ਸਥਿਤੀ ਲਈ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਦੋਵਾਂ ਦੀਆਂ ਨੀਤੀਆਂ ਪੰਜਾਬ ਵਿਰੋਧੀ ਹਨ। ਰਾਜੇਵਾਲ ਨੇ ਦਾਅਵਾ ਕੀਤਾ ਕਿ 1948 ਤੋਂ ਲੈ ਕੇ ਹੁਣ ਤੱਕ ਪੰਜਾਬ ਦੇ ਪਾਣੀਆਂ ਸਬੰਧੀ ਕੀਤੇ ਗਏ ਸਮਝੌਤਿਆਂ ਨੂੰ ਪੰਜਾਬ ਵਿਧਾਨ ਸਭਾ ਨੇ ਕਦੇ ਮਨਜ਼ੂਰੀ ਨਹੀਂ ਦਿੱਤੀ, ਇਹ ਸਭ ਸਿਆਸੀ ਦਬਾਅ ਹੇਠ ਹੋਇਆ। ਕਿਸਾਨ ਆਗੂਆਂ ਅਨੁਸਾਰ ਰਾਜਸਥਾਨ ਨੂੰ ਹੁਣ ਤੱਕ ਸਾਢੇ 16 ਲੱਖ ਕਰੋੜ ਰੁਪਏ ਦਾ ਪਾਣੀ ਮੁਫ਼ਤ ਦਿੱਤਾ ਜਾ ਚੁੱਕਾ ਹੈ। ਉਨ੍ਹਾਂ ਮੰਗ ਕੀਤੀ ਕਿ ਜਦੋਂ ਰਾਜਸਥਾਨ ਇਸ ਪਾਣੀ ਤੋਂ ਮੁਨਾਫ਼ਾ ਕਮਾ ਰਿਹਾ ਹੈ, ਤਾਂ ਪੰਜਾਬ ਨੂੰ ਇਸ ਦੀ ਰਾਇਲਟੀ ਮਿਲਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪਾਣੀਆਂ ਦੇ ਮੁੱਦੇ 'ਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਪਿੰਡ-ਪਿੰਡ ਮੁਹਿੰਮ ਚਲਾਈ ਜਾਵੇਗੀ। ਮਾਰਚ ਦੇ ਅਖੀਰ ਵਿੱਚ ਇੱਕ ਵੱਡਾ ਇਕੱਠ (ਰੈਲੀ) ਕੀਤਾ ਜਾਵੇਗਾ।

# ਕਾਵਿ-ਕਿਆਰੀ

## ਕਵਿਤਾ

ਪੀੜ ਤੇਰੀ ਜਦ ਹਉਕਾ ਹਉਕਾ ਪਿਘਲ ਗਈ
ਕਲਮ ਦੇ ਮੂੰਹੋਂ ਚੀਕ ਹੋਈ ਤੇ ਨਿਕਲ ਗਈ

ਮੈਂ ਉਹ ਮਣਕਾ ਜੋ ਮਾਲਾ ਵਿੱਚੋਂ ਤੋੜ ਲਿਆ
ਦੂਆ ਕੋਈ ਜੋ ਹੱਥਾਂ ਵਿੱਚੋਂ ਫ਼ਿਸਲ ਗਈ

ਘਰ ਦੇ ਅੰਦਰ ਕੈਦ ਸੀ ਕਸਮਾਂ ਰਸਮਾਂ ਦੀ
ਹੋ ਕੰਧਾਂ ਤੋਂ ਬਾਗ਼ੀ 'ਕੱਲੀ ਉਧਲ ਗਈ

ਕਦ ਤੱਕ ਏਦਾਂ ਅਹਿਸਾਨਾਂ ਸਿਰ ਤੁਰਦੀ ਮੈਂ
ਤੈਥੋਂ ਠੋਕਰ ਖਾਧੀ ਆਖ਼ਿਰ ਸੰਭਲ ਗਈ

ਉਹ ਮਿਹਣੇ ਜੋ ਮੈਨੂੰ ਖਾਣਾ ਚਾਹੁੰਦੇ ਸੀ
ਮੈਂ ਤਲੀਆਂ 'ਤੇ ਧਰ ਕੇ ਸਾਰੇ ਨਿਗਲ ਗਈ

ਤੇਰੇ ਰਾਹ 'ਤੇ ਤੁਰਿਆਂ ਕੋਰਾ ਕਾਗਜ਼ ਸਾਂ
ਖ਼ੁਦ ਦੇ ਰਾਹੀਂ ਮੈਂ ਕਵਿਤਾ ਵਿੱਚ ਬਦਲ ਗਈ

**–ਸਿਮਰਨ ਅਕਸ**

**00000**

## ਕੁਝ ਨਈਂ ਬੋਲ ਬੁਲਾਰੇ ਵਿੱਚ

ਕੁਝ ਨਈਂ ਬੋਲ ਬੁਲਾਰੇ ਵਿੱਚ
ਤੂੰ ਨਈਂ ਸਾਡੇ ਵਾਰੇ ਵਿੱਚ

ਜਿੰਨੀਆਂ ਮਰਜ਼ੀ ਕਸਮਾਂ ਖਾਹ
ਹੁਣ ਨਈਂ ਆਉਣਾ ਲਾਰੇ ਵਿੱਚ

ਉਹ ਵੀ ਗੱਲਾਂ ਕਰਦੇ ਜੋ
ਅੱਧੇ ਵਿੱਚ ਨਾ ਸਾਰੇ ਵਿੱਚ

ਕਿਧਰ ਵੇਖੀ ਜਾਨਾ ਏ
ਹੱਥ ਨਾ ਦੇ ਲਈਂ ਆਰੇ ਵਿੱਚ

ਵੱਖਰੀ ਸ਼ੈਅ ਤੇ ਇਕ ਵੀ ਨਈਂ
ਬਾਰੇ ਵਿੱਚ ਨਾ ਮਾਰੇ ਵਿੱਚ

ਹਾਕਮੋਂ ਡੋਬਕੇ ਸਾਹ ਲਵੋਗੇ
ਸੋਚੋ ਮੁਲਕ ਦੇ ਬਾਰੇ ਵਿੱਚ

ਹੀਰ ਤੜਫਦੀ ਝੰਗ ਵਿੱਚ ਰਹੀ
ਰਾਂਝਾ ਤਖ਼ਤ ਹਜ਼ਾਰੇ ਵਿੱਚ

ਛੁੱਟੀ ਦਾ ਤੇ ਨਾਂ ਈ ਨਈਂ
ਸੱਜਣਾ ਇਸ਼ਕ ਅਦਾਰੇ ਵਿੱਚ

ਦੁਨੀਆਂ ਇਕ ਦਿਨ ਸੋਚੇਗੀ
ਬੁਸ਼ਰਾ ਨਾਜ਼ ਦੇ ਬਾਰੇ ਵਿੱਚ

**–ਬੁਸ਼ਰਾ ਨਾਜ਼**

---------------

## ਅਪਰੰਪਾਰ

ਸਰਬ ਸ਼ਕਤੀਮਾਨ ਵੀ ਤੂੰ ਹੈਂ
ਸਾਰੇ ਜੱਗ ਦਾ ਪਾਲਕ ਕਹਿੰਦੇ,
ਜ਼ਰੇ-ਜ਼ਰੇ ਵਿੱਚ ਤੂੰ ਵੱਸਦੈਂ
ਸਰਬ-ਵਿਆਪਕ ਤੈਨੂੰ ਕਹਿੰਦੇ।
ਫਿਰ ਦੱਸ ਤੈਥੋਂ ਕਾਹਦਾ ਪਰਦਾ,
ਸੱਭ ਧਿਆਵਣ ਉੱਠਦੇ-ਬਹਿੰਦੇ॥

ਪਲ-ਪਲ ਦੀ ਤੂੰ ਜਾਨਣ ਵਾਲਾ
ਹੁਕਮ ਬਿਨਾ ਨਾ ਪੱਤਾ ਝੁੱਲੇ,
ਕੁਲ-ਸ੍ਰਿਸ਼ਟੀ-ਸਿਰ ਹੱਥ ਤੇਰਾ
ਅਪਰੰਪਾਰ ਦੇ ਸੱਭ ਦਰ ਖੁੱਲ੍ਹੇ।
"ਘਟ-ਘਟ ਕੇ ਅੰਤਰ ਕੀ ਜਾਨਤ"
ਇੱਕ ਰੁਲ਼ਦੇ, ਇੱਕ ਲੁੱਟਣ ਬੁੱਲੇ॥

ਆਹ ਜੋ ਤੇਰੀ ਦੁਨੀਆ ਵਸਦੀ
ਅੰਦਰੋਂ ਰੋਂਦੀ ਬਾਹਰੋਂ ਹੱਸਦੀ,
ਜਬਰ, ਸਬਰ ਤੇ ਭਾਰੂ ਹੋਇਆ
ਹਨੇਰ ਦਾ ਦੌਰ, ਹੈ ਰੌਸ਼ਨ ਮੋਇਆ।
ਧੁੱਪ ਵਰਗਾ ਇਹ ਕੋਰਾ ਸੱਚ ਹੈ,
ਚਮਕਦਾ ਚਾਨਣ ਕਾਲਖ ਹੋਇਆ॥

ਮਜ਼ਦੂਰ ਨੂੰ ਦੋ ਡੰਗ ਦੀ ਨਾ ਜੁੜਦੀ
ਕੁੱਤੇ-ਬਿੱਲੀਆਂ ਖਾਂਦੇ ਖੀਰਾਂ,
ਇੱਕ ਪਹਿਨਦੇ ਪੱਟ ਤੇ ਜ਼ਰੀਆਂ
ਇੱਕ ਤਨ ਜੁੜਣ ਨਾ ਲੀਰਾਂ।
ਕੀ ਇਹ ਸੱਭ ਤੇਰੀ ਹੀ ਰਜ਼ਾ ਹੈ?
ਗ਼ੁਰਬਤ ਝੂਰੇ, ਵੇਖ ਅਮੀਰਾਂ॥

ਵਹਿਮ-ਭਰਮ ਦੇ ਪਰਦੇ ਪਿੱਛੇ
ਧਰਮ ਦੀ ਜੱਖਣਾ ਪੁੱਟੀ ਜਾਂਦੇ,
ਪੈਰੋਕਾਰਾਂ ਦੀ ਸ਼ਰਧਾ ਨੂੰ
ਸਿਖ਼ਰ ਦੁਪਹਿਰੇ ਲੁੱਟੀ ਜਾਂਦੇ।
ਤੇਰੇ ਨਾਂ ਤੇ ਖੋਲ੍ਹ ਦੁਕਾਨਾਂ,
ਜੜ੍ਹ ਇਖਲਾਕ ਦੀ ਪੁੱਟੀ ਜਾਂਦੇ॥

ਭੇੜੀਆਂ ਦੀ ਚੁੰਗਲ ਵਿੱਚ ਫਸੀਆਂ
ਹੁਸਨ 'ਨਾ ਲੱਦੀਆਂ ਹੂਰਾਂ,
ਕਈ ਹਵਸ ਦੀ ਭੇਟਾ ਚੜ੍ਹੀਆਂ
ਝੋਕੀਆਂ ਗਈਆਂ ਵਿੱਚ ਤੰਦੂਰਾਂ।
"ਆਸਿਫਾ-ਦੰਪਤੀ ਵਰਗੀਆਂ ਰੂਹਾਂ"
ਇਹ ਸੱਭ ਸੋਚ-ਸੋਚ ਮੈਂ ਝੂਰਾਂ॥

ਬੱਦਲ਼ ਫਟਦੇ, ਕਰਨ ਤਬਾਹੀ
ਹੜ੍ਹ ਦਾ ਪਾਣੀ ਕਹਿਰ ਮਚਾਵੇ,
ਮਾਲ-ਪਸ਼ੂ ਸੜ ਰਾਖ ਹੋ ਜਾਂਦਾ
ਅੱਗ ਦਾ ਸੇਕ ਨਾ ਝੱਲਿਆ ਜਾਵੇ।
ਆਫ਼ਤਾਂ ਉੱਤੇ ਕਾਬੂ ਪਾਉ,
ਤਦ ਖ਼ਲਕਤ ਤੇਰੇ ਗੁਣ ਗਾਵੇ॥

'ਭਾਣੇ' ਹਿੱਸੇ ਤੱਤੀਆਂ ਤਵੀਆਂ
ਧਰਮ ਦਾ ਖੋਪਰ, ਜ਼ੁਲਮ ਉਤਾਰੇ,
ਕਟਾਰਾਂ-ਨੇਜ਼ੇ, ਤਿੱਖੀਆਂ ਛਵੀਆਂ
ਇੱਕ 'ਦਾਨੀ' ਸਰਬੰਸ ਹੀ ਵਾਰੇ।
ਅੱਤਿਆਚਾਰ ਦੀ ਅੰਤ ਕਿਉਂ ਨਾ?
ਮਾਰ ਮੁਕਾ ਦੇ ਸੱਭ ਹਤਿਆਰੇ॥

ਗੋਕਿਆਂ ਦੀ ਮੁਤਰਾਲ਼ ਪੀ ਜਾਂਦੇ
ਜਾਨਵਰਾਂ ਨੂੰ ਪੂਜਣਾ ਚਾਹੁੰਦੇ,
ਦਹੀਂ-ਲੱਸੀ ਨੂੰ ਤਰਸਣ ਬੱਚੇ
ਦੁੱਧ ਨਾਲ ਕਈ ਫਰਸ਼ਾਂ ਧੋਂਹਦੇ।
ਇਨਸਾਨੀਅਤ ਦੀ ਬੇਅਦਬੀ!
ਨਾ ਮਿਲ਼ਦੇ ਭੋਜਨ ਮਨ-ਭਾਉਂਦੇ॥

ਸੰਘਣੇ ਜੰਗਲ ਵੱਢੀ ਜਾਵਣ
ਮੱਚਦੀਆਂ ਲਾਟਾਂ ਨੇ ਰੁੱਖ ਸਾੜੇ,
ਸੁੱਖ ਦਾ ਸਾਹ ਨਾ ਲੈਣ ਹਵਾਵਾਂ
ਵਾਤਾਵਰਣ ਹੈ ਕੱਢਦਾ ਹਾੜ੍ਹੇ।
ਕੁਦਰਤ ਨਾਲ ਛੇੜੀ ਯੁੱਧ ਬੈਠੇ
ਖ਼ੁਦ ਇਨਸਾਨ ਨੇ ਪਾਏ ਪੁਆੜੇ॥

ਪੱਥਰਾਂ ਨੂੰ ਇਹ ਇਸ਼ਟ ਸਮਝਦੇ
ਮੂਰਤਾਂ ਦੀ ਨੇ ਪੂਜਾ ਕਰਦੇ,
ਮੋਇਆਂ ਦੇ ਮੂੰਹ ਥੰਧਾ ਲਾਉਂਦੇ
ਜਿਊਂਦੇ ਪਿੱਤਰ ਭੁੱਖੇ ਮਰਦੇ।
ਮੂਰਖਤਾ ਦਾ ਅੰਤ ਹੈ ਹੋਇਆ,
ਪਏ ਪਰੋਸਣ ਖੀਰਾਂ ਜਰਦੇ॥

ਜਾਤ-ਪਾਤ ਦੀ ਚੱਕੀ ਦੇ ਵਿੱਚ
ਪੀਹ ਹੋਈ ਜਾਂਦੀ ਗ਼ੁਰਬਤ,
ਉੱਚੇ ਨੀਵੇਂ ਵਰਣਾਂ ਦੇ ਵਿੱਚ
ਵੰਡੀ ਪਈ ਹੈ ਖ਼ਲਕਤ।
ਲਹੂਆਂ ਦੇ ਵਿੱਚ ਪਾਣੀ ਪੈ ਗਏ!
ਕਿੱਥੋਂ ਭਾਲ਼ੀਏ ਬਰਕਤ॥

ਡੇਰਾਵਾਦ ਫੈਲਾਏ ਦਹਿਸ਼ਤ
ਮਿਲ਼ੀ ਭੁਗਤ ਸਰਕਾਰਾਂ,
ਸ਼ਰੇਆਮ ਜ਼ਹਿਰੀ ਸੱਪ ਬਣ ਕੇ
ਮਾਰਨ ਪਏ ਫੁੰਕਾਰਾਂ।
"ਜਿਸ ਕੀ ਲਾਠੀ ਉਸ ਕੀ ਭੈਂਸ"
ਕੋਈ ਨਾ ਸੁਣਦਾ ਕੂਕ-ਪੁਕਾਰਾਂ॥


ਦੰਗੇ ਅਤੇ ਫਸਾਦ ਕਰਾਉਂਦੇ
ਮਜ਼ਬਾਂ ਦੇ ਜੋ ਠੇਕੇਦਾਰ,
ਆਪਣੇ ਜੱਜ-ਵਕੀਲ, ਕਚਹਿਰੀ
ਆਪਣੇ ਬੋਝੇ ਪਾਈ ਸਰਕਾਰ।
ਮੂੰਹ ਤੇ ਅਮਨ-ਮਖੌਟਾ ਪਾਇਆ
ਦੱਸ ਕਿਵੇਂ ਜੀਵੇ ਸੰਸਾਰ॥

ਕੋਈ ਧਾੜਵੀ ਕਾਬਲੋਂ ਧਾਇਆ
ਬਾਬੇ ਨਾਨਕ ਮੱਥਾ ਲਾਇਆ,
'ਭੋਗਲ' ਫਿਰਦਾ ਹੈ ਹਰਖਾਇਆ
ਕਿਉਂ ਤੈਨੂੰ ਕੋਈ ਦਰਦ ਨਾ ਆਇਆ।
"ਏਤੀ ਮਾਰ ਪਈ ਕੁਰਲਾਣੇ"
ਲਾਲੋ ਤਾਂਈਂ ਦਰਦ ਸੁਣਾਇਆ॥

ਨਛੱਤਰ ਸਿੰਘ
ਭੋਗਲਝੀਆਣਾ''
(U.K.)



## ਦਰਸ਼ਨੀ



ਮੁੜੰਗੇ ਕਣਕ ਵੰਨੇ, ਕਾਲੇ ਤੇ ਗੋਰੇ ਨਿਛੋਹ ਦੇਖੇ
ਦਰਸ਼ਨੀ ਓਹੀ ਹੁੰਦਾ ਹੈ, ਬਿਨਾਂ ਸ਼ਰਤੋਂ ਜੋ ਮੋਹ ਦੇਖੇ

ਕਹਿਣ ਨੂੰ ਜੀਅ ਨਹੀਂ ਕਰਦਾ, ਛਲੇਡੇ ਹੋ ਗਏ ਬੰਦੇ
ਚਿਹਰੇ 'ਤੇ ਚਿਹਰੇ ਹੁੰਦੇ ਨੇ, ਕਿਸੇ ਨੇ ਇੱਕ ਜਾਂ ਦੋ ਦੇਖੇ

ਫਿਲਮਾਂ ਵਾਲਿਆ ਨੇ ਦੇਖੋ, ਕਿੱਦਾਂ ਲੁੱਟਿਆ ਮੇਲਾ
ਨਕਲੀਆ ਨਾਇਕ ਲੋਕਾਂ ਦਾ, ਉਹਨਾ ਲਈ ਅਸਲ ਹੋ ਦੇਖੇ

ਹੋਵੇ ਕੋਈ ਦਾਗ਼ ਚਿਹਰੇ 'ਤੇ, ਨਹੀਂ ਅਣਗੌਲਿਆ ਜਾਂਦਾ
ਕਮਲ਼ਾ ਹੀ ਕੋਈ ਹੋਣਾ, ਜਿਹੜਾ ਸ਼ੀਸ਼ੇ ਨੂੰ ਧੋ ਦੇਖੇ

ਸੁਨੱਖੇ ਹੋਣ ਦਾ ਹੁਣ ਕਾਰੋਬਾਰ ਹੈ ਸਿਖਰ 'ਤੇ ਦੇਖੋ
ਜਾਅਲੀ ਚਿਹਰੇ ਚੋਂ ਸੌਖਾ ਨਹੀਂ ਕੋਈ ਦਿਲ ਨੂੰ ਟੋਹ ਦੇਖੇ

ਕਿਤੇ ਜੇ ਹੇਲ ਮੇਲ ਹੋਵੇ, ਕੋਈ ਦਿਲ ਫਿਹਲ ਨਾ ਹੋਵੇ
ਬੰਦੇ ਵਿਚ ਰੜਕ ਰਹਿਣੀ ਹੈ, ਦਿਲੋਂ ਜੋ ਦਿਲ ਨੂੰ ਛੋਹ ਦੇਖੇ

ਲੈਣ ਨੂੰ ਠੇਕੇਦਾਰੀ ਸੱਚ ਦੀ, ਸਾਰੇ ਈ ਲਈ ਫਿਰਦੇ
ਬੰਦਾ ਨਹੀਂ ਦੇਵਤਾ ਹੁੰਦਾ, ਜਦੋਂ ਕੋਈ ਸੱਚ ਹੋ ਦੇਖੇ

ਰੂੰਘੇ ਦੀ ਮੁਨਾਸਬ ਗੱਲ, ਤਾਂ ਸੌਦੇ ਨਾਲ ਹੁੰਦੀ ਹੈ
ਏਥੇ ਤਾਂ ਹਰ ਕਿਸੇ ਨੂੰ, ਹਰ ਕੋਈ ਹੀ ਚਹੁੰਦਾ ਚੋ ਦੇਖੇ

ਪਰਖ ਜੇ ਸੋਹਣੇ ਤੋਂ ਸੋਹਣੇ ਦੀ, 'ਢੇਸੀ' ਪੈ ਜਾਏ ਕਰਨੀ
ਸੋਹਣਾ ਤਾਂ ਓਹੀ ਹੁੰਦਾ ਹੈ, ਜਿਹੜਾ ਨੇ੍ਹਰਾ ਨਾ ਢੋ ਦੇਖੇ

ਕੁਲਵੰਤ ਸਿੰਘ 'ਢੇਸੀ' ਯੂ ਕੇ

** ***

## ਵਕੀਲ ਬਨਾਮ ਬਾਬੇ



ਤਰਲੋਚਨ ਸਿੰਘ 'ਦੁਪਾਲ ਪੁਰ'
001-408-905-5517

ਹੋਵੇ ਨਾ 'ਸਟੈਂਡ' ਚੌਹਾਂ ਪਾਸਿਆਂ ਨੂੰ ਘੁੰਮੀਂ ਜਾਵੇ
ਰਾਜਨੀਤੀ ਵਿਚ ਹੁਣ ਆਉਂਦਾ ਬੰਦਾ ਉਹੀ ਫਿੱਟ।
ਸੱਤਾ ਧਾਰੀ ਪਾਰਟੀ ਦਾ ਚੱਲਦਾ 'ਹੁਕਮ' ਜਾਣੋ
ਜਨਤਾ ਹੈਰਾਨ ਹੋ ਕੇ ਦੇਖੀ ਜਾਵੇ 'ਬਿਟ ਬਿਟ'।
ਕਾਇਦੇ ਕਾਨੂੰਨ ਸੰਵਿਧਾਨ ਵਾਲ਼ੇ ਪਿੱਛੇ ਰਹਿ ਗਏ
ਏਹੀ ਮਸ਼ਹੂਰ ਹੋ ਗਏ 'ਸਿੱਟ' ਤੇ ਕਲੀਨ-ਚਿੱਟ
ਬਾਹਰ ਵਾਲ਼ੀ ਚਰਚਾ ਤੋਂ ਹੁੰਦੀ ਏ ਅਲੱਗ ਪੂਰੀ
'ਬੰਦ ਕਮਰੇ' ਦੇ ਵਿਚ ਹੋਵੇ ਜਿਹੜੀ ਗਿੱਟ-ਮਿਟ।
ਬਲਾਤਕਾਰੀ ਕਾਤਲਾਂ ਨੂੰ ਮਿਲ਼ਦੀ 'ਪੈਰੋਲ' ਝੱਟ
'ਪਰਚੇ' ਦੇ ਵਿਚ ਲਿਖੇ ਨਾਮ ਵੀ ਨੇ ਜਾਂਦੇ ਮਿਟ।
'ਚੋਣ ਗੱਠ-ਜੋੜ' ਅਤੇ ਜਮਾਨਤਾਂ ਕਰਾਉਣ ਵਾਲ਼ੇ
ਵੱਡਿਆਂ ਵਕੀਲਾਂ ਨਾਲ਼ੋਂ ਬਾਬੇ ਹੋ ਗਏ ਬੜੇ ਹਿੱਟ!

# ਐਪਸਟਾਈਨ ਫਾਈਲਾਂ ਨੇ ਦੁਨੀਆ ਭਰ ਵਿੱਚ ਹਲਚਲ ਮਚਾਈ

## ✪ ਅਸਤੀਫੇ ਦਾ ਵੱਡਾ ਸਿਲਸਿਲਾ: ਯੂਰਪ ਵਿੱਚ ਵੱਡੇ ਨਾਂ ਡਿੱਗੇ ✪ ਕੀ ਭਾਰਤੀ ਵੀਆਈਪੀ ਦਾ ਜ਼ਿਕਰ ਹੈ ਫਾਈਲਾਂ ਵਿਚ

### ਨਿਊਜ਼ ਵਿਸ਼ਲੇਸ਼ਣ

ਐਪਸਟਾਈਨ ਫਾਈਲਾਂ ਨੇ ਦੁਨੀਆ ਭਰ ਵਿੱਚ ਹਲਚਲ ਮਚਾ ਦਿੱਤੀ ਹੈ। ਅਮਰੀਕੀ ਨਿਆਂ ਵਿਭਾਗ ਵੱਲੋਂ ਜਨਵਰੀ 2026 ਵਿੱਚ ਲਗਭਗ 3 ਮਿਲੀਅਨ ਪੰਨਿਆਂ ਦੀਆਂ ਫਾਈਲਾਂ ਜਾਰੀ ਕਰਨ ਤੋਂ ਬਾਅਦ ਇਹ ਖੁਲਾਸੇ ਹੋਏ ਹਨ, ਜਿਨ੍ਹਾਂ ਵਿੱਚ ਜੈਫਰੀ ਐਪਸਟਾਈਨ ਦੇ ਸੰਪਰਕਾਂ, ਈਮੇਲਾਂ ਅਤੇ ਵਿੱਤੀ ਲੈਣ-ਦੇਣ ਦਾ ਵੇਰਵਾ ਸ਼ਾਮਲ ਹੈ। ਇਹ ਫਾਈਲਾਂ ਉਸ ਦੇ ਸੈਕਸ ਟ੍ਰੈਫਿਕਿੰਗ ਨੈੱਟਵਰਕ ਨੂੰ ਵਿਸਥਾਰ ਨਾਲ ਦਰਸਾਉਂਦੀਆਂ ਹਨ ਅਤੇ ਕਈ ਦੇਸ਼ਾਂ ਵਿੱਚ ਰਾਜਨੀਤਿਕ ਅਸਥਿਰਤਾ ਪੈਦਾ ਕਰ ਰਹੀਆਂ ਹਨ।

### ਯੂਰਪ ਤੇ ਹੋਰਨਾਂ ਦੇਸ਼ਾਂ ਵਿਚ ਅਸਤੀਫਿਆਂ ਦਾ ਸਿਲਸਿਲਾ ਸ਼ੁਰੂ

ਐਪਸਟਾਈਨ ਫਾਈਲਾਂ ਵਿੱਚ ਨਾਂ ਆਉਣ ਜਾਂ ਪੁਰਾਣੇ ਸੰਪਰਕਾਂ ਦੇ ਜਨਤਕ ਹੋਣ ਕਾਰਨ ਕਈ ਵੱਡੇ ਅਹੁਦੇ ਵਾਲੇ ਲੋਕਾਂ ਨੇ ਅਸਤੀਫੇ ਦਿੱਤੇ ਹਨ। ਇਹ ਅਸਤੀਫੇ ਜ਼ਿਆਦਾਤਰ ਯੂਰਪ ਵਿੱਚ ਵੱਧੇ ਹਨ, ਜਿੱਥੇ ਰਾਜਨੀਤਿਕ ਅਤੇ ਨੈਤਿਕ ਦਬਾਅ ਜ਼ਿਆਦਾ ਹੈ।

ਬ੍ਰਿਟੇਨ: ਪੀਟਰ ਮੈਂਡਲਸਨ (ਸਾਬਕਾ ਰਾਜਦੂਤ ਅਤੇ ਲੇਬਰ ਪਾਰਟੀ ਨੇਤਾ) ਨੇ ਲੇਬਰ ਪਾਰਟੀ ਛੱਡ ਦਿੱਤੀ ਸੀ ਅਤੇ ਅਹੁਦੇ ਤੋਂ ਹਟਾਏ ਗਏ ਸਨ। ਪ੍ਰਧਾਨ ਮੰਤਰੀ ਕੀਰ ਸਟਾਰਮਰ ਦੇ ਚੀਫ ਆਫ ਸਟਾਫ ਮੋਰਗਨ ਮੈਕਸਵੀਨੀ ਨੇ ਵੀ ਅਸਤੀਫਾ ਦੇ ਚੁਕੇ ਹਨ, ਕਿਉਂਕਿ ਉਨ੍ਹਾਂ ਨੇ ਮੈਂਡਲਸਨ ਨੂੰ ਅਹੁਦਾ ਦੇਣ ਵਿੱਚ ਭੂਮਿਕਾ ਨਿਭਾਈ ਸੀ।

ਫਰਾਂਸ: ਸਾਬਕਾ ਸੱਭਿਆਚਾਰ ਮੰਤਰੀ ਜੈਕ ਲੈਂਗ ਨੇ ਅਰਬ ਵਰਲਡ ਇੰਸਟੀਚਿਊਟ ਦੇ ਪ੍ਰਧਾਨ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਉਨ੍ਹਾਂ ਦੀ ਬੇਟੀ ਕੈਰੋਲਾਈਨ ਲੈਂਗ ਨੇ ਵੀ ਅਹੁਦਾ ਛੱਡ ਦਿਤਾ ਹੈ।

ਨਾਰਵੇ: ਸਾਬਕਾ ਰਾਜਦੂਤ ਮੋਨਾ ਜੂਲ ਨੇ ਅਹੁਦਾ ਛੱਡ ਦਿੱਤਾ ਹੈ। ਰਾਜਕੁਮਾਰੀ ਮੈਟੇ-ਮੈਰਿਟ ਨੇ ਸੰਪਰਕਾਂ ਬਾਰੇ ਮੁਆਫੀ ਮੰਗੀ ਹੈ।

ਸਵੀਡਨ: ਜੋਆਨਾ ਰੁਬਿਨਸਟੀਨ (ਸੰਯੁਕਤ ਰਾਸ਼ਟਰ ਅਧਿਕਾਰੀ) ਨੇ ਅਸਤੀਫਾ ਦੇ ਦਿੱਤਾ ਹੈ।

ਸਲੋਵਾਕੀਆ: ਰਾਸ਼ਟਰੀ ਸੁਰੱਖਿਆ ਸਲਾਹਕਾਰ ਮਿਰੋਸਲਾਵ ਲਾਜਕਾਕ ਨੇ ਅਸਤੀਫਾ ਦਿੱਤਾ ਹੈ।

ਅਮਰੀਕਾ: ਲਾਅ ਫਰਮ ਪੌਲ ਵੀਸ ਦੇ ਚੇਅਰਮੈਨ ਬ੍ਰੈਡ ਕਾਰਪ ਨੇ ਅਹੁਦਾ ਛੱਡਿਆ ਹੈ। ਹੋਰ ਵੀ ਕੁਝ ਨਾਂ ਜਿਵੇਂ ਲੈਰੀ ਸਮਰਸ ਅਤੇ ਹੋਰਨਾਂ ਨੇ ਅਹੁਦੇ ਛੱਡੇ ਹਨ।

### ਅਮਰੀਕਾ ਅਤੇ ਵਿਸ਼ਵ ਦੀ ਅਖ਼ਬਾਰਾਂ ਦੀ ਰਾਇ


ਅਮਰੀਕੀ ਮੀਡੀਆ ਜਿਵੇਂ ਨਿਊਯਾਰਕ ਟਾਈਮਜ਼, ਵਾਸ਼ਿੰਗਟਨ ਪੋਸਟ ਅਤੇ ਗਾਰਡੀਅਨ ਨੇ ਇਸ ਨੂੰ ਐਲੀਟ ਵਰਗ ਦੇ ਨੈਤਿਕ ਪਤਨ ਵਜੋਂ ਪੇਸ਼ ਕੀਤਾ ਹੈ। ਬ੍ਰਿਟੇਨ ਵਿੱਚ ਇਹ ਪ੍ਰਧਾਨ ਮੰਤਰੀ ਕੀਰ ਸਟਾਰਮਰ ਲਈ ਸੰਕਟ ਬਣ ਗਿਆ ਹੈ, ਜਿੱਥੇ ਵਿਰੋਧੀ ਪਾਰਟੀਆਂ ਉਨ੍ਹਾਂ ਦੇ ਅਸਤੀਫੇ ਦੀ ਮੰਗ ਕਰ ਰਹੀਆਂ ਹਨ। ਯੂਰਪੀ ਅਖ਼ਬਾਰਾਂ ਵਿੱਚ ਇਸ ਨੂੰ ਰਾਜਨੀਤਿਕ ਅਸਥਿਰਤਾ ਅਤੇ ਭਰੋਸੇ ਦੇ ਸੰਕਟ ਵਜੋਂ ਵੇਖਿਆ ਜਾ ਰਿਹਾ ਹੈ, ਜਦਕਿ ਅਮਰੀਕਾ ਵਿੱਚ ਅਸਰ ਘੱਟ ਹੈ ਕਿਉਂਕਿ ਬਹੁਤੇ ਨਾਂ ਪਹਿਲਾਂ ਹੀ ਜਾਣੇ-ਪਛਾਣੇ ਸਨ।

### ਕੀ ਭਾਰਤ ਦੇ ਸਿਆਸਤਦਾਨ ਵੀ ਸ਼ਾਮਲ ਹਨ?

ਫਾਈਲਾਂ ਵਿੱਚ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਾਂ ਇੱਕ ਈਮੇਲ ਵਿੱਚ ਆਇਆ ਹੈ, ਜੋ ਐਪਸਟਾਈਨ ਨੇ ਆਪਣੇ ਆਪ ਲਿਖੀ ਸੀ ਅਤੇ ਇਸ ਵਿੱਚ ਮੋਦੀ ਦੀ ਇਜ਼ਰਾਈਲ ਯਾਤਰਾ ਬਾਰੇ ਜ਼ਿਕਰ ਹੈ। ਭਾਰਤ ਸਰਕਾਰ ਨੇ ਇਸ ਨੂੰ "ਬਕਵਾਸ" ਅਤੇ "ਅਪਰਾਧੀ ਦੀਆਂ ਟਿੱਪਣੀਆਂ" ਕਰਾਰ ਦਿੱਤਾ ਹੈ। ਹੋਰ ਭਾਰਤੀ ਨਾਂ ਜਿਵੇਂ ਅਨਿਲ ਅੰਬਾਨੀ (ਵਪਾਰੀ), ਦੀਪਕ ਚੋਪੜਾ, ਮੀਰਾ ਨਾਇਰ ਅਤੇ ਅਨੁਰਾਗ ਕਸ਼ਯਪ ਆਦਿ ਆਏ ਹਨ, ਪਰ ਇਹ ਜ਼ਿਆਦਾਤਰ ਪੁਰਾਣੇ ਸੰਪਰਕ ਜਾਂ ਈਮੇਲਾਂ ਬਾਰੇ ਹਨ। ਭਾਰਤ ਵਿੱਚ ਕਿਸੇ ਵੀ ਸਿਆਸਤਦਾਨ ਜਾਂ ਵੱਡੇ ਅਹੁਦੇ ਵਾਲੇ ਨੇ ਅਸਤੀਫਾ ਨਹੀਂ ਦਿੱਤਾ ਅਤੇ ਮਾਮਲਾ ਜ਼ਿਆਦਾ ਉਠਿਆ ਨਹੀਂ।

### ਐਪਸਟਾਈਨ ਦੇ ਇਰਾਦੇ ਕੀ ਸਨ?

ਐਪਸਟਾਈਨ ਨੇ ਆਪਣੇ ਨਿਊ ਮੈਕਸੀਕੋ ਰੈਂਚ (ਜ਼ੋਰੋ ਰੈਂਚ) ਨੂੰ ਆਧਾਰ ਬਣਾ ਕੇ ਆਪਣੇ ਡੀਐੱਨਏ ਨਾਲ ਔਰਤਾਂ ਨੂੰ ਗਰਭਵਤੀ ਕਰਨ ਦੀ ਯੋਜਨਾ ਬਣਾਈ ਸੀ। ਉਹ ਇੱਕ ਵਾਰ ਵਿੱਚ 20 ਔਰਤਾਂ ਨੂੰ ਆਪਣੇ ਸਪਰਮ ਨਾਲ ਗਰਭਵਤੀ ਕਰਨਾ ਚਾਹੁੰਦਾ ਸੀ ਤਾਂ ਜੋ ਇੱਕ "ਸੁਪਰ ਰੇਸ" ਬਣਾਈ ਜਾ ਸਕੇ। ਇਹ ਯੋਜਨਾ ਯੂਜੇਨਿਕਸ ਅਤੇ ਟ੍ਰਾਂਸਹਿਊਮੈਨਿਜ਼ਮ ਨਾਲ ਜੁੜੀ ਸੀ, ਜਿੱਥੇ ਜੈਨੇਟਿਕ ਇੰਜੀਨੀਅਰਿੰਗ ਅਤੇ ਏਆਈ ਨਾਲ ਮਨੁੱਖੀ ਨਸਲ ਨੂੰ ਬਿਹਤਰ ਬਣਾਉਣ ਦੀ ਗੱਲ ਸੀ। ਨਿਊਯਾਰਕ ਟਾਈਮਜ਼ ਅਤੇ ਹੋਰ ਰਿਪੋਰਟਾਂ ਮੁਤਾਬਕ ਇਹ ਯੋਜਨਾ ਜ਼ਿਆਦਾ ਅੱਗੇ ਨਹੀਂ ਵਧੀ, ਪਰ ਉਹ ਵਿਗਿਆਨੀਆਂ ਨਾਲ ਇਸ ਬਾਰੇ ਚਰਚਾ ਕਰਦਾ ਰਹਿੰਦਾ ਸੀ।




### ਐਪਸਟਾਈਨ ਦੀ ਸੰਪਤੀ ਦਾ ਕੀ ਬਣੇਗਾ?

ਐਪਸਟਾਈਨ ਨੇ ਮੌਤ ਤੋਂ ਦੋ ਦਿਨ ਪਹਿਲਾਂ (2019 ਵਿੱਚ) ਇੱਕ ਟਰੱਸਟ (1953 ਟਰੱਸਟ) ਬਣਾਇਆ ਸੀ, ਜਿਸ ਵਿੱਚ ਉਸਦੀ ਸੰਪਤੀ (ਲਗਭਗ 600 ਮਿਲੀਅਨ ਡਾਲਰ) ਨੂੰ ਵੰਡਣ ਦਾ ਪਲਾਨ ਸੀ। ਮੌਤ ਤੋਂ ਬਾਅਦ ਟੈਕਸ, ਕਾਨੂੰਨੀ ਖਰਚੇ ਅਤੇ ਪੀੜਤਾਂ ਨੂੰ ਮੁਆਵਜ਼ੇ ਕਾਰਨ ਸੰਪਤੀ ਘਟ ਕੇ 120 ਮਿਲੀਅਨ ਡਾਲਰ ਰਹਿ ਗਈ ਹੈ। ਮੁੱਖ ਲਾਭਪਾਤਰੀ ਉਸਦੀ ਆਖਰੀ ਗਰਲਫ੍ਰੈਂਡ ਕੈਰੀਨਾ ਸ਼ੂਲੀਆਕ (ਬੇਲਾਰੂਸ ਨਿਵਾਸੀ) ਹੈ, ਜਿਸ ਨੂੰ ਲਗਭਗ 100 ਮਿਲੀਅਨ ਡਾਲਰ (ਅਨੁਮਾਨਿਤ) ਮਿਲਣ ਦੀ ਸੰਭਾਵਨਾ ਹੈ, ਜਿਸ ਵਿੱਚ 50 ਮਿਲੀਅਨ ਦੀ ਬੀਮੇ ਦੀ ਰਕਮ ਵੀ ਸ਼ਾਮਲ ਹੈ। ਹੋਰ ਲਾਭਪਾਤਰੀਆਂ ਵਿੱਚ ਉਸਦੇ ਵਕੀਲ ਡੈਰੇਨ ਇੰਡਾਈਕ (50 ਮਿਲੀਅਨ) ਅਤੇ ਅਕਾਊਂਟੈਂਟ ਰਿਚਰਡ ਕਾਨ (25 ਮਿਲੀਅਨ) ਸ਼ਾਮਲ ਹਨ। ਪਰ ਪੀੜਤਾਂ ਦੇ ਮੁਆਵਜ਼ੇ ਅਤੇ ਕਾਨੂੰਨੀ ਦਾਅਵੇ ਪੂਰੇ ਹੋਣ ਤੋਂ ਬਾਅਦ ਹੀ ਵੰਡ ਹੋਵੇਗੀ। ਇਹ ਖੁਲਾਸੇ ਨੈਤਿਕਤਾ, ਸੱਤਾ ਅਤੇ ਅਪਰਾਧ ਦੇ ਨੈੱਟਵਰਕ ਨੂੰ ਉਜਾਗਰ ਕਰ ਰਹੇ ਹਨ, ਜੋ ਅਜੇ ਵੀ ਵਿਸ਼ਵ ਭਰ ਵਿੱਚ ਚਰਚਾ ਦਾ ਵਿਸ਼ਾ ਬਣੇ ਹੋਏ ਹਨ।

### ਕੀ ਹੈ ਐਪਸਟਾਈਨ ਫਾਈਲਜ਼ ਦਾ ਡਰ?

ਜ਼ਿਕਰਯੋਗ ਹੈ ਕਿ ਜੈਫਰੀ ਐਪਸਟਾਈਨ, ਜੋ ਕਿ ਇਕ ਮਸ਼ਹੂਰ ਕਾਰੋਬਾਰੀ ਸੀ, ਨੇ ਇਕ ਪ੍ਰਾਈਵੇਟ ਆਈਲੈਂਡ ਖਰੀਦਿਆ ਸੀ, ਜਿੱਥੇ ਉਹ ਨਾਬਾਲਗ ਕੁੜੀਆਂ ਨਾਲ ਗ਼ਲਤ ਕੰਮ ਕਰਦੇ ਸਨ। ਇਸ ਕੰਮ 'ਚ ਉਨ੍ਹਾਂ ਦੇ ਨਾਲ ਟਰੰਪ, ਬਿਲ ਕਲਿੰਟਨ ਤੇ ਜਾਰਜ ਬੁਸ਼ ਵਰਗੇ ਦੁਨੀਆ ਭਰ ਦੇ ਕਈ ਵੱਡੀਆਂ ਸ਼ਖ਼ਸੀਅਤਾਂ ਦਾ ਨਾਂ ਜੋੜਿਆ ਜਾ ਰਿਹਾ ਹੈ। ਐਪਸਟਾਈਨ ਦੀ ਜੇਲ੍ਹ ਵਿੱਚ ਹੋਈ ਮੌਤ ਤੋਂ ਬਾਅਦ ਇਹ ਫਾਈਲਾਂ ਇੱਕ ਵੱਡਾ ਰਾਜ਼ ਬਣੀਆਂ ਹੋਈਆਂ ਸਨ। ਹੁਣ ਇਨ੍ਹਾਂ ਦੇ ਜਨਤਕ ਹੋਣ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਐਪਸਟਾਈਨ ਦਾ ਜਾਲ ਸਿਰਫ਼ ਕਾਰੋਬਾਰ ਤੱਕ ਸੀਮਤ ਨਹੀਂ ਸੀ, ਸਗੋਂ ਇਸ ਵਿੱਚ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਨੇਤਾ ਅਤੇ ਕੂਟਨੀਤਕ ਵੀ ਸ਼ਾਮਲ ਸਨ।

## ਕੈਨੇਡਾ ਵਿੱਚ ਸਿੱਖ ਸੁਰੱਖਿਆ ਗਾਰਡ ਨੇ ਔਰਤ ਨੂੰ ਮਾਰਿਆ ਥੱਪੜ

### ✪ ਔਰਤ ਦਸਤਾਰ, ਦਾੜੀ ਦੀ ਕਰਨਾ ਚਾਹੁੰਦੀ ਸੀ ਬੇਅਦਬੀ ✪ ਔਰਤ ਨਸ਼ੇ ਵਿੱਚ ਸੀ ਅਤੇ ਸਟੋਰ ਵਿੱਚ ਗੜਬੜ ਕਰ ਰਹੀ ਸੀ



ਸਸਕੈਚਵਨ-ਕੈਨੇਡਾ ਦੇ ਸਸਕੈਚਵਨ ਸੂਬੇ ਦੇ ਪ੍ਰਿੰਸ ਅਲਬਰਟ ਸ਼ਹਿਰ ਵਿੱਚ ਇੱਕ ਗ੍ਰੋਸਰੀ ਸਟੋਰ ਜਾਂ ਮਾਲ ਵਿੱਚ ਇੱਕ ਸਿੱਖ ਸੁਰੱਖਿਆ ਗਾਰਡ ਅਤੇ ਇੱਕ ਔਰਤ ਵਿਚਕਾਰ ਬਹਿਸ ਹੋਈ। ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ ਹੈ। ਰਿਪੋਰਟਾਂ ਮੁਤਾਬਕ ਔਰਤ ਨਸ਼ੇ ਵਿੱਚ ਸੀ ਅਤੇ ਸਟੋਰ ਵਿੱਚ ਗੜਬੜ ਕਰ ਰਹੀ ਸੀ। ਸੁਰੱਖਿਆ ਗਾਰਡ ਨੇ ਉਸ ਨੂੰ ਟੋਕਿਆ ਅਤੇ ਸਹੀ ਵਿਵਹਾਰ ਲਈ ਕਿਹਾ। ਬਹਿਸ ਵਧਣ 'ਤੇ ਔਰਤ ਨੇ ਗਾਰਡ 'ਤੇ ਪਹਿਲਾਂ ਹੱਥ ਚੁੱਕਿਆ ਅਤੇ ਉਸ ਦੀ ਪੱਗ ਤੇ ਦਾੜ੍ਹੀ ਨੂੰ ਛੂਹਣ ਜਾਂ ਮਾਰਨ ਦੀ ਕੋਸ਼ਿਸ਼ ਕੀਤੀ। ਇਸ ਤੋਂ ਗੁੱਸੇ ਵਿੱਚ ਆ ਕੇ ਸਿੱਖ ਗਾਰਡ ਨੇ ਔਰਤ ਨੂੰ ਥੱਪੜ ਮਾਰ ਦਿੱਤਾ। ਸਟੋਰ ਵਿੱਚ ਮੌਜੂਦ ਲੋਕਾਂ ਨੇ ਵਿਰੋਧ ਕੀਤਾ ਅਤੇ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਸੀਸੀਟੀਵੀ ਫੁਟੇਜ ਜ਼ਬਤ ਕੀਤੀ ਹੈ। ਘਟਨਾ ਤੋਂ ਬਾਅਦ ਸੁਰੱਖਿਆ ਏਜੰਸੀ ਨੇ ਗਾਰਡ ਨੂੰ ਮੁਅੱਤਲ ਕਰ ਦਿੱਤਾ ਅਤੇ ਸਟੋਰ ਤੋਂ ਹਟਾ ਦਿੱਤਾ। ਪੁਲਿਸ ਪੁੱਛ ਰਹੀ ਹੈ ਕਿ ਇਹ ਸੈਲਫ ਡਿਫੈਂਸ ਸੀ ਜਾਂ ਹਮਲਾ। ਇਹ ਮਾਮਲਾ ਸੰਵੇਦਨਸ਼ੀਲ ਹੋ ਗਿਆ ਕਿਉਂਕਿ ਹਾਲ ਹੀ ਵਿੱਚ ਇਲਾਕੇ ਵਿੱਚ ਸੁਰੱਖਿਆ ਕਰਮਚਾਰੀਆਂ ਨਾਲ ਅਜਿਹੀਆਂ ਘਟਨਾਵਾਂ ਵਧੀਆਂ ਹਨ। ਮਨੁੱਖੀ ਅਧਿਕਾਰ ਸੰਗਠਨਾਂ ਨੇ ਸੁਰੱਖਿਆ ਗਾਰਡਾਂ ਲਈ ਬਿਹਤਰ ਸਿਖਲਾਈ ਦੀ ਮੰਗ ਕੀਤੀ ਹੈ।

# ਅੰਮ੍ਰਿਤਪਾਲ ਸਿੰਘ ਨੇ ਮੁੜ ਹਾਈ ਕੋਰਟ 'ਚ ਪਟੀਸ਼ਨ ਦਾਇਰ ਕੀਤੀ, ਬਜਟ ਸੈਸ਼ਨ ਲਈ ਪੈਰੋਲ ਮੰਗੀ



ਚੰਡੀਗੜ੍ਹ-ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਪੰਜਾਬ-ਹਰਿਆਣਾ ਹਾਈ ਕੋਰਟ ਵਿੱਚ ਨਵੀਂ ਪਟੀਸ਼ਨ ਦਾਇਰ ਕਰ ਪੈਰੋਲ ਜਾਂ ਅਸਥਾਈ ਰਿਹਾਈ ਦੀ ਮੰਗ ਕੀਤੀ ਹੈ ਤਾਂ ਜੋ ਉਹ ਸੰਸਦ ਦੇ ਬਜਟ ਸੈਸ਼ਨ (28 ਜਨਵਰੀ ਤੋਂ 13 ਫਰਵਰੀ ਅਤੇ 9 ਮਾਰਚ ਤੋਂ 2 ਅਪ੍ਰੈਲ) ਵਿੱਚ ਹਿੱਸਾ ਲੈ ਸਕਣ। ਐੱਨਐੱਸਏ ਅਧੀਨ ਹਿਰਾਸਤ ਵਿੱਚ ਲਏ ਗਏ ਅੰਮ੍ਰਿਤਪਾਲ ਨੇ ਪੰਜਾਬ ਸਰਕਾਰ ਦੇ ਇਨਕਾਰ ਨੂੰ ਗੈਰ-ਕਾਨੂੰਨੀ ਅਤੇ ਰਾਜਨੀਤਿਕ ਦੁਰਭਾਵਨਾ ਵਾਲਾ ਦੱਸਿਆ ਹੈ। ਪਟੀਸ਼ਨ ਵਿੱਚ ਕੇਂਦਰ-ਰਾਜ ਸਰਕਾਰਾਂ ਨੂੰ ਐੱਨਐੱਸਏ ਧਾਰਾ 15 ਅਨੁਸਾਰ ਰਿਹਾਈ ਦੇਣ ਦੇ ਨਿਰਦੇਸ਼ ਮੰਗੇ ਗਏ ਹਨ। ਉਨ੍ਹਾਂ ਨੇ ਹਲਕੇ ਦੇ 1.9 ਮਿਲੀਅਨ ਵੋਟਰਾਂ ਦੀ ਨੁਮਾਇੰਦਗੀ, ਹੜ੍ਹ ਪ੍ਰਭਾਵਿਤ ਖੇਤਰ ਅਤੇ ਨਸ਼ਿਆਂ ਵਰਗੇ ਮੁੱਦੇ ਸੰਸਦ ਵਿੱਚ ਉਠਾਉਣ ਦੀ ਗੱਲ ਕਹੀ ਹੈ। ਕੇਸ ਅਜੇ ਸੂਚੀਬੱਧ ਨਹੀਂ ਹੋਇਆ।

# ਅੰਧਵਿਸ਼ਵਾਸ ਨੇ ਲਈ ਬਜ਼ੁਰਗ ਦੀ ਜਾਨ


ਭੋਜਪੁਰ (ਬਿਹਾਰ)-ਭੋਜਪੁਰ ਜ਼ਿਲ੍ਹੇ ਦੇ ਅਗਿਆਓਂ ਬਾਜ਼ਾਰ ਥਾਣਾ ਖੇਤਰ ਵਿੱਚ ਜਾਦੂ-ਟੂਣੇ ਦੇ ਸ਼ੱਕ 'ਚ ਇੱਕ 57 ਸਾਲਾ ਬਜ਼ੁਰਗ ਇੰਦਰਚੰਦ ਰਾਮ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ। ਉਸ ਦਾ ਪੁੱਤਰ ਗੰਭੀਰ ਜ਼ਖ਼ਮੀ ਹੋ ਗਿਆ ਹੈ। ਗਵਾਂਢੀਆਂ ਨੇ ਲਾਠੀ-ਡੰਡਿਆਂ ਨਾਲ ਹਮਲਾ ਕੀਤਾ। ਦੋਵਾਂ ਧਿਰਾਂ ਵਿੱਚ ਕਾਫੀ ਸਮੇਂ ਤੋਂ ਇਸ ਮੁੱਦੇ 'ਤੇ ਤਣਾਅ ਸੀ, ਜੋ ਹਿੰਸਕ ਝੜਪ ਵਿੱਚ ਬਦਲ ਗਿਆ। ਇੰਦਰਚੰਦ ਮੌਕੇ 'ਤੇ ਹੀ ਮਰ ਗਿਆ, ਜਦਕਿ ਪੁੱਤਰ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਪੁਲਿਸ ਨੇ ਤਿੰਨ ਸ਼ੱਕੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ।

# ਫੂਲੇਵਾਲਾ ਵਿੱਚ ਭਗਤਾਂ ਦੀ ਬਾਣੀ ਦੀ ਬੇਅਦਬੀ; ਕੇਸ ਦਰਜ

ਬਠਿੰਡਾ-ਬਠਿੰਡਾ ਜ਼ਿਲ੍ਹੇ ਦੇ ਰਾਮਪੁਰਾ ਫੂਲ ਅਧੀਨ ਪਿੰਡ ਫੂਲੇਵਾਲਾ ਵਿੱਚ ਬੀਤੇ ਦਿਨ ਭਗਤਾਂ ਦੀ ਬਾਣੀ ਦੀ ਬੇਅਦਬੀ ਦੀ ਘਟਨਾ ਸਾਹਮਣੇ ਆਈ ਹੈ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਨੇ ਘਟਨਾ ਦੀ ਪੁਸ਼ਟੀ ਕੀਤੀ ਹੈ। ਐੱਸਐੱਸਪੀ ਬਠਿੰਡਾ ਡਾ. ਜੋਤੀ ਯਾਦਵ ਬੈਂਸ ਨੇ ਦੱਸਿਆ ਕਿ ਥਾਣਾ ਫੂਲ ਵਿੱਚ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਨੰਬਰ 20 ਦਰਜ ਕਰ ਲਿਆ ਗਿਆ ਹੈ। ਜਾਂਚ ਜਾਰੀ ਹੈ ਪਰ ਵਿਸਥਾਰ ਵਿੱਚ ਜਾਣਕਾਰੀ ਨਹੀਂ ਦਿੱਤੀ ਜਾ ਰਹੀ। ਤਖ਼ਤ ਵੱਲੋਂ ਜਾਂਚ ਕਮੇਟੀ ਵੀ ਭੇਜੀ ਗਈ ਸੀ।

# ਭ੍ਰਿਸ਼ਟਾਚਾਰ ਮਾਮਲੇ 'ਚ ਮਨਪ੍ਰੀਤ ਬਾਦਲ ਨੂੰ ਵੱਡੀ ਰਾਹਤ

## ✪ ਹਾਈ ਕੋਰਟ ਨੇ ਅਗਾਊਂ ਜ਼ਮਾਨਤ ਪੱਕੀ ਕੀਤੀ



ਚੰਡੀਗੜ੍ਹ-ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਭ੍ਰਿਸ਼ਟਾਚਾਰ ਦੇ ਇੱਕ ਮਾਮਲੇ ਵਿੱਚ ਅੰਤਰਿਮ ਅਗਾਊਂ ਜ਼ਮਾਨਤ ਨੂੰ ਨਿਯਮਤ ਅਗਾਊਂ ਜ਼ਮਾਨਤ ਵਿੱਚ ਬਦਲ ਦਿੱਤਾ ਹੈ। ਜਸਟਿਸ ਤ੍ਰਿਭੁਵਨ ਦਹੀਆ ਦੀ ਬੈਂਚ ਨੇ ਇਹ ਫੈਸਲਾ ਸੁਣਾਇਆ। ਇਹ ਮਾਮਲਾ 2021 ਵਿੱਚ ਬਠਿੰਡਾ ਵਿਕਾਸ ਅਥਾਰਟੀ (ਬੀਡੀਏ) ਵੱਲੋਂ ਪਲਾਟਾਂ ਦੀ ਘੱਟ ਦਰ 'ਤੇ ਨਿਲਾਮੀ ਨਾਲ ਜੁੜਿਆ ਹੈ। ਦੋਸ਼ ਸੀ ਕਿ ਬਾਦਲ ਨੇ ਅਹੁਦੇ ਦੀ ਵਰਤੋਂ ਕਰਕੇ ਦਬਾਅ ਪਾਇਆ ਅਤੇ ਨਿਲਾਮੀ ਪ੍ਰਕਿਰਿਆ ਵਿੱਚ ਖਾਮੀਆਂ ਰੱਖੀਆਂ ਗਈਆਂ, ਜਿਸ ਨਾਲ ਨਜ਼ਦੀਕੀ ਵਿਅਕਤੀਆਂ ਨੂੰ ਲਾਭ ਹੋਇਆ ਅਤੇ ਸੂਬੇ ਨੂੰ ਨੁਕਸਾਨ ਪਹੁੰਚਿਆ। ਬਚਾਅ ਪੱਖ ਨੇ ਦਲੀਲ ਦਿੱਤੀ ਕਿ ਨਿਲਾਮੀ ਈ-ਪ੍ਰਕਿਰਿਆ ਰਾਹੀਂ ਖੁੱਲ੍ਹੀ ਸੀ, ਰਿਜ਼ਰਵ ਕੀਮਤ ਤੋਂ ਵੱਧ ਰੇਟ 'ਤੇ ਪਲਾਟ ਵਿਕੇ ਅਤੇ ਬਾਅਦ ਵਿੱਚ ਪ੍ਰੀਮੀਅਮ 'ਤੇ ਖਰੀਦ ਕੇ ਸਟੈਂਪ ਡਿਊਟੀ ਵੀ ਅਦਾ ਕੀਤੀ ਗਈ। ਉਨ੍ਹਾਂ ਨੇ ਇਸ ਨੂੰ ਰਾਜਨੀਤਿਕ ਸਾਜ਼ਿਸ਼ ਦੱਸਿਆ। ਅਦਾਲਤ ਨੇ ਦੇਖਿਆ ਕਿ ਜਾਂਚ ਵਿੱਚ ਬਾਦਲ ਨੇ ਸਹਿਯੋਗ ਕੀਤਾ ਅਤੇ ਜ਼ਮਾਨਤ ਸ਼ਰਤਾਂ ਦੀ ਉਲੰਘਣਾ ਨਹੀਂ ਕੀਤੀ।

# .ਗੈਰ-ਕਾਨੂੰਨੀ ਪਰਵਾਸ ਦੌਰਾਨ ਅਜ਼ਰਬਾਈਜਾਨ ਵਿਚ ਅਗਵਾ ਹੋਇਆ ਭਾਰਤੀ ਜੋੜਾ ਰਿਹਾਅ ਹੋਇਆ

ਗੁਜਰਾਤ-ਗੁਜਰਾਤ ਦੇ ਆਨੰਦ ਜ਼ਿਲ੍ਹੇ ਦਾ ਇੱਕ ਜੋੜਾ ਧਰੁਵ ਪਟੇਲ ਅਤੇ ਉਸ ਦੀ ਪਤਨੀ ਦੀਪਿਕਾ ਪਟੇਲ ਅਮਰੀਕਾ ਜਾਣ ਲਈ ਗੈਰ-ਕਾਨੂੰਨੀ ਏਜੰਟਾਂ ਦੀ ਮਦਦ ਨਾਲ ਰਵਾਨਾ ਹੋਇਆ ਸੀ, ਪਰ ਅਜ਼ਰਬਾਈਜਾਨ ਵਿੱਚ ਅਗਵਾ ਕਰ ਲਿਆ ਗਿਆ ਅਤੇ ਫਿਰੌਤੀ ਲਈ ਬੰਧਕ ਬਣਾ ਲਿਆ ਗਿਆ। ਅਗਵਾਕਾਰਾਂ ਨੇ ਪਰਿਵਾਰ ਨੂੰ ਵੀਡੀਓ ਕਾਲ ਰਾਹੀਂ ਫਿਰੌਤੀ ਦੀ ਮੰਗ ਕੀਤੀ ਸੀ। ਆਨੰਦ ਤੋਂ ਭਾਜਪਾ ਸੰਸਦ ਮੈਂਬਰ ਮਿਤੇਸ਼ ਪਟੇਲ ਨੇ ਵੀਡੀਓ ਬਿਆਨ ਵਿੱਚ ਦੱਸਿਆ ਕਿ ਪਰਿਵਾਰ ਨੇ ਦੋ ਦਿਨ ਪਹਿਲਾਂ ਉਨ੍ਹਾਂ ਨਾਲ ਸੰਪਰਕ ਕੀਤਾ। ਉਨ੍ਹਾਂ ਨੇ ਤੁਰੰਤ ਵਿਦੇਸ਼ ਮੰਤਰਾਲੇ (ਓਅ) ਨੂੰ ਸੂਚਿਤ ਕੀਤਾ ਅਤੇ ਮੰਗਲਵਾਰ ਨੂੰ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨਾਲ ਮੁਲਾਕਾਤ ਕੀਤੀ। ਭਾਰਤੀ ਦੂਤਘਰ ਦੇ ਸਮੇਂ ਸਿਰ ਯਤਨਾਂ ਨਾਲ 24 ਘੰਟਿਆਂ ਅੰਦਰ ਜੋੜੇ ਨੂੰ ਰਿਹਾਅ ਕਰਵਾ ਲਿਆ ਗਿਆ ਅਤੇ ਉਹ ਸੁਰੱਖਿਅਤ ਹਨ।

# ਪੁਲਿਸ ਅਫ਼ਸਰ ਨੂੰ ਖਾਲਿਸਤਾਨ ਪੱਖੀ ਪ੍ਰਦਰਸ਼ਨ 'ਚ ਸ਼ਾਮਲ ਹੋਣ ਕਾਰਨ 6 ਮਹੀਨੇ ਲਈ ਡਿਮੋਟ ਕੀਤਾ ਗਿਆ



ਖਾਸ ਖਬਰ-ਕੈਨੇਡਾ ਦੇ ਓਂਟਾਰੀਓ ਪ੍ਰਾਂਤ ਵਿੱਚ ਪੀਲ ਰੀਜਨਲ ਪੁਲਿਸ ਦੇ ਸਾਰਜੈਂਟ ਹਰਿੰਦਰ ਸੋਹੀ ਨੂੰ ਖਾਲਿਸਤਾਨ ਸਮਰਥਕ ਪ੍ਰਦਰਸ਼ਨਾਂ ਵਿੱਚ ਹਿੱਸਾ ਲੈਣ ਕਾਰਨ ਵਿਭਾਗੀ ਸਜ਼ਾ ਮਿਲੀ ਹੈ। ਨਵੰਬਰ 2024 ਵਿੱਚ ਬਰੈਂਪਟਨ ਦੇ ਹਿੰਦੂ ਸਭਾ ਮੰਦਿਰ ਦੇ ਬਾਹਰ ਸਿੱਖਸ ਫਾਰ ਜਸਟਿਸ ਵੱਲੋਂ ਕਰਵਾਏ ਗਏ ਖਾਲਿਸਤਾਨ ਪੱਖੀ ਰੋਸ ਮੁਜ਼ਾਹਰੇ ਵਿੱਚ ਉਹ ਸ਼ਾਮਲ ਹੋਏ ਸਨ। ਇਸ ਤੋਂ ਇਲਾਵਾ ਅਕਤੂਬਰ 2024 ਵਿੱਚ ਟੋਰਾਂਟੋ ਵਿੱਚ ਵੀ ਇੱਕ ਅਜਿਹੇ ਹੀ ਪ੍ਰਦਰਸ਼ਨ ਵਿੱਚ ਉਸ ਨੂੰ ਭਾਰਤੀ ਝੰਡੇ ਉੱਤੇ ਪੈਰ ਰੱਖ ਕੇ ਖੜ੍ਹੇ ਹੋਣ ਵਾਲੇ ਵੀਡੀਓ ਵਿੱਚ ਦੇਖਿਆ ਗਿਆ ਸੀ।

ਓਂਟਾਰੀਓ ਪੁਲਿਸ ਅਰਬਿਟ੍ਰੇਸ਼ਨ ਐਂਡ ਅਡਜੂਡੀਕੇਸ਼ਨ ਕਮਿਸ਼ਨ ਨੇ ਨਵੰਬਰ 2025 ਵਿੱਚ ਫੈਸਲਾ ਸੁਣਾਇਆ ਕਿ ਸੋਹੀ ਨੂੰ 6 ਮਹੀਨਿਆਂ ਲਈ ਰੈਂਕ ਘਟਾ ਕੇ ਫਸਟ ਕਲਾਸ ਕਾਂਸਟੇਬਲ ਬਣਾ ਦਿੱਤਾ ਜਾਵੇਗਾ। ਇਸ ਮਿਆਦ ਤੋਂ ਬਾਅਦ ਉਹ ਆਪਣੇ ਅਸਲ ਅਹੁਦੇ (ਸਾਰਜੈਂਟ) ਤੇ ਵਾਪਸ ਜਾ ਸਕੇਗਾ, ਜੇਕਰ ਉਸ ਦਾ ਕੰਮ ਸੰਤੋਸ਼ਜਨਕ ਰਿਹਾ। ਫੈਸਲੇ ਵਿੱਚ ਕਿਹਾ ਗਿਆ ਹੈ ਕਿ ਇਹ ਕੰਮ ਪੁਲਿਸ ਵਿੱਚ ਲੋਕਾਂ ਦੇ ਭਰੋਸੇ ਨੂੰ ਠੇਸ ਪਹੁੰਚਾਉਂਦਾ ਹੈ ਅਤੇ ਇੱਕ ਪੁਲਿਸ ਅਫ਼ਸਰ ਨੂੰ ਅਜਿਹੇ ਵਿਵਾਦਿਤ ਮਾਹੌਲ ਵਿੱਚ ਨਹੀਂ ਸ਼ਾਮਲ ਹੋਣਾ ਚਾਹੀਦਾ ਸੀ। ਹਾਲਾਂਕਿ, ਹਿੰਦੂ ਭਾਈਚਾਰੇ ਨੇ ਇਸ ਸਜ਼ਾ ਨੂੰ ਬਹੁਤ ਹਲਕੀ ਕਰਾਰ ਦਿੱਤਾ ਹੈ ਅਤੇ ਮੰਗ ਕੀਤੀ ਹੈ ਕਿ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਜਾਵੇ।

ਹਰਿੰਦਰ ਸੋਹੀ ਨੇ ਸੁਣਵਾਈ ਦੌਰਾਨ ਕਿਹਾ ਕਿ ਉਹ ਡਿਊਟੀ ਤੇ ਨਹੀਂ ਸੀ, ਵਰਦੀ ਵਿੱਚ ਨਹੀਂ ਸੀ ਅਤੇ ਪ੍ਰਦਰਸ਼ਨ ਸ਼ੁਰੂ ਹੋਣ ਤੋਂ ਬਾਅਦ ਮੌਕੇ ਤੋਂ ਚਲਾ ਗਿਆ ਸੀ। ਉਸ ਨੇ ਇਹ ਵੀ ਦਾਅਵਾ ਕੀਤਾ ਕਿ ਪ੍ਰਦਰਸ਼ਨ ਸ਼ਾਂਤਮਈ ਸੀ ਅਤੇ ਮੀਡੀਆ ਨੇ ਘਟਨਾ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ।

# ਆਪ੍ਰੇਸ਼ਨ ਪ੍ਰਹਾਰ 'ਚ ਪੰਜਾਬੀ ਗਾਇਕਾ ਪਰਮਜੀਤ ਕੌਰ ਤੇ ਭਰਾ ਹੈਰੋਇਨ ਸਣੇ ਗ੍ਰਿਫ਼ਤਾਰ



ਲੁਧਿਆਣਾ-ਖੰਨਾ ਪੁਲਿਸ ਨੇ ਆਪ੍ਰੇਸ਼ਨ ਪ੍ਰਹਾਰ ਤਹਿਤ 22 ਥਾਵਾਂ 'ਤੇ ਛਾਪੇਮਾਰੀ ਕੀਤੀ। ਇਸ ਦੌਰਾਨ ਪੰਜਾਬੀ ਗਾਇਕਾ ਪਰਮਜੀਤ ਕੌਰ ਤੇ ਉਸ ਦਾ ਭਰਾ ਸਰਵਣ ਸਿੰਘ ਨੂੰ ਅਧਿਆਣਾ ਬੱਸ ਅੱਡੇ ਨੇੜੇ ਗ੍ਰਿਫ਼ਤਾਰ ਕੀਤਾ ਗਿਆ। ਪੁਲਿਸ ਨੂੰ ਸ਼ੱਕ 'ਤੇ ਚੈੱਕ ਕਰਨ 'ਤੇ ਸਰਵਣ ਸਿੰਘ ਨੇ ਔਰਤ ਨੂੰ ਦਿੱਤੀ ਮੋਮੀ ਲਿਫਾਫ਼ੇ ਵਿੱਚੋਂ 8 ਗ੍ਰਾਮ ਹੈਰੋਇਨ ਬਰਾਮਦ ਹੋਈ। ਦੋਵੇਂ ਰਹੀਮਾਬਾਦ ਖੁਰਦ ਪਿੰਡ ਦੇ ਵਾਸੀ ਹਨ। ਪਰਮਜੀਤ ਕੌਰ ਨੇ ਪਹਿਲਾਂ ਸੱਭਿਆਚਾਰਕ ਤੇ ਧਾਰਮਿਕ ਗੀਤ ਗਾਏ ਸਨ। ਇਨ੍ਹਾਂ ਖਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਛਾਪੇਮਾਰੀ ਵਿੱਚ ਕੁੱਲ 13 ਵਿਅਕਤੀ ਹਿਰਾਸਤ ਵਿੱਚ ਲਏ ਗਏ, 4 ਤੋਂ ਨਸ਼ੇ ਬਰਾਮਦ ਹੋਏ ਹਨ।

# ਅਨਿਲ ਅੰਬਾਨੀ ਦੀਆਂ ਮੁਸ਼ਕਿਲਾਂ ਵਧੀਆਂ: ਈ.ਡੀ. ਨੇ ਬਣਾਈ ਵਿਸ਼ੇਸ਼ ਜਾਂਚ ਟੀਮ



ਨਵੀਂ ਦਿੱਲੀ (ਏਜੰਸੀ)-ਈ.ਡੀ. ਨੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ 'ਤੇ ਅਨਿਲ ਅੰਬਾਨੀ ਸਮੂਹ (ਏ.ਡੀ.ਏ.ਜੀ.) ਨਾਲ ਜੁੜੇ 40,000 ਕਰੋੜ ਰੁਪਏ ਦੇ ਬੈਂਕਿੰਗ ਧੋਖਾਧੜੀ ਅਤੇ ਮਨੀ ਲਾਂਡਰਿੰਗ ਮਾਮਲਿਆਂ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਬਣਾਈ ਹੈ। ਇਸ ਟੀਮ ਦੀ ਅਗਵਾਈ ਵਧੀਕ ਡਾਇਰੈਕਟਰ ਰੈਂਕ ਦੇ ਅਧਿਕਾਰੀ ਵੱਲੋਂ ਕੀਤੀ ਜਾਵੇਗੀ ਅਤੇ ਇਸ ਵਿੱਚ ਅੱਧਾ ਦਰਜਨ ਜਾਂਚ ਅਧਿਕਾਰੀ ਸ਼ਾਮਲ ਹੋਣਗੇ। ਟੀਮ ਹਵਾਲਾ, ਵਿੱਤੀ ਬੇਨਿਯਮੀਆਂ ਅਤੇ ਫੰਡ ਡਾਇਵਰਜ਼ਨ ਦੀ ਵਿਆਪਕ ਜਾਂਚ ਕਰੇਗੀ। ਇਸੇ ਜਾਂਚ ਵਿੱਚ ਅਨਿਲ ਅੰਬਾਨੀ ਦੀ ਪਤਨੀ ਟੀਨਾ ਅੰਬਾਨੀ ਨੂੰ ਸੰਮਨ ਜਾਰੀ ਕੀਤਾ ਗਿਆ ਸੀ ਪਰ ਉਹ ਪੇਸ਼ ਨਹੀਂ ਹੋਈਆਂ, ਜਿਸ ਕਾਰਨ ਤਾਜ਼ਾ ਸੰਮਨ ਜਾਰੀ ਹੋਣ ਵਾਲੇ ਹਨ। ਏਜੰਸੀ ਨੇ ਪਹਿਲਾਂ ਹੀ 12,000 ਕਰੋੜ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਹਨ ਅਤੇ ਕਈ ਈ.ਸੀ.ਆਈ.ਆਰ. ਦਰਜ ਕੀਤੀਆਂ ਹਨ।

# ਪੰਜਾਬ-ਹਰਿਆਣਾ ਹਾਈਕੋਰਟ ਤੇ ਪੰਚਕੂਲਾ ਅਦਾਲਤ ਨੂੰ ਬੰਬ ਧਮਕੀ; ਤਲਾਸ਼ੀ ਮੁਹਿੰਮ ਜਾਰੀ

ਚੰਡੀਗੜ੍ਹ/ਪੰਚਕੂਲਾ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੇ ਪੰਚਕੂਲਾ ਜ਼ਿਲ੍ਹਾ ਅਦਾਲਤ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਵਾਲੀਆਂ ਈ-ਮੇਲਾਂ ਮਿਲੀਆਂ। ਹਾਈ ਕੋਰਟ ਨੂੰ ਧਮਕੀ ਮਿਲਣ ਮਗਰੋਂ ਪੂਰਾ ਕੰਪਲੈਕਸ ਖਾਲੀ ਕਰਵਾਇਆ ਗਿਆ ਅਤੇ ਗੇਟ ਬੰਦ ਕਰ ਦਿੱਤੇ ਗਏ। ਬੰਬ ਨਿਕਾਰਾ ਦਸਤਾ, ਸਨਿਫਰ ਡੌਗ ਸਕੁਐਡ ਤੇ ਪੁਲਿਸ ਨੇ ਵੱਡੇ ਪੱਧਰ 'ਤੇ ਤਲਾਸ਼ੀ ਮੁਹਿੰਮ ਚਲਾਈ। ਪੰਚਕੂਲਾ ਅਦਾਲਤ ਵਿੱਚ ਵੀ ਇਸੇ ਤਰ੍ਹਾਂ ਹੜਕੰਪ ਮਚਿਆ। ਹੁਣ ਤੱਕ ਕੋਈ ਸ਼ੱਕੀ ਵਸਤੂ ਨਹੀਂ ਮਿਲੀ, ਧਮਕੀ ਨੂੰ ਝੂਠੀ ਸਾਬਤ ਹੋਈ। ਪੁਲਿਸ ਨੇ ਧਮਕੀ ਦੇਣ ਵਾਲੇ ਦੀ ਖੋਜ ਸ਼ੁਰੂ ਕਰ ਦਿੱਤੀ ਹੈ ਅਤੇ ਇਲਾਕੇ ਵਿੱਚ ਸੁਰੱਖਿਆ ਵਧਾ ਦਿੱਤੀ ਗਈ ਹੈ। ਪਿਛਲੇ ਸਾਲ ਵੀ ਅਜਿਹੀਆਂ ਧਮਕੀਆਂ ਮਿਲੀਆਂ ਸਨ ਜੋ ਝੂਠੀਆਂ ਸਾਬਤ ਹੋਈਆਂ ਸਨ।

## -ਅਮਰੀਕੀ ਅਦਾਲਤ ਨੇ ਟਰੰਪ ਸਰਕਾਰ ਨੂੰ ਦਿੱਤਾ ਵੱਡਾ ਝਟਕਾ-

# ਡਿਪੋਰਟ ਕੀਤੇ ਪਰਿਵਾਰਾਂ ਨੂੰ ਵਾਪਸ ਬੁਲਾਉਣ ਦਾ ਹੁਕਮ



**ਵਾਸ਼ਿੰਗਟਨ**

**ਖਾਸ ਰਿਪੋਰਟ**

ਅਮਰੀਕਾ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਰਕਾਰ ਨੂੰ ਇੱਕ ਵਾਰ ਫਿਰ ਇਮੀਗ੍ਰੇਸ਼ਨ ਨੀਤੀ 'ਤੇ ਵੱਡਾ ਝਟਕਾ ਲੱਗਿਆ ਹੈ। ਫੈਡਰਲ ਅਦਾਲਤ ਨੇ ਹੁਕਮ ਦਿੱਤਾ ਹੈ ਕਿ ਪਹਿਲਾਂ ਵਾਲੇ ਟਰੰਪ ਸ਼ਾਸਨ ਵਿੱਚ ਪਰਿਵਾਰ ਵਿਛੋੜੇ ਦੀ ਨੀਤੀ ਨਾਲ ਪ੍ਰਭਾਵਿਤ ਤਿੰਨ ਪਰਿਵਾਰਾਂ ਨੂੰ ਡਿਪੋਰਟ ਕਰਨਾ ਗੈਰ-ਕਾਨੂੰਨੀ ਸੀ ਅਤੇ ਉਨ੍ਹਾਂ ਨੂੰ ਤੁਰੰਤ ਵਾਪਸ ਅਮਰੀਕਾ ਬੁਲਾਇਆ ਜਾਵੇ। ਜੱਜ ਡੇਨਾ ਸਬਰਾਅ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਇਹ ਡਿਪੋਰਟੇਸ਼ਨਾਂ ਝੂਠ, ਧੋਖੇ ਅਤੇ ਜ਼ਬਰਦਸਤੀ 'ਤੇ ਅਧਾਰਤ ਸਨ ਅਤੇ ਇਹ ਪੁਰਾਣੇ ਅਦਾਲਤੀ ਸਮਝੌਤੇ ਦੀ ਉਲੰਘਣਾ ਹੈ। ਇਸ ਫੈਸਲੇ ਨਾਲ ਟਰੰਪ ਪ੍ਰਸ਼ਾਸਨ ਦੀ ਸਖ਼ਤ ਇਮੀਗ੍ਰੇਸ਼ਨ ਪਾਲਸੀ ਨੂੰ ਚੁਣੌਤੀ ਮਿਲੀ ਹੈ।

### ਪਰਿਵਾਰ ਵਿਛੋੜੇ ਦੀ ਨੀਤੀ ਦੀ ਉਲੰਘਣਾ

2018 ਵਿੱਚ ਟਰੰਪ ਦੇ ਪਹਿਲੇ ਕਾਰਜਕਾਲ ਵਿੱਚ 'ਜ਼ੀਰੋ ਟਾਲਰੈਂਸ' ਨੀਤੀ ਅਧੀਨ ਲਗਭਗ 6,000 ਬੱਚਿਆਂ ਨੂੰ ਮਾਪਿਆਂ ਤੋਂ ਵੱਖ ਕੀਤਾ ਗਿਆ ਸੀ। ਇਸ ਵਿਰੋਧ ਵਿੱਚ ਅਦਾਲਤ ਨੇ ਸਮਝੌਤਾ ਕੀਤਾ ਸੀ ਜਿਸ ਅਧੀਨ ਪ੍ਰਭਾਵਿਤ ਪਰਿਵਾਰਾਂ ਨੂੰ ਹਿਊਮੈਨੇਟੇਰੀਅਨ ਪੈਰੋਲ ਅਤੇ ਰਹਿਣ ਦਾ ਅਧਿਕਾਰ ਮਿਲਿਆ। ਜੱਜ ਸਬਰਾਅ ਨੇ ਕਿਹਾ ਕਿ ਹਾਲ ਹੀ ਵਿੱਚ ਡਿਪੋਰਟ ਕੀਤੇ ਤਿੰਨ ਪਰਿਵਾਰ (ਜਿਨ੍ਹਾਂ ਵਿੱਚ ਇੱਕ ਮਾਂ ਅਤੇ ਉਸ ਦੇ ਬੱਚੇ ਸਨ, ਜਿਸ ਵਿੱਚ ਇੱਕ ਅਮਰੀਕੀ ਨਾਗਰਿਕ ਬੱਚਾ ਵੀ ਸ਼ਾਮਲ ਸੀ) ਨੂੰ ਹਾਲਾਂਕਿ 2027 ਤੱਕ ਰਹਿਣ ਦੀ ਇਜਾਜ਼ਤ ਸੀ, ਪਰ ਉਨ੍ਹਾਂ ਨੂੰ ਧੋਖੇ ਨਾਲ ਕੱਢ ਦਿੱਤਾ ਗਿਆ। ਅਮੈਰਿਕਨ ਸਿਵਲ ਲਿਬਰਟੀਜ਼ ਯੂਨੀਅਨ ਨੇ ਇਸ ਫੈਸਲੇ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਟਰੰਪ ਸਰਕਾਰ ਮੁੜ ਪਰਿਵਾਰਾਂ ਨੂੰ ਤੋੜ ਰਹੀ ਹੈ। ਅਦਾਲਤ ਨੇ ਸਰਕਾਰ ਨੂੰ ਇਨ੍ਹਾਂ ਪਰਿਵਾਰਾਂ ਦੇ ਵਾਪਸ ਆਉਣ ਦੇ ਖਰਚੇ ਵੀ ਭਰਨ ਦੇ ਹੁਕਮ ਦਿੱਤੇ ਹਨ।

### ਲੱਖਾਂ ਪ੍ਰਵਾਸੀਆਂ 'ਤੇ ਡਿਪੋਰਟੇਸ਼ਨ ਦੀ ਤਲਵਾਰ

ਟਰੰਪ ਸਰਕਾਰ ਨੇ ਆਪਣੇ ਦੂਜੇ ਕਾਰਜਕਾਲ ਵਿੱਚ ਇਮੀਗ੍ਰੇਸ਼ਨ 'ਤੇ ਸਖ਼ਤੀ ਵਧਾ ਦਿੱਤੀ ਹੈ ਅਤੇ ਲੱਖਾਂ ਲੋਕਾਂ ਨੂੰ ਡਿਪੋਰਟ ਕਰਨ ਦੀ ਯੋਜਨਾ ਬਣਾਈ ਹੈ। ਇਸ ਵਿੱਚ ਪੈਰੋਲ, ਅਸਾਇਲਮ ਜਾਂ ਆਰਜ਼ੀ ਸਟੇਟਸ ਵਾਲੇ ਪ੍ਰਵਾਸੀ ਵੀ ਸ਼ਾਮਲ ਹਨ। ਭਾਰਤੀ ਪ੍ਰਵਾਸੀਆਂ ਵਿੱਚ ਵੀ ਸੈਂਕੜੇ ਅਜਿਹੇ ਲੋਕ ਹਨ ਜਿਨ੍ਹਾਂ ਦੀਆਂ ਅਸਾਇਲਮ ਅਰਜ਼ੀਆਂ ਵਿਚਾਰ ਅਧੀਨ ਹਨ ਪਰ ਸਰਕਾਰ ਉਨ੍ਹਾਂ ਨੂੰ ਖ਼ਤਰੇ ਵਿੱਚ ਪਾ ਰਹੀ ਹੈ। ਇਸ ਫੈਸਲੇ ਨਾਲ ਉਮੀਦ ਜਗੀ ਹੈ ਕਿ ਹੋਰ ਪਰਿਵਾਰ ਵੀ ਰਾਹਤ ਪਾ ਸਕਦੇ ਹਨ। ਪਰ ਇਹ ਫੈਸਲਾ ਸਿਰਫ਼ ਤਿੰਨ ਪਰਿਵਾਰਾਂ ਤੱਕ ਸੀਮਤ ਹੈ ਅਤੇ ਵੱਡੇ ਪੱਧਰ 'ਤੇ ਨੀਤੀ ਨੂੰ ਰੋਕ ਨਹੀਂ ਸਕਦਾ। ਬਹੁਤ ਸਾਰੇ ਪ੍ਰਵਾਸੀ ਅਜੇ ਵੀ ਅਨਿਸ਼ਚਿਤਤਾ ਵਿੱਚ ਜੀ ਰਹੇ ਹਨ।

ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਨੇ ਅਦਾਲਤੀ ਫੈਸਲੇ ਨਾਲ ਅਸਹਿਮਤੀ ਜਤਾਈ ਹੈ। ਸਰਕਾਰੀ ਬੁਲਾਰੇ ਨੇ ਕਿਹਾ ਕਿ ਅਮਰੀਕੀ ਟੈਕਸਪੇਅਰ ਗੈਰ-ਕਾਨੂੰਨੀ ਪ੍ਰਵਾਸੀਆਂ ਦਾ ਬੋਝ ਨਹੀਂ ਝੱਲ ਸਕਦੇ ਅਤੇ ਰਾਸ਼ਟਰਪਤੀ ਨੂੰ ਕੌਮੀ ਸੁਰੱਖਿਆ ਲਈ ਵੀਜ਼ੇ ਰੱਦ ਕਰਨ ਦਾ ਅਧਿਕਾਰ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਵੀਜ਼ਾ ਜਾਂ ਪੈਰੋਲ ਹੋਣ ਨਾਲ ਪੱਕੇ ਰਹਿਣ ਦਾ ਹੱਕ ਨਹੀਂ ਮਿਲਦਾ। ਇਸ ਫੈਸਲੇ ਨਾਲ ਟਰੰਪ ਨੂੰ ਝਟਕਾ ਲੱਗਿਆ ਕਿਉਂਕਿ ਇਹ ਉਨ੍ਹਾਂ ਦੀ ਮੁੱਖ ਨੀਤੀ 'ਮੈਸ ਡਿਪੋਰਟੇਸ਼ਨ' ਨੂੰ ਚੁਣੌਤੀ ਦਿੰਦਾ ਹੈ ਅਤੇ ਅਦਾਲਤਾਂ ਵਿੱਚ ਹੋਰ ਮੁਕੱਦਮੇ ਖੁੱਲ੍ਹ ਸਕਦੇ ਹਨ। ਪਰ ਸਰਕਾਰ ਅਪੀਲ ਕਰ ਸਕਦੀ ਹੈ ਅਤੇ ਇਹ ਲੜਾਈ ਲੰਮੀ ਚੱਲ ਸਕਦੀ ਹੈ। ਇਸ ਨਾਲ ਪ੍ਰਵਾਸੀ ਭਾਈਚਾਰੇ ਵਿੱਚ ਇਸ ਫੈਸਲੇ ਨਾਲ ਉਮੀਦ ਜਗੀ ਹੈ ਕਿ ਅਦਾਲਤਾਂ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨਗੀਆਂ।

# EXILE ਐਕਟ ਨਾਲ H-1B ਵੀਜ਼ਾ ਪ੍ਰੋਗਰਾਮ 'ਤੇ ਖਤਰਾ ਮੰਡਰਾਇਆ, ਭਾਰਤੀ ਪੇਸ਼ੇਵਰਾਂ ਲੱਗੇਗਾ ਝਟਕਾ

- ਅਮਰੀਕੀ ਕਾਮਿਆਂ ਦੇ ਹਿੱਤਾਂ ਨੂੰ ਦਿੱਤੀ ਜਾ ਰਹੀ ਤਰਜੀਹ
- ਸਖ਼ਤ ਨਿਯਮ ਅਤੇ ਵਧਦੀਆਂ ਪਾਬੰਦੀਆਂ ਦਾ ਸਿਲਸਿਲਾ ਜਾਰੀ

ਵਾਸ਼ਿੰਗਟਨ-ਅਮਰੀਕਾ ਵਿੱਚ ਐਚ-ਵੰਨ ਬੀ ਵੀਜ਼ਾ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਇੱਕ ਨਵਾਂ ਬਿੱਲ ਪੇਸ਼ ਕੀਤਾ ਗਿਆ ਹੈ, ਜਿਸ ਨਾਲ ਭਾਰਤੀ ਪੇਸ਼ੇਵਰਾਂ 'ਤੇ ਵੱਡੀ ਤਲਵਾਰ ਲਟਕ ਗਈ ਹੈ। ਫਲੋਰਿਡਾ ਤੋਂ ਰਿਪਬਲਿਕਨ ਕਾਂਗਰਸਮੈਨ ਗ੍ਰੇਗ ਸਟੀਬੇ ਨੇ 9 ਫਰਵਰੀ 2026 ਨੂੰ 'ਐਂਡਿੰਗ ਐਕਸਪਲੋਇਟੇਟਿਵ ਇੰਪੋਰਟਡ ਲੇਬਰ ਐਕਸੈਂਪਸ਼ਨ ਐਕਟ' ਜਾਂ 'ਐਕਜ਼ਾਈਲ ਐਕਟ' ਨਾਂ ਦਾ ਬਿੱਲ ਪੇਸ਼ ਕੀਤਾ। ਇਹ ਬਿੱਲ ਇਮੀਗ੍ਰੇਸ਼ਨ ਐਂਡ ਨੈਸ਼ਨਲਿਟੀ ਐਕਟ ਵਿੱਚ ਸੋਧ ਕਰਕੇ ਐਚ-ਵੰਨ ਬੀ ਵੀਜ਼ਾ ਪ੍ਰੋਗਰਾਮ ਨੂੰ ਖਤਮ ਕਰਨਾ ਚਾਹੁੰਦਾ ਹੈ। ਬਿੱਲ ਅਨੁਸਾਰ, ਫਿਸਕਲ ਈਅਰ 2027 ਤੋਂ ਹੀ ਐਚ-ਵੰਨ ਬੀ ਵੀਜ਼ੇ ਦੀ ਸੀਮਾ ਜ਼ੀਰੋ ਕਰ ਦਿੱਤੀ ਜਾਵੇਗੀ, ਜਿਸ ਨਾਲ ਪ੍ਰੋਗਰਾਮ ਪੂਰੀ ਤਰ੍ਹਾਂ ਬੰਦ ਹੋ ਜਾਵੇਗਾ। ਸਟੀਬੇ ਦਾ ਕਹਿਣਾ ਹੈ ਕਿ ਕਾਰਪੋਰੇਸ਼ਨਾਂ ਨੇ ਇਸ ਪ੍ਰੋਗਰਾਮ ਦੀ ਦੁਰਵਰਤੋਂ ਕੀਤੀ ਹੈ ਅਤੇ ਸਸਤੀ ਵਿਦੇਸ਼ੀ ਲੇਬਰ ਨੂੰ ਅਮਰੀਕਾ ਵਿੱਚ ਲਿਆ ਕੇ ਅਮਰੀਕੀ ਕਾਮਿਆਂ ਨੂੰ ਨੁਕਸਾਨ ਪਹੁੰਚਾਇਆ ਹੈ। ਉਨ੍ਹਾਂ ਅਨੁਸਾਰ, ਇਹ ਪ੍ਰੋਗਰਾਮ ਅਮਰੀਕੀ ਨੌਜਵਾਨਾਂ ਨੂੰ ਨੌਕਰੀਆਂ ਤੋਂ ਵਾਂਝਾ ਕਰ ਰਿਹਾ ਹੈ ਅਤੇ 'ਅਮਰੀਕੀ ਸੁਪਨੇ' ਨੂੰ ਖਤਰੇ ਵਿੱਚ ਪਾ ਰਿਹਾ ਹੈ। ਬਿੱਲ ਦੇ ਸਮਰਥਨ ਵਿੱਚ ਕਿਹਾ ਗਿਆ ਹੈ ਕਿ ਐਚ-ਵੰਨ ਬੀ ਵੀਜ਼ੇ ਦੇ 80 ਫੀਸਦੀ ਤੋਂ ਵੱਧ ਪ੍ਰਾਪਤਕਰਤਾ ਭਾਰਤੀ ਜਾਂ ਚੀਨੀ ਨਾਗਰਿਕ ਹਨ, ਜਿਨ੍ਹਾਂ ਵਿੱਚ ਭਾਰਤੀਆਂ ਦਾ ਹਿੱਸਾ ਸਭ ਤੋਂ ਵੱਧ (ਲਗਭਗ 70-71 ਫੀਸਦੀ) ਹੈ। ਇਸ ਲਈ ਇਹ ਬਿੱਲ ਭਾਰਤੀ ਪੇਸ਼ੇਵਰਾਂ ਲਈ ਸਭ ਤੋਂ ਵੱਡਾ ਝਟਕਾ ਸਾਬਤ ਹੋ ਸਕਦਾ ਹੈ। ਭਾਰਤੀਆਂ 'ਤੇ ਪੈਣ ਵਾਲੇ ਨੁਕਸਾਨ ਬਹੁਤ ਗੰਭੀਰ ਹੋਣਗੇ। ਐਚ-ਵੰਨ ਬੀ ਵੀਜ਼ਾ ਅਮਰੀਕੀ ਟੈਕ ਕੰਪਨੀਆਂ ਵਿੱਚ ਕੰਮ ਕਰਨ ਲਈ ਭਾਰਤੀ ਇੰਜੀਨੀਅਰਾਂ, ਸਾਫਟਵੇਅਰ ਡਿਵੈਲਪਰਾਂ ਅਤੇ ਹੋਰ ਸਕਿੱਲਡ ਪੇਸ਼ੇਵਰਾਂ ਲਈ ਮੁੱਖ ਰਸਤਾ ਹੈ। ਜੇ ਇਹ ਪ੍ਰੋਗਰਾਮ ਖਤਮ ਹੋ ਗਿਆ ਤਾਂ ਹਜ਼ਾਰਾਂ ਭਾਰਤੀ ਪੇਸ਼ੇਵਰ ਨਵੇਂ ਵੀਜ਼ੇ ਨਹੀਂ ਲੈ ਸਕਣਗੇ ਅਤੇ ਮੌਜੂਦਾ ਵੀਜ਼ੇ ਧਾਰਕਾਂ ਨੂੰ ਵੀ ਲੰਬੇ ਸਮੇਂ ਲਈ ਅਮਰੀਕਾ ਵਿੱਚ ਰਹਿਣ ਵਿੱਚ ਮੁਸ਼ਕਲਾਂ ਆਉਣਗੀਆਂ। ਬਹੁਤ ਸਾਰੇ ਭਾਰਤੀ ਐਚ-ਵੰਨ ਬੀ ਰਾਹੀਂ ਅਮਰੀਕਾ ਵਿੱਚ ਕੰਮ ਕਰਕੇ ਗ੍ਰੀਨ ਕਾਰਡ ਅਤੇ ਨਾਗਰਿਕਤਾ ਵੱਲ ਵਧਦੇ ਹਨ। ਇਸ ਦੇ ਖਤਮ ਹੋਣ ਨਾਲ ਇਹ ਰਸਤਾ ਬੰਦ ਹੋ ਜਾਵੇਗਾ, ਜਿਸ ਨਾਲ ਕਰੀਅਰ ਅਤੇ ਪਰਿਵਾਰਕ ਯੋਜਨਾਵਾਂ ਤੇ ਭਾਰੀ ਅਸਰ ਪਵੇਗਾ। ਇਸ ਤੋਂ ਇਲਾਵਾ, ਟਰੰਪ ਪ੍ਰਸ਼ਾਸਨ ਨੇ ਪਹਿਲਾਂ ਹੀ ਐਚ-ਵੰਨ ਬੀ ਵੀਜ਼ੇ 'ਤੇ 100,000 ਡਾਲਰ ਦੀ ਵੱਡੀ ਫੀਸ ਲਗਾਈ ਹੈ, ਜਿਸ ਨਾਲ ਕੰਪਨੀਆਂ ਲਈ ਵੀਜ਼ੇ ਸਪਾਂਸਰ ਕਰਨਾ ਮੁਸ਼ਕਲ ਹੋ ਗਿਆ ਹੈ। ਨਵੇਂ ਨਿਯਮਾਂ ਅਧੀਨ ਸੋਸ਼ਲ ਮੀਡੀਆ ਜਾਂਚ ਅਤੇ ਸਖ਼ਤ ਸਕ੍ਰੀਨਿੰਗ ਕਾਰਨ ਭਾਰਤ ਵਿੱਚ ਵੀਜ਼ਾ ਇੰਟਰਵਿਊ ਮੁਲਤਵੀ ਹੋ ਰਹੇ ਹਨ ਅਤੇ ਕਈ ਵੀਜ਼ਾ ਧਾਰਕ ਭਾਰਤ ਵਿੱਚ ਫਸ ਗਏ ਹਨ।

## ਡੰਗ ਮਨਚੰਦੇ ਦੇ

ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com

ਲੱਸੀ ਦਾ ਡੋਲੂ ਖੋਹ ਕੇ ਲੁਟੇਰੇ ਫਰਾਰ - (ਇੱਕ ਖ਼ਬਰ)



# ਦੁਬਈ ਦੁਨੀਆਂ ਦਾ ਸਭ ਤੋਂ ਵਿਅਸਤ ਹਵਾਈ ਅੱਡਾ ਬਣਿਆ

## ਦੁਬਾਈ ਤੋਂ ਜਾਣ ਵਾਲੇ ਸਭ ਤੋਂ ਵੱਧ 1 ਕਰੋੜ 19 ਲੱਖ ਯਾਤਰੀਆਂ ਦੀ ਮੰਜ਼ਿਲ ਭਾਰਤ ਸੀ, ਜਦ ਕਿ 63 ਲੱਖ ਯਾਤਰੀਆਂ ਨਾਲ ਯੂ ਕੇ ਤੀਜੇ ਸਥਾਨ 'ਤੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਦੁਬਈ ਦੁਨੀਆਂ ਭਰ ਦੇ ਲੋਕਾਂ ਦੀ ਖਿਚ ਦਾ ਕੇਂਦਰ ਬਣਿਆ ਹੋਇਆ ਹੈ। ਯਾਤਰਾ ਕਰਨ ਲਈ ਅਤੇ ਵਪਾਰ ਲਈ ਦੁਬਈ ਅਮੀਰ ਲੋਕਾਂ ਦਾ ਪਸੰਦੀਦਾ ਸਥਾਨ ਹੈ। ਤਾਜ਼ਾ ਅੰਕੜਿਆਂ ਮੁਤਾਬਿਕ ਦੁਬਈ ਅੰਤਰਰਾਸ਼ਟਰੀ ਹਵਾਈ ਅੱਡੇ ਨੇ ਪਿਛਲੇ ਸਾਲ ਦੁਨੀਆ ਦੇ ਸਭ ਤੋਂ ਵਿਅਸਤ ਹਵਾਈ ਅੱਡੇ ਵਜੋਂ ਆਪਣਾ ਤਾਜ ਬਰਕਰਾਰ ਰੱਖਿਆ ਹੈ ਇਸਦੇ ਟਰਮੀਨਲਾਂ ਰਾਹੀਂ ਰਿਕਾਰਡ ਤੋੜ 9 ਕਰੋੜ 52 ਲੱਖ ਯਾਤਰੀਆਂ ਨੇ ਆਵਾਜਾਈ ਕੀਤੀ, ਜੋ ਕਿ ਅਮੀਰਾਤ ਦੇ ਨਿਰੰਤਰ ਆਰਥਿਕ ਉਛਾਲ ਦਾ ਹਿੱਸਾ ਹੈ। ਸੰਯੁਕਤ ਅਰਬ ਅਮੀਰਾਤ ਦੇ ਸਭ ਤੋਂ ਵੱਡੇ ਸ਼ਹਿਰ ਦੀ ਯਾਤਰਾ ਵਿੱਚ ਦੁਨੀਆ ਭਰ ਦੀ ਦਿਲਚਸਪੀ ਦਿਸੀ। ਲਗਾਤਾਰ ਵਧ ਰਹੇ ਸੈਰ-ਸਪਾਟਾ, ਕਾਰੋਬਾਰ ਅਤੇ ਰੀਅਲ ਅਸਟੇਟ ਦੇ ਮੌਕਿਆਂ ਕਾਰਨ ਹਵਾਈ ਅੱਡਾ ਕਰੋਨਾ ਮਹਾਂਮਾਰੀ ਤੋਂ ਬਾਅਦ ਦੇ ਸਾਲਾਂ ਵਿੱਚ ਰਿਕਾਰਡ ਤੋੜ ਰੁਝੇਵਿਆਂ ਭਰਿਆ ਰਿਹਾ ਹੈ। ਦੁਬਈ ਨੇ ਪਿਛਲੇ ਸਾਲ ਸੈਲਾਨੀਆਂ ਵਿੱਚ 5% ਵਾਧਾ ਦਰਜ ਕੀਤਾ, ਜੋ ਕਿ 1 ਕਰੋੜ 96 ਲੱਖ ਵਾਧਾ ਰਿਹਾ, ਜੋ ਕਿ ਰਿਕਾਰਡ ਤੋੜ ਅੰਕੜਿਆਂ ਦਾ ਲਗਾਤਾਰ ਤੀਜਾ ਸਾਲ ਹੈ। ਦੁਬਈ ਹਵਾਈ ਅੱਡੇ 'ਤੇ 2024 ਵਿੱਚ 9 ਕਰੋੜ 23 ਲੱਖ ਯਾਤਰੀ ਆਏ। ਪਿਛਲੇ ਸਾਲ ਦੁਬਈ ਇੰਟਰਨੈਸ਼ਨਲ ਤੋਂ ਸਭ ਤੋਂ ਵੱਧ 1 ਕਰੋੜ 19 ਲੱਖ ਯਾਤਰੀਆਂ ਨੇ ਭਾਰਤ ਲਈ ਉਡਾਣ ਭਾਰੀ, ਸਾਊਦੀ ਅਰਬ ਲਈ 75 ਲੱਖ ਅਤੇ ਬਰਤਾਨੀਆਂ ਲਈ 63 ਲੱਖ ਲੋਕਾਂ ਨੇ ਉਡਾਣ ਭਰੀ ਸੀ। ਅੰਕੜਿਆਂ ਮੁਤਾਬਿਕ 110 ਦੇਸ਼ਾਂ ਦੇ 291 ਸ਼ਹਿਰਾਂ ਵਿੱਚ ਉਡਾਣ ਭਰਨ ਵਾਲੀਆਂ 108 ਏਅਰਲਾਈਨਾਂ ਨੇ ਸੇਵਾਵਾਂ ਦਿੱਤੀਆਂ।



# ਟੋਰਾਂਟੋ 'ਚ ਭ੍ਰਿਸ਼ਟਾਚਾਰ ਮਾਮਲੇ 'ਚ ਕਈ ਪੁਲਿਸ ਅਧਿਕਾਰੀ ਗ੍ਰਿਫ਼ਤਾਰ: ਜਾਂਚ ਜਾਰੀ

*ਵੈਨਕੂਵਰ-(ਮਲਕੀਤ ਸਿੰਘ) – ਕੈਨੇਡਾ ਵਿੱਚ ਟੋਰਾਂਟੋ ਪੁਲਿਸ ਨਾਲ ਜੁੜੇ ਭ੍ਰਿਸ਼ਟਾਚਾਰ ਅਤੇ ਸੰਗਠਿਤ ਅਪਰਾਧ ਦੇ ਮਾਮਲੇ ਵਿੱਚ ਵੱਡੀ ਕਾਰਵਾਈ ਕਰਦਿਆਂ ਕਈ ਪੁਲਿਸ ਅਧਿਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸਥਾਨਕ ਮੀਡੀਆ ਰਿਪੋਰਟਾਂ ਮੁਤਾਬਕ ਇਹ ਕਾਰਵਾਈ ਕਈ ਮਹੀਨਿਆਂ ਤੋਂ ਚੱਲ ਰਹੀ ਗੁਪਤ ਜਾਂਚ ਤੋਂ ਬਾਅਦ ਕੀਤੀ ਗਈ ਹੈ। ਪੁਲਿਸ ਅਧਿਕਾਰੀਆਂ 'ਤੇ ਦੋਸ਼ ਹੈ ਕਿ ਉਹ ਸੰਗਠਿਤ ਅਪਰਾਧੀ ਗਿਰੋਹਾਂ ਨਾਲ ਮਿਲ ਕੇ ਗੁਪਤ ਜਾਣਕਾਰੀ ਸਾਂਝੀ ਕਰ ਰਹੇ ਸਨ ਅਤੇ ਕਾਨੂੰਨੀ ਪ੍ਰਕਿਰਿਆ ਵਿੱਚ ਰੁਕਾਵਟ ਪੈਦਾ ਕਰ ਰਹੇ ਸਨ। ਜਾਂਚ ਏਜੰਸੀਆਂ ਦਾ ਕਹਿਣਾ ਹੈ ਕਿ ਇਹ ਗਤੀਵਿਧੀਆਂ ਸਮਾਜਕ ਸੁਰੱਖਿਆ ਲਈ ਗੰਭੀਰ ਖ਼ਤਰਾ ਬਣ ਰਹੀਆਂ ਸਨ।*

ਇਸ ਸਬੰਧ ਵਿੱਚ ਪ੍ਰੈਸ ਕਾਨਫਰੰਸ ਦੌਰਾਨ ਟੋਰਾਂਟੋ ਪੁਲਿਸ ਦੇ ਅਧਿਕਾਰੀਆਂ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆਂ ਕਿਹਾ ਕਿ ਭ੍ਰਿਸ਼ਟਾਚਾਰ ਦੇ ਖ਼ਿਲਾਫ਼ "ਜ਼ੀਰੋ ਟੋਲਰੈਂਸ" ਨੀਤੀ ਅਪਨਾਈ ਗਈ ਹੈ।ਉਨ੍ਹਾਂ ਦੱਸਿਆ ਕਿ ਇਸ ਸਬੰਧੀ ਸ਼ੁਰੂਆਤੀ ਜਾਂਚ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਵੀ ਹੋ ਸਕਦੀਆਂ ਹਨ। ਅਧਿਕਾਰੀਆਂ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਪੁਲਿਸ ਪ੍ਰਣਾਲੀ ਵਿੱਚ ਪਾਰਦਰਸ਼ਤਾ ਬਣਾਈ ਰੱਖਣ ਲਈ ਹਰ ਸੰਭਵ ਕਦਮ ਚੁੱਕਿਆ ਜਾਵੇਗਾ।ਇਸ ਮਾਮਲੇ ਨੇ ਕੈਨੇਡਾ ਭਰ ਵਿੱਚ ਪੁਲਿਸ ਪ੍ਰਸ਼ਾਸਨ 'ਤੇ ਲੋਕਾਂ ਦੇ ਭਰੋਸੇ ਨੂੰ ਲੈ ਕੇ ਨਵੇਂ ਸਵਾਲ ਖੜ੍ਹੇ ਕਰ ਦਿੱਤੇ ਹਨ। ਸਰਕਾਰ ਅਤੇ ਨਿਗਰਾਨ ਏਜੰਸੀਆਂ ਵੱਲੋਂ ਵੀ ਮਾਮਲੇ 'ਤੇ ਨਜ਼ਰ ਰੱਖੀ ਜਾ ਰਹੀ ਹੈ।ਟੋਰਾਂਟੋ ਪੁਲਿਸ ਦੇ ਉੱਚ ਅਧਿਕਾਰੀ ਭ੍ਰਿਸ਼ਟਾਚਾਰ ਮਾਮਲੇ ਸਬੰਧੀ ਪ੍ਰੈਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦੇ ਹੋਏ।

# ਬਰਤਾਨੀਆਂ ਦੀ ਸੰਸਦ ਦੇ ਨਵੀਨੀਕਰਨ 'ਤੇ 40 ਅਰਬ ਪੌਂਡ ਦੀ ਲਾਗਤ ਅਤੇ 61 ਸਾਲ ਦਾ ਸਮਾਂ ਲੱਗ ਸਕਦਾ



ਬਰਤਾਨੀਆਂ ਦੀ ਸੰਸਦ ਦਾ ਬਾਹਰੀ ਦ੍ਰਿਸ਼

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੀ ਇਤਿਹਾਸਕ ਸੰਸਦ ਦੀ ਇਮਾਰਤ ਦੀ ਮੁਰੰਮਤ ਨੂੰ ਲੈ ਕੇ ਕਾਫੀ ਸਮੇਂ ਤੋਂ ਚਰਚਾ ਚੱਲ ਰਹੀ ਹੈ। ਸੰਸਦ ਦੇ ਨਵੀਨੀਕਰਨ ਨੂੰ ਲੈ ਕੇ ਸੰਸਦ ਮੈਂਬਰਾਂ ਅਤੇ ਲਾਰਡਜ਼ ਨੂੰ ਪੇਸ਼ ਕੀਤੇ ਗਏ ਪ੍ਰਸਤਾਵਾਂ ਦੇ ਤਹਿਤ ਲਗਭਗ 40 ਅਰਬ ਪੌਂਡ ਦੀ ਲਾਗਤ ਆ ਸਕਦੀ ਹੈ ਅਤੇ 61 ਸਾਲ ਦਾ ਸਮਾਂ ਲੱਗ ਸਕਦਾ ਹੈ। ਇਹ ਇਤਿਹਾਸਕ ਇਮਾਰਤ ਦੀ ਲੰਬੇ ਸਮੇਂ ਤੋਂ ਸਾਂਭ ਸੰਭਾਲ ਕਰਦੀ ਆ ਰਹੀ ਟੀਮ ਦੁਆਰਾ ਪੇਸ਼ ਕੀਤਾ ਗਿਆ ਇੱਕ ਵਿਕਲਪ ਹੈ। ਇਸਦੀ ਦੇਖਭਾਲ ਲਈ ਹਫ਼ਤੇ ਵਿੱਚ 15 ਲੱਖ ਪੌਂਡ ਦਾ ਖਰਚਾ ਆਉਂਦਾ ਹੈ।

ਟੀਮ ਨੇ ਇਹ ਵੀ ਸੁਝਾਅ ਦਿੱਤਾ ਸੀ ਕਿ ਜੇ 2032 ਤੋਂ ਅਗਲੇ 24 ਸਾਲਾਂ ਤੱਕ ਸੰਸਦ ਨੂੰ ਵੈਸਟਮਿੰਸਟਰ ਪੈਲੇਸ ਤੋਂ ਬਾਹਰ ਕਰ ਦਿੱਤਾ ਜਾਵੇ ਤਾਂ ਨਵੀਨੀਕਰਨ ਯੋਜਨਾ ਦੀ ਲਾਗਤ 15.6 ਅਰਬ ਪੌਂਡ ਤੱਕ ਹੋ ਸਕਦੀ ਹੈ। ਦੋਵੇਂ ਸਦਨਾਂ ਦੇ ਮੈਂਬਰ ਇਨ੍ਹਾਂ ਦੋ ਵਿਕਲਪਾਂ ਨੂੰ ਲੈ ਕੇ ਬਹਿਸ ਕਰਨਗੇ ਅਤੇ ਵੋਟ ਪਾਉਣਗੇ। ਪ੍ਰਸਤਾਵ ਮੁਤਾਬਿਕ ਜੇ ਹਾਊਸ ਆਫ਼ ਲਾਰਡਜ਼ ਨੂੰ ਇਮਾਰਤ ਤੋਂ ਬਾਹਰ ਕੱਢਿਆ ਜਾਵੇ ਤਾਂ 61 ਸਾਲ ਦੇ ਸਮੈਨ ਵਿੱਚ 39 ਅਰਬ ਪੌਂਡ ਦੀ ਲਾਗਤ ਨਾਲ ਨਵੀਨੀਕਰਨ ਹੋ ਸਕਦਾ ਹੈ। ਸੰਸਦ ਦੀ ਬਹਾਲੀ ਅਤੇ ਨਵੀਨੀਕਰਨ ਟੀਮ ਨੇ ਕਿਹਾ ਕਿ 2030 ਦੇ ਅੱਧ ਤੱਕ ਇੱਕ ਪਸੰਦੀਦਾ ਵਿਕਲਪ 'ਤੇ ਅੰਤਿਮ ਫੈਸਲਾ ਲੈਣ ਦੀ ਲੋੜ ਹੈ। ਟੀਮ ਨੇ ਸੀਮਿਤ ਸ਼ੁਰੂਆਤੀ ਕੰਮਾਂ ਲਈ ਸੱਤ ਸਾਲਾਂ ਵਿੱਚ 3 ਅਰਬ ਪੌਂਡ ਤੱਕ ਖ਼ਰਚ ਦਾ ਪ੍ਰਸਤਾਵ ਰੱਖਿਆ ਹੈ। ਇਸ ਤੋਂ ਇਲਾਵਾ ਨਵੀਂ ਸੰਸਦ ਦੀ ਨਵੀਂ ਆਰਜ਼ੀ ਇਮਾਰਤ ਦੀ ਖੋਜ਼ ਸਬੰਧੀ ਵੀ ਚਰਚਾ ਹੋ ਰਹੀ ਹੈ।


## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ______

SON / DAUGHTER / WIFE OF MR ______

WHOSE PERMANENT ADDRESS IN INDIA IS ______

______

AND IS NOW LIVING AT ______

______ HEREBY GIVE NOTICE OF MY INTENTION

TO CHANGE MY NAME TO ______

TEL ______

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85



## CHANGE OF NAME

I, REHMAT KAUR D/O OF MR MANINDER SINGH WHOSE PERMANENT ADDRESS IN INDIA IS VILLAGE: GIRNO, DISTT: FATEHABAD, PIN:125120, HARYANA, AND NOW LIVING AT, 7 LISMORE PLACE, AIRDRIE, ML68FZ UK. HEREBY GIVE NOTICE OF MY INTENTION TO CHANGE MY NAME TO (GIVEN NAME) KAUR (SURNAME). (U)

I, MS RADHA D/O MR. ASHOK KUMAR WHOSE PERMANENT ADDRESS IN INDIA IS 312, VILL: LAMINI, DISTT: PATHANKOT, PIN: 145001, PANJAB, AND NOW LIVING AT 35 COOTE ROAD, DAGENHAM, RM8 3EA, ESSEX, LONDON, U.K., HEREBY GIVE NOTICE OF MY INTENTION TO CHANGE MY NAME TO RADHA SINGH. (U)

# • ਪੰਜਾਬੀ ਫ਼ਿਲਮ ਦਰਪਣ •

## ਪੰਜਾਬੀ ਫ਼ਿਲਮਾਂ ਦੇ ਸਫ਼ਲ ਹੀਰੋ ਰਹੇ ਪਰਿਵਾਰ ਨਾਲ ਖੁਸ਼ ਮੋਹਨ ਕੁਮਾਰ



ਦਿਨ ਆਉਂਦੇ ਨੇ ਜਾਂਦੇ ਨੇ, ਰਾਤਾਂ ਆਉਂਦੀਆਂ ਜਾਂਦੀਆਂ ਹਨ ਤੇ ਸਿਨੇਮਾ ਨਾਲ ਜੁੜੇ ਇਨਸਾਨ ਵੀ ਉਮਰ ਦੇ ਪੜਾਅ ਗੁਜ਼ਾਰਦੇ ਐਕਟਿੰਗ, ਨਿਰਦੇਸ਼ਨ ਤੇ ਨਿਰਮਾਣ ਨੂੰ ਵਕਤ ਅਨੁਸਾਰ ਚਲਦੇ ਹਨ। ਮੋਹਨ ਕੁਮਾਰ ਉਰਫ ਜਗਮੋਹਨ ਤਲਵਾੜ ਪੰਜਾਬੀ ਫ਼ਿਲਮਾਂ ਦੇ ਲੋਕ ਪ੍ਰਿਅ ਹੀਰੋ ਰਹੇ ਹਨ ਤੇ ਓਹ "ਸ਼ਰੀਕਾ" ਸਮੇਤ ਬਹੁਤ ਸਾਰੀਆਂ ਫ਼ਿਲਮਾਂ ਕਰ ਚੁੱਕੇ ਹਨ। ਮੋਹਨ ਕੁਮਾਰ ਨੇ ਰਮਾ ਵਿੱਜ ਨਾਲ ਫ਼ਿਲਮ "ਕੁੜਮਾਈ" ਵੀ ਕੀਤੀ ਤੇ ਓਹ ਸ਼ਾਨਦਾਰ ਹੀਰੋ ਬਣ ਲੋਕ ਪ੍ਰਿਅ ਹੋਏ। ਓਹਨਾਂ ਦੇ ਪਿਤਾ ਬੂਟਾ ਤਲਵਾੜ ਪੁਰਾਣੀਆਂ ਪੰਜਾਬੀ ਫ਼ਿਲਮਾਂ ਦੇ ਹੀਰੋ ਰਹੇ। ਮੋਹਨ ਕੁਮਾਰ ਯਮੁਨਾ ਪਾਰ ਦਿੱਲੀ ਰਹਿੰਦੇ ਹਨ ਤੇ ਅੱਜ ਵੀ ਓਹ ਐਡ ਫ਼ਿਲਮਾਂ, ਸ਼ੋਰਟ ਫ਼ਿਲਮਾਂ ਤੇ ਵੈੱਬ ਸੀਰੀਜ਼ ਕਰਦੇ ਹਨ। ਨੈੱਟ ਫ਼ਲਿਕਸ ਤੱਕ ਓਹਨਾਂ ਦੀ ਪਹੁੰਚ ਹੈ। ਨਾਲ ਹੀ ਇਹ ਹੀਰੋ ਮੋਹਨ ਕੁਮਾਰ ਆਪਣੇ ਪਰਿਵਾਰ ਲਈ ਹੀਰੋ ਨੇ ਤੇ ਪਤਨੀ ਨਾਲ ਪਿਆਰ ਦੀਆਂ ਤਸਵੀਰਾਂ ਅੱਜ ਵੀ ਸੋਸ਼ਲ ਮੀਡੀਆ ਤੇ ਪਾਉਂਦੇ ਹਨ।ਓਹ ਆਪਣੀ ਲਾਡਲੀ ਬੇਟੀ ਨੂੰ ਬਹੁਤ ਪਿਆਰ ਕਰਦੇ ਹਨ ਤੇ ਦੁਬਈ ਘੁੰਮਣ ਫਿਰਨ ਓਹ ਪਤਨੀ ਤੇ ਬੇਟੀ ਨਾਲ ਗਏ। ਖਾਸ ਗੱਲ ਕਿ ਓਹ ਆਪਣੇ ਪੈਂਤੀ ਚਾਲੀ ਸਾਲ ਪਹਿਲੇ ਮਿੱਤਰਾਂ ਨੂੰ ਵੀ ਮਿਲਦੇ ਹਨ। ਮੋਹਨ ਕੁਮਾਰ ਇੱਕ ਪੰਜਾਬੀ ਫ਼ਿਲਮ ਕਰਨ ਦਾ ਐਲਾਨ ਵੀ ਕਰ ਚੁੱਕੇ ਹਨ। ਹਸਮੁੱਖ ਸੁਭਾਅ ਵਾਲੇ ਉੱਚੇ ਲੰਬੇ ਤੇ ਸੁਨੱਖੇ ਮੋਹਨ ਕੁਮਾਰ ਦੀ ਸਿਹਤਯਾਬੀ ਤੇ ਭਵਿੱਖ ਲਈ ਦੁਆਵਾਂ।

## ਯਾਰ ਅਨਮੁੱਲੇ ਨੇ ਗਾਇਕ ਹਰਪ੍ਰੀਤ ਰੰਧਾਵਾ ਤੇ ਸੰਗੀਤਕਾਰ ਕੁਲਜੀਤ ਮਿਲੇ ਕਨੇਡਾ



ਸਟਾਰ ਮਿਊਜ਼ਿਕ ਡਾਇਰੈਕਟਰ ਕੁਲਜੀਤ ਤੇ ਗਾਇਕ ਹਰਪ੍ਰੀਤ ਰੰਧਾਵਾ ਦੀ ਯਾਰੀ ਜ਼ਿੰਦਾਬਾਦ ਹੈ। ਗਾਇਕ ਹਰਪ੍ਰੀਤ ਰੰਧਾਵਾ ਆਸਥਾ ਵਾਲੇ ਗੀਤਾਂ ਨਾਲ ਆਪਣੀ ਮਜ਼ਬੂਤ ਥਾਂ ਧਾਰਮਿਕ ਗਾਇਕੀ ਵਿੱਚ ਬਣਾ ਚੁੱਕੇ ਹਨ ਤੇ ਸਾਈਂ ਤੇ ਓਹਨਾਂ ਦੇ ਗਾਏ ਗੀਤ ਸਾਈਂ ਭਗਤ ਉਡੀਕਦੇ ਰਹਿੰਦੇ ਹਨ। ਹਰਪ੍ਰੀਤ ਰੰਧਾਵਾ ਨੇ "ਜਿੰਦ ਸਾਈਂ ਸਾਈਂ ਗਾਉਂਦੀ" ਨਾਲ ਸਾਈਂ ਭਗਤ ਖੁਸ਼ ਕੀਤੇ ਹਨ। ਜੈ ਮਿਊਜ਼ਿਕ ਕੰਪਨੀ ਦੇ ਦਫਤਰ ਕੁਲਜੀਤ ਨੇ ਕਿਹਾ ਕਿ ਹਰਪ੍ਰੀਤ ਰੰਧਾਵਾ ਦੀ ਆਵਾਜ਼ ਦਾ ਜਾਦੂ ਬਹੁਤ ਹੀ ਦਿਲਕਸ਼ ਹੈ ਤੇ ਆਸਥਾ ਵਾਲਾ ਗੀਤ ਓਹ ਮਾਸਟਰ ਬਣ ਚੁੱਕਾ ਹੈ। ਸਾਈਆਂ ਦੀ ਮਹਿਮਾ ਸਾਹਿਬ ਢਿੱਲੋਂ ਨੇ ਲਿਖੀ ਹੈ ਤੇ ਸਾਹਿਬ ਢਿੱਲੋਂ ਦੀ ਵੀ ਕੁਲਜੀਤ ਨੇ ਸਿਫ਼ਤ ਕੀਤੀ। ਹਰਪ੍ਰੀਤ ਰੰਧਾਵਾ "ਜਿੰਦ ਸਾਈਂ ਸਾਈਂ ਗਾਉਂਦੀ" ਨਾਲ ਸਾਈਂ ਪਿਆਰਿਆਂ ਦੇ ਦਿਲ ਵਿੱਚ ਵੱਸ ਗਿਆ ਹੈ। ਸੋਢੀ ਨਾਗਰਾ ਰੇਡੀਓ ਰੌਣਕ ਪੰਜਾਬ ਦੀ ਹੱਥੋਂ ਸਨਮਾਨਿਤ ਹੋ ਕਿ ਆਏ ਕੁਲਜੀਤ ਨੇ ਕਿਹਾ ਕਿ ਹਰਪ੍ਰੀਤ ਰੰਧਾਵਾ ਦੀ ਸਾਈਂ ਆਸਥਾ ਦੀ ਗੱਲ। ਕਰਨੀ ਬਨਦੀ ਹੈ। ਕਨੇਡਾ ਰਹਿੰਦੇ ਹੋਏ ਵੀ ਗਾਇਕ ਹਰਪ੍ਰੀਤ ਰੰਧਾਵਾ ਨੇ ਜਿਸ ਤਰਾਂ ਗਾਇਕੀ ਨੂੰ ਟਾਇਮ ਦੇਣਾ ਜ਼ਾਰੀ ਰੱਖਿਆ ਹੋਇਆ ਹੈ ਓਹ ਕੁਲਜੀਤ ਦੀ ਗੱਲ ਅਨੁਸਾਰ ਤਰੀਫ ਦੇ ਕਾਬਿਲ ਹੈ। ਸੰਗੀਤ ਨਿਰਦੇਸ਼ਕ ਕੁਲਜੀਤ ਤੇ ਗਾਇਕ ਹਰਪ੍ਰੀਤ ਰੰਧਾਵਾ ਬੀਤੇ ਦਿਨੀਂ ਰੇਡੀਓ ਹੋਸਟ ਸੋਢੀ ਨਾਗਰਾ ਨਾਲ ਰੂ ਬੂ ਰੂ ਹੋਏ ਸਨ। ਕੁਲਜੀਤ ਤੇ ਹਰਪ੍ਰੀਤ ਰੰਧਾਵਾ ਦੀ ਯਾਰੀ ਤਾਂ ਸਦਕੇ ਜਾਵਾਂ ਬੇਹਤਰੀਨ।

## ਸਟਾਰ ਹੀਰੋਇਨ ਰਹੀ ਪ੍ਰਭੂ ਰੰਗ ਨਾਲ ਰੰਗੀ ਰਜਿੰਦਰ ਰੂਬੀ



ਸੋਹਣੀ ਐਨੀ ਕਿ ਸੈੱਟ ਤੇ ਰਾਤ ਨੂੰ ਬਿਨ ਲਾਈਟਾਂ ਦੇ ਰੌਸ਼ਨੀ ਹੁੰਦੀ ਸੀ ਤੇ "ਦਿਲ ਦਾ ਮਾਮਲਾ" ਫ਼ਿਲਮ ਲਈ ਇਕਬਾਲ ਸਿੰਘ ਢਿੱਲੋਂ ਤੇ ਭੂਸ਼ਨ ਮਦਾਨ ਨੇ ਓਸ ਨੂੰ ਅਮਰ ਨੂਰੀ ਦੇ ਨਾਲ ਬਰਾਬਰ ਦੀ ਨਾਇਕਾ ਲਿਆ ਸੀ। ਓਹ ਹੀਰੋਇਨ ਸੀ ਰਜਿੰਦਰ ਰੂਬੀ ਜਿਹੜੀ ਅੱਜ ਵੀ ਗਾਇਕੀ ਵਿੱਚ ਸਰਗਰਮ ਹੈ ਤੇ ਬਹੁਤ ਕੁੱਝ ਬਦਲ ਗਿਆ ਪਰ ਰੂਬੀ ਦੀ ਸੁੰਦਰਤਾ ਬਰਕਰਾਰ ਹੈ। ਰਜਿੰਦਰ ਰੂਬੀ ਤਦ ਸੁਖਵਿੰਦਰ ਪੰਛੀ ਨਾਲ ਸ਼ੋ ਵੀ ਬਹੁਤ ਕਰਦੀ ਸੀ ਤੇ ਸ਼ੂਟਿੰਗ ਵੀ ਤੇ ਪਹਿਲੀ ਹੀ ਫ਼ਿਲਮ ਗੁੱਗੂ ਗਿੱਲ ਨਾਲ ਕਰ ਕਿ ਓਸ ਦੱਸ ਦਿੱਤਾ ਸੀ ਕਿ ਅਮਰ ਨੂਰੀ ਦਾ ਨਾਮ ਹੈ ਤੇ ਓਹ ਵੀ ਦਿਨਾਂ ਵਿੱਚ ਹੀ ਸਟਾਰ ਬਣੀ ਹੈ। ਖੁਸ਼ਕਿਸਮਤ ਰੂਬੀ ਕਿ ਅਗਲੀ ਫਿਲਮ "ਕਬਜ਼ਾ" ਮਨਜੀਤ ਸਿੰਘ ਸਰਾਂ ਦੀ ਓਸ ਨੇ ਯੋਗਰਾਜ ਸਿੰਘ ਨਾਲ ਕੀਤੀ।ਇਸ ਤਰਾਂ ਗਾਇਕਾ ਹਿੱਟ, ਦੋਗਾਣੇ ਹਿੱਟ ਤੇ ਫ਼ਿਲਮ ਨਾਇਕਾ ਹਿੱਟ ਰਹੀ ਰਜਿੰਦਰ ਰੂਬੀ। ਅੱਜ ਕਲ ਰਜਿੰਦਰ ਰੂਬੀ ਸੋਸ਼ਲ ਮੀਡੀਆ ਤੇ ਸਰਗਰਮ ਹੈ ਤੇ ਓਹ ਨਾਮ ਸਿਮਰਨ ਨਾਲ ਜੁੜੀ ਹੋਈ ਹੈ।ਓਸ ਕਿਹਾ ਕਿ ਬਹੁਤ ਦੇਰ ਬਾਅਦ ਜਾ ਕਿ ਪਤਾ ਚਲਦਾ ਹੈ ਕਿ ਅਕਾਲ ਪੁਰਖ ਦੇ ਨਾਮ ਸਿਮਰਨ ਨਾਲ ਹੀ ਬੇੜੀ ਪਾਰ ਹੋਣੀ ਹੈ ਤੇ ਰੱਬੀ ਸਿਮਰਨ ਵੱਲ ਜੁੜਨ ਦੀ ਰਜਿੰਦਰ ਰੂਬੀ ਬਾਕੀਆਂ ਨੂੰ ਵੀ ਸਲਾਹ ਦਿੰਦੀ ਹੈ।

## ਮਾਡਲ ਕੁੜੀਆਂ ਤੇ ਹੀਰੋਇਨਾਂ ਆਖਣ ਨਹੀਓਂ ਰੀਸਾਂ ਸਰ ਦੀਆਂ ਬਾਲਕ੍ਰਿਸ਼ਨ ਕੋਚਰ



ਜਵਾਨੀ ਵੇਲੇ ਪੱਕੀ ਗੱਲ ਕਿ ਐਕਟਰ ਬਾਲਕ੍ਰਿਸ਼ਨ ਕੋਚਰ ਰਾਜਾ ਏ ਰੋਮਾਂਸ ਰਹੇ ਹੋਣਗੇ। ਓਹਨਾਂ ਦੀ ਦਿੱਖ ਦਲੀਪ ਕੁਮਾਰ ਜਿਹੀ ਤੇ ਲੁਧਿਆਨਾ ਸਟੇਜ ਨਾਟਕਾਂ ਦੇ ਦੌਰ ਵਿੱਚ ਵੀ ਨਾਮਵਰ ਸਟੇਜ ਦੀਆਂ ਐਕਟ੍ਰੈਸ ਓਹਨਾਂ ਤੋਂ ਪ੍ਰਭਾਵਿਤ ਰਹੀਆਂ। ਸਤੀਸ਼ ਕੌਲ ਨਾਲ ਜਦ "ਸੋਹੰ ਮੈਨੂੰ ਪੰਜਾਬ ਦੀ" ਫ਼ਿਲਮ ਓਹਨਾਂ ਕੀਤੀ ਤਦ ਵੀ ਓਹਨਾਂ ਅੱਗੇ ਪਿੱਛੇ ਪ੍ਰੇਮ ਦੀਆਂ ਨਹਿਰਾਂ ਚਲਣ ਵਾਲੀ ਗੱਲ ਸੀ। ਅੱਧੀ ਸਦੀ ਹੋ ਗਈ ਓਹਨਾਂ ਨੂੰ ਐਕਟਿੰਗ ਕਰਦਿਆਂ ਤੇ ਓਹ ਅੱਜ ਵੀ ਤਰੋ ਤਾਜ਼ਾ ਇਨਸਾਨ, ਫ਼ਿੱਟ ਤੇ ਹਿੱਟ ਨਜ਼ਰ ਆਉਂਦੇ ਹਨ। ਮਾਡਲ ਕੁੜੀਆਂ ਤੇ ਐਕਟ੍ਰੈਸ ਓਹਨਾਂ ਤੋਂ ਪ੍ਰਭਾਵਿਤ ਹੁੰਦੀਆਂ ਹਨ। ਬਾਲਕ੍ਰਿਸ਼ਨ ਕੋਚਰ ਨੇ ਪੰਜਾਬੀ ਫ਼ਿਲਮਾਂ ਦੇ ਨਾਲ ਹਿੰਦੀ ਫ਼ਿਲਮਾਂ ਵੀ ਕੀਤੀਆਂ ਹਨ। ਐਡ ਫ਼ਿਲਮਾਂ ਓਹਨਾਂ ਕੋਲ ਹਨ ਤੇ ਵੀਡੀਓ ਗਾਣੇ ਓਹ ਕਰਦੇ ਰਹਿੰਦੇ ਹਨ। ਇਸ ਦੇ ਨਾਲ ਓਹ ਪੰਜਾਬੀ ਸ਼ੋਰਟ ਫ਼ਿਲਮਾਂ ਵੀ ਕਰਦੇ ਹਨ। ਬਾਲਕ੍ਰਿਸ਼ਨ ਕੋਚਰ ਨੇ ਜਿੰਨਾ ਸਮਾਂ ਐਕਟਿੰਗ ਨੂੰ ਅੱਜ ਤੱਕ ਦਿੱਤਾ ਹੈ ਉਹਨਾਂ ਲਈ ਵੱਡਾ ਫ਼ਿਲਮ ਐਵਾਰਡ ਬਣਦਾ ਹੈ। ਬਾਲਕ੍ਰਿਸ਼ਨ ਕੋਚਰ ਦੀ ਸਿਹਤਯਾਬੀ ਤੇ ਤਮੰਨਾ ਲਈ ਸ਼ੁੱਭ ਕਾਮਨਾਵਾਂ ਤੇ ਓਹ ਇੱਕ ਦਿਨ ਨੈਸ਼ਨਲ ਫ਼ਿਲਮ ਐਵਾਰਡ ਪ੍ਰਾਪਤ ਕਰਨ।

## ਬੀਟ ਦੋਗਾਣਾ ਨਾਜ ਨਾਲ ਬਲਜਿੰਦਰ ਪੰਮਾ ਮੱਲ੍ਹੀ ਦਾ ਗੱਭਰੂ ਗੰਡਾਸੇ ਵਰਗਾ




ਪੰਮਾ ਮੱਲ੍ਹੀ ਮਿਊਜ਼ਿਕ ਇਸ ਸਾਲ ਅੱਛੇ ਟਰੈਕ ਰਲੀਜ਼ ਕਰ ਰਹੀ ਆਡੀਓ ਵੀਡਿਓ ਚੈਨਲ ਹੈ ਤੇ ਗਾਇਕ ਪੰਮਾ ਮੱਲ੍ਹੀ ਹੁਣ ਆਪਣਾ ਨਵਾਂ ਦੋਗਾਣਾ "ਗੱਭਰੂ ਗੰਡਾਸੇ ਵਰਗਾ", ਲਿਆ ਰਹੇ ਹਨ। ਇਸ ਗੀਤ ਵਿੱਚ ਪੰਜਾਬ ਦੀ ਨਾਮਚੀਨ ਗਾਇਕਾ ਨਾਜ਼ ਦਾ ਸਾਥ ਹੈ। ਪੰਮਾ ਮੱਲ੍ਹੀ ਨੇ ਦੱਸਿਆ ਕਿ "ਗੱਭਰੂ ਗੰਡਾਸੇ ਵਰਗਾ" ਦੇ ਟਾਈਟਲ ਨਾਲ ਇਹ ਟਰੈਕ ਆ ਰਿਹਾ ਹੈ। ਪੋਸਟਰ ਰਲੀਜ਼ ਹੋ ਕਿ ਸੋਸ਼ਲ ਮੀਡੀਆ ਤੇ ਬੱਲੇ ਬੱਲੇ ਲੈਣ ਵਿੱਚ ਸਫਲ ਹੈ ਤੇ ਇਸ ਡਿਊਟ ਦਾ ਨਿਰਮਾਣ ਬਿੱਟੂ ਲੇਹਲ ਨੇ ਕੀਤਾ ਹੈ। ਪੰਮਾ ਮੱਲ੍ਹੀ ਨੇ ਦੱਸਿਆ ਕਿ ਪ੍ਰਤਾਪ ਪਾਰਸ ਓਸ ਦੀ ਗਾਇਕੀ ਨੂੰ ਬਾਖੂਬ ਜਾਣਦੇ ਨੇ ਤੇ ਓਹਨਾਂ ਹੀ ਇਹ ਡਿਊਟ ਲਿਖਿਆ ਹੈ ਜਦ ਕਿ ਜੱਸੀ ਬ੍ਰਦਰਸ ਨੇ "ਗੱਭਰੂ ਗੰਡਾਸੇ ਵਰਗਾ" ਦਾ ਮਿਊਜ਼ਿਕ ਦਿੱਤਾ ਹੈ। ਸਰੋਤੇ ਖੁਸ਼ੀਆਂ ਦੇ ਪਲ ਇਸ ਨੂੰ ਸੁਣ ਲੈਣਗੇ ਜਦ ਕਿ ਦਰਸ਼ਕ ਵੀਡੀਓ ਦੇਖ ਨਜ਼ਾਰਾ ਅਲੌਕਿਕ ਦੇਖਣਗੇ। ਸਾਹਿਲ ਸ਼ਰਮਾ ਇਸ ਡਿਊਟ ਦੇ ਵੀਡੀਓ ਨਿਰਦੇਸ਼ਕ ਹਨ। ਇੱਕ ਵਾਰ ਪੰਜਾਬੀ ਸੰਗੀਤ ਵਿੱਚ ਜੈ ਜੈ ਕਾਰ ਬਲਜਿੰਦਰ ਸਿੰਘ ਪੰਮਾ ਮੱਲ੍ਹੀ ਦੀ ਹੋਣ ਜਾ ਰਹੀ ਹੈ ਜਦ ਕਿ ਓਹਨਾਂ ਦਾ ਧਾਰਮਿਕ ਗੀਤ "ਜਨਮ ਦਿਹਾੜਾ" ਖੂਬ ਚਰਚਿਤ ਹੋਇਆ ਹੈ। ਨਾਜ਼ ਨੇ ਵੀ ਕਿਹਾ ਹੈ ਕਿ ਪੰਮਾ ਮੱਲ੍ਹੀ ਨਾਲ ਇਹ ਦੋਗਾਣਾ ਸੱਚ ਓਸ ਗੱਭਰੂ ਦੀ ਤਰਾਂ ਮਸਤ ਹੈ ਜਿਵੇਂ ਗੰਡਾਸੇ ਵਰਗਾ ਗੱਭਰੂ ਮਸਤ ਹੁੰਦਾ।

## ਭਰਾਨੀ ਬ੍ਰਦਰਸ ਦੀ ਵੀਡਿਓ ਖੇਤਰ ਵਿੱਚ ਸਰਦਾਰੀ ਹੁਣ ਫ਼ਿਲਮਾਂ ਵੀ ਰਾਜਨ ਭਰਾਨੀ



ਭਰਾਨੀ ਬ੍ਰਦਰਸ ਦੀ ਅੱਛੀ ਗੱਲਬਾਤ ਮਨੋਰੰਜਨ ਸੰਸਾਰ ਵਿੱਚ ਹੈ ਤੇ ਰਾਜਨ ਭਰਾਨੀ ਆਪਣੀ ਮਿਹਨਤ ਸਦਕਾ ਅੱਜ ਟੋਪ ਦੇ ਵੀਡਿਓ ਡਾਇਰੈਕਟਰ ਹਨ। ਇੱਕ ਤੋਂ ਵੱਧ ਕਲਾਕਾਰਾਂ ਦੇ ਵੀਡੀਓ ਦੇ ਚੁੱਕੇ ਨੇ ਤੇ ਯਾਤਰਾ ਜ਼ਾਰੀ ਹੈ। ਗਾਇਕ ਪੰਜਾਬ ਤੇ ਭੱਟੀ ਭਰਾ ਤਾਂ ਓਹਨਾਂ ਦੀ ਕਲਾ ਦੇ ਕਾਇਲ ਹਨ ਜਦ ਕਿ ਅਮਨਿੰਦਰ ਦੋਸਾਂਝ ਆਖਦੇ ਨੇ ਕਿ ਓਹਨਾਂ ਨੂੰ ਚਰਚਿਤ ਕਲਾਕਾਰ ਬਣਾਉਣ ਲਈ ਰਾਜਨ ਜੀ ਦਾ ਅਹਿਮ ਯੋਗਦਾਨ ਹੈ। ਰਾਜਨ ਬਹੁਤ ਸਾਰੀਆਂ ਕਾਮਯਾਬ ਸ਼ੋਰਟ ਤੇ ਵੈੱਬ ਫ਼ਿਲਮਾਂ ਦੇ ਨਿਰਦੇਸ਼ਕ ਹਨ ਤੇ ਆਡੀਓ ਕੰਪਨੀ ਦਾ ਤਜ਼ਰਬਾ ਓਹਨਾਂ ਦੇ ਅੱਜ ਵਰ ਆ ਰਿਹਾ ਹੈ। ਜਲਦੀ ਹੀ ਭ੍ਰਾਨੀ ਬ੍ਰਦਰਜ਼ ਪਾਲੀਵੁੱਡ ਲਈ ਵੱਡੀਆਂ ਫ਼ਿਲਮਾਂ ਕਰਦੇ ਨਜ਼ਰ ਆਉਣਗੇ। ਰਾਜਨ ਦੇ ਕਲਾਕਾਰ ਦੱਸਦੇ ਨੇ ਕਿ ਓਹ ਸ਼ਾਂਤ ਤੇ ਹਸਮੁੱਖ ਸੁਭਾਅ ਨਾਲ ਕੰਮ ਕਲਾਕਾਰ ਤੋਂ ਲੈਂਦੇ ਹਨ ਤੇ ਤਕਨੀਕ ਦੇ ਓਹ ਮਾਹਿਰ ਹਨ। ਜਦ ਤੱਕ ਸੰਤੁਸ਼ਟੀ ਨਾ ਹੋਏ ਓਹ ਟੇਕ ਓਕ ਨਹੀਂ ਕਰਦੇ। ਰਾਜਨ ਭਰਾਨੀ ਇਸ ਸਾਲ ਵੀਡੀਓ ਤੇ ਫ਼ਿਲਮ ਖੇਤਰ ਵਿੱਚ ਬਹੁਤ ਸਾਰੀਆਂ ਪ੍ਰਾਪਤੀਆਂ ਦੇ ਹੱਕਦਾਰ ਬਣਨ ਲਈ ਸਰਗਰਮ ਹਨ। ਬਹੁਤ ਸਾਰੀਆਂ ਮਾਡਲ ਇਹਨਾਂ ਨਾਲ ਵੀਡੀਓ ਤੇ ਫ਼ਿਲਮ ਕਰਕੇ ਅੱਜ ਸੁਪਰ ਸਟਾਰ ਹਨ ਤੇ ਰਾਜਨ ਭਰਾਨੀ ਵੀ ਸਟਾਰ ਡਾਇਰੈਕਟਰ ਬਣਨ ਦੇ ਨਜ਼ਦੀਕ ਹਨ।

-ਅੰਮ੍ਰਿਤ ਪਵਾਰ




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....

**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।**




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

**PANJAB TIMES,** BRIDLE GATE LANE, DERBY, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਹੇਠਾਂ ਦਿੱਤੇ ਅੱਖਰਾਂ ਨੂੰ ਜੋੜ ਕੇ ਪੜਨਾ ਤੇ ਲਿਖਣਾ ਸਿਖੀਏ...

### ਪਾਠ 27

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

To make a word, you need minimum two letters as we see in the above words. Today we make two letter words (ਦੋ ਅੱਖਰੀ ਸ਼ਬਦ) with letters ਪ, ਫ, ਬ, ਭ, ਮ

| | | | | |
|---|---|---|---|---|
| ਪਰ | ਪਕ | ਪਗ | ਪਜ | ਪਬ |
| ਫਲ | ਫਸ | ਫਟ | ਬਸ | ਬਲ |
| ਬਕ | ਭਰ | ਭੜ | ਮਲ | ਮਰ |

Class Exercise : Make two letter words which at least use one of the letters - ਪ, ਫ, ਬ, ਭ, ਮ

Note: Certain words above require the use of adhak; for the purpose of this activity we are leaving these words in mukta form

ਸਿੱਖਿਆ - ਗੁਰਮੁਖੀ    Page 54    Level I

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਗੁਰਮਤਿ ਦਾਰਸ਼ਨਿਕਤਾ ਦਾ ਆਧਾਰ ਸਿੱਖ ਦਾ ਦੇਵਤਾ ਬਣਨ ਵਲ ਸਫ਼ਰ ਹੈ

ਇਕਬਾਲ ਸਿੰਘ ਲਾਲਪੁਰਾ
+91 97800 03333



ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ਅਰਥਾਤ ਸੱਚ ਬੋਲਣਾ, ਸੱਚ ਸੁਣਨਾ, ਸੱਚ ਨੂੰ ਮੰਨਣਾ ਤੇ ਸੱਚ ਦੇ ਰਾਹ ਤੇ ਚੱਲਣਾ ਸਿੱਖ ਧਰਮ ਦਾ ਮੁਢਲਾ ਨਿਯਮ ਹੈ। ਰੱਬ ਨਾਲ ਇਕਮਿਕ ਹੋਣ ਦੀ ਵਿਧੀ ਹੈ, ਗੁਰੂ ਦੇ ਰਾਹ ਵੱਲ ਤੁਰਨਾ। ਸਿੱਖੀ ਕਿਸੇ ਨਵੀਂ ਮਜ਼ਹਬੀ ਰਸਮ ਜਾਂ ਪੂਜਾ-ਪੱਧਤੀ ਦਾ ਨਾਮ ਨਹੀਂ ਹੈ। ਇਹ ਇੱਕ ਮਨੁੱਖੀ ਕ੍ਰਾਂਤੀ, ਇੱਕ ਨੈਤਿਕ ਵਿਕਾਸ ਸੀ-ਡਰ, ਵੈਰ, ਜਾਤ-ਪਾਤ, ਝੂਠ ਅਤੇ ਜ਼ੁਲਮ ਆਧਾਰਿਤ ਸਮਾਜ ਦੀ ਵੰਡ ਦੇ ਖ਼ਿਲਾਫ਼। ਗੁਰੂ ਨਾਨਕ ਦੇਵ ਜੀ ਦੀ ਮਨੁੱਖਤਾ ਨੂੰ ਸਭ ਤੋਂ ਵੱਡੀ ਦੇਣ ਕੋਈ ਧਾਰਮਿਕ ਸੰਸਥਾ ਨਹੀਂ, ਸਗੋਂ ਸਾਧਾਰਨ ਮਨੁੱਖ ਨੂੰ ਦੇਵਤਾ ਬਣਾਉਣ ਦੀ ਪ੍ਰਕਿਰਿਆ ਸੀ।

ਗੁਰੂ ਨਾਨਕ ਦੇਵ ਜੀ ਨੇ ਬ੍ਰਹਮ ਨੂੰ ਦੂਰ ਅਕਾਸ਼ਾਂ ਵਿੱਚ ਵੱਸਦਾ ਹੋਇਆ ਨਹੀਂ ਦੱਸਿਆ। ਉਨ੍ਹਾਂ ਲਈ ਬ੍ਰਹਮ 'ਇਕ ਓਅੰਕਾਰ' ਹੈ-ਨਿਰਭਉ, ਨਿਰਵੈਰ, ਜੋ ਹਰ ਮਨੁੱਖ ਦੇ ਅੰਦਰ ਵੱਸਦਾ ਹੈ। ਬ੍ਰਹਮ ਨੂੰ ਲੱਭਣ ਲਈ ਅੰਦਰ ਝਾਕਣਾ ਪੈਂਦਾ ਹੈ ਅਤੇ ਦੂਜੇ ਮਨੁੱਖ ਵਿੱਚ ਵੀ ਉਸੇ ਜੋਤ ਨੂੰ ਦੇਖਣਾ ਪੈਂਦਾ ਹੈ। ਇਹ ਵਿਚਾਰ ਉਸ ਸਮੇਂ ਦੇ ਹਿੰਸਕ ਅਤੇ ਅਸਮਾਨਤਾਵਾਂ ਨਾਲ ਭਰੇ ਸਮਾਜ ਲਈ ਕ੍ਰਾਂਤੀਕਾਰੀ ਤੇ ਨਵੇਂ ਸਨ।

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥ ਅੰਗ 468

ਸੱਚ ਸਭ ਬਿਮਾਰੀਆਂ ਤੇ ਸਮੱਸਿਆਵਾਂ ਦਾ ਇਲਾਜ ਵੀ ਹੈ। ਅੱਜ ਦੇ ਸਿੱਖ ਸਮਾਜ ਦੀਆਂ ਸਮੱਸਿਆਵਾਂ ਦਾ ਹੱਲ ਵੀ ਸੱਚ ਨੂੰ ਸਮਰਪਣ, ਵਿਚਾਰ ਕਰਨ, ਨੀਤੀ ਘੜਨ ਤੇ ਉਸ ਤੇ ਚੱਲਣ ਵਿੱਚ ਹੈ।

ਸਿੱਖੀ ਅਸਲ ਵਿੱਚ ਮਨੁੱਖ ਤੋਂ ਫ਼ਰਿਸ਼ਤਾ ਬਣਨ ਦੀ ਯਾਤਰਾ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਕਿਵੇਂ ਸੰਸਾਰ ਇਸ ਰਾਹ ਤੋਂ ਭਟਕਦਾ ਆਇਆ ਹੈ।

ਸਿੱਖ ਇਤਿਹਾਸ ਦਾ ਸਭ ਤੋਂ ਪ੍ਰਭਾਵਸ਼ਾਲੀ ਪੱਖ ਉਹ ਹੈ, ਜਿੱਥੇ ਭਿਆਨਕ ਅਪਰਾਧੀ ਵੀ ਗੁਰੂ ਨਾਨਕ ਦੀ ਸੰਗਤ ਨਾਲ ਬਦਲ ਗਏ। ਸੱਜਣ ਠੱਗ, ਜੋ ਯਾਤਰੀਆਂ ਨੂੰ ਠੱਗ ਕੇ ਮਾਰਦਾ ਸੀ; ਭੂਮੀਆ ਚੋਰ, ਜੋ ਡਾਕਿਆਂ ਲਈ ਮਸ਼ਹੂਰ ਸੀ; ਕੌਡਾ ਰਾਖਸ਼ਸ, ਜੋ ਮਨੁੱਖਾਂ ਨੂੰ ਖਾਣ ਵਾਲਾ ਦਰਿੰਦਾ ਸਮਝਿਆ ਜਾਂਦਾ ਸੀ। ਉਨ੍ਹਾਂ ਨੇ ਗੁਰੂ ਉਪਦੇਸ਼ ਕਾਰਣ ਆਪਣੇ ਆਪ ਨੂੰ ਭਟਕਿਆ ਹੋਇਆ ਮਨੁੱਖ ਦੇਖਿਆ। ਇਹੀ ਪਲ ਉਨ੍ਹਾਂ ਦੇ ਅੰਦਰ ਪਸ਼ਚਾਤਾਪ, ਨਿਮਰਤਾ ਅਤੇ ਨਵਾਂ ਜਨਮ ਲੈ ਕੇ ਆਇਆ। ਇਹ ਲੋਕ ਸੇਵਕ ਬਣ ਗਏ, ਰਾਹਗੀਰਾਂ ਦੇ ਰਖਵਾਲੇ ਅਤੇ ਇਤਿਹਾਸਕ ਪਾਤਰ ਬਣੇ। ਇਹ ਸੂਚੀ ਬਹੁਤ ਲੰਬੀ ਹੈ। ਇਹੀ ਸੀ ਸਿੱਖੀ ਦੀ ਵਿਧੀ-''ਸਜ਼ਾ ਨਹੀਂ, ਸੁਧਾਰ''।

ਇਹ ਦੇਵਤੇ ਸੰਸਾਰ ਤੋਂ ਵੱਖ ਨਹੀਂ ਹੋਏ, ਸਿੱਖੀ ਕਦੇ ਵੀ ਸੰਨਿਆਸ ਨਹੀਂ ਸੀ। ਗੁਰੂ ਹਰਿਗੋਬਿੰਦ ਸਾਹਿਬ ਦੇ ਮੀਰੀ-ਪੀਰੀ ਦੇ ਸਿਧਾਂਤ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਖ਼ਾਲਸਾ ਸਾਜਨਾ ਤੱਕ, ਸਿੱਖੀ ਨੇ ਸੰਤ-ਸਿਪਾਹੀ ਤਿਆਰ ਕੀਤੇ ਜੋ ਅਕਾਲ ਪੁਰਖ ਦੀ ਫ਼ੌਜ ਦੇ ਸਿਪਾਹੀ ਬਣ ਮਨੁੱਖੀ ਹੱਕਾਂ ਦੇ ਅਲੰਬਰਦਾਰ ਬਣੇ। ਇਹ ਅਕਾਲ ਪੁਰਖ ਦੇ ਸਿਪਾਹੀ ਆਤਮਿਕ ਤੌਰ 'ਤੇ ਉੱਚੇ, ਨੈਤਿਕ ਤੌਰ 'ਤੇ ਦ੍ਰਿੜ੍ਹ, ਸਮਾਜਿਕ ਤੌਰ 'ਤੇ ਜ਼ਿੰਮੇਵਾਰ ਅਤੇ ਜ਼ੁਲਮ ਦੇ ਖ਼ਿਲਾਫ਼ ਖੜ੍ਹੇ ਹੋਏ। ਇਨ੍ਹਾਂ ਫ਼ਰਿਸ਼ਤਿਆਂ ਨੇ ਹੀ ਭਾਰਤ ਦੀ ਕਿਸਮਤ ਬਦਲੀ ਤੇ ਰਾਜਸੀ ਗੁਲਾਮੀ ਦਾ ਅੰਤ ਕੀਤਾ ਸੀ। ਮੁਗਲ ਹਕੂਮਤ ਦਾ ਜ਼ੁਲਮ, ਜ਼ਬਰਦਸਤੀ ਧਰਮ-ਪਰਿਵਰਤਨ ਅਤੇ ਕਤਲੇਆਮ ਵੀ ਉਨ੍ਹਾਂ ਨੂੰ ਸੱਚੇ ਰਬੀ ਮਾਰਗ ਤੋਂ ਰੋਕ ਨਹੀਂ ਸਕੇ ਸਨ। ਸ਼੍ਰੀ ਗੁਰੂ ਅਰਜਨ ਦੇਵ ਜੀ ਅਤੇ ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨੇ ਸਿੱਖਾਂ ਨੂੰ ਹੋਰ ਮਜ਼ਬੂਤ ਕੀਤਾ ਸੀ। ਸਿੱਖ ਹਿੰਸਕ ਨਹੀਂ ਸਨ, ਉਹ ਧਰਮੀ ਯੋਧੇ ਸਨ ਜੋ ਮਨੁੱਖੀ ਹੱਕਾਂ ਦੇ ਰਾਖੇ ਸਨ। ਸ਼ਸਤਰ ਗਰੀਬ ਦੀ ਰੱਖਿਆ ਤੇ ਜਰਵਾਣੇ ਦੀ ਭਖਿਆ ਲਈ ਉੱਠਦੇ ਸਨ। ਬਾਬਾ ਬੰਦਾ ਸਿੰਘ ਬਹਾਦਰ ਤੇ ਮਹਾਰਾਜਾ ਰਣਜੀਤ ਸਿੰਘ ਦਾ ਸਿੱਖ ਰਾਜ ਸਭ ਤੋਂ ਧਰਮਨਿਰਪੱਖ ਅਤੇ ਪ੍ਰਗਤੀਸ਼ੀਲ ਰਾਜ ਸਨ, ਜਿੱਥੇ ਸਭ ਬਰਾਬਰ ਤੇ ਭਾਈਵਾਲ ਸਨ। ਇਹ ਇਸ ਫ਼ਰਿਸ਼ਤਾਈ ਫ਼ਲਸਫ਼ੇ ਦੀ ਪੇਸ਼ਕਾਰੀ ਸੀ, ਵਿਸ਼ੇਸ਼ ਕਰਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ। ਮੁਸਲਮਾਨ, ਹਿੰਦੂ, ਸਿੱਖ ਸਭ ਉੱਚ ਅਹੁਦਿਆਂ 'ਤੇ ਸਨ, ਸਭ ਨੂੰ ਧਾਰਮਿਕ ਆਜ਼ਾਦੀ ਸੀ। ਮੰਦਰ, ਮਸਜਿਦ ਅਤੇ ਗੁਰਦੁਆਰੇ ਸੁਰੱਖਿਅਤ ਸਨ। ਮਨੁੱਖੀ ਹੱਕ ਅਤੇ ਇਨਸਾਫ਼ ਧਰਮ ਤੋਂ ਉੱਪਰ ਸੀ। ਇਹ ਸਭ ਕੁਝ ਸੰਜੋਗ ਨਹੀਂ ਸੀ, ਬਲਕਿ ਸ਼੍ਰੀ ਗੁਰੂ ਨਾਨਕ ਸਾਹਿਬ ਦੇ 'ਹਲੇਮੀ' ਤੇ 'ਬੇਗਮਪੁਰਾ' ਫ਼ਲਸਫ਼ੇ ਦੀ ਰਾਜਨੀਤਕ ਪੇਸ਼ਕਾਰੀ ਸੀ।

ਬਦਕਿਸਮਤੀ ਨਾਲ ਇਹ ਰਾਜ ਬਾਹਰੀ ਹਮਲਿਆਂ ਨਾਲ ਨਹੀਂ, ਸਗੋਂ ਅੰਦਰੂਨੀ ਟੁੱਟ-ਭੱਜ ਨਾਲ ਤਬਾਹ ਹੋਇਆ। ਅੰਗਰੇਜ਼ ਦੁਸ਼ਮਣ ਤੇਜ਼-ਬੁੱਧੀ ਤੇ ਯੋਜਨਾਬੱਧ ਸੀ। ਮੁਗਲਾਂ ਨੇ ਤਾਂ ਕੇਵਲ ਸਿੱਖ ਕਤਲੇਆਮ ਦਾ ਰਾਹ ਫੜਿਆ ਸੀ, ਜਿਸ ਨਾਲ ਸਿੱਖ ਦੂਣ-ਸਵਾਏ ਹੁੰਦੇ ਰਹੇ। ਅੰਗਰੇਜ਼ਾਂ ਦੀ ਚੋਟ ਯੋਜਨਾਬੱਧ ਸੀ। ਉਨ੍ਹਾਂ ਨੇ ਸਿੱਖਾਂ ਨੂੰ ਸਿਰਫ਼ ਜੰਗ ਵਿੱਚ ਨਹੀਂ ਹਰਾਇਆ, ਸਗੋਂ ਉਨ੍ਹਾਂ ਨੇ ਸਿੱਖੀ ਦੇ ਫ਼ਲਸਫ਼ੇ ਤੇ ਅਸੂਲਾਂ 'ਤੇ ਵੀ ਹਮਲਾ ਕੀਤਾ। ਉਹ ਜਾਣਦੇ ਸਨ ਕਿ ਸਿੱਖ ਤਾਕਤ ਦੀ ਜੜ੍ਹ ਹੈ-''ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ ਤੇ ਦੀਦਾਰ ਖਾਲਸਾ ਦਾ'', ਜਿਸ ਵਿੱਚ ਪੰਥਕ ਏਕਤਾ, ਗੁਰੂ 'ਤੇ ਭਰੋਸਾ ਅਤੇ ਆਤਮਿਕ ਆਜ਼ਾਦੀ ਵਾਲੀ ਸੋਚ ਸ਼ਾਮਲ ਸੀ। ਅੰਗਰੇਜ਼ ਨੇ ਫੁੱਟ ਪਾਉਣ ਲਈ ਨਵੇਂ 'ਵਫ਼ਾਦਾਰ ਸਰਦਾਰ' ਪੈਦਾ ਕੀਤੇ, ਆਜ਼ਾਦ ਹਸਤੀ ਦੇ ਪ੍ਰਤੀਕ ਮਹਾਰਾਜਾ ਦੇ ਵੰਸ਼ ਦਾ ਨਾਸ਼ ਕੀਤਾ, ਸਿੱਖ ਕੌਮ ਦੀ ਪਨੀਰੀ ਨੂੰ ਭਾਰਤੀ ਸਮਾਜ ਵਿੱਚ ਵੰਡਿਆ, ਸਿੱਖਾਂ ਨੂੰ ਗੁਰਮੁਖੀ ਦੀ ਪੜ੍ਹਾਈ ਤੋਂ ਵਾਂਝੇ ਕਰਕੇ ਗੁਰਮਤਿ ਤੋਂ ਦੂਰ ਕੀਤਾ ਅਤੇ ਅਕਾਲ ਦੇ ਪੁਜਾਰੀਆਂ ਦੇ ਸਾਹਮਣੇ ਨਵੇਂ ਬਣਾਏ



'ਬਾਬਿਆਂ' ਨੂੰ ਜਗਤ ਗੁਰੂ ਬਾਬਾ ਨਾਨਕ ਦੇ ਸ਼ਰੀਕ ਖੜ੍ਹੇ ਕਰਕੇ ਭਰਮ ਪੈਦਾ ਕਰ ਦਿੱਤਾ। ਇਸ ਤਰ੍ਹਾਂ ਗੁਰੂ ਨਾਨਕ ਦੇ ਦੇਵਤੇ ਤੇ ਅਕਾਲ ਦੀ ਮੂਰਤ ਹੌਲੀ-ਹੌਲੀ ਰਸਮਾਂ ਤੇ ਦੇਹਧਾਰੀਆਂ ਦੀ ਪਕੜ ਵਿੱਚ ਆ ਗਏ। ਸੇਵਾ ਮਨੁੱਖਤਾ ਦੀ ਬਜਾਏ ਬਾਬਿਆਂ ਤੇ ਰਾਜ ਦੀ ਸ਼ੁਰੂ ਹੋ ਗਈ।

ਅੰਗਰੇਜ਼ 1947 ਈ. ਵਿੱਚ ਚਲੇ ਗਏ, ਪਰ ਗੁਲਾਮੀ ਦੀ ਸੋਚ ਵਾਲੀ ਜ਼ੰਜੀਰ ਸਿੱਖ ਕੌਮ ਦੇ ਗਲੇ ਵਿੱਚ ਪਈ ਰਹਿ ਗਈ। ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ ਰਾਜਕੁਮਾਰੀ ਬੰਬਾਂ ਤੇ ਲਾਹੌਰ ਦਾ ਸਿੱਖ ਰਾਜ ਪਿੱਛੇ ਛੱਡ ਦਿੱਤਾ ਗਿਆ, ਕਿਉਂਕਿ 1849 ਈ. ਤੋਂ ਖਾਲਸਾ ਦੇ ਆਜ਼ਾਦ ਦੇਸ਼ ਲਾਹੌਰ ਦੀ ਬਹਾਲੀ ਲਈ ਕੋਈ ਵੀ ਸੰਘਰਸ਼ ਕੌਮ ਵੱਲੋਂ ਨਹੀਂ ਹੋਇਆ ਸੀ।

ਭਾਰਤ ਦੀ ਆਜ਼ਾਦੀ ਤੋਂ ਬਾਅਦ ਵੀ ਸਿੱਖ ਸਮਾਜ ਨੂੰ ਰਾਜਨੀਤੀ ਤੋਂ ਅਣਜਾਣ, ਦ੍ਰਿਸ਼ਟੀਹੀਣ ਤੇ ਸਵਾਰਥੀ ਨੇਤਾਵਾਂ ਨੇ ਰੋਲ ਦਿੱਤਾ। ਗੁਰੂ ਨਾਨਕ ਦੀ ਬ੍ਰਹਿਮੰਡੀ ਸੋਚ ਦੀ ਥਾਂ ਸੰਕੁਚਿਤ ਸੋਚ, ਡਰ ਦਾ ਵਪਾਰ ਤੇ ਸਿੱਖ ਪਛਾਣ ਦੇ ਖ਼ਤਰੇ ਦੀ ਰਾਜਨੀਤੀ ਨੇ ਲੈ ਲਈ; ਇਸ ਵਿੱਚੋਂ ਧਰਮ ਪ੍ਰਚਾਰ ਤੇ ਪ੍ਰਸਾਰ ਮਨਫ਼ੀ ਸੀ। ਇਹ ਸਾਰਾ ਕੁਝ ਸਮੂਹਿਕ ਕੌਮੀ ਨੁਕਸਾਨ ਦਾ ਕਾਰਨ ਬਣਿਆ। ਨਤੀਜਾ-ਇੱਕ ਅਜਿਹੀ ਕੌਮ ਜੋ ਮਨੁੱਖਤਾ ਦੀ ਅਗਵਾਈ ਕਰ ਸਕਦੀ ਸੀ, ਆਪਣੇ ਹੀ ਪਰਛਾਵੇਂ ਤੋਂ ਡਰਨ ਲੱਗ ਪਈ ਹੈ।

ਇਹ ਹੀ ਮੌਕਾ ਸੀ ਜਦੋਂ ਸਿੱਖ ਨੌਜਵਾਨੀ ਗਲਤ ਰਾਹਾਂ ਵੱਲ ਧੱਕੀ ਗਈ। ਸਭ ਤੋਂ ਦੁੱਖਦਾਈ ਅਧਿਆਇ ਉਦੋਂ ਸ਼ੁਰੂ ਹੋਇਆ, ਜਦੋਂ ਗੁਰੂ ਨਾਨਕ ਦੇ ਫ਼ਲਸਫ਼ੇ ਤੋਂ ਟੁੱਟੀ ਹੋਈ ਜਵਾਨੀ ਨੂੰ ਨਕਸਲਵਾਦ ਅਤੇ ਹਿੰਸਾ, ਗੈਂਗਸਟਰਵਾਦ ਤਾਕਤਾਂ ਵੱਲੋਂ ਵਰਤਿਆ ਜਾਣਾ ਆਰੰਭ ਹੋਇਆ, ਜਿਸ ਵਿੱਚ ''ਬਦਲਾ'', ''ਗੁੱਸਾ'' ਤੇ ''ਹਿੰਸਾ'' ਸਾਧਨ ਬਣ ਗਏ। ਗੁਰਮਤਿ ਇਨ੍ਹਾਂ ਤੋਂ ਬਿਲਕੁਲ ਉਲਟ ਹੈ। ਹੁਣ ਵਾਰੀ ਹਿੰਦੁਸਤਾਨ ਵਿਰੋਧੀ ਕੀ ਦੇਵਤਾ ਕਦੇ ਹਿੰਸਕ ਹੋ ਸਕਦਾ ਹੈ?

ਧਰਮ ਦੇ ਦੋ ਪੱਖ 'ਸਿਮਰਨ ਤੇ ਸੇਵਾ' ਗੁਰਮਤਿ ਦਾ ਫ਼ਲਸਫ਼ਾ ਹੈ। ਧਰਮਸ਼ਾਲ ਜਾਂ ਗੁਰਦੁਆਰਾ ਕੇਵਲ ਕਰਮ-ਕਾਂਡ ਲਈ ਇਮਾਰਤ ਨਹੀਂ, ਸੇਵਾ ਰਾਹੀਂ ਧਰਮ ਕਮਾਉਣ ਦੀ ਸੰਸਥਾ ਹੈ ਜੋ ਕੁਲ ਮਨੁੱਖਤਾ ਲਈ ਹੈ। ਪਰ ਅੱਜ ਸਿੱਖੀ ਨੂੰ ਸਿਰਫ਼ ਗੁਰਦੁਆਰੇ ਤੱਕ ਸੀਮਿਤ ਕਰ ਦਿੱਤਾ ਗਿਆ ਹੈ। ਅਸਲ ਵਿੱਚ ਗੁਰਦੁਆਰਾ ਸਿੱਖ ਸਮਾਜਿਕ ਕੇਂਦਰ ਹੈ, ਲੰਗਰ ਸਮਾਨਤਾ ਦਾ ਪ੍ਰਯੋਗ ਹੈ, ਕੀਰਤਨ ਨੈਤਿਕ ਜਾਗਰੂਕਤਾ ਹੈ, ਰਹਿਤ ਅਨੁਸ਼ਾਸਨ ਹੈ-ਕੇਵਲ ਰਸਮ ਨਹੀਂ। ਜਦੋਂ ਕੋਈ ਵੀ ਵਿਧੀ ਰਸਮ ਬਣ ਜਾਂਦੀ ਹੈ, ਤਾਂ ਉਸ ਦੀ ਆਤਮਾ ਖੋ ਜਾਂਦੀ ਹੈ।

ਕਰਮ-ਕਾਂਡ ਤੋਂ ਮੁਕਤੀ ਨਿਰਮਲ ਪੰਥ ਦੀ ਰੂਹ ਹੈ। 20ਵੀਂ ਸਦੀ ਦਾ ਗੁਰਦੁਆਰਾ ਸੁਧਾਰ ਅੰਗਰੇਜ਼ਾਂ ਨੇ ਕੁਝ ਗੁਰਦੁਆਰਾ ਸਾਹਿਬਾਨ ਤੱਕ ਹੀ ਸੀਮਿਤ ਕਰ ਦਿੱਤਾ ਸੀ। ਅੱਜ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਕੋਲ ਕਰੀਬ 500, ਹਰਿਆਣਾ ਕਮੇਟੀ ਕੋਲ 52 ਤੇ ਦਿੱਲੀ ਕਮੇਟੀ ਕੋਲ 10 ਹੀ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਹੈ। ਦੇਸ਼ ਭਰ ਵਿੱਚ ਗੁਰੂ-ਘਰਾਂ ਦੀ ਗਿਣਤੀ ਤਾਂ ਹਜ਼ਾਰਾਂ ਵਿੱਚ ਹੈ। ਗੁਰੂ-ਘਰਾਂ ਵਿੱਚ ਪ੍ਰਬੰਧਕਾਂ ਦੀ ਲੜਾਈ ਸ਼ਕਤੀ ਲਈ ਹੈ। ਕੌਮੀ ਸਰਮਾਇਆ ਜੇਕਰ ਪ੍ਰਚਾਰ, ਪ੍ਰਸਾਰ ਤੇ ਵਿੱਦਿਆ ਤੇ ਖ਼ਰਚਿਆ ਜਾਂਦਾ ਤਾਂ ਸਥਿਤੀ ਕਿਧਰੇ ਚੰਗੀ ਹੁੰਦੀ। ਕੌਮ ਦੀ ਪੁਰਾਤਨ ਫ਼ਲਸਫ਼ੇ ਤੇ ਸ਼ਾਨ ਵੱਲ ਮੁੜ ਵਾਪਸੀ ਕੁਝ ਮੁਸ਼ਕਲ ਲੱਗਦੀ ਹੈ, ਪਰ ਅਸੰਭਵ ਨਹੀਂ ਹੈ। 'ਦੇਵਤਾ ਜੀਵਨ' ਦੀ ਵਿਧੀ ਤੇ ਮਰਿਆਦਾ ਗੁਰੂ ਸਾਹਿਬਾਨ ਨੇ ਆਪਣੀ ਕਲਮ ਨਾਲ ਅੰਕਿਤ ਕੀਤੀ ਹੋਈ ਹੈ। ਜੇ ਸੱਜਣ ਠੱਗ ਬਦਲ ਸਕਦਾ ਹੈ, ਜੇ ਕੌਡਾ ਰਾਖਸ਼ਸ ਜਾਗ ਸਕਦਾ ਹੈ, ਤਾਂ ਸਿੱਖ ਕਿਉਂ ਨਹੀਂ?

ਬੱਸ ਲੋੜ ਹੈ-ਗੁਰੂ ਨਾਨਕ ਦੇ ਫ਼ਲਸਫ਼ੇ ਨਾਲ ਮੁੜ ਜੁੜਨ ਦੀ, ਡਰ ਦੀ ਰਾਜਨੀਤੀ ਤਿਆਗਣ ਦੀ, ਨੈਤਿਕ ਤੇ ਕਿਰਦਾਰ ਵਾਲੀ ਲੀਡਰਸ਼ਿਪ ਪੈਦਾ ਕਰਨ ਦੀ, ਨੌਜਵਾਨੀ ਨੂੰ ਫ਼ਲਸਫ਼ੇ ਤੇ ਇਤਿਹਾਸ ਨਾਲ ਜੋੜਨ ਦੀ।

ਆਓ 'ਦੇਵਤਾ-ਪਣ' ਦੁਬਾਰਾ ਪ੍ਰਗਟ ਕਰਨ ਦੀ ਯੋਜਨਾ ਬਣਾਈਏ। ਸਿੱਖੀ 'ਪੀੜਤ' ਬਣਾਉਣ ਲਈ ਨਹੀਂ ਬਣੀ ਸੀ, ਸਗੋਂ ਚੜ੍ਹਦੀ ਕਲਾ ਵਾਲੇ ਫ਼ਰਿਸ਼ਤੇ ਬਣਾਉਣ ਲਈ ਪ੍ਰਗਟ ਹੋਈ ਸੀ। ਦੇਵਤੇ ਉਹ ਹੁੰਦੇ ਹਨ ਜੋ ਜ਼ੁਲਮ ਦੇ ਖ਼ਿਲਾਫ਼ ਖੜ੍ਹਦੇ ਹਨ, ਕਮਜ਼ੋਰਾਂ ਦੀ ਰੱਖਿਆ ਕਰਦੇ ਹਨ, ਸੱਚ ਬੋਲਦੇ ਤੇ ਸੱਚਾ ਆਚਾਰ ਰੱਖਦੇ ਹਨ, ਨਿਰਭਉ ਅਤੇ ਨਿਰਵੈਰ ਜੀਵਨ ਜੀਉਂਦੇ ਹਨ। ਮਨੁੱਖ ਤੋਂ ਦੇਵਤਾ ਬਣਨ ਦਾ ਰਸਤਾ ਗੁਰੂ ਨਾਨਕ ਦੀ ਮਨੁੱਖਤਾ ਨੂੰ ਸਭ ਤੋਂ ਵੱਡੀ ਦੇਣ ਹੈ। ਇਸ ਮਾਰਗ ਤੋਂ ਪਿੱਛੇ ਹਟਣਾ ਸਾਡੀ ਕਿਸਮਤ ਨਹੀਂ, ਸਗੋਂ ਰਹਿਤ ਤੋਂ ਦੂਰ ਜਾਣਾ ਹੈ। ਆਓ ਯੋਜਨਾ ਬਣਾਈਏ, ਵਿਚਾਰ ਕਰੀਏ ਤੇ ਨਿਸ਼ਚਾ ਕਰ ਜਿੱਤ ਵੱਲ ਵਧੀਏ-ਮਨੁੱਖਤਾ ਲਈ, ਭਾਰਤ ਲਈ, ਗੁਰੂ ਨਾਨਕ ਦੇ ਸੁਪਨੇ ਲਈ ਤੇ ਪੰਥ ਦੀ ਚੜ੍ਹਦੀ ਕਲਾ ਲਈ।

ਸਾਬਕਾ ਚੇਅਰਮੈਨ, ਕੌਮੀ ਘੱਟ-ਗਿਣਤੀ ਕਮਿਸ਼ਨ, ਭਾਰਤ ਸਰਕਾਰ

# ਅੰਡਰ-19 ਕ੍ਰਿਕਟ ਵਿਸ਼ਵ ਕੱਪ ਵਿੱਚ ਚਮਕਿਆ ਹਰਿਆਣਾ ਦਾ ਕਨਿਸ਼ਕ ਚੌਹਾਨ

**ਜਗਤਾਰ ਸਮਾਲਸਰ**
ਏਲਨਾਬਾਦ, ਸਿਰਸਾ (ਹਰਿਆਣਾ)
ਸੰਪਰਕ- 94670-95953



ਮੂਲ ਰੂਪ ਵਿੱਚ ਹਰਿਆਣਾ ਦੇ ਝੱਜਰ ਜ਼ਿਲੇ ਦੇ ਕੁਲਾਣਾ ਪਿੰਡ ਦੇ ਰਹਿਣ ਵਾਲੇ ਅਤੇ ਹੁਣ ਸਿਰਸਾ ਵਿਖੇ ਰਹਿ ਰਹੇ ਕ੍ਰਿਕੇਟ ਖਿਡਾਰੀ ਕਨਿਸ਼ਕ ਚੌਹਾਨ ਨੇ ਅੰਡਰ-19 ਕ੍ਰਿਕਟ ਵਿਸ਼ਵ ਕੱਪ ਮੈਚਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਇੱਕ ਵਾਰ ਫਿਰ ਚੋਣਕਾਰਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ।






ਅੰਡਰ-19 ਕ੍ਰਿਕਟ ਵਿਸ਼ਵ ਕੱਪ ਦੌਰਾਨ ਪਾਕਿਸਤਾਨ ਖਿਲਾਫ ਖੇਡੇ ਗਏ ਮੈਚ ਵਿੱਚ ਉਸਨੇ ਮੈਨ ਆਫ ਦਿ ਮੈਚ ਦਾ ਪੁਰਸਕਾਰ ਜਿੱਤਿਆ। ਇਸ ਮੈਚ ਵਿੱਚ ਕਨਿਸ਼ਕ ਨੇ 29 ਗੇਂਦਾਂ ਵਿੱਚ 35 ਦੌੜਾਂ ਬਣਾਈਆਂ ਅਤੇ ਪਾਕਿਸਤਾਨ ਵਿਰੁੱਧ ਇੱਕ ਵਿਕਟ ਲਈ। ਕਨਿਸ਼ਕ ਚੌਹਾਨ ਨੇ ਲਗਾਤਾਰ ਦੂਜੀ ਵਾਰ ਪਾਕਿਸਤਾਨ ਵਿਰੁੱਧ ਮੈਚ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਤੋਂ ਪਹਿਲਾਂ ਕਨਿਸ਼ਕ ਚੌਹਾਨ ਨੇ ਦੁਬਈ ਵਿੱਚ ਪਾਕਿਸਤਾਨ ਵਿਰੁੱਧ ਏਸ਼ੀਆ ਕੱਪ ਮੈਚ ਵਿੱਚ ਮੈਨ ਆਫ ਦਿ ਮੈਚ ਦਾ ਪੁਰਸਕਾਰ ਵੀ ਜਿੱਤਿਆ ਸੀ। ਉਸ ਮੈਚ ਦੌਰਾਨ ਕਨਿਸ਼ਕ ਚੌਹਾਨ ਨੇ 48 ਦੌੜਾਂ ਬਣਾਈਆਂ ਅਤੇ 3 ਵਿਕਟਾਂ ਲਈਆਂ ਸਨ।

ਕਨਿਸ਼ਕ ਚੌਹਾਨ ਇੱਕ ਆਲਰਾਊਂਡਰ ਖਿਡਾਰੀ ਹੈ। ਇਸ ਵਾਰ ਉਹ ਇੰਡੀਅਨ ਪ੍ਰੀਮੀਅਰ ਲੀਗ ਵਿੱਚ ਰਾਇਲ ਚੈਲੇਂਜਰਜ਼ ਬੰਗਲੌਰ ਲਈ ਖੇਡੇਗਾ। ਆਰਸੀਬੀ ਨੇ ਕਨਿਸ਼ਕ ਨੂੰ 30 ਲੱਖ ਰੁਪਏ ਦੇ ਬੇਸ ਪ੍ਰਾਈਸ ਤੇ ਟੀਮ ਵਿੱਚ ਸ਼ਾਮਲ ਕੀਤਾ ਹੈ। ਕਨਿਸ਼ਕ ਦੇ ਪਿਤਾ ਪਰਦੀਪ ਕੁਮਾਰ ਇੱਕ ਕਿਸਾਨ ਹਨ ਅਤੇ ਉਸਦੀ ਮਾਂ ਸਰਿਤਾ ਇੱਕ ਘਰੇਲੂ ਔਰਤ ਹੈ। ਕਨਿਸ਼ਕ ਦਾ ਜਨਮ 26 ਸਤੰਬਰ, 2006 ਨੂੰ ਹੋਇਆ। ਉਹ ਪਰਿਵਾਰ ਦਾ ਇਕਲੌਤਾ ਪੁੱਤ ਹੈ। ਕਨਿਸ਼ਕ ਨੇ ਛੋਟੀ ਉਮਰ ਤੋਂ ਹੀ ਕ੍ਰਿਕਟ ਖੇਡਣੀ ਸ਼ੁਰੂ ਕੀਤੀ। ਉਹ 4 ਸਾਲ ਦੀ ਉਮਰ ਵਿੱਚ ਗਾਜ਼ੀਆਬਾਦ ਵਿੱਚ ਇੱਕ ਅਕੈਡਮੀ ਵਿੱਚ ਸ਼ਾਮਲ ਹੋਇਆ।

ਕਨਿਸ਼ਕ 8 ਸਾਲ ਦੀ ਉਮਰ ਵਿੱਚ ਸਿਰਸਾ ਵਿੱਚ ਇੱਕ ਟ੍ਰਾਇਲ ਲਈ ਆਇਆ ਸੀ। ਡੇਰਾ ਸੱਚਾ ਸੌਦਾ ਸਿਰਸਾ ਦੀਆਂ ਸਹੂਲਤਾਂ ਸ਼ਾਨਦਾਰ ਸਨ ਇਸ ਲਈ ਉਸਨੇ ਇੱਥੇ ਨਿਯਮਤ ਕੋਚਿੰਗ ਸ਼ੁਰੂ ਕੀਤੀ। 2014 ਵਿੱਚ ਪਰਿਵਾਰ ਆਪਣੇ ਪੁੱਤ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਝੱਜਰ ਤੋਂ ਸਿਰਸਾ ਆ ਗਿਆ।

ਫਿਰ ਕਨਿਸ਼ਕ ਨੇ ਡੇਰਾ ਸੱਚਾ ਸੌਦਾ ਦੇ ਸ਼ਾਹ ਸਤਨਾਮ ਜੀ ਸਟੇਡੀਅਮ ਵਿੱਚ ਕ੍ਰਿਕਟ ਖੇਡਣਾ ਸ਼ੁਰੂ ਕੀਤਾ। ਲਗਭਗ 14-15 ਸਾਲਾਂ ਦੀ ਸਿਖਲਾਈ ਤੋਂ ਬਾਅਦ ਕਨਿਸ਼ਕ ਨੂੰ 2024 ਵਿੱਚ ਆਪਣਾ ਪਹਿਲਾ ਅੰਤਰਰਾਸ਼ਟਰੀ ਮੌਕਾ ਮਿਲਿਆ ਜਦੋਂ ਉਸਨੂੰ ਅੰਡਰ-19 ਟੀਮ ਲਈ ਚੁਣਿਆ ਗਿਆ। ਉਸਨੇ ਆਪਣਾ ਪਹਿਲਾ ਮੈਚ ਇੰਗਲੈਂਡ ਦੀ ਟੀਮ ਵਿਰੁੱਧ ਖੇਡਿਆ। ਕਨਿਸ਼ਕ ਨੇ ਇੰਗਲੈਂਡ ਵਿੱਚ ਪੰਜ ਇੱਕ ਰੋਜ਼ਾ ਮੈਚ ਖੇਡੇ। ਇਸ ਦੌਰਾਨ ਉਸਨੇ ਅੱਠ ਵਿਕਟਾਂ ਲਈਆਂ ਅਤੇ 114 ਦੌੜਾਂ ਬਣਾਈਆਂ। ਇਸ ਪ੍ਰਦਰਸ਼ਨ ਕਾਰਨ ਕਨਿਸ਼ਕ ਨੂੰ ਸੀਰੀਜ਼ ਦਾ ਸਰਵੋਤਮ ਆਲ-ਰਾਊਂਡਰ ਦੇ ਇਨਾਮ ਨਾਲ ਨਵਾਜ਼ਿਆ ਗਿਆ।

ਇੰਗਲੈਂਡ ਦੇ ਆਪਣੇ ਪਹਿਲੇ ਦੌਰੇ ਤੇ ਉਸਦੇ ਪ੍ਰਦਰਸ਼ਨ ਦੇ ਆਧਾਰ ਤੇ ਕਨਿਸ਼ਕ ਨੂੰ ਆਸਟ੍ਰੇਲੀਆ ਦੌਰੇ ਲਈ ਚੁਣਿਆ ਗਿਆ ਸੀ। ਫਿਰ ਉਹ ਚੈਲੇਂਜਰ ਟਰਾਫੀ ਅਤੇ ਅਫਗਾਨਿਸਤਾਨ ਵਿਰੁੱਧ ਖੇਡਿਆ। ਉੱਥੇ ਉਸਦੇ ਪ੍ਰਦਰਸ਼ਨ ਦੇ ਆਧਾਰ ਤੇ ਉਸਨੂੰ ਅੰਡਰ-19 ਏਸ਼ੀਆ ਕੱਪ ਲਈ ਟੀਮ ਵਿੱਚ ਸ਼ਾਮਲ ਕੀਤਾ ਗਿਆ।

# ★ ਮਿੰਨੀ ਕਹਾਣੀਆਂ ★

## ਬੇਗਾਨਾ ਘਰ

ਗੁਰਜੀਤ ਨੇ ਪਿੰਡ ਦੇ ਬਾਹਰਵਾਰ ਨਵੀਂ ਕੋਠੀ ਬਣਾਉਣ ਦਾ ਫੈਸਲਾ ਕੀਤਾ ਅਤੇ ਉਸ ਨੇ ਆਪਣੀ ਘਰਵਾਲੀ ਬੰਸੋ ਨਾਲ਼ ਸਲਾਹ ਕਰਕੇ ਸ਼ਹਿਰੋਂ ਇੱਕ ਨਕਸ਼ਾ ਬਣਵਾ ਲਿਆ। ਘਰ ਦੇ ਵਿਹੜੇ ਵਿੱਚ ਸਾਰਾ ਪਰਿਵਾਰ ਬੜੇ ਈ ਚਾਅ ਨਾਲ਼ ਨਕਸ਼ੇ ਵੱਲ ਵੇਖ ਰਿਹਾ ਸੀ। ਦੋਵੇਂ ਬੱਚਿਆਂ ਦੇ ਚਿਹਰੇ ਵੀ ਖੁਸ਼ੀ ਨਾਲ਼ ਫੁੱਲੇ ਨਹੀਂ ਸਮਾ ਰਹੇ ਸਨ। ਰੀਝ ਲਾ ਕੇ ਨਕਸ਼ਾ ਦੇਖਦੀ ਹੋਈ ਗੁਰਜੀਤ ਦੀ ਬੇਟੀ ਬਲਜੀਤ ਕਹਿਣ ਲੱਗੀ, ਹਾਅ ਪਾਪਾ !! ਕਿੰਨਾ ਸੋਹਣਾ ਘਰ ਬਣੂ ਆਪਣਾ ! ਆਹ ਮੂਹਰੇ ਆਲ਼ਾ ਕਮਰਾ ਤਾਂ ਮੈ ਰੱਖੂੰਗੀ, ਨਾਲ਼ੇ ਓਹ ਉਤਲਾ ਚੁਬਾਰਾ ਵੀਂ !!"

ਇਹ ਸੁਣਦੇ ਹੀ ਪੁੱਤਰ ਮਨਜੋਤ ਬੋਲਿਆ, "ਵੱਡੀ ਆਈਂ ਐਂ !! ਐਂਏਂ ਕਿਵੇਂ ਤੂੰ ਰੱਖੇਂਗੀ !! ਓਹ ਚੁਬਾਰਾ ਤਾਂ ਬਈ ਮੇਰਾ ਐ"

"ਫੇਰ ਬਈ ਹੇਠਾਂ ਆਲ਼ੇ ਸਾਰੇ ਕਮਰੇ ਮੇਰੇ !!" ਬਲਜੀਤ ਮੇਰ ਮਾਰਦਿਆਂ ਬੋਲੀ।

"ਇੱਕ ਕਮਰਾ ਮੈਂ ਹੇਠਾਂ ਤੋਂ ਵੀ ਲਊਂਗਾ, ਦਿੰਨਾਂ ਤੈਨੂੰ ਸਾਰੇ ਕਮਰੇ ! ਭੂਤਨੀ ਜੀ ਨਾ ਹੋਵੇ !! "

ਮਨਜੋਤ ਨੂੰ ਗੁੱਸੇ ਵਿੱਚ ਆਏ ਨੂੰ ਦੇਖ ਕੇ ਬੰਸੋ ਘੂਰਦੀ ਹੋਈ ਬੋਲੀ, "ਕਿਉਂ ਐਵੀਂ ਜਵਾਕੜੀ ਨਾਲ਼ ਲੜੀ ਜਾਨਾਂ, ਅਕਲ ਨਹੀਂ ਤੈਨੂੰ ? ਸਾਰਾ ਘਰ ਈ ਤੇਰਾ ਐ !!, ਪੰਜ-ਸੱਤ ਸਾਲਾਂ ਨੂੰ ਏਹ ਤਾਂ ਵਿਚਾਰੀ ਨੇ ਤੁਰ ਜਾਣਾ ਬੇਗਾਨੇ ਘਰੇ, ਸਾਂਭ ਲਈਂ ਫੇਰ ਆਪਦਾ ਸਾਰਾ ਘਰ !! "

"ਫੇਰ ਕੀ ਫੈਦਾ ! ਫੇਰ ਤਾਂ ਮੈਂ ਵੀ ਨੀਂ ਐਥੇ ਰਹਿਣਾ !!" ਮਨਜੋਤ ਡੁਸਕਦਾ ਬੋਲਿਆ। "ਹੈਂ ਪੁੱਤ !! ਤੈਂ ਹੋਰ ਕਿੱਥੇ ਰਹਿਣਾ ?" ਬੰਸੋ ਤ੍ਰਭਕ ਕੇ ਬੋਲੀ।

ਅੱਗੋਂ ਮਨਜੋਤ ਅੱਖਾਂ ਪੂੰਝਦਾ ਬੋਲਿਆ, "ਬੀਬੀ !! ਮੈਂ ਤਾਂ ਪੜ੍ਹ ਕੇ, ਬਾਹਰਲੇ ਦੇਸ਼ ਜਾਊਂ, ਓਥੇ ਈ ਆਪਣਾ ਨਵਾਂ ਘਰ ਬਣਾਊਂਗਾ !! ਐਹ ਘਰੇ ਤਾਂ ਤੁਸੀਂ ਦੋਵਾਂ ਨੇ ਹੀ ਰਹਿ ਜਾਣਾ ਐ"।

ਮਾਸਟਰ ਸੁਖਵਿੰਦਰ ਦਾਨਗੜ੍ਹ

## ਵਰਤ

'ਜਾਗਰਾ, ਕੀ ਗੱਲ ਅੱਜ ਜੱਸੀ ਤੇ ਰਾਣੀ ਨ੍ਹੀ ਦਿੱਸਦੀਆਂ ਕਿਤੇ, ਸੁੱਖ ਤਾਂ ਹੈ' ਸਰਪੰਚ ਗੁਰਮੀਤ ਸਿੰਘ, ਮਨਰੇਗਾ ਮਜ਼ਦੂਰ ਜਾਗਰ ਨੂੰ ਬੋਲਿਆ।

'ਸਰਪੰਚ ਸਾਹਬ, ਅੱਜ ਉਨ੍ਹਾਂ ਦੋਵਾਂ ਨੇ ਵਰਤ ਰੱਖਿਆ ਹੋਇਆ ਏ, ਤਾਂ ਕਰਕੇ ਉਨ੍ਹਾਂ ਨੇ ਅੱਜ ਕੰਮ 'ਤੇ ਨ੍ਹੀ ਆਉਣਾ' ਜਾਗਰ ਬੋਲਿਆ।

'ਜਾਗਰਾ, ਮੈਨੂੰ ਇਕ ਗੱਲ ਦੀ ਸਮਝ ਨ੍ਹੀ ਆਉਂਦੀ, ਇਹ ਲੋਕ ਅਨਾਜ ਦਾ ਹੀ ਵਰਤ ਕਿਉਂ ਰੱਖਦੇ ਨੇ, ਕਦੇ-ਕਦੇ ਲੋਭ-ਲਾਲਚ, ਨਿੰਦਿਆਂ-ਚੁਗਲੀ, ਝੂਠ-ਫਰੇਬ, ਕਾਮ-ਕਰੋਧ ਅਤੇ ਭੈੜੇ ਵਿਚਾਰਾਂ ਦਾ ਵੀ ਤਾਂ ਵਰਤ ਰੱਖਣਾ ਚਾਹੀਦਾ ਹੈ'।

ਏਨਾ ਕਹਿ ਕੇ ਸਰਪੰਚ ਗੁਰਮੀਤ ਸਿੰਘ ਆਏ ਹੋਏ ਮਜ਼ਦੂਰਾਂ ਦੀ ਰਜਿਸਟਰ ਵਿੱਚ ਹਾਜ਼ਰੀ ਲਗਾਉਣ ਲੱਗ ਪਿਆ।

ਤਸਵਿੰਦਰ ਸਿੰਘ ਬੜੈਚ

## ਅੰਬੀਆਂ

ਓਹਨਾ ਵੇਲਿਆਂ ਵਿੱਚ ਕੱਚੀਆਂ ਅੰਬੀਆਂ ਪਸ਼ੇਰੀ (ਪੰਜ ਸੇਰ ਮਤਲੱਬ ਪੰਜ ਕਿੱਲੋ) ਦੇ ਹਿਸਾਬ ਨਾਲ ਮਿਲਦੀਆਂ ਸਨ। ਮਾਤਾ ਜੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਪਾਪਾ ਜੀ ਪਸ਼ੇਰੀ ਯ ਦੋ ਪਸ਼ੇਰੀ ਅੰਬੀਆਂ ਸਹਿਰੋ ਲਿਆਉਂਦੇ। ਫਿਰ ਮਾਤਾ ਜੀ ਅੰਬੀਆਂ ਨੂੰ ਰਗੜ ਰਗੜ ਕੇ ਧੋਂਦੇ ਤੇ ਸਕਾਉਂਦੇ। ਅਗਲੇ ਦਿਨ ਪਾਪਾ ਜੀ ਸ਼ਰੀਫ ਲੋਹਾਰ ਤੋਂ ਤੇਸਾ ਲਿਆਉਂਦੇ। ਬੋਰੀ ਵਿਛਾ ਕੇ ਅੰਬੀਆਂ ਕੱਟਦੇ। ਅਸੀ ਤਿੰਨੇ ਭੈਣ ਭਰਾ ਬੋਰੀ ਦੇ ਲਾਗੇ ਬੈਠਦੇ। ਸਾਡੀ ਅੱਖ ਕਿਸੇ ਪੀਲੀ ਯ ਪੋਲੀ ਜਿਹੀ ਅੰਬੀ ਤੇ ਹੁੰਦੀ। ਕਿਉਂਕਿ ਪੀਲੀਆਂ ਅੰਬੀਆਂ ਖਟ ਮਿਠੀਆਂ ਹੁੰਦੀਆਂ ਹਨ। ਜੇ...ਕੋਈ ਪੀਲੇ ਰੰਗ ਦੀ ਅੰਬੀ ਨਜ਼ਰ ਪੈਂਦੀ ਤਾਂ ਝਪਟ ਕੇ ਪੈਂਦੇ ਕਿ ਬਣ ਗਈ ਮੌਜ਼। ਪਾਪਾ ਜੀ ਵਰਜਦੇ ਕਿ ਕਿਤੇ ਤੈਸਾ ਹੀ ਨਾ ਵੱਜ ਜਾਵੇ। ਪਰ ਓਦੋਂ ਕਿਹੜਾ ਘਰੇ ਮਿੱਠੇ ਅੰਬ ਵਾਧੂ ਆਉਂਦੇ ਸਨ। ਖੱਟੀਆਂ ਅੰਬੀਆਂ ਚੂਸਕੇ ਗੁਜਾਰਾ ਕਰਦੇ।

ਫਿਰ ਇੱਕ ਵਾਰੀ ਅਸੀਂ ਚੰਡੀਗੜ੍ਹ ਗਏ ਵੇਖਿਆ ਲ਼ੋਕ ਕਿੱਲੋ ਯ ਦੋ ਕਿਲੋ ਅੰਬੀਆਂ ਲੈਕੇ ਓਥੋਂ ਹੀ ਕਟਵਾ ਰਹੇ ਸਨ।

ਅੱਜ ਕੱਲ੍ਹ ਹੁਣ ਛੋਟੇ ਸ਼ਹਿਰਾਂ ਵਿੱਚ ਅੰਬੀਆਂ ਬਜ਼ਾਰੋ ਹੀ ਕੱਟੀਆਂ ਮਿਲ ਜਾਂਦੀਆਂ ਹਨ। ਤੇ ਹਰ ਸ਼ਹਿਰ ਹੀ ਚੰਡੀਗੜ੍ਹ ਬਣਿਆ ਪਿਆ ਹੈ। ਉਂ ਗੱਲ ਆ ਇੱਕ।

ਰਮੇਸ਼ ਸੇਠੀ ਬਾਦਲ

## ਘੱਟ ਪੜ੍ਹਿਆ ਮੁੰਡਾ

ਜਰਨੈਲ ਸਿੰਘ ਨੇ ਆਪਣੀ ਲੜਕੀ ਬਲਵਿੰਦਰ ਦੇ ਵਿਆਹ ਦਾ ਕਾਰਡ ਆਪਣੇ ਪਿੰਡ ਦੇ ਸਰਕਾਰੀ ਹਾਈ ਸਕੂਲ ਦੇ ਮੁਖੀ ਨੂੰ ਫੜਾਂਦਿਆਂ ਆਖਿਆ, " ਸਾਹਿਬ ਜੀ, ਆ ਲਉ ਬਲਵਿੰਦਰ ਦੇ ਵਿਆਹ ਦਾ ਕਾਰਡ। ਮੈਂ ਸੋਚਿਆ, ਉਸ ਦੇ ਵਿਆਹ ਦਾ ਕਾਰਡ ਮੈਂ ਤੁਹਾਨੂੰ ਆਪ ਦੇ ਕੇ ਆਉਨਾ। ਉਹ ਤੁਹਾਡੇ ਸਕੂਲੋਂ ਪੜ੍ਹੀ ਜੂ ਹੋਈ।"

ਵਿਆਹ ਦਾ ਕਾਰਡ ਲੈਂਦਿਆਂ ਸਕੂਲ ਮੁਖੀ ਨੇ ਜਰਨੈਲ ਸਿੰਘ ਨੂੰ ਆਖਿਆ, "ਮੁੰਡਾ ਕਿੰਨਾ ਕੁ ਪੜ੍ਹਿਆ ਹੋਇਐ ਤੇ ਕੰਮ ਕੀ ਕਰਦੈ ?"

"ਸਾਹਿਬ ਜੀ, ਮੁੰਡਾ ਦਸਵੀਂ ਪਾਸ ਐ। ਸੋਹਣਾ, ਸੁਨੱਖਾ ਤੇ ਉੱਚਾ, ਲੰਮਾ ਐ ਤੇ ਆਪਣੇ ਡੈਡੀ ਨਾਲ ਖੇਤੀ ਕਰਦੈ।"


"ਪਰ ਏਨੇ ਘੱਟ ਪੜ੍ਹੇ ਮੁੰਡੇ ਨਾਲ ਬਲਵਿੰਦਰ ਦਾ ਵਿਆਹ ਕਰਨ ਦੀ ਤੁਹਾਨੂੰ ਕੀ ਲੋੜ ਐ। ਨਾਲੇ ਕਹਿੰਦੇ, ਤੁਹਾਡੀ ਬਲਵਿੰਦਰ ਤਾਂ ਐੱਮ ਏ ਕਰਦੀ ਐ।"

"ਸਾਹਿਬ ਜੀ, ਮੁੰਡਾ ਪੜ੍ਹਿਆ ਚਾਹੇ ਘੱਟ ਐ, ਪਰ ਉਸ ਦਾ ਘਰ-ਬਾਰ ਬੜਾ ਚੰਗਾ ਐ। ਉਸ ਦੀਆਂ ਦੋ ਭੈਣਾਂ ਇਟਲੀ 'ਚ ਐ। ਮੁੰਡੇ ਦਾ ਇਟਲੀ ਜਾਣ ਦਾ ਤੁੱਕਾ ਲੱਗ ਸਕਦੈ। ਜੇ ਨਾ ਵੀ ਲੱਗੇ, ਤਾਂ ਵੀ ਕੋਈ ਗੱਲ ਨਹੀਂ। ਮੁੰਡੇ ਦੇ ਹਿੱਸੇ ਪੂਰੇ ਦਸ ਕਿੱਲੇ ਜ਼ਮੀਨ ਦੇ ਆਂਦੇ ਐ। ਸਾਡੀ ਬਲਵਿੰਦਰ ਉਸ ਦੇ ਘਰ ਭੁੱਖੀ ਨੀ ਮਰਨ ਲੱਗੀ।" ਇਹ ਕਹਿ ਕੇ ਜਰਨੈਲ ਸਿੰਘ ਛੇਤੀ ਨਾਲ ਸਕੂਲ ਮੁਖੀ ਦੇ ਦਫ਼ਤਰ ਵਿੱਚੋਂ ਬਾਹਰ ਆ ਗਿਆ।

ਮਹਿੰਦਰ ਸਿੰਘ ਮਾਨ

# ਪੰਥਕ ਹਿੱਤ : ਗੁਰ ਸ਼ਬਦ ਦੇ ਸੰਦਰਭ

ਡਾ. ਸਤਿੰਦਰ ਪਾਲ ਸਿੰਘ



ਪੰਥ ਦੇ ਹਿੱਤ ਦੀ ਗੱਲ ਕਰਨ ਵਾਲੇ ਬਹੁਤ ਹਣ। ਧਰਮ ਦਾ ਪ੍ਰਚਾਰ ਹੋਵੇ, ਧਾਰਮਕ, ਸਮਾਜਕ ਸੰਸਥਾਵਾਂ ਆਪਣੇ ਫਰਜ ਪੂਰੀ ਸ਼ਿੱਦਤ ਨਾਲ ਨਿਭਾਉਣ, ਕੌਮ ਵਿੱਚ ਏਕਾ ਹੋਵੇ, ਪੰਥ ਪ੍ਰਫੁੱਲਿਤ ਹੋਵੇ, ਇਹ ਕੌਣ ਨਹੀਂ ਚਾਹੁੰਦਾ। ਇਨ੍ਹਾਂ ਸਵਾਲਾਂ ਤੇ ਨਿਤ ਨਵੀਂ ਬਹਿਸ ਛਿੜਦੀ ਰਹਿੰਦੀ ਹੈ। ਇਹ ਵੇਖਦਿਆਂ ਖਾਸਾ ਸਮਾਂ ਗੁਜਰ ਗਿਆ ਹੈ ਪਰ ਹਾਲਾਤ ਬਦਲੇ ਨਹੀਂ ਜਾਪਦੇ। ਚਿੰਤਾ ਕੀਤੀ ਜਾ ਰਹੀ ਹੈ ਪਰ ਗੱਲ ਚਿੰਤਾ ਤੱਕ ਹੀ ਸੀਮਤ ਹੋ ਗਈ ਹੈ। ਇਸ ਕਾਰਨ ਪਿੱਛੇ ਮੁੜ ਕੇ ਵੇਖਣਾ ਤਾਂ ਬਣਦਾ ਹੈ ਕਿ ਘਾਟ ਕਿੱਥੇ ਹੈ। ਅੱਜ ਕਿਉਂ ਧਰਮ ਪ੍ਰਚਾਰ ਦੀ ਲੋੜ ਮਹਿਸੂਸ ਹੋ ਰਹੀ ਹੈ, ਸੰਸਥਾਵਾਂ ਦੀ ਜਿੰਮੇਵਾਰੀ ਤੇ ਸਵਾਲ ਚੁੱਕੇ ਜਾ ਰਹੇ ਹਨ, ਸਾਰੇ ਹੀ ਏਕਤਾ ਦੇ ਪੈਰੋਕਾਰ ਹੋਣ ਦਾ ਦਾਅਵਾ ਕਰਦੇ ਹਨ, ਕੌਮ ਦੀ ਚੜ੍ਹਦੀਕਲਾ ਲਈ ਚਿੰਤਤ ਹਣ ਪਰ ਇਹ ਹਾਲਤ ਕਿਉਂ। ਸਦਾ ਆਸ ਬੰਨਣ ਵਾਲੇ ਗੁਰੂ ਦੇ ਪੰਥ ਵਿੱਚ ਉਦਾਸੀ ਕਿਉਂ। ਜਿਸ ਦਾ ਮੁਖ ਗੁਰੂ ਵੱਲ ਹੈ ਉਸ ਤੇ ਤਾਂ ਗੁਰੂ ਦੀ ਮਿਹਰ ਨਿਰੰਤਰ ਵਰ੍ਹਦੀ ਹੈ , ਸਦਾ ਸੁੱਖ ਵਰਤਦਾ ਹੈ। ਜਿਸ ਨੇ ਗੁਰੂ ਦੀ ਮੰਨ ਲਈ ਗੁਰੂ ਨੇ ਉਸ ਨੂੰ ਪਾਤਸ਼ਾਹੀ ਸੌਂਪ ਦਿੱਤੀ "ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ"। ਅੱਜ ਖੁਸ਼ੀ ਨਹੀਂ ਹੈ, ਪਾਤਿਸ਼ਾਹੀ ਨਹੀਂ ਹੈ ਤਾਂ ਵਿਚਾਰ ਕਰਨ ਬਣਦਾ ਹੈ ਕਿ ਸਿੱਖ ਗੁਰੂ ਦੀ ਨਦਰਿ ਤੋਂ ਵਾਂਝਾ ਤਾਂ ਨਹੀਂ ਹੋ ਰਿਹਾ ਹੈ।

ਗੁਰੂ ਦਾ ਹੁਕਮ ਸੀ ਕਿ ਸਿੱਖ ਆਪਣੀ ਦੇਹ ਨੂੰ ਘੋੜੀ ਸਮਝੇ ਜਿਸ ਤੇ ਬੈਠ ਕੇ ਉਸ ਨੇ ਨਿਰਬਾਨ ਪਦ ਪ੍ਰਾਪਤ ਕਰਨਾ ਹੈ। ਪਰ ਇਹ ਮਨੋਰਥ ਭੁੱਲ ਕੇ ਦੇਹ ਨੂੰ ਸੰਸਾਰਕ ਸੁੱਖਾਂ ਦੀ ਪ੍ਰਾਪਤੀ ਲਈ ਵਰਤਿਆ ਜਾ ਰਿਹਾ ਹੈ। ਗੁਰੂ ਨੇ ਕਿਹਾ ਸੀ ਕਿ ਮੁਖ ਵਿੱਚ ਗੁਰੂ ਦੇ ਗਿਆਨ ਦੀ ਲਗਾਮ ਹੋਵੇ ਪਰ ਲਗਾਮ ਬਦਲ ਕੇ ਲੋਭ ਦੀ ਹੋ ਗਈ ਹੈ। ਗੁਰੂ ਦੀ ਸੇਧ ਸੀ ਕਿ ਪ੍ਰੇਮ ਦਾ ਚਾਬੁਕ ਹੋਵੇ ਪਰ ਹੱਥ ਵਿੱਚ ਨਫਰਤ ਦਾ ਖੜ੍ਹਗ ਫੜ ਲਿਆ ਗਿਆ ਹੈ। ਲੋਭ ਨਾਮ ਜਪਣ ਦਾ ਨਹੀਂ ਕਿ ਨਾਮ ਜੱਪ ਜੱਪ ਕੇ ਅੰਤਰ ਦਾ ਸੰਤਾਪ ਸ਼ਾਂਤ ਹੋ ਜਾਏ, ਲੋਭ ਹੈ ਕਿ ਲੋਕ ਪ੍ਰਸ਼ੰਸਾ ਪ੍ਰਾਪਤ ਹੋ ਜਾਏ। ਗੁਰੂ ਦਾ ਸ਼ਬਦ ਯਾਦ ਨਹੀਂ ਹੈ ਕਿ "ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ॥ ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ॥ "। ਮੁੱਖ ਵਿਵਾਦ ਅੱਜ ਪ੍ਰਬੰਧਕ ਵਰਗ ਦਾ ਹੈ। ਕਿਤਨੇ ਪ੍ਰਬੰਧਕ ਆਏ, ਚਲੇ ਗਏ, ਕੋਈ ਯਾਦ ਨਹੀਂ ਕਰਦਾ ਪਰ ਗੁਰਦਆਰੇ ਦਾ ਪ੍ਰਬੰਧਕ ਬਨਣ ਲਈ ਸੰਸਾਰ ਦੇ ਜਿਸ ਵੀ ਕੋਨੇ ਵਿੱਚ ਸਿੱਖ ਹਨ ਆਪਸ ਵਿੱਚ ਜੂੱਝ ਰਹੇ ਹਨ, ਵੈਰ ਵਿਰੋਧ ਪਾਲ ਕੇ ਬੈਠੇ ਹੋਏ ਹਨ। ਜਿਸ ਗੁਰਸਿੱਖ ਨੂੰ ਨਾਮ ਜੱਪਣ, ਨਿਤਨੇਮ ਕਰਨ ਵਿੱਚ ਸੁੱਖ ਖੋਜਣਾ ਚਾਹੀਦੇ ਜੇ ਉਹ ਕੁਰਸੀ, ਔਹਦੇ ਵਿੱਚ ਆਪਣਾ ਹਿੱਤ ਵੇਖ ਰਿਹਾ ਹੈ ਤਾਂ ਉਹ ਗੁਰੂ ਦਾ ਸਿੱਖ ਨਹੀਂ ਹੋ ਸਕਦਾ। ਸਿੱਖ ਕੌਮ ਵਿੱਚ ਤਰੇੜਾਂ ਦਾ ਕਾਰਨ ਹੀ ਕੁਰਸੀ ਹੈ। ਸਿੱਖ ਸਮਝ ਰਿਹਾ ਹੈ ਕਿ ਔਹਦੇ, ਕੁਰਸੀ ਦਾ ਮਿਲਣਾ ਹੀ ਪ੍ਰਾਪਤੀ ਹੈ ਕਿਉਂਕਿ ਉਸ ਨੇ ਗੁਰੂ ਦੀ ਸਿਖਿਆ ਤੇ ਭਰੋਸਾ ਹੀ ਨਹੀਂ ਕੀਤਾ ਕਿ 'ਗੁਰਮੁਖਿ ਜਨਮੁ ਸਕਾਰਥਾ ਸਚੈ ਸਬਦਿ ਲਗੰਨਿ॥' ਜੇ ਇਹ ਸਮਝ ਨਹੀਂ ਆ ਰਿਹਾ ਕਿ ਜੀਵਨ ਗੁਰ ਸ਼ਬਦ ਦੇ ਲੜ ਲੱਗਿਆਂ ਹੀ ਸਫਲ ਹੋਣਾ ਹੈ ਤੇ ਉਹ ਸਫਲਤਾ ਪ੍ਰਧਾਨਗੀਆਂ ਵਿੱਚ ਲੱਭ ਰਿਹਾ ਹੈ ਤਾਂ ਉਸ ਦਾ ਮੁਖ ਗੁਰੂ ਵੱਲ ਹੋਇਆ ਕਿਵੇਂ ਮੰਨਿਆ ਜਾ ਸਕਦਾ ਹੈ।

ਗੁਰੂ ਨੇ ਸਿਖਾਇਆ "ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥" ਪਰ ਇਹ ਵਿਚਾਰ ਵੀ ਗੁਰੂ ਦਾ ਸਿੱਖ ਧਾਰਨ ਨਹੀਂ ਕਰ ਸਕਿਆ ਹੈ। ਸਿੱਖ ਨੇ ਨਾ ਤਾਂ ਗੁਰੂ ਪਰਮਾਤਮਾ ਨੂੰ ਆਪਣਾ ਪਿਤਾ ਮੰਨਿਆ ਹੈ ਨਾਂ ਹੀ ਇੱਕ ਦੂਜੇ ਨਾਲ ਭ੍ਰਾਤਾ ਦਾ ਸਬੰਧ ਕਾਇਮ ਕੀਤਾ ਹੈ। ਭ੍ਰਾਤਾ ਦਾ ਸਬੰਧ ਹੁੰਦਾ ਤਾਂ ਮਸਲੇ ਰੱਲ ਮਿੱਲ ਕੇ ਹਲ ਕਰਨਾ ਸਿਖ ਲਿਆ ਗਿਆ ਹੁੰਦਾ। ਮਿਲ ਕੇ ਬੈਠਨਾ ਆਇਆ ਹੀ ਨਹੀਂ। ਭ੍ਰਾਤਾ ਮੰਨਿਆ ਹੁੰਦਾ ਤਾਂ ਪਰਿਵਾਰ ਦੀ ਲਾਜ ਰੱਖਣਾ ਸਿਖਿਆ ਹੁੰਦਾ। ਪਰਿਵਾਰ ਦਾ ਪਹਿਲਾ ਅਸੂਲ ਹੁੰਦਾ ਹੈ ਕਿ ਘਰ ਦੀ ਗੱਲ ਬਾਹਰ ਨਹੀਂ ਜਾਣੀ ਚਾਹੀਦੀ। ਮਸਲੇ ਘਰ ਦੀ ਚਾਹਰਦੀਵਾਰੀ ਅੰਦਰ ਨਿਬੇੜ ਲਉ, ਘਰ ਤੋਂ ਬਾਹਰ ਨਿੱਕਲੋ ਤਾਂ ਇੱਕ ਮੁੱਠ ਇੱਕ ਜੁੱਟ ਨਜਰ ਆਉ। ਨਜਰ ਹੀ ਨਾ ਆਉ ਇੱਕ ਦੂਜੇ ਨਾਲ ਖੜੇ ਵੀ ਰਹੋ। ਪਰ ਇਹ ਮਰਿਆਦਾ ਕਿਤਾਬੀ ਸ਼ਬਦਾਵਲੀ ਵਿੱਚ ਹੀ ਕੈਦ ਹੋ ਕੇ ਰਹਿ ਗਈ ਹੈ। ਇੱਕ ਦੂਜੇ ਨੂੰ ਪਰਾਇਆ ਮੰਨ ਕੇ ਬੇ ਵਿਸਾਹੀ ਦਾ ਵਿਵਹਾਰ ਕੀਤਾ ਜਾ ਰਿਹਾ ਹੈ। ਦੂਜਿਆਂ ਤੇ ਦੋਸ਼ ਲਾਏ ਜਾ ਰਹੇ ਹਨ ਤੇ ਆਪਣੇ ਆਪ ਨੂੰ ਪੰਥ ਦਾ ਸੱਭ ਤੋਂ ਵੱਡਾ ਹਿਤੈਸ਼ੀ ਸਾਬਿਤ ਕੀਤਾ ਜਾ ਰਿਹਾ ਹੈ। ਪੰਥ ਦਾ ਹਿਤੈਸ਼ੀ ਤਾਂ ਉਹ ਕਿਹਾ ਜਾ ਸਕਦਾ ਹੈ ਜੋ ਗੁਰੂ ਦੀ ਗੱਲ ਮੰਨੇ ਤੇ ਹਰ ਸਿੱਖ ਨੂੰ ਆਪਣਾ ਭ੍ਰਾਤਾ ਜਾਣ ਕੇ ਉਸ ਦੇ ਹਿੱਤ ਦੀ ਸੋਚ ਰੱਖਦਾ ਹੋਵੇ। ਪੰਥਕ ਏਕਤਾ ਦੇ ਨਾਮ ਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਵੀ ਹੁਕਮਨਾਮੇ ਜਾਰੀ ਹੁੰਦੇ ਹਨ। ਲੱਗਦਾ ਹੈ ਕਿ ਏਕਤਾ ਇੱਕ ਨਾਅਰਾ ਬਣ ਕੇ ਰਹਿ ਗਈ ਹੈ। ਏਕਤਾ ਫਲੀਭੂਤ ਨਹੀਂ ਹੋ ਰਹੀ ਕਿਉਂਕਿ "ਗੁਰ ਹਾਈ" ਦੀ ਭਾਵਨਾ ਧਾਰਨ ਨਹੀ ਕੀਤੀ ਜਾ ਰਹੀ। ਮਨੁੱਖੀ ਬਿਰਤੀ ਹੈ ਤਾਂ ਮਸਲੇ ਹੋਣਾ ਸੁਭਾਵਕ ਹੈ, ਮਤਭੇਦ ਹੋਣਾ ਵੱਡੀ ਗੱਲ ਨਹੀਂ। ਪਰ ਜਿਵੇਂ ਮਸਲੇ ਨਜਿੱਠੇ ਜਾ ਰਹੇ ਹਨ ਇਹ ਗੁਰਸਿੱਖ ਦਾ ਢੰਗ ਨਹੀਂ ਕਿਹਾ ਜਾ ਸਕਦਾ। ਮਸਲੇ ਗੁਰੂ ਕਾਲ ਵਿੱਚ ਵੀ ਸਨ ਪਰ ਜਿਵੇਂ ਸਹਿਜ ਤੇ ਸਬਰ ਨਾਲ ਰਾਹ ਕੱਢੀ ਗਈ, ਉਹ ਮਸਲੇ ਰਹੇ ਹੀ ਨਹੀਂ ਤੇ ਗੁਰੂ ਪੰਥ ਅਗਾਂਹ ਤੁਰਦਾ ਚਲਾ ਗਿਆ। ਇਹ ਠੀਕ ਹੈ ਕਿ ਗੁਰੂਆਂ ਦੀ ਵਡਿਆਈ ਦੇ ਨੇੜੇ ਵੀ ਪੁੱਜਣਾ ਕਿਸੇ ਦੇ ਵੱਸ ਦਾ ਨਹੀਂ ਪਰ ਪ੍ਰੇਰਨਾ ਤੇ ਸਬਕ ਤਾਂ ਲਿਆ ਹੀ ਜਾ ਸਕਦਾ ਹੈ। ਅੱਜ ਹਰ ਕਿਸੇ ਨੂੰ ਔਹਦਾ ਚਾਹੀਦੇ, ਨਾਮ ਚਾਹੀਦੇ। ਸੱਭ ਤੋਂ ਮੰਦਭਾਗੀ ਗੱਲ ਤਾਂ ਇਹ ਹੋਈ ਹੈ ਕਿ ਜਿਨ੍ਹਾਂ ਦੇ ਮੋਢਿਆਂ ਤੇ ਕੌਮ ਨੂੰ ਇਕੱਠਾ ਕਰਨ ਦੀ ਜਿੰਮੇਵਾਰੀ ਹੈ ਉਹ ਆਪ ਹੀ ਵੰਡੀਆਂ ਤੇ ਭੰਡੀਆਂ ਦੇ ਕਾਰਨ ਬਣ ਗਏ ਹਨ। ਜੇ ਗੁਰਸਿੱਖ ਨੇ ਗੁਰੂ ਅਰਜਨ ਸਾਹਿਬ ਦੀ ਬਾਣੀ ਦੀ ਕੇਵਲ ਇੱਕ ਪੰਕਤੀ "ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ" ਦਾ ਭਾਵ ਹੀ ਮਨ ਵਿੱਚ ਵਸਾ ਲਿਆ ਹੁੰਦਾ ਤਾਂ ਬਹੁਤ ਸਾਰੇ ਬਜਰ ਕਪਾਟ ਆਪ ਹੀ ਢਹਿ ਜਾਣੇ ਸਨ। ਇਸ ਪੰਕਤੀ ਦਾ ਸਬੰਧ ਕੇਵਲ ਧਾਰਮਕ ਸੰਦਰਭਾਂ ਨਾਲ ਨਹੀਂ ਹੈ। ਇਸ ਤੋਂ ਪਹਿਲਾਂ ਦੀ ਪੰਕਤੀ "ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ" ਦੀ ਸੇਧ ਪੂਰਨ ਤੌਰ ਤੇ ਆਤਮ ਸਮਰਪਣ ਦੀ ਹੈ ਗੁਰੂ ਅੱਗੇ। ਇਹ ਨਹੀਂ ਹੋ ਸਕਦਾ ਕਿ ਭਗਤੀ, ਬੰਦਗੀ ਲਈ ਤਾਂ ਜੀਉ ਤੇ ਪਿੰਡ ਗੁਰੂ ਅੱਗੇ ਸਮਰਪਤ ਹੋਵੇ ਤੇ ਬਾਕੀ ਵਿਵਹਾਰ ਦਾ ਜੀਉ ਤੇ ਪਿੰਡ ਹੰਕਾਰ, ਵਿਕਾਰਾਂ ਦੇ ਕੈਦੀ ਬਣ ਜਾਏ। ਗੁਰਬਾਣੀ ਦੀ ਸੇਧ ਜੀਵਨ ਸ਼ੈਲੀ ਬਦਲਣ ਦੀ ਹੈ, ਨਿਰੋਲ ਤੇ ਨਿਰਮਲ ਅਵਸਥਾ ਸਿਰਜਣ ਦੀ ਹੈ ਕਿਉਂਕਿ ਗੁਰਬਾਣੀ ਜੀਵਨ ਦੇ ਮਨੋਰਥ ਤੇ ਸਫਲਤਾ ਨੂੰ ਹੀ ਗੁਣਾਂ ਦੀ ਪ੍ਰਾਪਤੀ ਨਾਲ ਜੋੜ ਕੇ ਵੇਖਦੀ ਹੈ। ਗੁਰਸਿੱਖ ਲਈ ਪੰਥ ਲੋਕਾਂ ਦਾ ਸਮੂਹ ਨਹੀਂ ਇੱਕ ਖਾਸ ਜੀਵਨ ਮਾਰਗ ਹੈ ਜੋ ਗੁਰੂ ਨਾਨਕ ਜੀ ਨੇ ਉਲੀਕਿਆ ਸੀ। ਪੰਥ ਕੀ ਹੈ, ਪੰਥਕ ਹੋਣਾ ਕੀ ਹੈ ਇਸ ਨੂੰ ਸਮਝੇ ਬਿਨਾ ਹੀ ਪੰਥ, ਪੰਥ ਦੀ ਰਟਨ ਦੇ ਕੋਈ ਮਾਇਨੇ ਨਹੀਂ ਹਨ।

ਇਹ ਵੀ ਸਮਝਣਾ ਪਵੇਗਾ ਕਿ ਪੰਥਕ ਸੰਸਥਾ ਜਾਂ ਦਲ ਕਿਸ ਨੂੰ ਕਿਹਾ ਜਾਵੇ। ਭਾਰਤ ਵਿੱਚ ਕੋਈ ਸਿਆਸੀ ਦਲ ਜਿਸ ਦਾ ਗਠਨ ਲੋਕਤੰਤਰ ਦੀ ਬੰਤਰ ਅਨੁਸਾਰ ਹੋਇਆ ਹੈ ਅਤੇ ਜਿਸ ਨੂੰ ਚੋਣ ਕਮੀਸ਼ਨ ਦੀ ਮਾਨਤਾ ਪ੍ਰਾਪਤ ਹੈ ਉਸ ਦਾ ਉੱਦੇਸ਼ ਸਪਸ਼ਟ ਹੋ ਜਾਂਦਾ ਹੈ ਕਿ ਸੱਤਾ ਵਿੱਚ ਆਉਣਾ, ਸਰਕਾਰ ਬਣਾਉਣਾ ਅਜਿਹੇ ਦਲ ਦਾ ਮੁੱਖ ਮਨੋਰਥ ਹੈ। ਲੋਕਤੰਤਰ ਵਿੱਚ ਸੱਤਾ ਦੀ ਸਿਆਸਤ ਕਰਨ ਵਾਲਿਆਂ ਕੋਲੋਂ ਪੰਥਕ ਹਿੱਤਾਂ ਦੇ ਪਹਿਰੇਦਾਰ ਬਣਨ ਦੀ ਆਸ ਕਰਨਾ ਵਿਅਰਥ ਹੈ। ਸੱਤਾ ਲਈ ਕਈ ਸਮਝੌਤੇ ਕਰਨ ਪੈਂਦੇ ਹਨ, ਕਈ ਦੰਦ ਫੰਦ ਕਰਨੇ ਪੈਂਦੇ ਹਨ ਜਿਨ੍ਹਾਂ ਨੂੰ ਸਿਆਸਤ ਵਿੱਚ ਜਾਇਜ ਮੰਨਿਆ ਜਾਂਦਾ ਹੈ। ਸੱਤਾ ਦੀ ਸਿਆਸਤ ਲਈ ਧਨ ਵੀ ਜੁਟਾਨਾ ਪੈਂਦਾ ਹੈ ਜੋ ਇਮਾਨਦਾਰ ਤਰੀਕਿਆਂ ਨਾਲ ਸੰਭਵ ਨਹੀਂ ਹੈ। ਸਿੱਖ ਕੌਮ ਨੇ ਅੱਜ ਤੱਕ ਸਿਆਸੀ ਸੰਸਥਾ ਤੇ ਪੰਥਕ ਸੰਸਥਾ ਦਾ ਫਰਕ ਨਹੀਂ ਸਮਝਿਆ ਹੈ। ਅਕਾਲੀ ਦਲ ਪੰਜਾਬ ਦਾ ਖੇਤਰੀ ਸਿਆਸੀ ਦਲ ਤਾਂ ਹੋ ਸਕਦਾ ਹੈ, ਚਾਹ ਕੇ ਵੀ ਪੰਥਕ ਦਲ ਨਹੀਂ ਬਣ ਸਕਦਾ ਕਿਉਂਕਿ ਸੱਤਾ ਹਾਸਲ ਕਰਨ ਲਈ ਸਿਰਫ ਸਿੱਖਾਂ ਦੇ ਵੋਟ ਕਾਫੀ ਨਹੀਂ ਹਨ। ਬਾਕੀ ਅਕਾਲੀ ਗੁਟ ਕਾਮਿਆਬ ਨਹੀਂ ਹੋਏ ਕਿਉਂਕਿ ਪੰਥਕ ਹਿੱਤਾਂ ਤੇ ਸੱਤਾ ਦੇ ਵਿਚਕਾਰ ਡੋਲਦੇ ਰਹੇ ਹਨ। ਸਿੱਖ ਕੌਮ ਦੀ ਤ੍ਰਾਸਦੀ ਹੈ ਕਿ ਕੋਈ ਅਜਿਹੀ ਸੰਸਥਾ ਬਣਾਈ ਹੀ ਨਹੀਂ ਜਾ ਸਕੀ ਹੈ ਜਿਸ ਨੂੰ ਸੱਚੇ ਅਰਥਾਂ ਵਿੱਚ ਪੰਥਕ ਕਿਹਾ ਜਾਵੇ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਭੂਮਿਕਾ ਪ੍ਰਬੰਧਕੀ ਜਿਆਦਾ ਹੋ ਜਾਂਦੀ ਹੈ। ਇਹ ਗੱਲ ਸ਼੍ਰੋਮਣੀ ਕਮੇਟੀ ਦੇ ਆਗੂਆਂ ਨੂੰ ਛੇਤੀ ਹੀ ਸਮਝ ਆ ਗਈ ਸੀ ਤਾਂ ਹੀ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆਇਆ ਸੀ। ਪਰ ਦੇਸ਼ ਆਜ਼ਾਦ ਹੋਣ ਤੋਂ ਬਾਅਦ ਜਦੋਂ ਅਕਾਲੀ ਦਲ ਦੀ ਭੂਮਿਕਾ ਦਾ ਪੁਨਰ ਮੁੱਲਾਂਕਣ ਹੋਣਾ ਚਾਹੀਦਾ ਸੀ, ਪੰਥ ਅਵੇਸਲਾ ਹੋ ਗਿਆ। ਅੱਜ ਕੌਮ ਦੀ ਲੋੜ ਤਿੰਨ ਪੱਧਰੀ ਸੰਸਥਾਵਾਂ ਹਨ। ਇੱਕ ਤਾਂ ਗੁਰਦੁਆਰਿਆਂ ਦੀਆਂ ਪ੍ਰਬੰਧਕੀ ਸੰਸਥਾਵਾਂ, ਦੂਜਿਆਂ ਨਿਰੋਲ ਸਿਆਸੀ ਸੰਸਥਾਵਾਂ ਜਾਂ ਦਲ ਜੋ ਕੌਮ ਦੇ ਹਿੱਤਾਂ ਦੀ ਰਾਜਸੀ ਤਲ ਤੇ ਰਾਖੀ ਕਰ ਸਕਣ, ਤੀਜੀਆਂ ਪੰਥਕ ਸੰਸਥਾਵਾਂ ਜੋ ਧਰਮ ਪ੍ਰਚਾਰ, ਕੌਮੀ ਮਸਲਿਆਂ ਦੇ ਨਿਦਾਨ, ਕੌਮ ਦੀ ਆਪਣੀ ਪਛਾਣ ਬਣਾਈ ਰੱਖਣ ਤੇ ਇੱਕਜੁੱਟ ਰੱਖਣ ਲਈ ਸਮਰਪਿਤ ਹੋਣ। ਜੇ ਪੰਥਕ ਹਿੱਤਾਂ ਲਈ ਕੌਮ ਗੰਭੀਰ ਹੈ ਤਾਂ ਅਜਿਹੇ ਤਿੰਨ ਪੱਧਰੀ ਸੰਗਠਨਾਤਮਕ ਢਾਂਚੇ ਲਈ ਕਮਰ ਕੱਸਣੀ ਪਵੇਗੀ। ਉਪਰਾਲੇ ਤਿੰਨਾਂ ਪੱਧਰਾਂ ਤੇ ਕਰਨੇ ਪੈਣਗੇ।

ਸਿੱਖ ਕੌਮ ਅੱਜ ਇੱਕ ਵੈਸ਼ਵਿਕ ਕੌਮ ਬਣ ਚੁਕੀ ਹੈ। ਪੰਥਕ ਹਿੱਤ ਕੇਵਲ ਪੰਜਾਬ ਨੂੰ ਕੇਂਦਰ ਵਿੱਚ ਰੱਖ ਕੇ ਨਹੀਂ ਸੋਚੇ ਜਾ ਸਕਦੇ। ਕੌਮ ਨੇ ਬਹੁਤ ਗੁਰਦੁਆਰੇ ਉਸਾਰ ਲਏ, ਹੁਣ ਗੁਰਸਿੱਖ ਉਸਾਰਨ ਦੀ ਲੋੜ ਹੈ। ਗੁਰਸਿੱਖ ਨਹੀਂ ਹੋਣਗੇ ਤਾਂ ਗੁਰਦੁਆਰੇ ਆਪਣਾ "ਗੁਰ ਦੁਆਰੈ ਹੋਇ ਸੋਝੀ ਪਾਇਸੀ" ਦਾ ਪਾਵਨ ਮਨੋਰਥ ਗੁਆ ਦੇਣਗੇ। ਗੁਰਦੁਆਰੇ ਸਿਆਸਤ ਤੋਂ ਦੂਰ ਰੱਖੇ ਜਾਣ ਤੇ ਮਾਤਰ "ਸੋਝੀ ਪਾਇਸੀ" ਦਾ ਮਨੋਰਥ ਪੂਰਾ ਕਰਨ ਲਈ ਸਮਰਪਿਤ ਹੋਣ ਇਸ ਲਈ ਗੁਰਦੁਆਰਿਆਂ ਨੂੰ ਸਿਆਸਤ ਤੋਂ ਮੁਕਤ ਕਰਨਾ ਇੱਕ ਫੌਰੀ ਲੋੜ ਹੈ। ਗੁਰਦੁਆਰਿਆਂ ਵਿੱਚ ਸਿਰੋਪਾ ਦੇਣ, ਕਿਰਪਾਨ ਭੇਂਟ ਕਰਨ, ਗੁਰਦੁਆਰੇ ਦੀ ਸਟੇਜ ਤੇ ਸਿਆਸੀ ਲੋਗਾਂ ਦੇ ਬੋਲਣ ਤੇ ਫੌਰਨ ਰੋਕ ਲਗਾਈ ਜਾਣੀ ਚਾਹੀਦੀ ਹੈ। ਸਿਰੋਪੇ, ਕਿਰਪਾਨਾਂ ਅੱਜ ਸਿਆਸੀ ਖੁਸ਼ਾਮਦ ਦੇ ਹਥਿਆਰ ਬਣ ਗਏ ਹਨ। ਸਿੱਖੀ ਦੇ ਪ੍ਰਤੀਕਾਂ ਦੀ ਇਸ ਤੋਂ ਭਾਰੀ ਬੇਅਦਬੀ ਹੋਰ ਨਹੀਂ ਹੋ ਸਕਦੀ। ਕਿਧਰੇ ਕਕਾਰ ਪਾ ਕੇ ਜਾਣ ਦੀ ਇਜਾਜਤ ਨਾਂ ਮਿਲੇ ਤਾਂ ਰੌਲਾ ਪਾ ਦਿੱਤਾ ਜਾਂਦਾ ਹੈ ਪਰ ਆਪ ਅਸੀਂ ਗੁਰਦੁਆਰਿਆਂ ਵਿੱਚ ਕੀ ਕਰ ਰਹੇ ਹਾਂ ਉਹ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿੱਚ, ਇਸ ਬਾਰੇ ਕੀ ਕਦੇ ਸੋਚਿਆ ਗਿਆ ਹੈ। ਗੁਰਦੁਆਰਾ ਗੁਰੂ ਦਾ ਦਰਬਾਰ ਹੈ। ਸ਼ੋਭਾ ਬਸ ਉਸ ਦੀ ਹੈ, ਬਾਕੀ ਕੋਈ ਵੀ ਆਵੇ, ਉਸ ਦਾ ਦਾਸ, ਸੇਵਕ ਹੈ। ਗੁਰੂ ਦੇ ਦਰਬਾਰ ਵਿੱਚ ਦੋ ਹੀ ਥਾਂ ਹਨ, ਗੁਰੂ ਜਾਂ ਉਸ ਦੇ ਦਾਸ। ਕੋਈ ਵਿਤਕਰਾ ਗੁਰੂ ਦੇ ਦਰਬਾਰ ਦੀ ਮਰਿਆਦਾ ਦੀ ਉਲੰਘਣਾ ਹੈ। ਜਿਸ ਦਿਨ ਇਹ ਮਰਿਆਦਾ ਲਾਗੂ ਹੋ ਗਈ, ਗੁਰਦੁਆਰਿਆਂ ਦੇ ਨੱਬੇ ਫ਼ੀਸਦੀ ਪ੍ਰਬੰਧਕੀ ਵਿਵਾਦ ਆਪ ਹੀ ਦੂਰ ਹੋ ਜਾਣਗੇ। ਗੁਰਦੁਆਰੇ "ਏਤੁ ਦੁਆਰੈ ਧੋਇ ਹਛਾ ਹੋਇਸੀ" ਦੀ ਪਛਾਣ ਬਣਨ। ਇਹ ਗੁਰਦੁਆਰੇ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਨਾਂ ਕਿ ਬਿਲਡਿੰਗਾਂ ਦੀ ਉਸਾਰੀ, ਲੰਗਰ, ਸਿਰੋਪੇ ਤੇ ਖਰਚੀਲੇ ਸਮਾਗਮ।

ਗੁਰੂ ਦਾ ਬਣਨ ਲਈ ਇੱਕੋ ਸੰਵਿਧਾਨ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ। ਸੰਵਿਧਾਨ ਨਾਲ ਕਿਸੇ ਦੇਸ਼ ਦਾ ਰਾਜ ਚੱਲਦਾ ਹੈ, ਗੁਰਬਾਣੀ ਨਾਲ ਗੁਰਸਿੱਖ ਦਾ ਜੀਵਨ ਚੱਲਦਾ ਹੈ, ਪੰਥ ਚੱਲਦਾ ਹੈ। ਗੁਰਸਿੱਖੀ ਦਾ ਅਰਥ ਹੈ ਗੁਰਸਿੱਖ ਦਾ ਚਿੰਤਨ ਤੇ ਆਚਰਣ ਗੁਰੂ ਦੇ ਹੁਕਮ ਅਨੁਸਾਰ ਹੋਣਾ। ਪੰਥ ਦੀ ਗੱਲ ਕਰਨ ਦਾ ਨੈਤਿਕ ਹੱਕ ਉਸ ਨੂੰ ਹੈ ਜੋ ਗੁਰੂ ਦਾ ਬਣ ਗਿਆ ਹੈ।

# ਕੁਦਰਤਿ ਦਿਸੈ ਕੁਦਰਤਿ ਸੁਣੀਐ


ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445




ਚਾਰੇ ਪਾਸੇ ਪਸਰਿਆ ਪਸਾਰਾ ਕੁਦਰਤ ਦਾ ਹੀ ਹੈ। ਰੁੱਤਾਂ ਤਿੱਥਾਂ ਦਾ ਆਉਣ ਜਾਣ ਕਈ ਤਰਾਂ ਦੇ ਸੁਨੇਹੇ ਦਿੰਦਾ ਹੈ ਇਸੇ ਪ੍ਰਸੰਗ ਵਿੱਚ ਸਾਡੀ ਪ੍ਰਕਿਰਤੀ ਵੀ ਕੁਦਰਤ ਦੇ ਰੰਗਾਂ ਵਿੱਚ ਵਲੇਟੀ ਹੋਈ ਹੈ। ਹਰ ਸਾਲ ਕੁਦਰਤ ਰਾਹੀਂ ਵੰਨ ਸੁਵੰਨੇ ਸੁਨੇਹੇ ਮਿਲਦੇ ਹਨ। ਧਰਤੀ ਅਤੇ ਆਕਾਸ, ਪ੍ਰਕਾਸ਼ ਨਾਲ ਖਿਲੇ ਰਹਿੰਦੇ ਹਨ। ਫੁਰਮਾਣ ਹੈ, "ਮਉਲੀ ਧਰਤੀ ਮਉਲਿਆ ਅਕਾਸੁ" ਮਨੁੱਖਤਾ ਬਹੁਤੀ ਵਾਰੀ ਕਾਦਰ ਦੀ ਰਚੀ ਕੁਦਰਤਿ ਦਾ ਖੁਦ ਹੀ ਘਾਣ ਕਰ ਦਿੰਦੀ ਹੈ। ਹਰ ਸਾਲ ਪਰਾਲੀ ਫੂਕਣਾ, ਜੰਗਲਾਂ ਨੂੰ ਅੱਗ ਅਤੇ ਕੀਟ ਨਦੀਨ ਨਾਸ਼ਕ ਦੀ ਵਰਤੋਂ ਕੁੱਝ ਉਦਾਹਰਨਾਂ ਹਨ। ਕੁਰਤ ਨੂੰ ਆਪਣੀ ਚਾਲ ਆਪ ਹੀ ਚੱਲਣ ਦੇਈਏ ਤਾਂ ਨਕਸਾ ਵੱਖਰਾ ਹੁੰਦਾ ਹੈ। ਕੁਦਰਤ ਉੱਤੇ ਵਿਗਿਆਨ ਦੀ ਸ਼ਾਲ ਫੇਰੀਏ ਤਾਂ ਨਕਸਾ ਵੱਖਰਾ ਮਿਲਦਾ ਹੈ। ਕੁਦਰਤ ਦਾ ਰਚਣਹਾਰਾ ਸਿਸ੍ਰਟੀ ਦੀ ਰਚਨਾ ਵੀ ਕਰਦਾ ਹੈ ਜਿਵੇਂ ਮਨੁੱਖਤਾ, ਜੀਵਜੰਤੂ, ਘਾਹਫੂਸ, ਹਵਾਵਾਂ ਧੁੱਪਾਂ, ਰੁੱਖ ਵਗੈਰਾ ਵਗੈਰਾ। ਗੁਰਬਾਣੀ ਵਿੱਚ ਅੰਕਿਤ ਹੈ, "ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ, ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ, ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ, ਸੋ ਮਿਤ ਜਣੈ ਨਾਨਕਾ ਸਰਾਂ ਮੇਰਾਂ ਜੰਤਾਹ"

ਮਉਲੀ ਧਰਤੀ ਅਤੇ ਮਉਲਿਆ ਆਕਾਸ ਦੇ ਰੰਗ ਕੁਦਰਤ ਕੁਦਰਤ ਨੇ ਖਾਸ ਲੋੜਾਂ ਪੂਰੀਆਂ ਕਰਨ ਲਈ ਬਣਾਏ ਹਨ। ਇਹ ਕੁਦਰਤ ਦੀ ਪ੍ਰਕਿਰਿਆ ਹੈ ਕਰਿਸ਼ਮਾ ਨਹੀਂ ਹੈ। ਬਦਲੀ ਪ੍ਰਕਿਰਤੀ ਨਾਲ ਧਰਤੀ ਉਤੇ ਵੱਖਰੀ ਪਹਿਚਾਣ ਬਣੀ ਰਹਿੰਦੀ ਹੈ। ਪੰਜਾਬੀ ਸੱਭਿਆਚਾਰ ਵਿੱਚ ਰੁੱਤਾਂ ਤਿੱਥਾਂ ਅਤੇ ਦੇਸੀ ਮਹੀਨਿਆ ਦਾ ਗੂੜ੍ਹਾ ਸੰਬੰਧ ਹੈ। ਪਹਿਲੀ ਚੇਤ ਤੋਂ ਨਵਾ ਸਾਲ ਸ਼ੁਰੂ ਹੁੰਦਾ ਹੈ। ਇੱਥੇ ਹੀ ਚੇਤ-ਵੈਸਾਖ ਮਹੀਨਿਆਂ ਵਿੱਚ ਫਲਾਂ ਅਤੇ ਬੂਟਿਆਂ ਤੇ ਜਵਾਨੀ ਆਉਂਦੀ ਹੈ। ਜੇਠ-ਹਾੜ੍ਹ ਵਿੱਚ ਗਰਮੀ ਆਉਂਦੀ ਹੈ ਜੋ ਫਸਲਾਂ ਲਈ ਲਾਹੇਵੰਦ ਹੈ। ਸਾਉਣ- ਭਾਦੋਂ ਬਰਸਾਤੀ ਰੁੱਤ ਮੰਨੀ ਗਈ ਹੈ। ਜਿਸ ਨਾਲ ਧਰਤੀ ਦੇ ਪਾਣੀ ਦੀ ਕਮੀ ਪੂਰੀ ਹੋਣ ਨਾਲ ਅਕਾਸ਼ ਨਿੱਖਰਦਾ ਹੈ। ਅੱਸੂ-ਕੱਤਕ ਇਹ ਸਰਦ ਰੁੱਤ ਦੀ ਸਰਦਲ ਹੁੰਦੀ ਹੈ। ਮੱਘਰ- ਪੋਹ ਇਹ ਠੰਢ ਦੇ ਮਹੀਨੇ ਹਨ। ਮਾਘ-ਫੱਗਣ ਪਤਝੜ ਹੁੰਦੀ ਹੈ। ਪ੍ਰਕਿਰਤੀ ਵਿੱਚ ਨਵੀਆਂ ਕਰੂੰਬਲਾਂ ਸੁਰੂ ਹੁੰਦੀਆਂ ਹਨ।

ਮਨੁੱਖਤਾ ਦੀ ਕੁਦਰਤ ਨਾਲ ਛੇੜਛਾੜ ਕਰਕੇ ਮੌਸਮਾਂ ਵਿੱਚ ਬੇਰੁੱਖੀ ਆਉਂਦੀ ਹੈ। ਜਿਸ ਨਾਲ ਮਨੁੱਖ ਖੁਦ ਅਲਾਮਤਾਂ ਛੇੜਨ ਦੇ ਨਾਲ-ਨਾਲ ਜੀਵ-ਜੰਤੂਆਂ ਲਈ ਵੀ ਭੈੜਤ ਛੇੜਦਾ ਹੈ। ਕਦੇ ਨਹੀਂ ਸੋਚਦੇ ਕਿ ਰੁੱਤਾਂ ਦੀ ਕੀਮਤ ਅਗਲੀਆਂ ਪੀੜੀਆਂ ਲਈ ਸੰਭਾਲ ਕੇ ਰੱਖੀਏ। ਅੱਜ ਬਜੁਰਗਾਂ ਦੀਆਂ ਕੀਮਤੀ ਕਹਾਵਤਾਂ ਵੀ ਕੁਦਰਤੀ ਛੇੜਛਾੜ ਕਰਕੇ ਝੂਠੀਆਂ ਲੱਗ ਰਹੀਆਂ ਹਨ। ਅਸੀਂ ਤਾਂ ਰੁੱਤਾਂ ਤਿੱਥਾਂ ਦੇਸੀ



ਮਹੀਨਿਆਂ ਨੂੰ ਸਿੰਗਾਰਨ ਲਈ ਇਹਨਾਂ ਨਾਲ ਜੁੜਦੇ ਤਿਉਹਾਰ ਮੇਲੇ ਵੀ ਬਣਾਏ ਹੋਏ ਹਨ। ਸਾਨੂੰ ਕੁਦਰਤ ਤੋਂ ਸਿੱਖਣਾ ਚਾਹੀਦਾ ਹੈ ਕਿ ਇਹ ਵਰਤਮਾਨ ਨੂੰ ਚੰਗੀ ਤਰਾਂ ਹੰਢਾਉਂਦੀ ਹੈ ਭਵਿੱਖ ਦੀ ਚਿੰਤਾ ਅਤੇ ਭੂਤ ਦਾ ਪਛਤਾਵਾ ਨਹੀਂ ਕਰਦੀ, ਕਾਸ਼ ! ਅਸੀਂ ਵੀ ਇਸੇ ਤਰਾਂ ਦੇ ਹੋ ਜਾਈਏ। ਡਾ ਸਾਂਵਲ ਧਾਮੀ ਦੀ ਰਚਨਾ ਸਾਂਝੀ ਕਰਨੀ ਬਣਦੀ ਹੈ, "ਪੱਤਿਆਂ ਨੂੰ ਕੇਰ ਕੇ ਵੀ, ਹੋਈ ਨਾ ਰੂਹ ਜੇ ਰਾਜੀ, ਪੱਤਿਆਂ ਨੂੰ ਪੌਣ ਤਾਂਹੀ ਮਿੱਟੀ ਚ ਰੋਲਦੀ ਕਬਰਾਂ ਕੁਏਰਦੀ ਹੈ, ਮੜੀਆਂ ਫਰੋਲਦੀ ਹੈ, ਪਾਗਲ ਇਹ ਜਿੰਦਗਾਨੀ, ਮੋਇਆਂ ਨੂੰ ਟੋਲਦੀ ਹੈ"

ਕੁਦਰਤ ਹੈ ਕੀਮਤਿ ਨਹੀਂ ਪਾਈ। ਇਹ ਇੱਕ ਤਰਾਂ ਨਾਲ ਅਧਿਆਤਮਵਾਦ ਵਿੱਚੋਂ ਉਪਜਿਆ ਜਿੱਥੇ ਸਬਕ ਹੈ, ਉੱਥੇ ਜੀਵਨ-ਜਾਂਚ ਅਤੇ ਜੀਵਨ ਸਾਰ ਵੀ ਹੈ। ਕੁਦਰਤ ਦੀ ਕੀਮਤ ਦੀ ਸਮਝ ਕਰੋਨਾ ਸਮੇਂ ਆਈ। ਕਰੋਨਾ ਸਮੇਂ ਆਕਸੀਜਨ ਦੇ ਸਿਲਡਰਾਂ ਨੇ ਦੱਸਿਆ ਕਿ ਕੁਦਰਤ ਦੇ ਰੁੱਖਾਂ ਦੀ ਮਿਲਦੀ ਆਕਸੀਜਨ ਦਾ ਅੰਦਾਜ਼ਾ ਹੀ ਨਹੀਂ ਲਾਇਆ। ਕੁਦਰਤ ਸੰਤੁਲਨ ਬਣਾ ਕੇ ਰੱਖਦੀ ਹੈ ਜੋ ਕਾਇਨਾਤ ਲਈ ਜ਼ਰੂਰੀ ਹੈ। ਗੁਰਬਾਣੀ ਦਾ ਬਹੁਤ ਪਹਿਲੇ ਫੁਰਮਾਣ ਸੀ, "ਕੁਦਰਤਿ ਹੈ ਕੀਮਤਿ ਨਹੀਂ ਪਾਇ"


ਇਹ ਸਾਰੀ ਕਾਇਨਾਤ ਕਾਦਰ ਦੀ ਕੁਦਰਤ ਹੈ। ਸਾਰਾ ਬ੍ਰਹਿਮੰਡ, ਹਵਾ, ਪਾਣੀ, ਮਨੁੱਖ, ਧਰਤੀ,ਅਕਾਸ਼, ਪਤਾਲ, ਕੁਦਰਤ ਦੀ ਸਿਰਮੌਰ ਨਿਯਮਾਂਵਲੀ ਹੈ। ਗੁਰਬਾਣੀ ਵਿੱਚ ਫੁਰਮਾਨ ਹੈ,

"ਕੁਦਰਤਿ ਦਿਸੈ, ਕੁਦਰਤਿ ਸੁਣੀਐ, ਕੁਦਰਤਿ ਭਉ ਸੁਖ ਸਾਰੁ, ਕੁਦਰਤਿ ਪਾਤਾਲੀ ਆਕਾਸੀ, ਕੁਦ, ਤ ਸਰਬ ਆਕਾਰੁ".....ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ, ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ"

ਸਭ ਪਾਸੇ ਦਿੱਖਦਾ ਕੁਦਰਤ ਦਾ ਪਸਾਰਾ ਦੇਖ ਕੇ ਇਸ ਦੇ ਸੁਨੇਹੇ ਸਮਝ ਕੇ ਸਾਨੂੰ ਕੁਦਰਤ ਦੀ ਕੀਮਤ ਪਾਉਣੀ ਚਾਹੀਦੀ ਹੈ। ਇਸ ਨਾਲ ਹੀ ਸੁੱਥਰਾ ਭਵਿੱਖ ਸਿਰਜਿਆ ਜਾ ਸਕਦਾ ਹੈ।

# ਕੈਂਸਰ: ਉਮਰ ਨਹੀਂ ਦੇਖਦਾ


ANIL DHEER
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)




ਹੈਲਥ ਅਲਰਟ ਸੀਰੀਜ਼ : ਵਿਸ਼ਵ ਭਰ ਵਿਚ ਨਵਜਾਤ ਬੱਚੇ, ਨੌਜਵਾਨ, ਮੱਧ ਉਮਰ ਅਤੇ ਸੀਨੀਅਰਸ ਖਤਰਨਾਕ ਬਿਮਾਰੀ ਕੈਂਸਰ ਦੇ ਘੇਰੇ ਵਿਚ ਤੇਜ਼ੀ ਨਾਲ ਆ ਰਹੇ ਹਨ। ਕੈਂਸਰ ਦਾ ਅੰਕੜਾ ਹਰ ਮਿਨਟ ਵੱਧ ਰਿਹਾ ਹੈ। ਕੈਂਸਰ ਉਮਰ ਨਹੀਂ ਦੇਖਦਾ। ਆਮ ਤੌਰ 'ਤੇ ਕੈਂਸਰ ਜੈਨੇਟਿਕ ਤਬਦੀਲੀ ਕਾਰਨ ਹੁੰਦਾ ਹੈ, ਜੋ ਆਮ ਸੈੱਲ ਵਿਕਾਸ ਵਿਚ ਵਿਘਨ ਪਾਉਂਦੇ ਹਨ ਜੋ ਕਿ ਜੈਨੇਟਿਕ, ਜੀਵਨ ਸ਼ੈਲੀ ਅਤੇ ਵਾਤਾਵਰਣਕ ਕਾਰਕਾਂ ਦੇ ਸੁਮੇਲ ਦੁਆਰਾ ਚਲਾਇਆ ਜਾਂਦਾ ਹੈ।

ਲਾਈਫ ਸਟਾਇਲ ਵਿਚ ਸੱਭ ਤੋਂ ਪਹਿਲਾਂ ਤੰਬਾਕੂ ਦੀ ਵਰਤੋਂ ਜਿਸ ਨਾਲ ਫੇਫੜੇ, ਮੂੰਹ, ਗਲੇ ਅਤੇ ਬਲੈਡਰ ਕੈਂਸਰ ਦੀ ਸੰਭਾਵਨਾ ਬਰਾਬਰ ਬਣੀ ਰਹਿੰਦੀ ਹੈ।

ਦੂਜੇ ਨੰਬਰ 'ਤੇ ਸ਼ਰਾਬ ਯਾਨਿ ਵਾਧੂ ਅਲਕੋਹਲ ਦਾ ਇਸਤੇਮਾਲ ਅਤੇ ਤਜਿ ਨੰਬਰ 'ਤੇ ਗੈਰ-ਸਿਹਤਮੰਦ ਖੁਰਾਕ ਵਿਚ ਫਲਾਂ-ਸਬਜੀਆਂ ਦੀ ਥਾਂ ਮਾਂਸ ਦਾ ਜ਼ਿਆਦਾ ਸੇਵਨ, ਸਰੀਰਕ ਐਕਟੀਵਿਟੀ ਘੱਟ ਕਰਨ ਨਾਲ ਤੇਜ਼ੀ ਨਾਲ ਵੱਧ ਰਿਹਾ ਮੋਟਾਪਾ।

ਵਾਤਾਵਰਣਕ ਕਾਰਕਾਂ ਵਿਚ ਰੇਡੋਨ, ਐਸਬੈਸਟਸ, ਕੀਟਨਾਸ਼ਕਾਂ ਤੇ ਉਦਯੋਗਿਕ ਰਸਾਇਣਾਂ ਵਰਗੇ ਕਾਰਸੀਨੋਜਨਾਂ ਦੇ ਸੰਪਰਕ ਵਿਚ ਆਉਣ ਨਾਲ ਖਤਰਾ ਵੱਧ ਜਾਂਦਾ ਹੈ।

ਰੇਡੀਏਸ਼ਨ : ਸੂਰਜ ਤੋਂ ਅਲਟਰਾਵਾਇਲਟ (ਯੂਵੀ) ਰੇਡੀਏਸ਼ਨ ਚਮੜੀ ਦੇ ਕੈਂਸਰ ਦਾ ਕਾਰਨ ਬਣਦਾ ਹੈ। ਜਦੋਂ ਕਿ ਆਇਓਨਾਈਜਿੰਗ ਰੇਡੀਏਸ਼ਨ ਜਿਵੇਂ ਕਿ ਐਕਸ-ਰੇ, ਰੇਡੋਨ ਗੈਸ ਹੋਰ ਕਿਸਮਾਂ ਦਾ ਕਾਰਨ ਬਣ ਸਕਦੀ ਹੈ।

ਸੰਕਰਮਣ (ਇਨਫੈਕਸ਼ਨ): ਕੁੱਝ ਵਾਇਰਸ, ਬੈਕਟੀਰੀਆ ਅਤੇ ਪਰਜੀਵੀ- ਜਿਵੇਂ ਕਿ ਹਿਊਮਨ ਪੈਪੀਲੋਮਾਵਾਇਰਸ, ਹੈਪੇਟਾਈਟਸ ਬੀ ਤੇ ਸੀ 'ਤੇ ਹੈਲੀਕੋਬੈਕਟਰ ਪਾਈਲੋਰੀ ਕੈਂਸਰਾਂ ਨਾਲ ਜੁੜੇ ਹੋਏ ਹਨ।

ਜੈਨੇਟਿਕ ਕਾਰਕ: ਵਿਰਾਸਤੀ ਜੈਨੇਟਿਕ ਤਬਦੀਲੀ ਜਿਵੇਂ ਕਿ ਬੀ ਆਰ ਸੀ ਏ ਆਈ 1/ਬੀਆਰਸੀਏ 2 ਲੋਕਾਂ ਨੂੰ ਕੁੱਝ ਖਾਸ ਕੈਂਸਰਾਂ ਦਾ ਸ਼ਿਕਾਰ ਬਣਾ ਸਕਦੇ ਹਨ।

ਵੱਧ ਰਹੀ ਉਮਰ ਨਾਲ ਵੀ ਕੈਂਸਰ ਦਾ ਖਤਰਾ ਕਾਫੀ ਵੱਧ ਜਾਂਦਾ ਹੈ। ਬਹੁਤ ਸਾਰੇ ਕੇਸਾਂ ਵਿੱਚ 60-65 ਸਾਲ ਤੋਂ ਬਾਅਦ ਹੀ ਡਾਇਗਨੋਸ ਦੇਖਣ ਨੂੰ ਮਿਲਦਾ ਹੈ।

ਖਿਆਲ ਰੱਖਣਾ ਜਰੂਰੀ ਹੋ ਗਿਆ ਹੈ:

➢ ਆਪਣੀ ਫੈਮਿਲੀ ਹਿਸਟਰੀ ਨੂੰ ਨਜ਼ਰਅੰਦਾਜ਼ ਨਾ ਕਰੋ।

➢ ਤੰਬਾਕੂ ਖਾਣ ਅਤੇ ਸਿਗਰੇਟ-ਬੀੜੀ ਦੇ ਧੂੰਏ 'ਤੇ ਨਾਲ ਹੀ ਸੈਕੰਡਹੈਂਡ ਸਮੋਕ ਤੋਂ ਹਮੇਸ਼ਾ ਬਚੋ।

➢ ਸੂਰਜ ਦੀਆਂ ਤੇਜ਼ ਕਿਰਨਾਂ ਤੋਂ ਬਚਣ ਲਈ ਹਮੇਸ਼ਾ ਸਨਸਕ੍ਰੀਨ ਲੋਸ਼ਨ ਦੀ ਵਰਤੋਂ ਕਰੋ।

➢ ਬੈਠੋ ਘੱਟ ਵਰਕਆਉਟ ਜ਼ਿਆਦਾ ਕਰੋ। ਮੋਟਾਪਾ ਘਟਾਓਣ ਲਈ ਡੇਲੀ ਵਰਕਆਊਟ, ਯੋਗਾ, ਮੇਡੀਟੇਸ਼ਨ, ਤੇਜ਼ ਸੈਰ ਦੀ ਆਦਤ ਪਾ ਲਵੋ।

➢ ਤੇਜ਼ ਮਿਰਚ-ਮਸਾਲਿਆਂ ਨਾਲ ਤਿਆਰ ਜੰਕ-ਫੂਡ ਕਈ ਖਤਰਨਾਕ ਬਿਮਾਰੀਆਂ ਨੂੰ ਬੁਲਾਵਾ ਦੇ ਰਿਹਾ ਹੈ। ਗਰਭਵਤੀ ਔਰਤਾਂ ਖਾਸ ਖਿਆਲ ਰੱਖਣ।

➢ ਕਦੇ ਵੀ ਭੁੱਖ ਤੋਂ ਵੱਧ ਨਾ ਖਾਓ। ਮੌਸਮ ਮੁਤਾਬਿਕ ਲੋੜੀਂਦੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਖੁਰਾਕ ਲਵੋ। ਹਰੀ ਪੱਤੇਦਾਰ ਸਬਜ਼ੀਆਂ-ਫੱਲਾਂ ਜ਼ਿਆਦਾ ਸੇਵਨ ਕਰੋ। ਹੋਲਗ੍ਰੇਨ ਆਟੇ ਦੀ ਵਰਤੋਂ ਕਰੋ।

➢ ਘੱਟ ਉਮਰ ਵਿਚ ਅਲਕੋਹਲ ਦੀ ਵਰਤੋਂ ਲੜਕੀਆਂ ਜ਼ਿਆਦਾ ਕਰ ਰਹੀਆਂ ਹਨ ਜੋ ਕਿ ਚਿੰਤਾ ਅਤੇ ਖਤਰੇ ਵਾਲੀ ਗੱਲ ਹੈ। ਅਲਕੋਹਲ ਨੂੰ ਲਿਮਿਟ ਵਿਚ ਲੈ ਕੇ ਬਿਮਾਰੀ ਦੇ ਖਤਰੇ ਨੂੰ ਘੱਟ ਕਰੋ।

➢ ਲੋੜੀਂਦੇ ਵੈਕਸੀਨੇਸ਼ਨ ਜਰੂਰ ਕਰਾਓ।

ਨੋਟ: ਕੈਂਸਰ ਵਰਗੇ ਖਤਰਨਾਕ ਰੋਗਾਂ ਤੋਂ ਬਚਾਅ ਲਈ ਸਮੇਂ-ਸਮੇਂ 'ਤੇ ਆਪਣੀ ਬਿਮਾਰੀ ਮੁਤਾਬਿਕ ਸਹੀ ਇਲਾਜ਼ ਅਤੇ ਜਾਂਚ ਲਈ ਆਪਣੇ ਫੈਮਿਲੀ ਡਾਕਟਰ ਨੂੰ ਮਿਲਦੇ ਰਹੋ।

* * * * * * *

# ਟੁੱਟ ਰਹੇ ਸਾਂਝੇ ਪਰਿਵਾਰ : ਸੱਭਿਅਕ ਸਮਾਜ ਲਈ ਵੱਡਾ ਦੁਖਾਂਤ

ਜਗਤਾਰ ਸਮਾਲਸਰ
ਏਲਨਾਬਾਦ, ਸਿਰਸਾ (ਹਰਿਆਣਾ)
ਸੰਪਰਕ-94670-95953



ਹਰ ਇਨਸਾਨ ਪਰਿਵਾਰ ਬਿਨਾ ਅਧੂਰਾ ਹੈ। ਜੀਵਨ ਵਿੱਚ ਭਾਵੇਂ ਕੋਈ ਕਿੰਨਾ ਵੀ ਸਫ਼ਲ ਹੋਵੇ ਜਾਂ ਪੜ੍ਹਿਆ-ਲਿਖਿਆ ਹੋਵੇ ਪਰ ਜੇਕਰ ਉਸ ਕੋਲ ਪਰਿਵਾਰ ਨਹੀ ਹੈ ਤਾਂ ਉਹ ਇਕੱਲਾ ਹੈ ਅਤੇ ਇਕੱਲਿਆਂ ਜ਼ਿੰਦਗੀ ਕੱਟਣੀ ਆਸਾਨ ਨਹੀ ਹੁੰਦੀ। ਪਰਿਵਾਰ ਵਿੱਚ ਰਹਿਣ ਵਾਲਾ ਇਨਸਾਨ ਆਪਣੀਆਂ ਖੁਸ਼ੀਆਂ ਅਤੇ ਦਰਦ ਨੂੰ ਵੰਡਣਾ ਜਾਣਦਾ ਹੈ। ਅਜੋਕੇ ਸਮੇ ਦੌਰਾਨ ਸੰਯੁਕਤ ਪਰਿਵਾਰਾਂ ਦਾ ਟੁੱਟਣਾ ਪੂਰੇ ਵਿਸ਼ਵ ਲਈ ਚਿੰਤਾ ਦਾ ਵਿਸ਼ਾ ਹੈ।

ਦੁਨੀਆ ਭਰ ਦੇ ਲੋਕਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਨਾਲ ਜੋੜਕੇ ਰੱਖਣ, ਸਮਾਜ ਵਿੱਚ ਇਸ ਪ੍ਰਤੀ ਜਾਗਰੂਕਤਾ ਫੈਲਾਉਣ, ਪਰਿਵਾਰ ਦੇ ਮਹੱਤਵ ਅਤੇ ਉਸਦੀ ਯੋਗਤਾ ਨੂੰ ਪ੍ਰਗਟ ਕਰਨ ਦੇ ਉਦੇਸ਼ ਨਾਲ ਹੀ ਹਰ ਸਾਲ 15 ਮਈ ਦਾ ਦਿਨ ਪੂਰੀ ਦੁਨੀਆ ਵਿੱਚ ਕੌਮਾਂਤਰੀ ਪਰਿਵਾਰ ਦਿਵਸ ਵਜੋਂ ਵੀ ਮਨਾਇਆ ਜਾਂਦਾ ਹੈ। ਪਰਿਵਾਰ ਦਿਵਸ ਮਨਾਉਣ ਦੀ ਭਾਵਨਾ ਦੇ ਪਿੱਛੇ ਆਪਸ ਵਿੱਚ ਵੈਰ-ਵਿਰੋਧ, ਕੜਵਾਹਟ, ਦੁਸ਼ਮਣੀ ਅਤੇ ਨਫ਼ਰਤ ਨੂੰ ਘੱਟ ਕਰਨਾ ਹੈ॥

ਪਰਿਵਾਰ ਇੱਕ ਅਜਿਹੀ ਸਮਾਜਿਕ ਸੰਸਥਾ ਹੈ ਜੋ ਆਪਸੀ ਸਹਿਯੋਗ ਅਤੇ ਸੰਯੋਗ ਨਾਲ ਅੱਗੇ ਵਧਦੀ ਹੈ। ਜਿਸ ਪਰਿਵਾਰ ਦੇ ਸਾਰੇ ਮੈਂਬਰ ਆਪਸ ਵਿੱਚ ਮਿਲਕੇ ਆਪਣੀ ਜ਼ਿੰਦਗੀ ਪਿਆਰ ਅਤੇ ਸੁਨੇਹ ਨਾਲ ਗੁਜ਼ਾਰਦੇ ਹਨ ਉਹ ਪਰਿਵਾਰ ਕਿਸੇ ਜੰਨਤ ਤੋਂ ਘੱਟ ਨਹੀ ਹੁੰਦਾ। ਪਰਿਵਾਰ ਦੀ ਮਰਿਯਾਦਾ ਅਤੇ ਅਨੁਸ਼ਾਸਨ ਵਿੱਚ ਰਹਿਕੇ ਹਰ ਇੱਕ ਨੂੰ ਸਨਮਾਨ ਅਤੇ ਇੱਜ਼ਤ ਦੇਣਾ ਇੱਕ ਸੁਖੀ ਅਤੇ ਖੁਸ਼ਹਾਲ ਪਰਿਵਾਰ ਦੇ ਗੁਣ ਹੁੰਦੇ ਹਨ। ਕਿਸੇ ਵੀ ਪਰਿਵਾਰ ਦੇ ਗੁਣ ਅਤੇ ਔਗੁਣ ਹੀ ਆਦਮੀ ਦੀ ਪਹਿਚਾਣ ਹੁੰਦੇ ਹਨ। ਸੁੱਖ ਅਤੇ ਦੁੱਖ ਜ਼ਿੰਦਗੀ ਦੇ ਪਹਿਲੂ ਹਨ ਪਰ ਦੁੱਖ ਦੇ ਸਮੇ ਨੂੰ ਖਿੜੇ ਮੱਥੇ ਪ੍ਰਵਾਨ ਕਰਨ ਅਤੇ ਅਜਿਹੇ ਮੌਕੇ ਇੱਕ ਦੂਜੇ ਨੂੰ ਹੌਂਸਲਾ ਦੇ ਕੇ ਸਹਾਰਾ ਬਣਨ ਵਾਲੇ ਪਰਿਵਾਰ ਜਿੱਥੇ ਸਮਾਜ ਲਈ ਇੱਕ ਉਦਾਹਰਣ ਬਣਦੇ ਹਨ ਉੱਥੇ ਹੀ ਅਜਿਹੇ ਪਰਿਵਾਰਾਂ ਵਿੱਚ ਦੁੱਖ ਵੀ ਜ਼ਿਆਦਾ ਸਮੇ ਤੱਕ ਨਹੀ ਠਹਿਰਦੇ। ਅਜਿਹੇ ਪਰਿਵਾਰ ਆਪਸੀ ਭਾਈਚਾਰੇ ਅਤੇ ਸਹਿਨਸ਼ੀਲਤਾ ਨਾਲ ਆਪਣੀ ਜ਼ਿੰਦਗੀ ਵਿੱਚੋਂ ਦੁੱਖ ਨੂੰ ਦੂਰ ਭਜਾਉਣ ਲਈ ਮਿਸਾਲ ਬਣਦੇ ਹਨ ਪਰ ਇਸਦੇ ਨਾਲ ਹੀ ਅੱਜ ਇਕੱਲਤਾ ਭਰੀ ਜ਼ਿੰਦਗੀ ਜਿਉਂਣ ਵਾਲੇ ਲੋਕ ਵੱਡੇ ਪੱਧਰ ਦੇ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਇਸ ਲਈ ਆਖਿਆ ਜਾ ਸਕਦਾ ਹੈ ਕਿ ਖੁਸ਼ਹਾਲ ਜ਼ਿੰਦਗੀ ਜਿਉਂਣ ਵਿੱਚ ਸੰਯੁਕਤ ਪਰਿਵਾਰ ਦਾ ਵੱਡਾ ਹੱਥ ਹੁੰਦਾ ਹੈ॥

ਸਿਆਣਿਆ ਦਾ ਕਥਨ ਹੈ ਕਿ ਸਾਂਝੇ ਪਰਿਵਾਰ ਤੋਂ ਵੱਡਾ ਕੋਈ ਪੈਸਾ ਨਹੀਂ ਹੁੰਦਾ। ਪਿਤਾ ਤੋਂ ਵੱਡਾ ਕੋਈ ਸਲਾਹਕਾਰ ਨਹੀਂ ਹੁੰਦਾ। ਮਾਂ ਦੀ ਅਸੀਸ ਤੋਂ ਵੱਡੀ ਕੋਈ ਦੁਨੀਆ ਨਹੀਂ ਹੁੰਦੀ। ਭਰਾ ਤੋਂ ਚੰਗਾ ਕੋਈ ਸਾਂਝੀਵਾਲ ਨਹੀਂ ਹੁੰਦਾ। ਭੈਣ ਤੋਂ ਵੱਡਾ ਕੋਈ ਸ਼ੁਭਚਿੰਤਕ ਨਹੀਂ ਹੁੰਦਾ। ਇਸ ਲਈ ਜੇਕਰ ਅਸੀ ਇਕਹਿਰੇ ਪਰਿਵਾਰ ਵਿੱਚ ਰਹਿੰਦੇ ਹਾਂ ਤਾਂ ਉਪਰੋਕਤ ਸਾਰੀਆਂ ਸਹੂਲਤਾਂ ਤੋਂ ਵਾਂਝੇ ਹੁੰਦੇ ਹਾਂ। ਸਾਂਝੇ ਪਰਿਵਾਰ ਤੋਂ ਬਿਨਾਂ ਖੁਸ਼ਹਾਲ ਜੀਵਨ ਦੀ ਕਲਪਨਾ ਕਰਨਾ ਔਖਾ ਹੈ। ਇੱਕ ਸਦਗੁਣੀ ਪਰਿਵਾਰ ਬੱਚੇ ਦੇ ਚਰਿੱਤਰ ਨਿਰਮਾਣ ਤੋਂ ਲੈ ਕੇ ਵਿਅਕਤੀ ਦੀ ਸਫਲਤਾ ਤੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ॥



ਭਾਵੇਂ ਪ੍ਰਾਣੀ ਜਗਤ ਵਿੱਚ ਪਰਿਵਾਰ ਇੱਕ ਛੋਟੀ ਇਕਾਈ ਹੈ ਪਰ ਇਸਦੀ ਮਜਬੂਤੀ ਸਾਨੂੰ ਹਰ ਵੱਡੀ ਤੋਂ ਵੱਡੀ ਮੁਸੀਬਤ ਤੋਂ ਬਚਾਉਣ ਵਿੱਚ ਸਹਾਈ ਹੁੰਦੀ ਹੈ। ਪਰਿਵਾਰ ਕਿਸੇ ਵੀ ਰਾਸ਼ਟਰ ਦੀ ਮੁੱਢਲੀ ਇਕਾਈ ਵੀ ਹੈ। ਸੁਚੱਜੇ ਪਰਿਵਾਰ ਨਾਲ ਹੀ ਚੰਗੇ ਰਾਸ਼ਟਰ ਦਾ ਨਿਰਮਾਣ ਹੁੰਦਾ ਹੈ। ਇਸ ਲਈ ਇੱਕ ਸੰਪੂਰਨ ਪਰਿਵਾਰ ਦਾ ਰਾਸ਼ਟਰ ਦੀ ਤਰੱਕੀ ਵਿੱਚ ਅਹਿਮ ਯੋਗਦਾਨ ਹੁੰਦਾ ਹੈ।

ਪਰਿਵਾਰ ਇਨਸਾਨ ਦਾ ਪਹਿਲਾ ਸਕੂਲ ਹੈ। ਉਹ ਜੋ ਕੁਝ ਵੀ ਚੰਗਾ ਜਾਂ ਬੁਰਾ ਸਿੱਖਦਾ ਹੈ ਆਪਣੇ ਪਰਿਵਾਰ ਵਿੱਚੋਂ ਹੀ ਸਿੱਖਦਾ ਹੈ। ਮਨੋਵਿਗਿਆਨੀ ਵੀ ਜਦੋਂ ਕਿਸੇ ਪਰਿਵਾਰ ਦੀ ਸਮੱਸਿਆ ਨੂੰ ਹੱਲ ਕਰਦੇ ਹਨ ਤਾਂ ਸਭ ਤੋਂ ਜ਼ਿਆਦਾ ਤਵੱਜੋ ਪਰਿਵਾਰ ਦੀ ਵਿਚਾਰਧਾਰਾ ਨੂੰ ਹੀ ਦਿੰਦੇ ਹਨ। ਪਰਿਵਾਰ ਸਾਡੀ ਨੀਂਹ ਵਿੱਚ, ਚਾਲ ਚਲਣ ਵਿੱਚ ਅਤੇ ਫਿਰ ਸਾਡੇ ਪੂਰੇ ਜੀਵਨ ਵਿੱਚ ਝਲਕਦਾ ਅਤੇ ਛਲਕਦਾ ਹੈ। ਪਰਿਵਾਰ ਇੱਕ ਵਿਚਾਰ ਹੈ। ਸੁਰੱਖਿਆ ਅਤੇ ਜੀਵਨਸ਼ੈਲੀ ਹੈ। ਇਸ ਵਿੱਚ ਰਹਿਣ ਦਾ ਇੱਕ ਤਰੀਕਾ ਹੈ ਜਿਸਨੂੰ ਅਸੀ ਪਰਿਵਾਰਕ ਸੰਸਕਾਰ ਕਹਿੰਦੇ ਹਾਂ।

ਭਾਰਤ ਵਿੱਚ ਪ੍ਰਾਚੀਨ ਕਾਲ ਤੋਂ ਹੀ ਸਾਂਝੇ ਪਰਿਵਾਰਾਂ ਦੀ ਪ੍ਰੰਪਰਾ ਰਹੀ ਹੈ। ਸੰਯੁਕਤ ਪਰਿਵਾਰ ਵਿੱਚ ਬਜ਼ੁਰਗਾਂ ਦੇ ਅਨੁਭਵ ਤੋਂ ਨਵੀ ਪੀੜੀ ਨੂੰ ਵੱਡਮੁੱਲਾ ਗਿਆਨ ਹਾਸਲ ਹੁੰਦਾ ਹੈ। ਸਾਂਝੀ ਪੂੰਜੀ,ਸਾਂਝੇ ਰਹਿਣ-ਸਹਿਣ ਅਤੇ ਸਾਂਝੀ ਜ਼ਿੰਮੇਵਾਰੀ ਕਾਰਨ ਪਰਿਵਾਰ ਵਿੱਚ ਅਨੁਸ਼ਾਸਨ ਅਤੇ ਇੱਜ਼ਤ ਦਾ ਮਾਹੌਲ ਹਮੇਸ਼ਾ ਬਣਿਆ ਰਹਿੰਦਾ ਹੈ ਪਰ ਅਜੋਕੇ ਬਦਲਦੇ ਸਮੇ ਵਿੱਚ ਸ਼ਹਿਰੀਕਰਨ ਅਤੇ ਆਧੁਨਿਕਤਾ ਨੇ ਸਾਂਝੇ ਪਰਿਵਾਰਾਂ ਦੀ ਪ੍ਰੰਪਰਾ ਨੂੰ ਖਤਰੇ ਵਿੱਚ ਪਾ ਦਿੱਤਾ ਹੈ ਜਿਸ ਨਾਲ ਸੰਯੁਕਤ ਪਰਿਵਾਰ ਇਕਹਿਰੀ ਪਰਿਵਾਰ ਪ੍ਰਣਾਲੀ ਵਿੱਚ ਤੇਜ਼ੀ ਨਾਲ ਬਦਲ ਰਹੇ ਹਨ।

ਅਜੋਕੇ ਇਕਹਿਰੇ ਪਰਿਵਾਰ ਦੀ ਜੀਵਨਸ਼ੈਲੀ ਨੇ ਦਾਦਾ-ਦਾਦੀ ਅਤੇ ਨਾਨਾ-ਨਾਨੀ ਦੀ ਗੋਦ ਵਿੱਚ ਖੇਡਣ ਅਤੇ ਲੋਰੀ ਸੁਣਨ ਵਾਲੇ ਬੱਚਿਆਂ ਦਾ ਬਚਪਨ ਖੋਹਕੇ ਉਨ੍ਹਾਂ ਨੂੰ ਮੋਬਾਇਲ ਦੇ ਆਦੀ ਬਣਾ ਦਿੱਤਾ ਹੈ। ਹੁਣ ਲਾਲਚ ਭਰੀ ਮਾਨਸਿਕਤਾ, ਉਪਭੋਗਤਾਵਾਦੀ ਸੱਭਿਆਚਾਰ ਅਤੇ ਸਹਿਨਸ਼ੀਲਤਾ ਦੀ ਕਮੀ ਕਾਰਨ ਸਾਂਝੇ ਪਰਿਵਾਰ ਟੁੱਟਣ ਲੱਗੇ ਹਨ।

ਪਿੰਡਾਂ ਵਿੱਚ ਰੁਜ਼ਗਾਰ ਦੀ ਅਣਹੋਂਦ ਦੇ ਕਾਰਨ ਅਕਸਰ ਵੱਡੀ ਆਬਾਦੀ ਦਾ ਸ਼ਹਿਰਾਂ ਵੱਲ ਨੂੰ ਮੁਹਾਣ ਹੋਣ ਲੱਗਾ ਹੈ। ਇਸਤੋਂ ਇਲਾਵਾ ਪੱਛਮੀ ਸੰਸਕ੍ਰਿਤੀ ਦਾ ਪ੍ਰਭਾਵ ਵਧਣ ਦੇ ਕਾਰਨ ਆਧੁਨਿਕ ਪੀੜੀ ਦਾ ਆਪਣੇ ਬਜ਼ੁਰਗਾਂ ਅਤੇ ਮਾਪਿਆਂ ਪ੍ਰਤੀ ਇੱਜ਼ਤ ਅਤੇ ਸਨਮਾਨ ਘੱਟ ਹੋਣ ਲੱਗਾ ਹੈ। ਬੁਢੇਪੇ ਵਿੱਚ ਜ਼ਿਆਦਾਤਰ ਬਿਮਾਰ ਰਹਿਣ ਵਾਲੇ ਮਾਤਾ-ਪਿਤਾ ਹੁਣ ਦੀ ਪੀੜੀ ਨੂੰ ਬੋਝ ਲੱਗਣ ਲੱਗੇ ਹਨ। ਇਕਹਿਰੀ ਪਰਿਵਾਰ ਪ੍ਰਣਾਲੀ ਵਿੱਚ ਪਲਿਆ ਕੋਈ ਵੀ ਬੱਚਾ ਆਪਣੇ ਫਰਜ਼ ਪ੍ਰਤੀ ਜਾਗਰੂਕ ਨਹੀ ਹੁੰਦਾ। ਇਸ ਲਈ ਅਜਿਹੇ ਬੱਚੇ ਅਲੱਗ ਰਹਿਣ ਨੂੰ ਹੀ ਆਪਣੇ ਜੀਵਨ ਦੀ ਸਭ ਤੋਂ ਵੱਡੀ ਖੁਸ਼ੀ ਮੰਨ ਲੈਂਦੇ ਹਨ।

ਭਾਰਤ ਵਿੱਚ ਵਿੱਚ ਬਿਰਧ ਆਸ਼ਰਮਾਂ ਦੀ ਨਿਰੰਤਰ ਵਧਦੀ ਗਿਣਤੀ ਇਸ਼ਾਰਾ ਕਰ ਰਹੀ ਹੈ ਕਿ ਹੁਣ ਸੰਯੁਕਤ ਪਰਿਵਾਰਾਂ ਨੂੰ ਬਚਾਉਣ ਲਈ ਇੱਕ ਤੰਦਰੁਸਤ ਸਮਾਜਿਕ ਪ੍ਰਣਾਲੀ ਦੀ ਲੋੜ ਹੈ।

ਬਜ਼ੁਰਗਾਂ ਅਤੇ ਆਧੁਨਿਕ ਪੀੜੀ ਦੇ ਵਿਚਾਰਾਂ ਵਿੱਚ ਆ ਰਿਹਾ ਵੱਡਾ ਫਰਕ ਸਾਂਝੇ ਪਰਿਵਾਰਾਂ ਨੂੰ ਤੋੜ ਰਿਹਾ ਹੈ ਪਰ ਅਨੁਭਵ ਦਾ ਖਜ਼ਾਨਾ ਕਹੇ ਜਾਣ ਵਾਲੇ ਬਜ਼ੁਰਗਾਂ ਦੀ ਅਸਲੀ ਜਗ੍ਹਾਂ ਬਿਰਧ ਆਸ਼ਰਮ ਨਹੀਂ ਸਗੋਂ ਘਰ ਹਨ ਕਿਉਂਕਿ ਅਜੋਕੇ ਸਮੇ ਵਿੱਚ ਦਿਸ਼ਾਹੀਣ ਹੋ ਰਹੀ ਨੌਜਵਾਨ ਪੀੜੀ ਨੂੰ ਬਜ਼ੁਰਗਾਂ ਦੇ ਅਨੁਭਵ ਦੀ ਵੱਡੀ ਲੋੜ ਹੈ। ਇਸ ਲਈ ਸਾਂਝੇ ਪਰਿਵਾਰ ਵਿੱਚ ਬਜ਼ੁਰਗਾਂ ਦੀ ਹਰ ਗੱਲ ਨੂੰ ਅਹਿਮੀਅਤ ਦੇਣੀ ਅਤਿ ਜਰੂਰੀ ਹੈ। ਜਿਹੜੇ ਪਰਿਵਾਰ ਅੱਜ ਵੀ ਬਜ਼ੁਰਗਾਂ ਨੂੰ ਮਾਣ-ਸਨਮਾਨ ਦੇ ਕੇ ਉਨ੍ਹਾਂ ਦੀ ਰਹਿਨੁਮਾਈ ਹੇਠ ਆਪਣਾ ਜੀਵਨ ਜਿਉਂ ਰਹੇ ਹਨ ਉਨ੍ਹਾਂ ਪਰਿਵਾਰਾਂ ਦੇ ਬੱਚਿਆਂ ਵਿੱਚ ਇੱਕ ਚੰਗੇ ਨਾਗਰਿਕ ਬਣਨ ਦੇ ਗੁਣ ਆਪਣੇ-ਆਪ ਪੈਦਾ ਹੋ ਰਹੇ ਹਨ। ਇਸ ਲਈ ਅੱਜ ਸਾਂਝੇ ਪਰਿਵਾਰਾਂ ਦੀ ਅਹਿਮੀਅਤ ਨੂੰ ਸਮਝਣ ਦੀ ਬਹੁਤ ਲੋੜ ਹੈ।

## ਇਮੀਗ੍ਰੇਸ਼ਨ ਅਫਸਰਾਂ ਲਈ ਬਾਡੀ ਕੈਮਰਾ ਪਹਿਨਣਾ ਜਰੂਰੀ-ਨੋਇਮ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਸੁਰੱਖਿਆ ਸਕੱਤਰ ਕ੍ਰਿਸਟੀ ਨੋਇਮ ਨੇ ਐਲਾਨ ਕੀਤਾ ਹੈ ਕਿ ਮਿਨੇਆਪੋਲਿਸ ਵਿੱਚ ਤਾਇਨਾਤ ਇਮੀਗ੍ਰੇਸ਼ਨ ਅਫਸਰਾਂ ਲਈ ਬਾਡੀ ਕੈਮਰਾ ਪਹਿਨਣਾ ਜਰੂਰੀ ਹੈ। ਟਰੰਪ ਪ੍ਰਸ਼ਾਸ਼ਨ ਨੇ ਇਹ ਕਦਮ ਹਾਲ ਹੀ ਵਿੱਚ ਇਮੀਗ੍ਰੇਸ਼ਨ ਕਾਰਵਾਈ ਦੌਰਾਨ ਹੋਈਆਂ ਗੋਲੀਬਾਰੀ ਦੀਆਂ 2 ਘਟਨਾਵਾਂ ਜਿਨਾਂ ਵਿੱਚ 2 ਲੋਕ ਮਾਰੇ ਗਏ ਸਨ, ਤੋਂ ਬਾਅਦ ਡੈਮੋਕਰੈਟਸ ਦੁਆਰਾ ਕੀਤੀ ਮੰਗ ਤੇ ਹੋਏ ਪ੍ਰਦਰਸ਼ਨਾਂ ਦੇ ਮੱਦੇਨਜਰ ਚੁੱਕਿਆ ਹੈ। ਨੋਇਮ ਨੇ ਕਿਹਾ ਹੈ ਕਿ ਇਮੀਗ੍ਰੇਸ਼ਨ ਅਫਸਰ ਤੁਰੰਤ ਬਾਡੀ ਕੈਮਰਾ ਪਹਿਨਣਾ ਸ਼ੁਰੂ ਕਰ ਦੇਣਗੇ। ਐਕਸ ਉਪਰ ਪਾਏ ਆਪਣੇ ਬਿਆਨ ਵਿੱਚ ਨੋਇਮ ਨੇ ਕਿਹਾ ਹੈ ਕਿ ਮਿਨੇਆਪੋਲਿਸ ਵਿੱਚ ਤਾਇਨਾਤ ਹਰ ਇਮੀਗ੍ਰੇਸ਼ਨ ਅਫਸਰ ਨੂੰ ਫੌਰੀ ਬਾਡੀ ਕੈਮਰਾ ਪਹਿਨਣਾ ਹੋਵੇਗਾ ਤੇ ਇਸ ਕੈਮਰਾ ਪ੍ਰੋਗਰਾਮ ਨੂੰ ਪੂਰੇ ਦੇਸ਼ ਵਿੱਚ ਲਾਗੂ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਟਰੰਪ ਨੇ ਕਿਹਾ ਸੀ ਕਿ ਉਨਾਂ ਨੇ ਬਾਡੀ ਕੈਮਰੇ ਬਾਰੇ ਨਿਰਨਾ ਨੋਇਮ ਉਪਰ ਛੱਡ ਦਿੱਤਾ ਹੈ।

## ਨਿੱਕੀ ਕਹਾਣੀ : ਜੁੱਤੀ-ਜਾਤੀ



ਜੀਤਾ ਆਪਣੀ ਜੁੱਤੀਆਂ ਨਾਲ ਭਰੀ ਰੇਹੜੀ ਲੈ ਪਿੰਡ 'ਚ ਹੋਕਾ ਦਿੰਦਾ ਫਿਰ ਰਿਹਾ ਸੀ। ਸੱਥ ਚੋਂ ਲੰਘਦੇ ਜੀਤੇ ਨੂੰ ਸੰਘਣੇ ਰੁੱਖਾਂ ਦੀ ਛਾਵੇਂ ਬੈਠੇ ਬਜ਼ੁਰਗਾਂ ਨੇ ਆਪਣੇ ਕੋਲ ਬੁਲਾ ਲਿਆ। ਉਹਨਾਂ ਚੋਂ ਇੱਕ ਨੇ ਪੁੱਛਿਆ ਕਾਕਾ ਵਿਖਾ ਜ਼ਰਾ ਜੁੱਤੀ-ਜਾਤੀ ਕੀ ਐ..? ਰੇਹੜੀ ਨੂੰ ਠੀਕ ਕਰਕੇ ਖੜਾਉਂਦਿਆਂ ਜੀਤੇ ਦੇ ਮੂੰਹੋਂ ਸਹਿਜ ਸੁਭਾਅ ਹੀ ਨਿੱਕਲ ਗਿਆ ਜੀ ਜੁੱਤੀ ਬੂਟ ਨੇ ਚੱਪਲਾਂ ਨੇ ਤੇ ਜਾਤੀ ਚਮਾਰ..!

ਸੱਥ ਵਿੱਚ ਬੈਠੇ ਸਾਰੇ ਇੱਕ ਦੂਜੇ ਦੇ ਮੂੰਹ ਵੱਲ ਵੇਖਣ ਲੱਗੇ।

ਰਛਪਾਲ ਸਿੰਘ ਰੈਸਲ, ਹਰੀਦਾਸ ਕਲੋਨੀ-ਨਾਭਾ, 94178-97576

# ਸਾਥੀ ਦੀ ਹੱਤਿਆ ਕਰ ਕੇ ਲਾਸ਼ ਦਫ਼ਨ ਕਰਨ ਵਾਲੀ ਔਰਤ ਦੋਸ਼ੀ ਕਰਾਰ



ਸਾਥੀ ਦੀ ਹੱਤਿਆ ਮਾਮਲੇ ਵਿੱਚ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤੀ ਔਰਤ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਡਰਬੀਸ਼ਾਇਰ ਖੇਤਰ ਦੀ ਰਹਿਣ ਵਾਲੀ ਇਕ ਔਰਤ ਅੰਨਾ ਪੋਡੇਡਵੋਰਨਾ ਨੂੰ ਆਪਣੇ ਸਾਥੀ ਦੀ ਨਿਰਦਈ ਹੱਤਿਆ ਕਰਕੇ ਲੰਮੇ ਸਮੇਂ ਤੱਕ ਲਾਸ਼ ਲੁਕ-ਾਉਣ ਦੇ ਮਾਮਲੇ ਵਿੱਚ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤਾ ਗਿਆ ਹੈ। ਅਦਾਲਤੀ ਕਾਰਵਾਈ ਪੂਰੀ ਹੋਣ ਉਪਰੰਤ ਜਿਊਰੀ ਨੇ ਸਾਰੇ ਸਬੂਤਾਂ ਅਤੇ ਗਵਾਹੀਆਂ ਦੇ ਆਧਾਰ 'ਤੇ ਉਸ ਨੂੰ ਕਤਲ ਦੀ ਦੋਸ਼ੀ ਮੰਨ ਲਿਆ।

ਅਦਾਲਤ ਵਿੱਚ ਪੇਸ਼ ਕੀਤੇ ਗਏ ਮਾਮਲੇ ਦੌਰਾਨ ਦੱਸਿਆ ਗਿਆ ਕਿ ਦੋਸ਼ੀ ਔਰਤ ਨੇ ਕਈ ਵਰ੍ਹੇ ਪਹਿਲਾਂ ਆਪਣੇ ਸਾਥੀ ਨਾਲ ਹੋਏ ਝਗੜੇ ਤੋਂ ਬਾਅਦ ਉਸ ਦੀ ਹੱਤਿਆ ਕਰ ਦਿੱਤੀ। ਹੱਤਿਆ ਕਰਨ ਤੋਂ ਬਾਅਦ ਉਸ ਨੇ ਸਬੂਤ ਮਿਟਾਉਣ ਦੀ ਨੀਅਤ ਨਾਲ ਲਾਸ਼ ਦੇ ਅੰਗ ਵੱਖ ਕਰ ਦਿੱਤੇ ਅਤੇ ਉਨ੍ਹਾਂ ਨੂੰ ਘਰ ਦੇ ਪਿੱਛੇ ਬਾਗੀਚੇ ਵਿੱਚ ਮਿੱਟੀ ਹੇਠ ਦਫ਼ਨ ਕਰ ਦਿੱਤਾ।

ਇਹ ਮਾਮਲਾ ਕਾਫ਼ੀ ਲੰਮੇ ਸਮੇਂ ਤੱਕ ਪੁਲਿਸ ਅਤੇ ਲੋਕਾਂ ਲਈ ਇਕ ਭੇਤ ਬਣਿਆ ਰਿਹਾ। ਮ੍ਰਿਤਕ ਦੇ ਅਚਾਨਕ ਗੁੰਮ ਹੋ ਜਾਣ ਤੋਂ ਬਾਅਦ ਕਈ ਸਾਲਾਂ ਤੱਕ ਕੋਈ ਢੁੱਕਵਾਂ ਪਤਾ ਨਹੀਂ ਲੱਗ ਸਕਿਆ। ਪਰ ਬਾਅਦ ਵਿੱਚ ਮਿਲੇ ਨਵੇਂ ਸਬੂਤਾਂ ਅਤੇ ਜਾਂਚ ਦੌਰਾਨ ਸਾਹਮਣੇ ਆਈਆਂ ਜਾਣਕਾਰੀਆਂ ਨੇ ਪੂਰੇ ਮਾਮਲੇ ਨੂੰ ਮੁੜ ਜਿਉਂਦਾ ਕਰ ਦਿੱਤਾ।

ਲੰਮੀ ਜਾਂਚ ਦੌਰਾਨ ਪੁਲਿਸ ਨੇ ਘਰ ਦੇ ਆਲੇ-ਦੁਆਲੇ ਖੁਦਾਈ ਕਰਵਾਈ, ਜਿਸ ਦੌਰਾਨ ਦੱਬੇ ਹੋਏ ਅਵਸ਼ੇਸ਼ ਬਰਾਮਦ ਹੋਏ। ਮਾਹਿਰਾਂ ਵੱਲੋਂ ਕੀਤੀ ਗਈ ਜਾਂਚ ਨਾਲ ਇਹ ਪੁਸ਼ਟੀ ਹੋਈ ਕਿ ਇਹ ਅਵਸ਼ੇਸ਼ ਉਸੇ ਵਿਅਕਤੀ ਦੇ ਹਨ, ਜੋ ਸਾਲਾਂ ਤੋਂ ਲਾਪਤਾ ਦੱਸਿਆ ਜਾ ਰਿਹਾ ਸੀ। ਇਸ ਤੋਂ ਬਾਅਦ ਦੋਸ਼ੀ ਔਰਤ ਨੂੰ ਹਿਰਾਸਤ ਵਿੱਚ ਲਿਆ ਗਿਆ ਅਤੇ ਪੁੱਛਗਿੱਛ ਕੀਤੀ ਗਈ।ਅਦਾਲਤ ਵਿੱਚ ਸੁਣਵਾਈ ਦੌਰਾਨ ਸਰਕਾਰੀ ਵਕੀਲਾਂ ਨੇ ਦੱਸਿਆ ਕਿ ਦੋਸ਼ੀ ਨੇ ਸੋਚ-ਵਿਚਾਰ ਨਾਲ ਜੁਰਮ ਨੂੰ ਅੰਜਾਮ ਦਿੱਤਾ ਅਤੇ ਬਾਅਦ ਵਿੱਚ ਸਬੂਤ ਨਸ਼ਟ ਕਰਕੇ ਕਾਨੂੰਨ ਤੋਂ ਬਚਣ ਦੀ ਕੋਸ਼ਿਸ਼ ਕੀਤੀ। ਜਿਊਰੀ ਨੇ ਇਨ੍ਹਾਂ ਸਾਰਿਆਂ ਤੱਥਾਂ ਨੂੰ ਧਿਆਨ ਵਿੱਚ ਰੱਖਦਿਆਂ ਦੋਸ਼ ਸਾਬਤ ਮੰਨ ਲਿਆ।ਪੁਲਿਸ ਅਧਿਕਾਰੀਆਂ ਨੇ ਅਦਾਲਤੀ ਫ਼ੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਭਾਵੇਂ ਮਾਮਲਾ ਬਹੁਤ ਪੁਰਾਣਾ ਸੀ, ਪਰ ਇਨਸਾਫ਼ ਦੇਰ ਨਾਲ ਸਹੀ, ਹੋ ਕੇ ਰਿਹਾ। ਉਨ੍ਹਾਂ ਨੇ ਕਿਹਾ ਕਿ ਇਹ ਫ਼ੈਸਲਾ ਮ੍ਰਿਤਕ ਦੇ ਪਰਿਵਾਰ ਲਈ ਵੱਡੀ ਰਾਹਤ ਹੈ, ਜੋ ਸਾਲਾਂ ਤੋਂ ਸੱਚ ਸਾਹਮਣੇ ਆਉਣ ਦੀ ਉਡੀਕ ਕਰ ਰਹੇ ਸਨ।

ਦੋਸ਼ੀ ਨੂੰ ਦਿੱਤੀ ਜਾਣ ਵਾਲੀ ਸਜ਼ਾ ਬਾਰੇ ਅਦਾਲਤ ਵੱਲੋਂ ਅਗਲੇ ਦਿਨਾਂ ਵਿੱਚ ਐਲਾਨ ਕੀਤਾ ਜਾਵੇਗਾ।

# ਵਪਾਰ ਸਮਝੌਤਾ 'ਮੇਕ ਇਨ ਇੰਡੀਆ' ਨੂੰ ਮਜ਼ਬੂਤ ਕਰੇਗਾ: ਪ੍ਰਧਾਨ ਮੰਤਰੀ ਮੋਦੀ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨਿਚਰਵਾਰ ਨੂੰ ਕਿਹਾ ਕਿ ਅਮਰੀਕਾ ਨਾਲ ਅੰਤਰਿਮ ਵਪਾਰ ਸਮਝੌਤਾ ਕਿਸਾਨਾਂ ਅਤੇ ਉੱਦਮੀਆਂ ਲਈ ਨਵੇਂ ਮੌਕੇ ਖੋਲ੍ਹਦਿਆਂ 'ਮੇਕ ਇਨ ਇੰਡੀਆ' ਨੂੰ ਮਜ਼ਬੂਤ ਕਰੇਗਾ ਅਤੇ ਔਰਤਾਂ ਤੇ ਨੌਜਵਾਨਾਂ ਲਈ ਰੋਜ਼ਗਾਰ ਪੈਦਾ ਕਰੇਗਾ। ਪ੍ਰਧਾਨ ਮੰਤਰੀ ਨੇ ਭਾਰਤ ਅਤੇ ਅਮਰੀਕਾ ਵਿਚਾਲੇ ਮਜ਼ਬੂਤ ਸਬੰਧਾਂ ਲਈ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਨਿੱਜੀ ਵਚਨਬੱਧਤਾ ਲਈ ਉਨ੍ਹਾਂ ਦਾ ਧੰਨਵਾਦ ਵੀ ਕੀਤਾ।

ਮੋਦੀ ਨੇ ਐਕਸ (ਯ) 'ਤੇ ਇੱਕ ਪੋਸਟ ਵਿੱਚ ਕਿਹਾ,"ਭਾਰਤ ਅਤੇ ਅਮਰੀਕਾ ਲਈ ਬਹੁਤ ਵਧੀਆ ਖ਼ਬਰ !ਅਸੀਂ ਆਪਣੇ ਦੋਵਾਂ ਮਹਾਨ ਦੇਸ਼ਾਂ ਵਿਚਕਾਰ ਇੱਕ ਅੰਤਰਿਮ ਵਪਾਰ ਸਮਝੌਤੇ ਲਈ ਫਰੇਮਵਰਕ 'ਤੇ ਸਹਿਮਤ ਹੋ ਗਏ ਹਾਂ।" ਉਨ੍ਹਾਂ ਕਿਹਾ ਕਿ ਇਹ ਫਰੇਮਵਰਕ ਭਾਰਤ-ਅਮਰੀਕਾ ਭਾਈਵਾਲੀ ਦੀ ਵਧਦੀ ਡੂੰਘਾਈ,ਵਿਸ਼ਵਾਸ ਅਤੇ ਗਤੀਸ਼ੀਲਤਾ ਨੂੰ ਦਰਸਾਉਂਦਾ ਹੈ। ਪ੍ਰਧਾਨ ਮੰਤਰੀ ਨੇ ਕਿਹਾ," ਇਹ ਭਾਰਤ ਦੇ ਮਿਹਨਤੀ ਕਿਸਾਨਾਂ, ਉੱਦਮੀਆਂ, ਸਟਾਰਟਅੱਪ ਇਨੋਵੇਟਰਾਂ, ਮਛੇਰਿਆਂ ਅਤੇ ਹੋਰਾਂ ਲਈ ਨਵੇਂ ਮੌਕੇ ਖੋਲ੍ਹ ਕੇ 'ਮੇਕ ਇਨ ਇੰਡੀਆ' ਨੂੰ ਮਜ਼ਬੂਤ ਕਰਦਾ ਹੈ। ਇਹ ਔਰਤਾਂ ਅਤੇ ਨੌਜਵਾਨਾਂ ਲਈ ਵੱਡੇ ਪੱਧਰ 'ਤੇ ਰੋਜ਼ਗਾਰ ਪੈਦਾ ਕਰੇਗਾ।"

# ਵੀਜ਼ਾ ਪਾਬੰਦੀਆਂ ਦੀ ਧਮਕੀ ਅੱਗੇ ਝੁਕੇ ਤਿੰਨ ਅਫਰੀਕੀ ਦੇਸ਼, ਗੈਰਕਾਨੂੰਨੀ ਪ੍ਰਵਾਸੀ ਤੇ ਅਪਰਾਧੀ ਵਾਪਸ ਲੈਣ 'ਤੇ ਨਾਮੀਬੀਆ, ਅੰਗੋਲਾ ਤੇ ਕਾਂਗੋ ਸਹਿਮਤ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬ੍ਰਿਟੇਨ ਦੀ ਹੋਮ ਸੈਕਟਰੀ ਸ਼ਬਾਨਾ ਮਹਿਮੂਦ ਵੱਲੋਂ ਦਿੱਤੀ ਗਈ ਵੀਜ਼ਾ ਪਾਬੰਦੀਆਂ ਦੀ ਸਖ਼ਤ ਚਿਤਾਵਨੀ ਆਖ਼ਰਕਾਰ ਅਸਰਦਾਰ ਸਾਬਤ ਹੋਈ ਹੈ। ਬ੍ਰਿਟੇਨ ਦੇ ਹੋਮ ਆਫਿਸ ਮੁਤਾਬਕ ਅਫਰੀਕਾ ਦੇ ਤਿੰਨ ਦੇਸ਼ ਨਾਮੀਬੀਆ, ਅੰਗੋਲਾ ਅਤੇ ਡੈਮੋਕ੍ਰੇਟਿਕ ਰਿਪਬਲਿਕ ਆਫ ਕਾਂਗੋ ਨੇ ਆਪਣੇ ਉਹ ਨਾਗਰਿਕ ਵਾਪਸ ਲੈਣ ਲਈ ਸਹਿਮਤੀ ਜਤਾਈ ਹੈ, ਜੋ ਬ੍ਰਿਟੇਨ ਵਿੱਚ ਗੈਰਕਾਨੂੰਨੀ ਤੌਰ ਤੇ ਰਹਿ ਰਹੇ ਹਨ ਜਾਂ ਅਪਰਾਧਿਕ ਮਾਮਲਿਆਂ ਵਿੱਚ ਦੋਸ਼ੀ ਹਨ।

ਸਰਕਾਰੀ ਹਲਕਿਆਂ ਅਨੁਸਾਰ ਇਹ ਫੈਸਲਾ ਉਸ ਵੇਲੇ ਆਇਆ, ਜਦੋਂ ਹੋਮ ਸੈਕਟਰੀ ਨੇ ਸਾਫ਼ ਕਰ ਦਿੱਤਾ ਸੀ ਕਿ ਜੇ ਕਿਸੇ ਦੇਸ਼ ਨੇ ਆਪਣੇ ਨਾਗਰਿਕਾਂ ਦੀ ਵਾਪਸੀ ਵਿੱਚ ਰੁਕਾਵਟ ਪਾਈ ਤਾਂ ਉਸ ਦੇਸ਼ ਦੇ ਨਾਗਰਿਕਾਂ ਲਈ ਵੀਜ਼ਾ ਸਹੂਲਤਾਂ ਘਟਾਈਆਂ ਜਾਂ ਰੋਕੀਆਂ ਜਾ ਸਕਦੀਆਂ ਹਨ। ਇਸ ਚਿਤਾਵਨੀ ਤੋਂ ਬਾਅਦ ਪਹਿਲਾਂ ਨਾਮੀਬੀਆ ਅਤੇ ਅੰਗੋਲਾ ਨੇ ਦਸੰਬਰ ਮਹੀਨੇ ਚ ਸਹਿਮਤੀ ਦਿੱਤੀ, ਜਦਕਿ ਹੁਣ ਕਾਂਗੋ ਵੀ ਸਹਿਯੋਗ ਲਈ ਤਿਆਰ ਹੋ ਗਿਆ ਹੈ।

ਹੋਮ ਆਫਿਸ ਨੇ ਦੱਸਿਆ ਕਿ ਪਹਿਲਾਂ ਇਹ ਤਿੰਨੇ ਦੇਸ਼ ਕਾਗਜ਼ੀ ਕਾਰਵਾਈ ਲਟਕਾਉਂਦੇ ਰਹੇ ਅਤੇ ਕਈ ਵਾਰ ਆਪਣੇ ਹੀ ਨਾਗਰਿਕਾਂ ਨੂੰ ਦਸਤਾਵੇਜ਼ਾਂ ਤੇ ਦਸਤਖ਼ਤ ਕਰਨ ਦੀ ਸ਼ਰਤ ਲਾ ਕੇ ਉਨ੍ਹਾਂ ਦੀ ਵਾਪਸੀ ਨੂੰ ਔਖਾ ਬਣਾਇਆ। ਨਵੇਂ ਸਮਝੌਤੇ ਨਾਲ ਬ੍ਰਿਟੇਨ ਨੂੰ ਉਮੀਦ ਹੈ ਕਿ ਕਰੀਬ ਤਿੰਨ ਹਜ਼ਾਰ ਲੋਕਾਂ ਨੂੰ ਦੇਸ਼ ਤੋਂ ਬਾਹਰ ਭੇਜਣ ਦਾ ਰਾਹ ਖੁੱਲ੍ਹੇਗਾ।

ਹੋਮ ਸੈਕਟਰੀ ਸ਼ਬਾਨਾ ਮਹਿਮੂਦ ਨੇ ਦੋ-ਟੁਕ ਬੋਲਦਿਆਂ ਕਿਹਾ ਕਿ ਸਰਕਾਰ ਦਾ ਸੰਦੇਸ਼ ਬਿਲਕੁਲ ਸਪਸ਼ਟ ਹੈਫ਼ਮਦਓਸਹਜੇ ਵਿਦੇਸ਼ੀ ਸਰਕਾਰਾਂ ਆਪਣੇ ਨਾਗਰਿਕਾਂ ਨੂੰ ਵਾਪਸ ਲੈਣ ਤੋਂ ਇਨਕਾਰ ਕਰਨਗੀਆਂ ਤਾਂ ਉਨ੍ਹਾਂ ਨੂੰ ਨਤੀਜੇ ਭੁਗਤਣੇ ਪੈਣਗੇ। ਉਨ੍ਹਾਂ ਕਿਹਾ ਕਿ ਸਰਹੱਦਾਂ ਤੇ ਕਾਬੂ ਬਹਾਲ ਕਰਨਾ ਅਤੇ ਗੈਰਕਾਨੂੰਨੀ ਤਰੀਕੇ ਨਾਲ ਰਹਿ ਰਹਿਆਂ ਨੂੰ ਵਾਪਸ ਭੇਜਣਾ ਸਰਕਾਰ ਦੀ ਪ੍ਰਾਥਮਿਕਤਾ ਹੈ।ਹੋਮ ਆਫਿਸ ਅਨੁਸਾਰ ਪਿਛਲੇ ਚੋਣਾਂ ਤੋਂ ਬਾਅਦ ਹੁਣ ਤੱਕ ਪੰਦਰਾਂ ਹਜ਼ਾਰ ਤੋਂ ਵੱਧ ਲੋਕਾਂ ਨੂੰ ਬ੍ਰਿਟੇਨ ਤੋਂ ਕੱਢਿਆ ਜਾ ਚੁੱਕਾ ਹੈ, ਜਦਕਿ ਕਈ ਹੋਰਾਂ ਨੇ ਆਪਣੀ ਮਰਜ਼ੀ ਨਾਲ ਦੇਸ਼ ਛੱਡਿਆ। ਛੋਟੀਆਂ ਕਿਸ਼ਤੀਆਂ ਰਾਹੀਂ ਆ ਰਹੇ ਗੈਰਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਵੀ ਸਰਕਾਰ ਲਈ ਚੁਣੌਤੀ ਬਣੀ ਹੋਈ ਹੈ, ਜਿਸ ਕਰਕੇ ਨਿਕਾਸੀ ਦੀ ਪ੍ਰਕਿਰਿਆ ਹੋਰ ਤੇਜ਼ ਕਰਨ ਦੇ ਸੰਕੇਤ ਦਿੱਤੇ ਗਏ ਹਨ।

ਸਰਕਾਰੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਹੁਣ ਬ੍ਰਿਟੇਨ ਦੂਜੇ ਦੇਸ਼ਾਂ ਨਾਲ ਲੈਣ-ਦੇਣ ਵਾਲੀ ਨੀਤੀ ਅਪਣਾ ਰਿਹਾ ਹੈ।ਦੇਸ਼ ਸਹਿਯੋਗ ਦੇਣਗੇ, ਉਨ੍ਹਾਂ ਨਾਲ ਵੀਜ਼ਾ ਸਬੰਧ ਸਧਾਰਣ ਰਹਿਣਗੇ ਅਤੇ ਜੋ ਅੜਚਣ ਪਾਉਣਗੇ, ਉਨ੍ਹਾਂ ਲਈ ਦਰਵਾਜ਼ੇ ਸਖ਼ਤ ਕੀਤੇ ਜਾਣਗੇ।

Tail Piece

# Reservations and concessions would notbring equality in India

We have tried for more than seen decades, but still our society could not unite and become one and is still divided in religions, castes, por and rich and we have seen that reservations and cocesions given to people on caste basis could not work andequate those who were of low cstes and untouched. Society is divided and broken and all the low classes are stll living in separate coloies, havig their own worship houses and they too are allowed to hyave matrimonial relations and when people collet on happy and sad occasions, even then these peole of low castes are ignored.

Reservations and concessions had given some benefit to individuals and could not reach to all and if a survey is conducted, more peple from these classes are still untouched and none from these families could get relief under reservation and if the present system continues, reservations and concessions shall identify these people permanently and their future generations too shall have permanent identification and these low castes shall remain alive and shall suffer becase of their permanent identification. Reservations and concessions are no outway and let the nation take up this point and try on some new method so tht in the near future none is identified as a man from lower society. When we are talking time and again on equality, it must means equality in all the citizens must go.

And if go deep none of the contesting groups and none of the members in the Parliament and none from those who had been holding seats against reserved categories had brought a Bill, Scheme, Project and Policy for rooting out these disxcriminations. We are trying to go ahead with all this broken society and are talking of equality and unity.

Advocate dalip singh wasan,
Email dalipsinghwassan@yahoo.co.in